**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Ad space available
Please call
Ph: 847-359-0756

Eighteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 11, March 18, 2017 | 20451 N Plum Grove Rd., Palatine, IL 60074 | Ph:847-359-0746, Fax:847-705-9388

# ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ...

## 'ਆਪ' ਦੀ ਹਾਰ ਨਾਲ ਪਰਵਾਸੀਆਂ ਵਿਚ ਨਿਰਾਸ਼ਾ

## ਕੈਪਟਨ ਹੱਥ ਆਈ ਪੰਜਾਬ ਦੀ ਕਪਤਾਨੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਪੰਜਾਬ ਵਿਚ ਹੋਈ ਹਾਰ ਨਾਲ ਸਭ ਤੋਂ ਵੱਧ ਨਿਰਾਸ਼ਾ ਪਰਵਾਸੀ ਪੰਜਾਬੀਆਂ ਨੂੰ ਹੋਈ ਹੈ। ਇਹ ਪਹਿਲੀ ਵਾਰ ਸੀ ਜਦੋਂ ਪਰਵਾਸੀ ਪੰਜਾਬੀਆਂ ਨੇ ਕਿਸੇ ਸਿਆਸੀ ਪਾਰਟੀ ਲਈ ਚੋਣ ਪ੍ਰਚਾਰ ਹੀ ਨਹੀਂ ਕੀਤਾ, ਸਗੋਂ ਪਾਰਟੀ ਦੇ ਹੱਕ ਵਿਚ ਪੈਸੇ ਵੀ ਖਰਚੇ। ਪਰਵਾਸੀ ਪੰਜਾਬੀਆਂ ਦੇ ਗੜ੍ਹ ਮੰਨੇ ਜਾਂਦੇ ਦੁਆਬੇ ਵਿਚ ਆਮ ਆਦਮੀ ਪਾਰਟੀ ਨੂੰ ਸਿਰਫ ਦੋ ਸੀਟਾਂ ਹੀ ਨਸੀਬ ਹੋਈਆਂ ਹਨ। ਇਕ ਦਹਾਕੇ ਬਾਅਦ ਕਾਂਗਰਸ ਦੀ ਵਾਪਸੀ, ਅਕਾਲੀ-ਭਾਜਪਾ ਗੱਠਜੋੜ ਦੀ ਨਮੋਸ਼ੀ ਵਾਲੀ ਹਾਰ ਅਤੇ ਆਮ ਆਦਮੀ ਪਾਰਟੀ ਦੇ ਅਣਕਿਆਸੇ ਮਾੜੇ ਪ੍ਰਦਰਸ਼ਨ ਉਤੇ ਇਨ੍ਹੀਂ ਦਿਨੀਂ ਖੂਬ ਚਰਚਾ ਚੱਲ ਰਹੀ ਹੈ।



ਕਾਂਗਰਸ ਦੀ ਆਸ ਤੋਂ ਵੱਡੀ ਜਿੱਤ ਦਾ ਸਿਹਰਾ ਕੈਪਟਨ ਅਮਰਿੰਦਰ ਸਿੰਘ ਦੇ ਕੱਦ-ਬੁੱਤ ਨੂੰ ਸਮਝਿਆ ਜਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ 52407 ਵੋਟਾਂ ਨਾਲ ਪਟਿਆਲਾ ਸ਼ਹਿਰੀ ਦੀ ਸੀਟ ਜਿੱਤ ਕੇ ਸੂਬੇ ਵਿਚ ਰਿਕਾਰਡ ਕਾਇਮ ਕੀਤਾ ਹੈ। ਕਾਂਗਰਸ ਨੂੰ ਮਿਲਿਆ ਹੁੰਗਾਰਾ ਉਸ ਦੀਆਂ ਉਮੀਦਾਂ ਤੋਂ ਕਿਤੇ ਵੱਧ ਹੈ। ਕੈਪਟਨ ਅਮਰਿੰਦਰ ਸਿੰਘ ਕਦੇ 60, ਕਦੇ 67 ਅਤੇ ਕਦੇ 70 ਸੀਟਾਂ ਆਉਣ ਦੀ ਗੱਲ ਕਰਦੇ ਸਨ, ਪਰ ਕਾਂਗਰਸ ਨੂੰ 117 ਵਿਚੋਂ 77 ਸੀਟਾਂ ਮਿਲੀਆਂ ਹਨ। ਅਕਾਲੀਆਂ ਨੂੰ ਹੂੰਝਾ ਫਿਰਨਾ ਭਾਵੇਂ ਤੈਅ ਸੀ, ਪਰ ਆਮ ਆਦਮੀ ਪਾਰਟੀ (ਆਪ) ਦੀ ਇੰਨੀ ਮਾੜੀ ਹਾਲਤ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ। 'ਆਪ' ਲੋਕ ਸਭਾ ਚੋਣਾਂ ਦੌਰਾਨ ਮਿਲੀ 24.5 ਫੀਸਦੀ ਵੋਟਾਂ ਤੋਂ ਵੀ ਘੱਟ, ਭਾਵ 23.8 ਫੀਸਦੀ ਵੋਟ ਲੈਣ ਵਿਚ ਹੀ ਕਾਮਯਾਬ ਹੋ ਸਕੀ। ਅਜੇ ਵੀ ਅਕਾਲੀ ਦਲ ਦਾ ਵੋਟ ਹਿੱਸਾ ਆਮ ਆਦਮੀ ਪਾਰਟੀ ਮੁਕਾਬਲੇ ਜ਼ਿਆਦਾ ਹੈ ਜੋ ਲੋਕ ਸਭਾ ਚੋਣਾਂ ਵਿਚ ਮਿਲੀਆਂ 26.37 ਫੀਸਦੀ ਵੋਟਾਂ ਤੋਂ ਇਕ ਫੀਸਦੀ ਦੇ ਕਰੀਬ ਹੀ ਘੱਟ ਹੈ। ਕਾਂਗਰਸ ਦਾ ਵੋਟ ਲੋਕ ਸਭਾ ਚੋਣਾਂ ਦੇ 33.19 ਦੇ ਮੁਕਾਬਲੇ ਵਧ ਕੇ 38.5 ਫੀਸਦੀ ਹੋ ਗਿਆ।

ਇਨ੍ਹਾਂ ਚੋਣਾਂ ਦੌਰਾਨ ਨਸ਼ਿਆਂ ਤੇ ਮਾਫੀਆ ਕਾਰੋਬਾਰਾਂ, ਦੁਰ-ਸ਼ਾਸਨ, ਭ੍ਰਿਸ਼ਟਾਚਾਰ ਅਤੇ ਕਿਸਾਨੀ ਦੀ ਮੰਦਹਾਲੀ ਜਿਹੇ ਉਭਰੇ ਮੁੱਦਿਆਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਅੱਖਾਂ ਮੀਚ ਕੇ ਪੰਥ ਨੂੰ ਵੋਟ ਪਾਉਣ ਦਾ ਜ਼ਮਾਨਾ ਲੱਦ ਗਿਆ ਹੈ। ਪੰਜਾਬ ਦੀ ਸੱਤਾ ਉਤੇ ਪਿਛਲੇ ਇਕ ਦਹਾਕੇ ਤੋਂ ਕਾਬਜ਼ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਇਥੋਂ ਤੱਕ ਮਾੜੀ ਹੋ ਗਈ ਕਿ ਮੁੱਖ ਵਿਰੋਧੀ ਧਿਰ ਦਾ ਰੁਤਬਾ ਵੀ ਨਸੀਬ ਨਹੀਂ ਹੋਇਆ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕੁਝ ਅਕਾਲੀ ਆਗੂਆਂ ਨੇ ਆਪਣੀਆਂ ਸੀਟਾਂ ਤਾਂ ਬਚਾ ਲਈਆਂ, ਪਰ ਨਮੋਸ਼ੀ ਭਰੀ ਹਾਰ ਤੋਂ ਨਹੀਂ ਬਚ ਸਕੇ।

ਅਕਾਲੀ ਦਲ ਨੇ ਇਨ੍ਹਾਂ ਚੋਣਾਂ ਦੌਰਾਨ ਧਨ ਤੇ ਸ਼ਕਤੀ ਦੀ ਰੱਜ ਕੇ ਵਰਤੋਂ ਕੀਤੀ ਅਤੇ ਡੇਰਿਆਂ ਦੀਆਂ ਵੋਟਾਂ ਲੈਣ ਲਈ ਵੀ ਹਰ ਹਰਬਾ ਵਰਤਿਆ,

*(ਬਾਕੀ ਸਫਾ 6 'ਤੇ)*

## ਜਿੱਤੀ ਬਾਜ਼ੀ ਕਿਉਂ ਹਾਰੀ 'ਆਪ'?

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਦੀ ਹਾਰ ਸਿਆਸੀ ਮਾਹਿਰਾਂ ਨੂੰ ਵੀ ਹਜ਼ਮ ਨਹੀਂ ਹੋ ਰਹੀ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਆਪ ਦੀ ਕਾਰਗੁਜ਼ਾਰੀ ਕਿਆਸ ਤੋਂ ਕਿਤੇ ਘੱਟ ਹੈ। ਹੈਰਾਨੀ ਦੀ ਗੱਲ ਹੈ ਕਿ ਅਕਾਲੀ ਦਲ ਅਤਿ ਦੀ ਵਿਰੋਧੀ ਲਹਿਰ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਜਿੰਨੀ ਹੀ ਵੋਟ ਲੈ ਗਿਆ। ਸਿਆਸੀ ਮਾਹਿਰਾਂ ਮੁਤਾਬਕ ਇਸ ਦਾ ਸਭ ਤੋਂ ਵੱਡਾ ਕਾਰਨ ਪਾਰਟੀ ਕੋਲ ਕੈਪਟਨ ਦੇ ਕੱਦ ਦਾ ਲੀਡਰ ਨਾ ਹੋਣਾ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਪਾਰਟੀ ਕੋਲ ਪੰਜਾਬ ਲੀਡਰਸ਼ਿਪ ਦੀ ਘਾਟ ਵੀ ਲੋਕਾਂ ਦਾ ਦਿਲ ਨਹੀਂ ਖਿੱਚ ਸਕੀ। ਪਾਰਟੀ ਵੱਲੋਂ ਦੂਜੀਆਂ ਪਾਰਟੀਆਂ ਦੇ ਸਾਫ ਅਕਸ ਵਾਲੇ ਲੀਡਰਾਂ ਲਈ ਦਰਵਾਜ਼ੇ ਬੰਦ ਕਰਨੇ ਵੀ ਘਾਟੇਵੰਦ ਸੌਦਾ ਰਿਹਾ ਹੈ। ਮਨਪ੍ਰੀਤ ਸਿੰਘ ਬਾਦਲ, ਨਵਜੋਤ ਸਿੰਘ ਸਿੱਧੂ, ਜਗਮੀਤ ਬਰਾੜ ਅਤੇ ਓਲੰਪੀਅਨ ਪਰਗਟ ਸਿੰਘ ਅਜਿਹੇ ਲੀਡਰ ਹਨ। ਸੂਤਰਾਂ ਮੁਤਾਬਕ ਪਾਰਟੀ ਦੇ ਕੁਝ ਲੀਡਰ ਆਪਣੀ ਸਰਦਾਰੀ ਖੁੱਸਣ ਦੇ ਡਰੋਂ ਕਿਸੇ ਵੀ ਸੀਨੀਅਰ ਤੇ ਤਜਰਬੇਕਾਰ ਲੀਡਰ ਨੂੰ ਪਾਰਟੀ ਵਿਚ ਸ਼ਾਮਲ ਕਰਨ ਦੇ ਖਿਲਾਫ ਸਨ। ਇਸ ਤੋਂ ਇਲਾਵਾ ਪਾਰਟੀ ਨੇ ਬਿਲਕੁੱਲ ਚੋਣਾਂ ਦੇ ਨੇੜੇ ਸੁੱਚਾ ਸਿੰਘ ਛੋਟੇਪੁਰ ਨੂੰ ਬਰਖਾਸਤ ਕਰ ਕੇ ਆਪਣੇ ਪੈਰ 'ਤੇ ਆਪ ਕੁਹਾੜਾ ਮਾਰ ਲਿਆ। ਇਸ ਕਾਰਨ ਪਾਰਟੀ ਦੇ 13 ਵਿਚੋਂ 6 ਜ਼ੋਨਲ ਇੰਚਾਰਜ ਬਾਗੀ ਹੋ ਗਏ ਅਤੇ ਵਾਲੰਟੀਅਰ ਵੀ ਵਿਆਪਕ ਪੱਧਰ 'ਤੇ ਨਾਰਾਜ਼ ਹੋ ਗਏ। ਪਾਰਟੀ ਵੱਲੋਂ ਆਪਣੇ ਦੋ ਸੰਸਦ ਮੈਂਬਰਾਂ ਡਾ. ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ ਸਮੇਤ ਡਾ. ਦਲਜੀਤ ਸਿੰਘ ਅੰਮ੍ਰਿਤਸਰ ਨੂੰ ਪਾਰਟੀ ਵਿਚੋਂ ਪਾਸੇ ਕਰਨ ਕਰ ਕੇ ਲੋਕ ਦੁਬਿਧਾ ਵਿਚ ਪੈ ਗਏ। ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਚੋਣ ਪ੍ਰਕਿਰਿਆ ਦੇ ਅਖੀਰਲੇ ਦਿਨ ਇਕ ਸਾਬਕਾ ਖਾਲਿਸਤਾਨੀ ਦੇ ਘਰ ਵਿਚ ਠਹਿਰਨ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਕੱਢੇ ਪੰਜ ਪਿਆਰਿਆਂ ਨਾਲ ਮੁਲਾਕਾਤ ਕਰਨ ਨੂੰ ਵੀ ਹਾਰ ਦਾ ਇਕ ਕਾਰਨ ਮੰਨਿਆ ਜਾ ਰਿਹਾ ਹੈ ਜਿਸ ਕਾਰਨ ਸ਼ਹਿਰੀ ਵੋਟਰਾਂ ਨੇ ਪਾਰਟੀ ਤੋਂ ਦੂਰੀ ਬਣਾ ਲਈ। ਇਸੇ ਕਾਰਨ ਪਾਰਟੀ ਨੇ

*(ਬਾਕੀ ਸਫਾ 6 'ਤੇ)*

**We Do Real Estate in Bay Area & Central Valley**
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਦਹਾਕੇ ਪਿੱਛੋਂ ਕਾਂਗਰਸ ਹੱਥ ਪੰਜਾਬ ਦੀ ਕਮਾਨ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸ਼ਾਨਦਾਰ ਜਿੱਤ ਨਾਲ ਕਾਂਗਰਸ ਨੇ ਇਕ ਦਹਾਕੇ ਬਾਅਦ ਸੱਤਾ ਵਿਚ ਵਾਪਸੀ ਕੀਤੀ ਹੈ। ਕਾਂਗਰਸ ਨੂੰ 117 ਮੈਂਬਰੀ ਵਿਧਾਨ ਸਭਾ ਵਿਚੋਂ 77 ਸੀਟਾਂ ਪ੍ਰਾਪਤ ਹੋਈਆਂ ਹਨ। ਸੂਬੇ ਦੀ 15ਵੀਂ ਵਿਧਾਨ ਸਭਾ 'ਚ ਕਾਂਗਰਸ ਨੂੰ ਦੋ-ਤਿਹਾਈ ਬਹੁਮੱਤ ਮਿਲਿਆ ਹੈ। ਸੱਤਾ 'ਚ ਆਉਣ ਦਾ ਸੁਪਨਾ ਸੰਜੋਈ ਬੈਠੀ ਆਮ ਆਦਮੀ ਪਾਰਟੀ ਮਹਿਜ਼ 20 ਸੀਟਾਂ ਉਤੇ ਸਿਮਟ ਗਈ, ਪਰ ਉਹ ਮੁੱਖ ਵਿਰੋਧੀ ਧਿਰ ਵਜੋਂ ਜ਼ਰੂਰ ਉਭਰੀ ਹੈ। ਪਿਛਲੇ ਦਸ ਸਾਲਾਂ ਤੋਂ ਸੂਬੇ ਦੀ ਸੱਤਾ 'ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਗੱਠਜੋੜ ਦੇ ਕਿਸੇ ਆਗੂ ਨੂੰ ਵਿਰੋਧੀ ਧਿਰ ਦੇ ਨੇਤਾ ਵਾਲੀ ਸਹੂਲਤ ਵੀ ਨਹੀਂ ਮਿਲੇਗੀ।

ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਪਰਮਿੰਦਰ ਸਿੰਘ ਢੀਂਡਸਾ ਸਮੇਤ ਪਾਰਟੀ ਦੇ 15 ਉਮੀਦਵਾਰ ਭਾਵੇਂ ਜਿੱਤ ਗਏ ਹਨ, ਪਰ ਬਹੁਗਿਣਤੀ ਮੰਤਰੀਆਂ ਤੇ ਕੋਰ ਕਮੇਟੀ ਦੇ ਸਾਰੇ ਮੈਂਬਰਾਂ ਸਮੇਤ ਸੀਨੀਅਰ ਲੀਡਰਸ਼ਿਪ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਭਾਜਪਾ ਦੇ ਆਗੂ ਕੇਂਦਰ ਵਿਚ ਮਜ਼ਬੂਤ ਸਰਕਾਰ ਦਾ ਕੋਈ ਲਾਭ ਨਹੀਂ ਲੈ ਸਕੇ ਅਤੇ 23 ਸੀਟਾਂ ਉਤੇ ਚੋਣ ਲੜਨ ਵਾਲੀ ਇਸ ਪਾਰਟੀ ਨੂੰ 3 ਸੀਟਾਂ ਨਾਲ ਹੀ ਸਬਰ ਕਰਨਾ ਪਿਆ।

ਲੁਧਿਆਣਾ ਤੋਂ ਬੈਂਸ ਭਰਾਵਾਂ ਬਲਵਿੰਦਰ ਸਿੰਘ ਤੇ ਸਿਮਰਜੀਤ ਸਿੰਘ ਨੇ ਲਗਾਤਾਰ ਦੂਜੀ ਵਾਰ ਜਿੱਤ ਦਰਜ ਕਰ ਕੇ ਇਤਿਹਾਸ ਸਿਰਜ ਦਿੱਤਾ ਹੈ, ਪਰ ਹੋਰ ਕਿਸੇ ਆਜ਼ਾਦ ਉਮੀਦਵਾਰ ਨੂੰ ਕਾਮਯਾਬੀ ਨਹੀਂ ਮਿਲੀ। ਕੈਪਟਨ ਅਮਰਿੰਦਰ ਸਿੰਘ ਇਨ੍ਹਾਂ ਚੋਣਾਂ ਦੌਰਾਨ ਸਭ ਤੋਂ ਵੱਡੇ ਫਰਕ 52407 ਵੋਟਾਂ ਦੇ ਅੰਤਰ ਨਾਲ ਜਿੱਤੇ ਹਨ। ਕ੍ਰਿਕਟ ਤੋਂ ਸਿਆਸਤ 'ਚ ਆਏ ਨਵਜੋਤ ਸਿੰਘ ਸਿੱਧੂ 42809 ਵੋਟਾਂ ਦੇ ਫਰਕ ਨਾਲ ਜੇਤੂ ਰਹੇ।

ਵੋਟਾਂ ਦੀ ਗਿਣਤੀ ਸ਼ੁਰੂ ਹੋਣ ਬਾਅਦ ਪਹਿਲੇ ਗੇੜ ਦੇ ਨਤੀਜੇ ਆਉਣ ਨਾਲ ਹੀ ਰੁਝਾਨ ਕਾਂਗਰਸ ਦੇ ਪੱਖ 'ਚ ਆਉਣੇ ਸ਼ੁਰੂ ਹੋ ਗਏ ਸਨ ਅਤੇ 11 ਕੁ ਵਜੇ ਤੱਕ ਤਸਵੀਰ ਸਾਫ ਹੋ ਗਈ ਸੀ। ਮਾਝੇ ਦੀਆਂ 25 ਸੀਟਾਂ ਵਿਚੋਂ ਕਾਂਗਰਸ ਨੇ 23 ਜਿੱਤੀਆਂ ਹਨ, ਮਾਲਵੇ 'ਤੇ ਪੂਰੀ ਤਰ੍ਹਾਂ ਟੇਕ ਰੱਖੀ ਬੈਠੀ 'ਆਪ' ਨੂੰ ਇਸ ਖਿੱਤੇ ਦੇ ਲੋਕਾਂ ਨੇ ਵੀ ਹੁੰਗਾਰਾ ਨਹੀਂ ਦਿੱਤਾ ਤੇ ਦੋਆਬੇ ਵਿਚ ਵੀ ਕਾਂਗਰਸ ਮੋਹਰੀ ਰਹੀ। ਨਵਜੋਤ ਸਿੰਘ ਸਿੱਧੂ, ਪਰਗਟ ਸਿੰਘ, ਇੰਦਰਬੀਰ ਸਿੰਘ ਬੁਲਾਰੀਆ ਅਤੇ ਕੁੱਝ ਹੋਰਾਂ ਨੂੰ ਕਾਂਗਰਸ 'ਚ ਸ਼ਾਮਲ ਹੋਣਾ ਲਾਹੇਵੰਦ ਰਿਹਾ। ਮਨਪ੍ਰੀਤ ਬਾਦਲ ਦੀ ਸੱਤ ਸਾਲਾਂ ਬਾਅਦ ਸਰਗਰਮ ਸਿਆਸਤ ਵਿਚ ਬਹਾਲੀ ਹੋ ਗਈ ਹੈ।

'ਆਪ' ਦੇ ਸੰਸਦ ਮੈਂਬਰ ਭਗਵੰਤ ਸਿੰਘ ਮਾਨ, ਜਿਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜਲਾਲਾਬਾਦ ਵਿਧਾਨ ਸਭਾ ਹਲਕੇ ਤੋਂ ਮਾਤ ਦੇਣ ਦਾ ਐਲਾਨ ਕੀਤਾ ਸੀ, ਬੁਰੀ ਤਰ੍ਹਾਂ ਹਾਰ ਗਏ।

ਇਸ ਪਾਰਟੀ ਦੇ ਹੋਰ ਵੱਡੇ ਆਗੂਆਂ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ, ਜਰਨੈਲ ਸਿੰਘ, ਹਿੰਮਤ ਸਿੰਘ ਸ਼ੇਰਗਿੱਲ ਨੂੰ ਵੀ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਕਾਂਗਰਸ ਦੀ ਸੀਨੀਅਰ ਆਗੂ ਰਾਜਿੰਦਰ ਕੌਰ ਭੱਠਲ ਆਪਣੇ ਰਵਾਇਤੀ ਵਿਧਾਨ ਸਭਾ ਹਲਕੇ ਲਹਿਰਾ ਤੋਂ 26 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਾਰ ਗਏ। ਸ਼੍ਰੋਮਣੀ ਅਕਾਲੀ ਦਲ ਨੇ ਦੋਆਬੇ ਦੇ ਮਸ਼ਹੂਰ ਡੇਰਾ ਬੱਲਾਂ ਦੀ ਹਮਾਇਤ ਲੈਣ ਲਈ ਇਸ ਡੇਰੇ ਦੇ ਸ਼ਰਧਾਲੂ ਸੇਠ ਸੱਤਪਾਲ ਮੱਲ ਨੂੰ ਕਰਤਾਰਪੁਰ ਤੇ ਕਬੀਰ ਦਾਸ ਨੂੰ ਨਾਭਾ ਤੋਂ ਟਿਕਟ ਦਿੱਤੀ ਅਤੇ ਦੋਵੇਂ ਹੀ ਹਾਰ ਗਏ। ਇਸੇ ਤਰ੍ਹਾਂ ਡੇਰਾ ਸਿਰਸਾ ਦੀ ਹਮਾਇਤ ਲੈਣ ਗਏ ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਅਕਾਲੀਆਂ ਵਿਚੋਂ ਵੀ ਕੋਈ ਜਿੱਤ ਨਹੀਂ ਸਕਿਆ।

| ਪੰਜਾਬ | 117 |
| --- | --- |
| ਕਾਂਗਰਸ | 77 |
| ਅਕਾਲੀ+ਭਾਜਪਾ | 18 |
| 'ਆਪ' ਅਤੇ ਹੋਰ | 22 |

-ਕਾਂਗਰਸ ਨੂੰ ਦੋ-ਤਿਹਾਈ ਬਹੁਮੱਤ ਮਿਲਿਆ
-ਸੱਤਾ ਦਾ ਸੁਪਨਾ ਸੰਜੋਈ ਬੈਠੀ ਆਪ ਨੂੰ ਮਹਿਜ਼ 20 ਸੀਟਾਂ
-ਬਾਦਲ ਦਲ ਦੀ ਸੀਨੀਅਰ ਲੀਡਰਸ਼ਿਪ ਨੂੰ ਹਾਰ ਦਾ ਮੂੰਹ ਦੇਖਣਾ ਪਿਆ
- 23 ਸੀਟਾਂ ਉਤੇ ਚੋਣ ਲੜਨ ਵਾਲੀ ਭਾਜਪਾ 3 ਸੀਟਾਂ ਜਿੱਤ ਸਕੀ
-ਕੈਪਟਨ ਅਮਰਿੰਦਰ ਸਿੰਘ ਸਭ ਤੋਂ ਵੱਡੇ ਫਰਕ 52407 ਵੋਟਾਂ ਨਾਲ ਜਿੱਤੇ
-ਮੁੱਖ ਮੰਤਰੀ ਬਾਦਲ 22770 ਅਤੇ ਸੁਖਬੀਰ 18616 ਵੋਟਾਂ ਨਾਲ ਜੇਤੂ
-ਕਾਂਗਰਸ ਨੂੰ 38.4 ਫੀਸਦੀ, ਅਕਾਲੀ ਦਲ ਨੂੰ 25.2, ਆਪ ਨੂੰ 23.8 ਤੇ ਭਾਜਪਾ ਨੂੰ 5.4 ਫੀਸਦੀ ਵੋਟਾਂ

## ਬਾਦਲ ਨੇ ਲੋਕ ਫਤਵਾ ਕਬੂਲਿਆ

**ਲੰਬੀ:** ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਾਸੀਆਂ ਵੱਲੋਂ ਕਾਂਗਰਸ ਪਾਰਟੀ ਨੂੰ ਚੋਣਾਂ 'ਚ ਦਿੱਤੇ ਫਤਵੇ ਨੂੰ ਕਬੂਲਦੇ ਹੋਏ ਕਾਂਗਰਸ



ਪਾਰਟੀ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਵਧਾਈ ਦਿੱਤੀ ਹੈ। ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਦਸ ਸਾਲਾਂ 'ਚ ਕਿਸਾਨਾਂ, ਦਲਿਤ ਵਰਗ ਤੇ ਵਪਾਰੀ ਵਰਗ ਨੂੰ ਕਈ ਸਹੂਲਤਾਂ ਦਿੱਤੀਆਂ ਹਨ, ਪਰ ਫਿਰ ਵੀ ਜੇ ਉਨ੍ਹਾਂ ਕੋਲ ਕੋਈ ਗਲਤੀ ਹੋਈ ਹੈ ਤਾਂ ਉਹ ਪੰਜਾਬ ਵਾਸੀਆਂ ਤੋਂ ਨਿਮਰਤਾ ਨਾਲ ਮੁਆਫੀ ਮੰਗਦੇ ਹਨ।

## ਨਰੇਂਦਰ ਮੋਦੀ ਵੱਲੋਂ ਕੈਪਟਨ ਨੂੰ ਵਧਾਈ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਫੋਨ ਕਰ ਕੇ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਜਿੱਤ ਉਪਰ ਵਧਾਈ ਦਿੱਤੀ। ਪ੍ਰਧਾਨ



ਮੰਤਰੀ ਨੇ ਪੰਜਾਬ ਦੇ ਵਿਕਾਸ ਵਾਸਤੇ ਉਨ੍ਹਾਂ ਦੀ ਸਰਕਾਰ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ।

## ਅਕਾਲੀ-ਭਾਜਪਾ ਨੂੰ ਹੰਕਾਰ ਨੇ ਮਾਰਿਆ: ਸਿੱਧੂ

**ਅੰਮ੍ਰਿਤਸਰ:** ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਤੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਵਾਲੇ ਕਾਂਗਰਸ ਪਾਰਟੀ ਦੇ ਉਮੀਦਵਾਰ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਵਾਸੀਆਂ ਵੱਲੋਂ ਕਾਂਗਰਸ ਦੀ ਝੋਲੀ ਵਿਚ ਜਿੱਤ ਪਾਉਣਾ ਅਕਾਲੀ-ਭਾਜਪਾ ਗਠਜੋੜ ਦੇ ਹੰਕਾਰ ਦੀ ਹਾਰ ਹੈ।



## ਜਿਹੜੀਆਂ ਧਿਰਾਂ ਖਾਤਾ ਵੀ ਨਾ ਖੋਲ੍ਹ ਸਕੀਆਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਈ ਪਾਰਟੀਆਂ ਖਾਤਾ ਤੱਕ ਨਹੀਂ ਖੋਲ੍ਹ ਸਕੀਆਂ, ਜਿਨ੍ਹਾਂ ਵਿਚ ਬਸਪਾ, ਸੁੱਚਾ ਸਿੰਘ ਛੋਟੇਪੁਰ ਦੀ 'ਆਪਣਾ ਪੰਜਾਬ ਪਾਰਟੀ', ਆਮ ਆਮ ਆਦਮੀ ਪਾਰਟੀ ਦੇ ਬਾਗੀ ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਦਾ ਫਰੰਟ, ਭਾਰਤੀ ਕਮਿਊਨਿਸਟ ਪਾਰਟੀ, ਮਾਰਕਸਵਾਦੀ ਕਮਿਊਨਿਸਟ ਪਾਰਟੀ ਤੇ ਰੈਵੂਲਿਊਸ਼ਨਰੀ ਮਾਰਕਸਵਾਦੀ ਕਮਿਊਨਿਸਟ ਪਾਰਟੀ (ਪਾਸਲਾ), ਗਰਮ ਵਿਚਾਰਾਂ ਵਾਲੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਉਨ੍ਹਾਂ ਦੇ ਸਾਥੀ ਯੂਨਾਈਟਿਡ ਅਕਾਲੀ ਦਲ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਪ੍ਰਧਾਨਗੀ ਵਾਲੀ ਤ੍ਰਿਣਮੂਲ ਕਾਂਗਰਸ ਪਾਰਟੀ (ਟੀ.ਐਮ.ਸੀ) ਆਦਿ ਸ਼ਾਮਲ ਹਨ।

## ਪੰਜਾਬ ਵਿਚ 834 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ

**ਲੁਧਿਆਣਾ:** ਚੋਣ ਨਤੀਜਿਆਂ 'ਚ ਕੁੱਲ 834 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ, ਇਨ੍ਹਾਂ ਚੋਣਾਂ ਦੌਰਾਨ ਕੁੱਲ 1145 ਉਮੀਦਵਾਰ ਮੈਦਾਨ ਵਿਚ ਸਨ। ਜ਼ਮਾਨਤਾਂ ਜ਼ਬਤ ਹੋਣ ਵਾਲੇ ਉਮੀਦਵਾਰਾਂ ਵਿਚੋਂ ਸਭ ਤੋਂ ਵੱਧ ਗਿਣਤੀ ਭਾਵੇਂ ਆਜ਼ਾਦ ਉਮੀਦਵਾਰਾਂ ਦੀ ਹੈ, ਪਰ ਰਾਜਸੀ ਪਾਰਟੀਆਂ 'ਚੋਂ ਸਭ ਤੋਂ ਵੱਧ 108 ਉਮੀਦਵਾਰ ਬਹੁਜਨ ਸਮਾਜ ਪਾਰਟੀ ਦੇ ਹਨ। ਦੁਆਬਾ ਦੇ ਬਹੁਤੇ ਹਲਕਿਆਂ 'ਚ ਐਤਕੀਂ ਲੋਕਾਂ ਨੇ ਬਸਪਾ ਦੀ ਥਾਂ ਆਮ ਆਦਮੀ ਪਾਰਟੀ ਨੂੰ ਤੀਜੀ ਧਿਰ ਵਜੋਂ ਅਪਣਾਉਂਦਿਆਂ ਵੱਡੀ ਗਿਣਤੀ ਵਿਚ ਵੋਟਾਂ ਪਾਈਆਂ ਹਨ। ਆਮ ਆਦਮੀ ਪਾਰਟੀ ਦੇ 28 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ। ਬਾਦਲ ਵਿਰੁੱਧ ਲੰਬੀ ਤੋਂ ਚੋਣ ਲੜੇ ਜਰਨੈਲ ਸਿੰਘ ਨੂੰ ਜ਼ਮਾਨਤ ਬਚਾਉਣ ਲਈ 22,331 ਵੋਟਾਂ ਲੈਣ ਦੀ ਲੋੜ ਸੀ, ਪਰ ਉਸ ਨੂੰ 21,254 ਵੋਟਾਂ ਹੀ ਮਿਲੀਆਂ ਹਨ।

# ਸੱਤਾ ਵਿਰੋਧੀ ਭਾਵਨਾਵਾਂ ਦਾ ਖੁੱਲ੍ਹਾ ਫਤਵਾ



**ਚੰਡੀਗੜ੍ਹ:** ਪੰਜਾਬ ਦੇ ਵੋਟਰਾਂ ਦਾ ਫਤਵਾ ਸੱਤਾ ਵਿਰੋਧੀ ਭਾਵਨਾਵਾਂ ਦਾ ਖੁੱਲ੍ਹ ਕੇ ਪ੍ਰਗਟਾਵਾ ਕਰਨ ਵਾਲਾ ਹੈ। ਕਾਂਗਰਸ ਨੂੰ ਖੁਦ ਵੀ ਇੰਨੇ ਵੱਡੇ ਫਤਵੇ ਦੀ ਉਮੀਦ ਨਹੀਂ ਸੀ। ਪੰਜਾਬੀ ਸੂਬਾ ਬਣਨ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਲਈ ਇਹ ਸਭ ਤੋਂ ਨਮੋਸ਼ੀ ਭਰੀ ਹਾਰ ਹੈ। ਡੇਰਾ ਸਿਰਸਾ ਦੀ ਸ਼ਰਨ ਵਿਚ ਜਾਣ ਦੇ ਬਾਵਜੂਦ ਗੱਠਜੋੜ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਤੋਂ ਖਿਸਕ ਕੇ ਤੀਜੇ ਨੰਬਰ ਉਤੇ ਚਲਾ ਗਿਆ ਹੈ।

ਦੇਸ਼ ਦੇ ਦੂਜੇ ਸੂਬਿਆਂ ਖਾਸ ਤੌਰ ਉਤੇ ਉਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਚੱਲਿਆ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜਾਦੂ ਪੰਜਾਬ ਵਿਚ ਜਲਵਾ ਨਹੀਂ ਵਿਖਾ ਸਕਿਆ। ਸੱਤਾ ਦੀ ਮੁੱਖ ਦਾਅਵੇਦਾਰ ਵਜੋਂ ਉਭਰੀ ਆਮ ਆਦਮੀ ਪਾਰਟੀ (ਆਪ) ਅਤੇ ਲੋਕ ਇਨਸਾਫ਼ ਪਾਰਟੀ ਦਾ ਗੱਠਜੋੜ ਬੇਸ਼ੱਕ 22 ਸੀਟਾਂ ਜਿੱਤ ਕੇ ਦੂਜੇ ਨੰਬਰ ਉਤੇ ਤਾਂ ਆ ਗਿਆ, ਪਰ ਸਥਾਨਕ ਆਗੂਆਂ ਦੀ ਅਣਦੇਖੀ ਅਤੇ ਆਪਣੀ ਅਲੱਗ ਪਾਰਟੀ ਦਾ ਅਕਸ ਕਾਇਮ ਨਾ ਰੱਖ ਸਕਣ ਕਾਰਨ 'ਆਪ' ਸੱਤਾ ਚਲਾਉਣ ਦੇ ਕਾਬਲ ਹੋਣ ਵਜੋਂ ਲੋਕਾਂ ਦਾ ਭਰੋਸਾ ਜਿੱਤਣ ਵਿਚ ਸਫਲ ਨਹੀਂ ਹੋ ਸਕੀ।

ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਗਹਿਗੱਚ ਤਿਕੋਣੀ ਟੱਕਰ ਦੀਆਂ ਸੰਭਾਵਨਾਵਾਂ ਨੇ ਚੋਣ ਦ੍ਰਿਸ਼ ਦਿਲਚਸਪ ਬਣਾਈ ਰੱਖਿਆ। ਇਕ ਸਾਲ ਤੋਂ ਵੀ ਵੱਧ ਲੰਬੀ ਚੱਲੀ ਚੋਣ ਮੁਹਿੰਮ ਕੁਝ ਵਿਅਕਤੀਆਂ ਦੁਆਲੇ ਕੇਂਦਰਿਤ ਰਹੀ। 2007 ਅਤੇ 2012 ਦੀਆਂ ਵਿਧਾਨ ਸਭਾ ਚੋਣਾਂ ਕੈਪਟਨ ਦੀ ਅਗਵਾਈ ਵਿਚ ਹਾਰਨ ਦੇ ਬਾਵਜੂਦ ਪੰਜਾਬ ਕਾਂਗਰਸ ਕੋਲ ਉਨ੍ਹਾਂ ਤੋਂ ਬਿਹਤਰ ਕੋਈ ਚਿਹਰਾ ਨਹੀਂ ਸੀ।

ਰਾਹੁਲ ਗਾਂਧੀ ਵੱਲੋਂ ਪਸੰਦ ਨਾ ਕਰਨ ਦੇ ਬਾਵਜੂਦ ਕੈਪਟਨ ਨੂੰ ਪੰਜਾਬ ਕਾਂਗਰਸ ਦੀ ਵਾਗਡੋਰ ਸੌਂਪਣੀ ਪਈ। ਇਕ ਪਰਿਵਾਰ ਵਿਚੋਂ ਇਕ ਨੂੰ ਹੀ ਟਿਕਟ ਦੇਣ ਦੇ ਕੈਪਟਨ ਦੇ ਫੈਸਲੇ ਨੇ ਅਕਾਲੀ ਦਲ ਦੇ ਪਰਿਵਾਰਵਾਦ ਉਤੇ ਚੰਗੀ ਖਾਸੀ ਚੋਟ ਕੀਤੀ। ਗੈਰ ਸੰਵਿਧਾਨਕ ਸੱਤਾ ਦਾ ਕੇਂਦਰ ਬਣੇ ਹਲਕਾ ਇੰਚਾਰਜ, ਕਿਸਾਨ ਖ਼ੁਦਕੁਸ਼ੀਆਂ, ਰੇਤ, ਟਰਾਂਸਪੋਰਟ ਵਰਗੇ ਮਾਫੀਆ, ਬੇਰੁਜ਼ਗਾਰੀ ਅਤੇ ਨਸ਼ਿਆਂ ਵਰਗੇ ਗੰਭੀਰ ਮੁੱਦਿਆਂ ਬਾਰੇ ਚਰਚਾ ਦੀ ਬਜਾਇ ਇਨ੍ਹਾਂ ਦੀ ਹੋਂਦ ਤੋਂ ਹੀ ਇਨਕਾਰ ਕਰਨ ਦੇ ਸੁਖਬੀਰ ਬਾਦਲ ਦੇ ਵਿਹਾਰ ਨੇ ਸੱਤਾਧਾਰੀ ਧਿਰ ਤੋਂ ਲੋਕਾਂ ਦਾ ਮੋਹ ਭੰਗ ਕਰ ਦਿੱਤਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦਾ ਕੋਈ ਥਹੁ-ਪਤਾ ਨਾ ਲਾ ਸਕਣ ਤੋਂ ਨਾਰਾਜ਼ ਸਿੱਖ ਵੋਟਰਾਂ ਦਾ ਬਦਲ ਅਕਾਲੀ ਆਗੂਆਂ ਨੇ ਡੇਰਾ ਸਿਰਸਾ ਦੀ ਸ਼ਰਨ ਦੇ ਰੂਪ ਵਿਚ ਲੱਭਿਆ। ਇਸ ਨੇ ਅਕਾਲੀ ਦਲ ਦੀ ਸਿਆਸਤ ਨੂੰ ਰਣਨੀਤਕ ਤੌਰ ਉਤੇ ਪ੍ਰਭਾਵਿਤ ਕੀਤਾ। ਅਕਾਲੀ ਦਲ 15 ਸੀਟਾਂ ਤੱਕ ਸੁੰਗੜ ਗਿਆ ਹੈ। ਇਸ ਦਾ ਵੋਟ ਬੈਂਕ 2012 ਦੇ 34.73 ਫੀਸਦੀ ਦੇ ਮੁਕਾਬਲੇ ਘਟ ਕੇ 25.4 ਫੀਸਦੀ ਰਹਿ ਗਿਆ ਹੈ। ਭਾਜਪਾ ਦਾ ਵੋਟ ਹਿੱਸਾ ਵੀ 7.18 ਤੋਂ ਘਟ ਕੇ 5.2 ਫੀਸਦ ਰਹਿ ਗਿਆ। ਆਪਣੇ ਗੜ੍ਹ ਮਾਲਵੇ ਵਿਚ ਅਕਾਲੀ ਦਲ 9 ਸੀਟਾਂ ਤੱਕ ਸੀਮਤ ਹੋ ਗਿਆ।

## ਬਾਦਲ ਪਰਿਵਾਰ ਦੀ ਕਾਰਗੁਜ਼ਾਰੀ ਉਤੇ ਉਠੀ ਉਂਗਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਨਮੋਸ਼ੀ ਭਰੀ ਹਾਰ ਕਾਰਨ ਮੰਤਰੀਆਂ ਤੇ ਸੀਨੀਅਰ ਆਗੂਆਂ ਵੱਲੋਂ ਜਿਥੇ ਬਾਦਲ ਪਰਿਵਾਰ ਅਤੇ ਸਰਕਾਰ ਦੀ ਕਾਰਗੁਜ਼ਾਰੀ ਉਤੇ ਸਵਾਲੀਆ ਨਿਸ਼ਾਨ ਲਾਇਆ ਜਾ ਰਿਹਾ ਹੈ, ਉਥੇ ਪ੍ਰਕਾਸ਼ ਸਿੰਘ ਬਾਦਲ ਆਪਣੇ ਪੁੱਤਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਬਚਾਅ ਕਰਦੇ ਦਿਖਾਈ ਦੇ ਰਹੇ ਹਨ। ਵਿਧਾਨ ਸਭਾ ਭੰਗ ਕਰਨ ਅਤੇ ਸਰਕਾਰ ਦਾ ਅਸਤੀਫਾ ਦੇਣ ਲਈ ਪ੍ਰਕਾਸ਼ ਸਿੰਘ ਬਾਦਲ ਨੇ ਮੰਤਰੀ ਮੰਡਲ ਦੀ ਮੀਟਿੰਗ ਬੁਲਾਈ। ਮੀਟਿੰਗ ਤੋਂ ਬਾਅਦ ਮਾਲਵੇ ਨਾਲ ਸਬੰਧਤ ਇਕ ਸੀਨੀਅਰ ਮੰਤਰੀ ਨੇ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਨਾ ਹੀ ਪਾਰਟੀ ਲਈ ਮਹਿੰਗਾ ਸਾਬਤ ਹੋਇਆ। ਕਈ ਆਗੂਆਂ ਨੇ ਦਬਵੀਂ ਸੁਰ ਵਿਚ ਹਾਰ ਦਾ ਗੁੱਸਾ ਬਾਦਲ ਪਰਿਵਾਰ, ਖਾਸ ਕਰ ਸੁਖਬੀਰ ਸਿੰਘ ਬਾਦਲ ਅਤੇ ਮਾਫੀਆ ਗਰੋਹਾਂ ਦੀਆਂ ਗਤੀਵਿਧੀਆਂ ਸਿਰ ਕੱਢਿਆ। ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਵਾਂਗ ਹੀ ਹੁਣ ਵੀ ਆਪਣੇ ਪੁੱਤਰ ਲਈ ਸੰਕਟ ਮੋਚਕ ਬਣਦਿਆਂ ਕਿਹਾ ਕਿ ਇਹ ਪਾਰਟੀ ਦੀ ਹਾਰ ਹੈ। ਇਸ ਦੀ ਪੜਚੋਲ ਕੀਤੀ ਜਾਵੇਗੀ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਬੁਲਾਈ ਜਾਵੇਗੀ, ਜਿਸ ਦੌਰਾਨ ਸਾਰੇ ਤੱਥਾਂ ਬਾਰੇ ਵਿਚਾਰ ਕੀਤਾ ਜਾਵੇਗਾ।

## ਡੇਰਾ ਸਿਰਸਾ ਨੇ ਠੀਕਰਾ ਅਕਾਲੀ ਦਲ ਸਿਰ ਭੰਨਿਆ

**ਬਠਿੰਡਾ:** ਡੇਰਾ ਸੱਚਾ ਸੌਦਾ ਸਿਰਸਾ ਨੇ ਚੋਣ ਨਤੀਜਿਆਂ ਮਗਰੋਂ ਠੀਕਰਾ ਸ਼੍ਰੋਮਣੀ ਅਕਾਲੀ ਦਲ ਸਿਰ ਭੰਨ ਦਿੱਤਾ ਹੈ। ਡੇਰਾ ਸਿਰਸਾ ਦੇ ਸਿਆਸੀ ਵਿੰਗ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਖੁੱਲ੍ਹੀ ਹਮਾਇਤ ਦੇਣ ਦਾ ਐਲਾਨ ਕੀਤਾ ਸੀ, ਪਰ ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੂੰ ਮਾਲਵੇ ਵਿਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਕਾਂਗਰਸ ਦੀ ਵੱਡੀ ਜਿੱਤ ਮਗਰੋਂ ਡੇਰਾ ਪੈਰੋਕਾਰਾਂ ਨੇ ਡੇਰਾ ਸਿਰਸਾ ਦੇ ਸਿਆਸੀ ਵਿੰਗ 'ਤੇ ਵੀ ਉਂਗਲ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਬਠਿੰਡਾ-ਮਾਨਸਾ ਵਿਚ ਅਕਾਲੀ ਦਲ ਸਿਰਫ ਸਰਦੂਲਗੜ੍ਹ ਸੀਟ ਹੀ ਜਿੱਤ ਸਕਿਆ ਹੈ। ਇਥੋਂ ਤੱਕ ਕਿ ਡੇਰਾ ਸਿਰਸਾ ਦੇ ਮੁਖੀ ਦੇ ਨੇੜਲੇ ਰਿਸ਼ਤੇਦਾਰ ਹਰਮਿੰਦਰ ਸਿੰਘ ਜੱਸੀ ਜੋ ਮੌੜ ਹਲਕੇ ਤੋਂ ਕਾਂਗਰਸੀ ਉਮੀਦਵਾਰ ਸਨ, ਨੂੰ ਵੀ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਹਲਕਾ ਤਲਵੰਡੀ ਸਾਬੋ ਵਿਚ ਡੇਰਾ ਸਿਰਸਾ ਦਾ ਵੱਡਾ ਵੋਟ ਬੈਂਕ ਹੈ, ਜਿਥੇ ਅਕਾਲੀ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਤੀਜੇ ਨੰਬਰ 'ਤੇ ਆਏ ਹਨ।

# ਨੂੰਹ ਦਾ ਕਤਲ ਕਰਨ ਦੇ ਦੋਸ਼ ਵਿਚ ਸਹੁਰਾ ਗ੍ਰਿਫਤਾਰ

**ਸੂਸਨ ਸਿਟੀ, ਕੈਲੀਫੋਰਨੀਆ (ਬਿਊਰੋ):** ਸਥਾਨਕ ਪੁਲਿਸ ਨੇ ਆਪਣੀ ਨੂੰਹ ਨੂੰ ਹਥੌੜੇ ਮਾਰ ਮਾਰ ਕੇ ਕਤਲ ਕਰਨ ਦੇ ਦੋਸ਼ ਵਿਚ ਅਮਰਜੀਤ ਸਿੰਘ (63) ਨੂੰ ਬੁੱਧਵਾਰ, 8 ਮਾਰਚ ਨੂੰ ਗ੍ਰਿਫਤਾਰ ਕਰ ਲਿਆ।



*ਅਮਰਜੀਤ ਸਿੰਘ*

ਪੁਲਿਸ ਅਨੁਸਾਰ ਅਮਰਜੀਤ ਸਿੰਘ ਨੇ ਇਕਬਾਲ ਕੀਤਾ ਹੈ ਕਿ ਕਿਸੇ ਗੱਲੋਂ ਝਗੜਾ ਹੋਣ ਉਪਰੰਤ ਲੰਘੇ ਮੰਗਲਵਾਰ ਉਸ ਨੇ ਆਪਣੀ 29 ਸਾਲਾ ਮੁਸਲਿਮ ਨੂੰਹ ਸ਼ਮੀਨਾ ਬੀਬੀ ਨੂੰ ਸਿਰ ਵਿਚ ਹਥੌੜਾ ਮਾਰ ਕੇ ਮਾਰ ਦਿਤਾ। ਇਕ ਗੁਆਂਢੀ ਨੇ ਮੰਗਲਵਾਰ ਸਵੇਰੇ ਕੋਈ 9:45 'ਤੇ ਪੁਲਿਸ ਨੂੰ ਕਾਲ ਕੀਤੀ ਕਿ ਉਨ੍ਹਾਂ ਦੇ ਗੁਆਂਢੀ ਘਰ ਦੇ ਗਰਾਜ 'ਚ ਕਿਸੇ ਬੰਦੇ ਦੀ ਲਾਸ਼ ਪਈ ਹੈ।

ਜਦੋਂ ਪੁਲਿਸ ਅਫਸਰ ਮੌਕੇ 'ਤੇ ਪਹੁੰਚੇ ਤਾਂ ਇਕ ਔਰਤ ਦੀ ਲਾਸ਼ ਗਰਾਜ ਦੇ ਫਰਸ਼ ਉਤੇ ਪਈ ਸੀ, ਜਿਸ ਦੀ ਪਛਾਣ ਮਗਰੋਂ ਸ਼ਮੀਨਾ ਬੀਬੀ ਵਜੋਂ ਹੋਈ। ਉਸ ਦੇ ਸਿਰ ਉਪਰ ਗੰਭੀਰ ਸੱਟਾਂ ਵੱਜੀਆਂ ਹੋਈਆਂ ਸਨ। ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਪੁਲਿਸ ਦੀਆਂ ਜਾਂਚ ਟੀਮਾਂ ਨੇ ਇਲਾਕੇ ਦੀ ਦਿਨ ਰਾਤ ਛਾਣਬੀਣ ਕਰਦਿਆਂ ਕਈ ਲੋਕਾਂ ਤੋਂ ਪੁੱਛਗਿੱਛ ਕੀਤੀ।

ਸ਼ਮੀਨਾ ਬੀਬੀ ਆਪਣੇ ਦੋ ਸਾਲ ਦੇ ਪੁੱਤਰ ਨਾਲ ਆਪਣੇ ਪਤੀ ਤੇ ਉਸ ਦੇ ਮਾਪਿਆਂ ਨਾਲ ਰਹਿੰਦੀ ਸੀ। ਪੁਲਿਸ ਅਨੁਸਾਰ ਪੜਤਾਲ ਦੌਰਾਨ ਅਮਰਜੀਤ ਸਿੰਘ ਨੇ ਦੱਸਿਆ ਕਿ ਇਕ ਸਾਈਕਲ ਨੂੰ ਲੈ ਕੇ ਬੀਬੀ ਅਤੇ ਉਸ ਦਰਮਿਆਨ ਤਿੱਖਾ ਤਕਰਾਰ ਹੋ ਗਿਆ ਜਿਸ ਪਿਛੋਂ ਦੋਵੇਂ ਝਗੜਦੇ ਝਗੜਦੇ ਗਰਾਜ ਵੱਲ ਚਲੇ ਗਏ, ਜਿਥੇ ਉਸ ਨੇ ਇਕ ਹਥੌੜਾ ਲੈ ਕੇ ਆਪਣੀ ਨੂੰਹ ਦੇ ਸਿਰ ਵਿਚ ਕਈ ਸੱਟਾਂ ਮਾਰੀਆਂ। ਅਮਰਜੀਤ ਸਿੰਘ ਦੀ ਪਤਨੀ ਅਤੇ ਉਸ ਦਾ ਦੋ ਸਾਲ ਦਾ ਪੋਤਾ ਉਸ ਸਮੇਂ ਘਰ ਸਨ ਪਰ ਉਨ੍ਹਾਂ ਦਾ ਕਿਸੇ ਸੱਟ ਫੇਟ ਤੋਂ ਬਚਾਅ ਹੋ ਗਿਆ। ਅਮਰਜੀਤ ਸਿੰਘ ਨੂੰ ਸੋਲਾਨੋ ਕਾਉਂਟੀ ਜੇਲ ਵਿਚ ਭੇਜ ਦਿੱਤਾ ਗਿਆ ਹੈ।

ਪੁਲਿਸ ਮਹਿਕਮੇ ਅਨੁਸਾਰ ਅਮਰਜੀਤ ਸਿੰਘ ਨੂੰ ਸ਼ਮੀਨਾ ਬੀਬੀ ਦਾ ਆਪਣੇ ਪਰਿਵਾਰ ਵਿਚ ਆਉਣਾ ਬਿਲਕੁਲ ਪਸੰਦ ਨਹੀਂ ਸੀ, ਇਸੇ ਕਰਕੇ ਉਨ੍ਹਾਂ ਵਿਚ ਕਈ ਵਾਰ ਤਕਰਾਰ ਹੋਈ।

# ਭਾਰਤੀ-ਅਮਰੀਕੀ ਬੀਬੀ ਦੇ ਸਵਾਲਾਂ ਨਾਲ ਸਪਾਈਸਰ ਘਿਰਿਆ

**ਵਾਸ਼ਿੰਗਟਨ:** ਇਥੇ ਐਪਲ ਸਟੋਰ ਉਤੇ ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਸੀਨ ਸਪਾਈਸਰ ਨਾਲ ਭਾਰਤੀ-ਅਮਰੀਕੀ ਬੀਬੀ ਨੇ ਆਢਾ ਲਾਉਂਦਿਆਂ ਵਾਰ ਵਾਰ ਪੁੱਛਿਆ ਕਿ 'ਫਾਸ਼ੀਵਾਦੀ' ਲਈ ਕੰਮ ਕਰ ਕੇ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਸ ਦਾ ਇਸ ਉਚ ਅਧਿਕਾਰੀ ਨੇ 'ਨਸਲਵਾਦੀ' ਜਵਾਬ ਦਿੱਤਾ।

ਬੀਬੀ ਚੌਹਾਨ (33) ਨੇ ਸ਼ਨਿਚਰਵਾਰ ਨੂੰ ਹੋਏ ਇਸ ਜ਼ੁਬਾਨੀ ਸਾਹਮਣੇ ਦੀ ਵੀਡੀਓ ਟਵਿੱਟਰ ਉਤੇ ਪੋਸਟ ਕੀਤੀ ਹੈ ਜਿਸ ਵਿਚ ਤਿੱਖੇ ਸਵਾਲਾਂ ਦੀ ਵਾਛੜ ਉਤੇ ਸਪਾਈਸਰ ਦੀ ਪ੍ਰਤੀਕਿਰਿਆ ਦਿਖਾਈ ਗਈ ਹੈ। ਚੌਹਾਨ ਨੇ ਸਪਾਈਸਰ ਨੂੰ ਰੂਸ ਬਾਰੇ ਵੀ ਪੁੱਛਿਆ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਉਤੇ ਦੇਸ਼ ਧ੍ਰੋਹ ਦਾ ਦੋਸ਼ ਲਾਇਆ। ਇਹ ਵੀਡੀਓ ਸੋਸ਼ਲ ਮੀਡੀਆ ਉਤੇ ਜੰਗਲ ਦੀ ਅੱਗ ਵਾਂਗ ਫੈਲ ਗਈ। ਇਸ ਵਿਚ ਸਪਾਈਸਰ ਕਹਿ ਰਿਹਾ ਹੈ ਕਿ ਅਮਰੀਕਾ 'ਅਜਿਹਾ ਮਹਾਨ ਮੁਲਕ ਹੈ ਜਿਸ ਨੇ ਤੁਹਾਨੂੰ ਇਥੇ ਆਉਣ ਦੀ ਆਗਿਆ ਦਿੱਤੀ ਹੈ'। ਚੌਹਾਨ ਨੇ ਇਸ ਟਿੱਪਣੀ ਨੂੰ ਨਸਲੀਵਾਦੀ ਕਰਾਰ ਦਿੱਤਾ ਹੈ।

ਸਪਾਈਸਰ ਨੇ ਆਪਣੀ ਰੋਜ਼ਾਨਾ ਦੀ ਨਿਊਜ਼ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕਾ ਆਜ਼ਾਦ ਮੁਲਕ ਹੈ ਅਤੇ ਲੋਕਾਂ ਨੂੰ ਉਹ ਬੋਲਣ ਤੇ ਕੰਮ ਕਰਨ ਦੀ ਆਜ਼ਾਦੀ ਹੈ ਜਿਸ ਤਰ੍ਹਾਂ ਉਹ ਚਾਹੁੰਦੇ ਹਨ। ਉਨ੍ਹਾਂ ਕਿਹਾ, "ਜੇ ਲੋਕਾਂ ਕੋਲ ਕੋਈ ਸਵਾਲ ਹੋਵੇ ਤਾਂ ਉਨ੍ਹਾਂ ਤੋਂ ਪੁੱਛਣਾ ਚਾਹੀਦਾ ਹੈ। ਮੈਂ ਸਾਰਾ ਦਿਨ ਲੋਕਾਂ ਨਾਲ ਗੱਲਬਾਤ ਕਰਦਾ ਹਾਂ ਜਿਨ੍ਹਾਂ ਵਿਚੋਂ 99 ਫ਼ੀਸਦ ਤੱਕ ਖੁਸ਼ ਹੁੰਦੇ ਹਨ ਭਾਵੇਂ ਉਹ ਸਾਡੀ ਵਿਚਾਰਧਾਰਾ ਜਾਂ ਪ੍ਰੋਗਰਾਮਾਂ ਨਾਲ ਸਹਿਮਤ ਨਹੀਂ ਵੀ ਹੁੰਦੇ।"

# ਟਰੰਪ ਪ੍ਰਸ਼ਾਸਨ ਵੱਲੋਂ ਪ੍ਰੀਤ ਭਰਾੜਾ ਬਰਤਰਫ

**ਵਾਸ਼ਿੰਗਟਨ:** ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਚਲਾਉਣ ਵਾਲੇ ਭਾਰਤ ਦੇ ਜੰਮਪਲ ਅਮਰੀਕਾ ਦੇ ਚੋਟੀ ਦੇ ਵਕੀਲ ਪ੍ਰੀਤ ਭਰਾੜਾ ਵੱਲੋਂ ਅਸਤੀਫਾ ਦੇਣ ਤੋਂ ਇਨਕਾਰ ਕਰਨ ਮਗਰੋਂ ਟਰੰਪ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਬਰਤਰਫ ਕਰ ਦਿੱਤਾ।

ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਨਿਯੁਕਤ ਭਰਾੜਾ ਤੇ 45 ਹੋਰ ਵਕੀਲਾਂ ਨੂੰ ਟਰੰਪ ਪ੍ਰਸ਼ਾਸਨ ਨੇ ਫੌਰੀ ਅਸਤੀਫਾ ਦੇਣ ਲਈ ਕਿਹਾ ਸੀ। ਭਰਾੜਾ ਨੇ ਟਵੀਟ ਵਿਚ ਕਿਹਾ, 'ਮੈਂ ਅਸਤੀਫਾ ਨਹੀਂ ਦਿੱਤਾ। ਕੁਝ ਸਮਾਂ ਪਹਿਲਾਂ ਮੈਨੂੰ ਬਰਤਰਫ ਕਰ ਦਿੱਤਾ ਗਿਆ।'

# ਪਠਾਨਕੋਟ ਏਅਰਬੇਸ 'ਤੇ ਹਮਲੇ ਦਾ ਫਿਰ ਖ਼ਦਸ਼ਾ

**ਪਠਾਨਕੋਟ:** ਸ਼ੱਕੀ ਹਮਲੇ ਦੀ ਖ਼ੁਫ਼ੀਆ ਸੂਚਨਾ ਮਿਲਣ ਮਗਰੋਂ ਪਠਾਨਕੋਟ ਏਅਰਬੇਸ ਦੀ ਪੁਲਿਸ ਨੇ ਘੇਰਾਬੰਦੀ ਕਰ ਲਈ ਅਤੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿੱਤੇ। ਇਸ ਨਾਲ ਹੀ ਏਅਰਬੇਸ ਨਾਲ ਲੱਗਦੇ ਸਾਰੇ ਖੇਤਰ ਅੰਦਰ ਤਲਾਸ਼ੀ ਮੁਹਿੰਮ ਛੇੜ ਦਿੱਤੀ ਗਈ।

ਜਾਣਕਾਰੀ ਅਨੁਸਾਰ, ਖੁਫੀਆ ਸੂਚਨਾ ਮਿਲਦੇ ਹੀ ਪ੍ਰਸ਼ਾਸਨ ਨੇ ਮੰਗਲਵਾਰ ਦੁਪਹਿਰ ਤੋਂ ਬਾਅਦ ਏਅਰਬੇਸ ਅੰਦਰਲੇ ਸਾਰੇ ਦੁਕਾਨਦਾਰਾਂ ਅਤੇ ਸਿਵਲ ਲੇਬਰ ਨੂੰ ਬਾਹਰ ਕੱਢ ਦਿੱਤਾ। ਏਅਰਫੋਰਸ ਦੇ ਮੁਖ ਗੇਟ ਅੱਗੇ ਡੀ.ਐਸ.ਪੀ. (ਸਿਟੀ) ਗੁਰਪ੍ਰੀਤ ਸਿੰਘ ਭਾਰੀ ਪੁਲਿਸ ਬਲਾਂ ਸਮੇਤ ਪੁੱਜ ਗਏ ਅਤੇ ਉਨ੍ਹਾਂ ਏਅਰਬੇਸ ਵੱਲ ਜਾਣ ਵਾਲੇ ਸਾਰੇ ਰਸਤਿਆਂ ਦੀ ਨਾਕੇਬੰਦੀ ਕਰ ਦਿੱਤੀ। ਇਸ ਤੋਂ ਇਲਾਵਾ ਫੌਜ ਦੇ ਅਧਿਕਾਰੀ ਵੀ ਪੁੱਜ ਗਏ ਅਤੇ ਏਅਰਫੋਰਸ, ਥਲ ਸੈਨਾ ਅਤੇ ਪੰਜਾਬ ਪੁਲਿਸ ਦੀ ਐਸ.ਐਸ.ਪੀ. ਨਿੰਲਬਰੀ ਵਿਜੇ ਜਗਦਲੇ ਨੇ ਸੁਰੱਖਿਆ ਪ੍ਰਬੰਧਾਂ ਬਾਰੇ ਵਿਸ਼ੇਸ਼ ਮੀਟਿੰਗ ਕੀਤੀ।


ਰਵੀ ਬਾਠ

ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ

ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626

rvbaat@gmail.com



*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741

5887A Lone Tree Way
Antioch, CA 94531

Better Homes and Gardens Real Estate | MASON-McDUFFIE



ਸੰਜਨਾ ਪ੍ਰਭਾਕਰ

ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ

*(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)*

- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849

*email: sanjana4loans@gmail.com*



Arcus Lending — America's Premier Mortgage Experts

*Arcus NMLS # 1035734*

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

*ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ*



PERSONAL INJURY ATTORNEYS

LAW OFFICES OF MANPREET S. BAINS
LAW OFFICES OF WILLIAM E. WEISS

AN ASSOCIATION OF LAW FIRMS



Offering Joint Representation at No Additional Cost

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call **(510) 474-0028**
E-mail: **BainsWeiss@gmail.com**

Serving the Bay Area and Beyond • Offices in San Francisco and Union City

# ਨਵੀਂ ਸਰਕਾਰ ਲਈ ਖਾਲੀ ਖਜ਼ਾਨਾ ਤੇ ਚੋਣ ਵਾਅਦੇ ਬਣਨਗੇ ਵੰਗਾਰ

**ਚੰਡੀਗੜ੍ਹ:** ਪੰਜਾਬ ਵਿਚ ਭਾਰੀ ਬਹੁਮਤ ਹਾਸਲ ਕਰਨ ਵਾਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪਿਛਲੇ ਲੰਮੇ ਸਮੇਂ ਤੋਂ ਲਟਕਦੇ ਕਈ ਮੁੱਦਿਆਂ ਦੇ ਨਾਲ-ਨਾਲ ਕਈ ਮਾਮਲੇ ਕੈਪਟਨ ਅਮਰਿੰਦਰ ਵੱਲੋਂ ਲੋਕਾਂ ਨਾਲ ਖੁਦ ਕੀਤੇ ਵਾਅਦਿਆਂ ਨਾਲ ਸਬੰਧਤ ਹਨ।

ਦਲ ਬਦਲੀ ਵਿਰੋਧੀ ਕਾਨੂੰਨ ਕਾਰਨ ਮੁੱਖ ਮੰਤਰੀ ਸਮੇਤ ਕੈਬਨਿਟ ਵਿਚ ਸਿਰਫ 18 ਮੰਤਰੀ ਹੀ ਬਣਨੇ ਹਨ। 77 ਵਿਧਾਇਕਾਂ ਦੀ ਫੌਜ ਵਿਚੋਂ ਸਾਰੇ ਪੱਖਾਂ ਤੋਂ ਸੰਤੁਲਨ ਬਣਾਉਣ ਲਈ ਕਾਫੀ ਮੱਥਾ ਪੱਚੀ ਕਰਨੀ ਪਵੇਗੀ। ਬਾਹਰੋਂ ਆਏ ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ ਸਮੇਤ ਕਈ ਆਗੂਆਂ ਨੂੰ ਮੁੱਖ ਅਹੁਦੇ ਦੇਣ ਨਾਲ ਪੁਰਾਣੇ ਕਾਂਗਰਸੀਆਂ ਨਾਲ ਮਤਭੇਦਾਂ ਦਾ ਖਦਸ਼ਾ ਵੀ ਰਹੇਗਾ। ਸੁਪਰੀਮ ਕੋਰਟ ਵੱਲੋਂ ਹਰ ਹਾਲਤ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਦਾ ਆਦੇਸ਼ ਸਰਕਾਰ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਹੀ 2004 ਵਿਚ ਬਣਾਏ ਜਲ ਸਮਝੌਤੇ ਰੱਦ ਕਰਨ ਦਾ ਕਾਨੂੰਨ ਸੁਪਰੀਮ ਕੋਰਟ ਨੇ ਗੈਰ-ਸੰਵਿਧਾਨਕ ਕਰਾਰ ਦੇ ਦਿੱਤਾ ਸੀ।

ਸੁਪਰੀਮ ਕੋਰਟ ਵੱਲੋਂ ਨਹਿਰ ਬਣਾਉਣ ਦੇ ਦਿੱਤੇ ਨਿਰਦੇਸ਼ ਦੇ ਵਿਰੋਧ ਵਿਚ ਹੀ ਉਨ੍ਹਾਂ ਲੋਕ ਸਭਾ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਮੁੱਦੇ ਉਤੇ 28 ਮਾਰਚ ਨੂੰ ਸੁਪਰੀਮ ਕੋਰਟ ਵਿਚ ਮੁੜ ਬਹਿਸ ਹੋਣੀ ਹੈ। ਜੇਕਰ ਸੂਬਾ ਸਰਕਾਰ ਨਹਿਰ ਨਹੀਂ ਬਣਾਉਂਦੀ ਤਾਂ ਅਦਾਲਤ ਨਾਲ ਟਕਰਾਅ ਕਾਰਨ ਪੈਦਾ ਹੋਣ ਵਾਲਾ ਸੰਵਿਧਾਨਕ ਸੰਕਟ ਇਕ ਵੱਡੀ ਚੁਣੌਤੀ ਹੋਵੇਗਾ। ਪੰਜਾਬ ਦੇ ਪਾਣੀਆਂ ਦੇ ਮਾਹਿਰ ਪ੍ਰੀਤਮ ਸਿੰਘ ਕੁੰਮੇਦਾਨ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੂੰ ਨਹਿਰ ਬਣਾਉਣ ਦਾ ਵਿਰੋਧ ਨਹੀਂ ਕਰਨਾ ਚਾਹੀਦਾ, ਪਰ ਪਾਣੀਆਂ ਦੀ ਵੰਡ ਦੇ ਮੁੱਦੇ ਉਤੇ ਜ਼ੋਰ ਦੇਣਾ ਚਾਹੀਦਾ ਹੈ। ਪਾਣੀ ਦੀ ਵੰਡ ਦਾ ਮੁੱਦਾ ਸੁਪਰੀਮ ਕੋਰਟ ਦੇ ਦਾਇਰੇ ਵਿਚ ਨਹੀਂ ਆਉਂਦਾ।



ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀਆਂ ਕਰਨ ਲਈ ਮਜਬੂਰ ਕਿਸਾਨਾਂ ਨੂੰ ਕਰਜ਼ਾ ਮੁਆਫੀ ਦੀ ਰਾਹਤ ਕੈਪਟਨ ਦਾ ਪ੍ਰਮੁੱਖ ਵਾਅਦਾ ਹੈ। ਲਗਭਗ ਸਵਾ ਲੱਖ ਕਰੋੜ ਰੁਪਏ ਤੋਂ ਵੱਧ ਦੀ ਕਰਜ਼ਈ ਪੰਜਾਬ ਸਰਕਾਰ ਇਹ ਵਾਅਦਾ ਕਿਸ ਤਰ੍ਹਾਂ ਪੂਰਾ ਕਰੇਗੀ, ਇਹ ਵੱਡਾ ਸੁਆਲ ਹੈ। ਪ੍ਰਸਿੱਧ ਅਰਥਸ਼ਾਸਤਰੀ ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਸੰਭਵ ਹੈ ਕਿ ਉਤਰ ਪ੍ਰਦੇਸ਼ ਵਿਚ ਕੀਤੇ ਵਾਅਦੇ ਅਨੁਸਾਰ ਬੈਂਕਾਂ ਦੇ ਕਰਜ਼ੇ ਦੀ ਮੁਆਫੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਕਰ ਦਿੱਤੀ ਜਾਵੇ, ਇਸ ਨਾਲ ਪੰਜਾਬ ਨੂੰ ਵੀ ਲਾਭ ਹੋ ਸਕੇਗਾ। ਸ਼ਾਹੂਕਾਰਾ ਕਰਜ਼ੇ ਲਈ ਸਰ ਛੋਟੂ ਰਾਮ ਵਾਲੇ ਕਾਨੂੰਨ ਵਾਂਗ ਜ਼ਿਲ੍ਹਾ ਪੱਧਰੀ ਕਰਜ਼ਾ ਨਿਬੇੜਾ ਬੋਰਡ ਬਣਾ ਕੇ ਸੂਬਾ ਸਰਕਾਰ ਆਪਣੇ ਵੱਲੋਂ ਪੈਸਾ ਦੇਣ ਵਿਚ ਮਦਦ ਕਰ ਸਕਦੀ ਹੈ। ਜੇਕਰ ਸਰਕਾਰ ਚਾਹੇ ਤਾਂ ਸਹਿਕਾਰੀ ਬੈਂਕਾਂ ਦੇ ਮਾਮਲੇ ਵਿਚ ਵੀ ਸੂਬਾ ਸਰਕਾਰ ਪਹਿਲਾਂ ਕਰਜ਼ੇ ਨੂੰ ਅੱਗੇ ਪਾਉਣ ਅਤੇ ਕਦਮ ਦਰ ਕਦਮ ਮੁਆਫ ਕਰਨ ਵੱਲ ਵਧ ਸਕਦੀ ਹੈ। ਹਰ ਘਰ ਦੇ ਇਕ ਵਿਅਕਤੀ ਨੂੰ ਨੌਕਰੀ ਦੇਣਾ ਸਭ ਤੋਂ ਮੁਸ਼ਕਲ ਕੰਮ ਹੈ।

ਸੁੱਚਾ ਸਿੰਘ ਗਿੱਲ ਅਨੁਸਾਰ ਇਹ ਮੌਜੂਦਾ ਵਿਕਾਸ ਦੇ ਮਾਡਲ ਮੁਤਾਬਕ ਸੰਭਵ ਨਹੀਂ ਹੈ। ਰੁਜ਼ਗਾਰ ਪੈਦਾ ਹੀ ਨਹੀਂ ਹੋ ਰਿਹਾ, ਕਿਉਂਕਿ ਵਿਕਾਸ ਦਾ ਤਰੀਕਾਕਾਰ ਰੁਜ਼ਗਾਰ ਵਿਹੂਣਾ ਹੈ। ਸਰਕਾਰ ਲਈ ਕੰਮ ਕਰਨ ਦੇ ਦੋ ਖੇਤਰ ਸਿੱਖਿਆ ਅਤੇ ਸਿਹਤ ਹਨ। ਪੜ੍ਹਾਈ ਉਤੇ ਜ਼ੋਰ ਦੇ ਕੇ ਨਵੀਂ ਪੀੜ੍ਹੀ ਨੂੰ ਖੇਤੀ ਦੀ ਬਜਾਏ ਹੋਰਾਂ ਕਿੱਤਿਆਂ ਦੀ ਮੁਹਾਰਤ ਦੇ ਯੋਗ ਬਣਾਇਆ ਜਾ ਸਕਦਾ ਹੈ। ਪੰਜਾਬ ਦੀ ਖਰਾਬ ਹੋ ਰਹੀ ਆਬੋ ਹਵਾ ਕਾਰਨ ਆ ਰਹੀਆਂ ਸਿਹਤ ਸਮੱਸਿਆਵਾਂ ਨੂੰ ਰੋਕਣਾ ਵੀ ਵੱਡਾ ਮਾਮਲਾ ਹੈ। ਨਸ਼ਿਆਂ ਦਾ ਮੁੱਦਾ ਵੀ ਵੱਡਾ ਹੈ। ਬੇਰੁਜ਼ਗਾਰੀ ਅਤੇ ਸਮਾਜਿਕ ਮਾਹੌਲ ਕਾਰਨ ਨਸ਼ੇ ਵਿਚ ਗ੍ਰਸੇ ਨੌਜਵਾਨਾਂ ਦਾ ਪੁਨਰਵਾਸ ਵੱਡੀ ਸਮੱਸਿਆ ਹੈ।

ਪਿਛਲੇ ਕਾਫੀ ਸਮੇਂ ਤੋਂ ਪੰਥਕ ਜਥੇਬੰਦੀਆਂ ਅਤੇ ਡੇਰਾ ਸਿਰਸਾ ਦੇ ਦਰਮਿਆਨ ਚੱਲ ਰਹੀ ਕਸ਼ਮਕਸ਼ ਇਨ੍ਹਾਂ ਚੋਣਾਂ ਦੌਰਾਨ ਅਕਾਲੀ ਦਲ ਦਾ ਸਮਰਥਨ ਕਰਨ ਨਾਲ ਹੋਰ ਵਧ ਗਈ ਹੈ। ਇਨ੍ਹਾਂ ਸਮਾਜਿਕ ਟਕਰਾਵਾਂ ਨੂੰ ਹੱਲ ਕਰਨਾ ਵੀ ਆਸਾਨ ਨਹੀਂ ਹੋਵੇਗਾ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਮੁਲਜ਼ਮਾਂ ਨੂੰ ਫੜਨਾ ਅਤੇ ਸੱਚਾਈ ਸਾਹਮਣੇ ਲਿਆਉਣ ਦਾ ਵਾਅਦਾ ਪੂਰਾ ਕਰਨਾ ਵੀ ਚੁਣੌਤੀ ਹੋਵੇਗੀ। ਪੰਜਾਬ ਦੇ ਲੋਕਾਂ ਨੇ ਪ੍ਰਮੁੱਖ ਤੌਰ ਉਤੇ ਅਕਾਲੀ ਦਲ ਅਤੇ ਮਾਫੀਆ, ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਵਪਾਰ ਵਿਰੁੱਧ ਵੋਟ ਦਿੱਤੀ ਹੈ। ਇਸ ਮਾਮਲੇ ਵਿਚ ਸਿਆਸੀ ਅਤੇ ਪ੍ਰਸ਼ਾਸਨਿਕ ਲੋਕਾਂ ਦੇ ਗੱਠਜੋੜ ਨੂੰ ਸਾਹਮਣੇ ਲਿਆਉਣ ਦੀ ਤਵੱਕੋਂ ਪੰਜਾਬ ਦੇ ਲੋਕਾਂ ਨੂੰ ਰਹੇਗੀ।

## ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਮੁਹਿੰਮ ਵਿੱਢਾਂਗੇ: ਕੈਪਟਨ



**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਜਿੱਤ ਨੂੰ ਸੂਬੇ ਦੇ ਲੋਕਾਂ ਦੇ ਪਿਆਰ ਦਾ ਨਤੀਜਾ ਦੱਸਦਿਆਂ ਕਿਹਾ ਕਿ ਉਹ ਸਭ ਤੋਂ ਪਹਿਲਾਂ ਸੂਬੇ ਵਿਚ ਨਸ਼ਿਆਂ ਦਾ ਤੰਦੂਆ ਜਾਲ ਤੋੜਨਗੇ ਅਤੇ ਅਹੁਦਾ ਸੰਭਾਲਣ ਦੇ ਦਿਨ ਤੋਂ ਹੀ ਨਸ਼ੇ ਦੇ ਸੌਦਾਗਰਾਂ ਖਿਲਾਫ਼ ਮੁਹਿੰਮ ਵਿੱਢਣਗੇ। ਉਨ੍ਹਾਂ ਨੇ ਸੂਬੇ ਦੇ ਸਪੱਸ਼ਟ ਬਹੁਮੱਤ ਦੇਣ ਲਈ ਲੋਕਾਂ ਦਾ ਧੰਨਵਾਦ ਕੀਤਾ।

## ਸਿਆਸਤ ਦੇ ਮਹਾਂਰਥੀਆਂ ਨਾਲ ਬੁਰੀ ਹੋਈ













**ਚੰਡੀਗੜ੍ਹ:** ਸੱਤਾਧਾਰੀ ਅਕਾਲੀ ਦਲ ਤੇ ਭਾਜਪਾ ਗਠਜੋੜ ਜਿਥੇ ਵਿਧਾਨ ਸਭਾ ਚੋਣਾਂ 'ਚ ਕਰਾਰੀ ਹਾਰ ਮਿਲਣ ਕਾਰਨ ਤੀਜੀ ਸਥਾਨ ਉਤੇ ਖਿਸਕ ਗਿਆ ਹੈ, ਉਥੇ ਉਸ ਦੇ ਕਈ ਮੰਤਰੀ ਤੇ ਨਾਮਵਰ ਨੇਤਾਵਾਂ ਨੂੰ ਵੀ ਹਾਰ ਦਾ ਮੂੰਹ ਵੇਖਣਾ ਪਿਆ। ਅਕਾਲੀ ਦਲ ਦੇ ਮੰਤਰੀ ਤੋਤਾ ਸਿੰਘ ਧਰਮਕੋਟ ਤੋਂ, ਗੁਲਜ਼ਾਰ ਸਿੰਘ ਰਣੀਕੇ ਅਟਾਰੀ ਤੋਂ, ਜਨਮੇਜਾ ਸਿੰਘ ਸੇਖੋਂ ਮੌੜ ਤੋਂ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਪੱਟੀ ਤੋਂ, ਸਿਕੰਦਰ ਸਿੰਘ ਮਲੂਕਾ ਰਾਮਪੁਰਾ ਫੂਲ ਤੋਂ, ਸੁਰਜੀਤ ਸਿੰਘ ਰੱਖੜਾ ਸਮਾਣਾ ਤੋਂ, ਸੋਹਣ ਸਿੰਘ ਠੰਡਲ ਚੱਬੇਵਾਲ ਤੋਂ ਚੋਣ ਹਾਰ ਗਏ ਹਨ ਤੇ ਭਾਜਪਾ ਦੇ ਚੋਣ ਹਾਰਨ ਵਾਲੇ ਮੰਤਰੀਆਂ 'ਚ ਸੁਰਜੀਤ ਕੁਮਾਰ ਜਿਆਣੀ ਤੇ ਅਨਿਲ ਕੁਮਾਰ ਜੋਸ਼ੀ ਸ਼ਾਮਲ ਹਨ।

ਇਸ ਦੇ ਨਾਲ ਹੀ ਭਾਜਪਾ ਦੇ ਉਘੇ ਨੇਤਾ ਤੀਕਸ਼ਣ ਸੂਦ, ਤਰੁਨ ਚੁਘ, ਅਰੁਨੇਸ਼ ਕੁਮਾਰ, ਅਸ਼ਵਨੀ ਕੁਮਾਰ, ਮਨੋਰੰਜਨ ਕਾਲੀਆ ਵੀ ਚੋਣ ਹਾਰ ਗਏ ਹਨ ਜਦੋਂ ਕਿ ਅਕਾਲੀ ਦਲ ਦੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਡੇਰਾ ਬਾਬਾ ਨਾਨਕ ਤੋਂ, ਸੇਵਾ ਸਿੰਘ ਸੇਖਵਾਂ ਕਾਦੀਆਂ ਤੋਂ, ਬੀਬੀ ਉਪਿੰਦਰਜੀਤ ਕੌਰ ਸੁਲਤਾਨਪੁਰ ਲੋਧੀ ਤੋਂ, ਰਣਜੀਤ ਸਿੰਘ ਬ੍ਰਹਮਪੁਰਾ ਖਡੂਰ ਸਾਹਿਬ, ਸਾਬਕਾ ਮੰਤਰੀ ਬੀਬੀ ਜਗੀਰ ਕੌਰ ਦੇ ਜਵਾਈ ਯੁਵਰਾਜ ਭੁਪਿੰਦਰ ਸਿੰਘ ਭੁਲੱਥ ਤੋਂ, ਵਿਰਸਾ ਸਿੰਘ ਵਲਟੋਹਾ ਖੇਮਕਰਨ ਨੂੰ ਜਿੱਤ ਨਸੀਬ ਨਹੀਂ ਹੋਈ। ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਦੀ ਲਹਿਰਾਗਾਗਾ ਤੋਂ, ਸੁਨੀਲ ਜਾਖੜ ਦੇ ਅਬੋਹਰ, ਜਗਮੋਹਨ ਸਿੰਘ ਕੰਗ ਦੇ ਖਰੜ ਤੇ ਕੇਵਲ ਢਿੱਲੋਂ ਦੀ ਬਰਨਾਲਾ ਸੀਟ ਤੋਂ ਹਾਰ ਸ਼ਾਮਲ ਹੈ। ਇਸ ਦੇ ਨਾਲ ਹੀ ਰਵਿੰਦਰ ਬਿੱਟੂ ਜਲਾਲਾਬਾਦ ਤੋਂ, ਮਹਿੰਦਰ ਸਿੰਘ ਕੇ.ਪੀ. ਆਦਮਪੁਰ ਤੋਂ, ਮੁਹੰਮਦ ਸਦੀਕ ਜੈਤੋਂ ਤੋਂ, ਅਜੀਤ ਇੰਦਰ ਸਿੰਘ ਮੋਫਰ ਸਰਦੂਲਗੜ੍ਹ ਤੋਂ, ਕਰਨ ਕੌਰ ਬਰਾੜ ਵੀ ਚੋਣ ਹਾਰਨ ਵਾਲੇ ਵੱਡੇ ਕਾਂਗਰਸ ਆਗੂ ਹਾਰ ਗਏ।

### ਪੰਜਾਬ ਵਿਧਾਨ ਸਭਾ ਵਿਚ ਪੁੱਜੀਆਂ ਸਿਰਫ ਛੇ ਔਰਤਾਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਨਤੀਜੇ ਔਰਤਾਂ ਲਈ ਉਤਸ਼ਾਹਜਨਕ ਨਹੀਂ ਹਨ। ਪਿਛਲੀ ਵਿਧਾਨ ਸਭਾ ਮੁਕਾਬਲੇ ਇਸ ਵਾਰ ਜੇਤੂ ਔਰਤਾਂ ਦੀ ਗਿਣਤੀ ਅੱਧੇ ਤੋਂ ਵੀ ਘੱਟ ਰਹਿ ਗਈ ਹੈ। 2012 ਵਿਚ ਹੋਈ ਵਿਧਾਨ ਸਭਾ ਚੋਣ ਦੌਰਾਨ ਜਿੱਤ ਕੇ 14 ਔਰਤਾਂ ਵਿਧਾਨ ਸਭਾ ਜਾਣ ਵਿਚ ਸਫਲ ਹੋ ਗਈਆਂ ਸਨ। ਦੋ ਉਪ ਚੋਣਾਂ ਤੋਂ ਪਿੱਛੋਂ ਇਹ ਗਿਣਤੀ 16 ਹੋ ਗਈ ਸੀ, ਪਰ ਹੁਣ 15ਵੀਂ ਵਿਧਾਨ ਸਭਾ ਵਿਚ ਕੇਵਲ 6 ਹੀ ਔਰਤਾਂ ਹੋਣਗੀਆਂ।

ਸ੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵੱਲੋਂ ਜਿੱਤੀਆਂ ਕੁੱਲ 18 ਸੀਟਾਂ ਵਿਚ ਕੋਈ ਵੀ ਔਰਤ ਨਹੀਂ ਹੈ। ਕਾਂਗਰਸ ਦੇ ਜੇਤੂ 77 ਉਮੀਦਵਾਰਾਂ ਵਿਚ ਤਿੰਨ ਔਰਤਾਂ ਮਾਲੇਰਕੋਟਲਾ ਤੋਂ ਰਜ਼ੀਆ ਸੁਲਤਾਨਾ, ਫਿਰੋਜ਼ਪੁਰ (ਦਿਹਾਤੀ) ਤੋਂ ਸਤਿਕਾਰ ਕੌਰ ਅਤੇ ਦੀਨਾਨਗਰ ਤੋਂ ਅਰੁਣਾ ਚੌਧਰੀ ਸ਼ਾਮਲ ਹਨ। ਆਮ ਆਦਮੀ ਪਾਰਟੀ ਨੇ 20 ਸੀਟਾਂ ਹੀ ਜਿੱਤੀਆਂ ਹਨ ਤੇ ਇਸ ਪਾਰਟੀ ਦੀਆਂ 3 ਮਹਿਲਾ ਉਮੀਦਵਾਰ ਜਿੱਤਣ ਵਿਚ ਕਾਮਯਾਬ ਰਹੀਆਂ। ਪਾਰਟੀ ਦੀ ਮਹਿਲਾ ਵਿੰਗ ਦੀ ਪ੍ਰਧਾਨ ਬਲਜਿੰਦਰ ਕੌਰ, ਬਠਿੰਡਾ (ਦਿਹਾਤੀ) ਤੋਂ ਰੁਪਿੰਦਰ ਕੌਰ ਰੂਬੀ ਅਤੇ ਜਗਰਾਉਂ ਤੋਂ ਸਰਬਜੀਤ ਕੌਰ ਮਾਣੂਕੇ ਨੇ ਚੋਣ ਜਿੱਤੀ ਹੈ।

## ਮੁੱਖ ਮੰਤਰੀ ਦੀ ਕੁਰਸੀ ਮੁੜ ਮਲਵਈਆਂ ਕੋਲ

**ਬਠਿੰਡਾ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੇ 117 ਵਿਧਾਨ ਸਭਾ ਹਲਕਿਆਂ ਵਿਚੋਂ 77 ਸੀਟਾਂ ਉਤੇ ਜਿੱਤ ਪ੍ਰਾਪਤ ਕਰ ਕੇ ਸਰਕਾਰ ਬਣਾਈ ਹੈ। ਭਾਵੇਂ ਇਸ ਵਾਰ ਦੀ ਰਵਾਇਤ ਮੁਤਾਬਕ ਸੂਬੇ ਵਿਚ ਸਰਕਾਰ ਗਠਿਤ ਕਰਨ ਵਿਚ ਮਾਝਾ ਤੇ ਦੁਆਬਾ ਮੁੱਖ ਭੂਮਿਕਾ ਨਿਭਾ ਰਿਹਾ ਹੈ, ਪਰ ਐਤਕੀਂ ਵੀ ਮੁੱਖ ਮੰਤਰੀ ਦੀ ਕੁਰਸੀ ਉਤੇ ਮਲਵਈ ਹੀ ਕਾਬਜ਼ ਹੋਵੇਗਾ।

ਦੱਸਣਾ ਬਣਦਾ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੁਣ ਤੱਕ ਪੰਜਾਬ 'ਚ ਮੁੱਖ ਮੰਤਰੀ ਦੀ ਕੁਰਸੀ ਉਤੇ ਬਹੁਤਾ ਸਮਾਂ ਮਲਵਈਆਂ ਦਾ ਕਬਜ਼ਾ ਰਿਹਾ ਹੈ। ਸੂਬੇ ਦੇ ਅੱਜ ਤੋਂ ਪਹਿਲਾਂ ਬਣੇ 15 ਮੁੱਖ ਮੰਤਰੀਆਂ 'ਚੋਂ 12 ਮੁੱਖ ਮੰਤਰੀ ਮਾਲਵਾ ਖੇਤਰ ਨਾਲ ਸਬੰਧਤ ਰਹੇ ਹਨ ਜਦਕਿ ਮਾਝੇ ਦੇ ਹਿੱਸੇ ਇਹ ਕੁਰਸੀ ਇਕ ਵਾਰ ਅਤੇ ਦੁਆਬੇ ਕੋਲ 2 ਵਾਰ ਆਈ ਹੈ। ਇਸ ਵਾਰ 16ਵਾਂ ਮੁੱਖ ਮੰਤਰੀ ਮਾਲਵੇ ਵਿਚੋਂ ਬਣਿਆ ਹੈ। ਹਾਸਲ ਅੰਕੜਿਆਂ ਅਨੁਸਾਰ ਨਤੀਜਿਆਂ 'ਚ ਕਾਂਗਰਸ ਪਾਰਟੀ ਨੇ 117 ਹਲਕਿਆਂ 'ਚੋਂ 77 ਉਤੇ ਜਿੱਤ ਹਾਸਲ ਕੀਤੀ ਹੈ, ਵਿਚੋਂ 37 ਹਲਕੇ ਮਾਝੇ-ਦੁਆਬੇ ਨਾਲ ਸਬੰਧਤ ਹਨ। ਮਾਝੇ-ਦੁਆਬੇ 'ਚ ਕੁੱਲ 48 ਹਲਕੇ ਪੈਂਦੇ ਹਨ ਜਦਕਿ ਮਾਲਵੇ 'ਚ 69। ਮਾਲਵੇ ਦੇ 69 ਹਲਕਿਆਂ ਵਿਚੋਂ ਕਾਂਗਰਸ ਨੇ 40 ਹਲਕਿਆਂ 'ਤੇ ਜਿੱਤ ਪ੍ਰਾਪਤ ਕੀਤੀ ਹੈ।

**ਲਾਲ ਬੱਤੀ ਕਲਚਰ ਖਤਮ ਕਰੇਗੀ ਕਾਂਗਰਸ :** ਜੇਤੂ ਕਾਂਗਰਸ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨੇ ਆਖਿਆ ਕਿ ਕਾਂਗਰਸ ਹਕੂਮਤ ਵੀ.ਆਈ.ਪੀ. ਕਲਚਰ ਨੂੰ ਖਤਮ ਕਰਨ ਲਈ ਪਹਿਲ ਕਰੇਗੀ ਅਤੇ ਪਹਿਲੀ ਕੈਬਨਿਟ ਮੀਟਿੰਗ ਵਿਚ ਹੀ ਇਨ੍ਹਾਂ ਮੁੱਦਿਆਂ 'ਤੇ ਚਰਚਾ ਹੋਵੇਗੀ। ਉਨ੍ਹਾਂ ਆਖਿਆ ਕਿ ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਵੀ.ਆਈ.ਪੀ. ਕਲਚਰ ਨੂੰ ਖਤਮ ਕਰਨ ਸਬੰਧੀ ਵਾਅਦਾ ਕੀਤਾ ਸੀ, ਜਿਸ 'ਤੇ ਪੂਰਨ ਅਮਲ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਲਾਲ ਬੱਤੀ ਅਤੇ ਗੰਨਮੈਨਾਂ ਤੋਂ ਇਲਾਵਾ ਉਦਘਾਟਨੀ ਪੱਥਰਾਂ ਤੋਂ ਪਰਦੇ ਹਟਾਉਣ ਆਦਿ ਸਬੰਧੀ ਬਾਕਾਇਦਾ ਫੈਸਲੇ ਲਏ ਜਾਣਗੇ। ਉਨ੍ਹਾਂ ਆਖਿਆ ਕਿ ਚੋਣ ਮਨੋਰਥ ਪੱਤਰ ਨੂੰ ਅਮਲ ਵਿਚ ਲਿਆਉਣ ਲਈ ਕੰਮ ਸ਼ੁਰੂ ਹੋ ਜਾਵੇਗਾ।



### ਕੈਪਟਨ ਦੀ ਚੌਂਕੀ ਭਰਨ ਲੱਗੀ ਅਫਸਰਸ਼ਾਹੀ

**ਚੰਡੀਗੜ੍ਹ:** ਪਿਛਲੇ 10 ਸਾਲਾਂ ਤੋਂ ਸੂਬੇ ਵਿਚ ਅਕਾਲੀ-ਭਾਜਪਾ ਸੱਤਾ ਵਿਚ ਰਹੀ ਅਤੇ ਉਸ ਦੌਰਾਨ ਜਿਹੜੇ ਆਈ.ਏ.ਐਸ. ਅਤੇ ਆਈ.ਪੀ.ਐਸ. ਅਧਿਕਾਰੀ ਸੱਤਾਧਾਰੀਆਂ ਦੇ ਹੁਕਮਾਂ ਦੀ ਤਾਮੀਲ ਕਰਦੇ ਰਹੇ, ਉਨ੍ਹਾਂ 'ਚੋਂ ਬਹੁਤੇ ਕਾਂਗਰਸ ਦੀ ਜਿੱਤ ਦੇ ਐਲਾਨ ਮਗਰੋਂ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਲਈ ਕਤਾਰਾਂ 'ਚ ਲੱਗੇ ਵੇਖੇ ਗਏ। ਕੈਪਟਨ ਦੇ ਚੰਡੀਗੜ੍ਹ ਸੈਕਟਰ 10 ਸਥਿਤ ਗ੍ਰਹਿ ਵਿਖੇ ਪਾਰਟੀ ਦੀ ਜਿੱਤ ਮਗਰੋਂ ਜਸ਼ਨ ਦਾ ਮਾਹੌਲ ਦੇਖਿਆ ਗਿਆ ਤੇ ਕੈਪਟਨ ਨੂੰ ਵਧਾਈ ਦੇਣ ਲਈ ਸੂਬੇ ਭਰ ਵਿਚੋਂ ਕਾਂਗਰਸੀ ਨੇਤਾ ਅਤੇ ਸੀਨੀਅਰ ਪੁਲਿਸ ਤੇ ਸਿਵਲ ਅਧਿਕਾਰੀ ਗੁਲਦਸਤੇ ਲੈ ਕੇ ਇਥੇ ਪੁੱਜੇ ਹੋਏ ਸਨ। ਸੂਤਰ ਦੱਸਦੇ ਹਨ ਕਿ ਕੁਝ ਦਿਨ ਪਹਿਲਾਂ ਤੱਕ ਸੂਬੇ 'ਚ ਆਮ ਆਦਮੀ ਪਾਰਟੀ ਦੇ ਬਣਨ ਦੀ ਚਰਚਾਵਾਂ 'ਚ ਕਈ ਅਧਿਕਾਰੀ 'ਆਪ' ਨੇਤਾਵਾਂ ਦੇ ਸੰਪਰਕ 'ਚ ਵੀ ਰਹੇ।

### ਇਕ ਲੱਖ ਵੋਟਰਾਂ ਨੂੰ ਪਸੰਦ ਨਾ ਆਇਆ ਕੋਈ ਵੀ ਉਮੀਦਵਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਨੋਟਾ' ਕਈ ਛੋਟੀਆਂ ਪਾਰਟੀਆਂ ਨੂੰ ਪਛਾੜ ਗਿਆ ਹੈ। ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਉਤੇ ਸਭ ਤੋਂ ਅਖੀਰ ਵਿਚ ਲੱਗਿਆ ਸਾਰੀਆਂ ਪਾਰਟੀਆਂ ਨੂੰ ਨਕਾਰਨ ਕਰਨ ਵਾਲਾ ਬਟਨ 1,08,471 ਵੋਟਾਂ ਲਿਜਾਣ ਵਿਚ ਕਾਮਯਾਬ ਰਿਹਾ।




ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਲੰਬੀ ਵਿਚ 1101, ਸੁਖਬੀਰ ਸਿੰਘ ਬਾਦਲ ਅਤੇ ਭਗਵੰਤ ਮਾਨ ਦੇ ਹਲਕੇ ਜਲਾਲਾਬਾਦ ਵਿਚ 1112 ਤੇ ਕੈਪਟਨ ਅਮਰਿੰਦਰ ਸਿੰਘ ਦੇ ਪਟਿਆਲਾ (ਸ਼ਹਿਰੀ) ਹਲਕੇ ਵਿਚ 1090 ਵੋਟਰਾਂ ਨੇ ਨੋਟਾ ਦੇ ਹੱਕ ਦੀ ਵਰਤੋਂ ਕੀਤੀ।

# ਕਾਂਗਰਸ ਨੂੰ ਵੀ ਨਹੀਂ ਸੀ ਅਜਿਹੇ ਨਤੀਜਿਆਂ ਦੀ ਉਮੀਦ



**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਜੇਤੂ ਧਿਰ ਕਾਂਗਰਸ ਨੂੰ ਵੀ ਹੈਰਾਨ ਕਰ ਦਿੱਤਾ ਹੈ। ਚਾਰ ਫਰਵਰੀ ਨੂੰ ਪਈਆਂ ਵੋਟਾਂ ਤੇ 11 ਮਾਰਚ ਨੂੰ ਆਏ ਨਤੀਜਿਆਂ ਵਿਚਾਲੇ ਇਕ ਮਹੀਨੇ ਦੇ ਵਕਫੇ ਵਿਚ ਕਾਂਗਰਸ ਦੇ ਸੀਨੀਅਰ ਆਗੂ ਇਹੀ ਦਾਅਵਾ ਕਰਦੇ ਰਹੇ ਕਿ ਉਨ੍ਹਾਂ ਦੀ ਪਾਰਟੀ 65 ਤੋਂ 70 ਸੀਟਾਂ ਹਾਸਲ ਕਰੇਗੀ। ਖੁਦ ਕੈਪਟਨ ਅਮਰਿੰਦਰ ਸਿੰਘ ਕਦੇ 60, ਕਦੇ 67 ਤੇ ਕਦੇ 70 ਸੀਟਾਂ ਆਉਣ ਦੀ ਗੱਲ ਕਰਦੇ ਸਨ, ਪਰ ਕਾਂਗਰਸ ਨੂੰ ਹੁਣ 117 ਵਿਚੋਂ 77 ਸੀਟਾਂ ਮਿਲੀਆਂ ਹਨ। ਪਾਰਟੀ ਦੇ ਆਪਣੇ ਅਨੁਮਾਨਾਂ ਨਾਲੋਂ ਡੇਢ ਗੁਣਾਂ ਵੱਧ। ਪਾਰਟੀ ਦੇ ਕੁਝ ਸੀਨੀਅਰ ਨੇਤਾ ਅਕਸਰ 'ਆਫ ਦੀ ਰਿਕਾਰਡ' ਗੱਲਬਾਤ ਦੌਰਾਨ ਆਖ ਦਿੰਦੇ ਸਨ ਕਿ 'ਆਪ' ਵਾਲਿਆਂ ਦਾ ਜ਼ੋਰ ਬਹੁਤ ਜ਼ਿਆਦਾ ਹੈ, ਇਸ ਲਈ ਅਸਲੀਅਤ ਤਾਂ ਇਹ ਹੈ ਕਿ ਸਾਨੂੰ ਇਸ ਗੱਲ ਦੀ ਆਸ ਘੱਟ ਹੀ ਹੈ ਕਿ ਸਰਕਾਰ ਸਾਡੀ ਹੀ ਬਣੇਗੀ ਅਤੇ ਜੇ ਬਣੀ ਵੀ ਤਾਂ ਬਹੁਤ ਮੁਸ਼ਕਿਲ ਨਾਲ।

ਦੂਜੇ ਪਾਸੇ ਵੋਟਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਆਪ ਪਾਰਟੀ ਦੇ ਵਰਕਰਾਂ ਦੇ ਹੌਂਸਲੇ ਤਾਂ ਬਹੁਤ ਬੁਲੰਦ ਸਨ, ਪਰ ਆਪ ਪਾਰਟੀ ਦੇ ਉਪਰਲੀ ਕਤਾਰ ਦੇ ਨੇਤਾ ਪਿਛਲੇ ਕੁਝ ਦਿਨਾਂ ਤੋਂ ਦੱਬਵੀਆਂ ਸੁਰਾਂ 'ਚ ਕਦੇ-ਕਦੇ ਇਹ ਕਹਿੰਦੇ ਸੁਣੇ ਸਨ ਕਿ ਸਰਕਾਰ ਬਣਾਉਣ ਲਈ ਜਿੰਨੀਆਂ ਸੀਟਾਂ ਚਾਹੀਦੀਆਂ ਹਨ, ਜੇ ਉਸ ਤੋਂ 5-7 ਸੀਟਾਂ ਘੱਟ ਗਈਆਂ ਤਾਂ ਕੀ ਹੋਵੇਗਾ? ਇਨ੍ਹਾਂ ਨਤੀਜਿਆਂ ਨੇ ਆਪ ਦੇ ਹਮਾਇਤੀਆਂ ਨੂੰ ਹੈਰਾਨ ਕਰ ਦਿੱਤਾ ਹੈ।

ਉਨ੍ਹਾਂ ਲਈ ਇਹ ਹਾਰ ਐਨੀ ਅਸਹਿ ਅਤੇ ਮਾਯੂਸ ਕਰ ਦੇਣ ਵਾਲੀ ਹੈ ਕਿ ਉਨ੍ਹਾਂ ਨੇ ਤਾਂ ਇਨ੍ਹਾਂ ਨਤੀਜਿਆਂ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ 'ਪੰਜਾਬੀਆਂ' ਨੂੰ 'ਬੇ-ਜ਼ਮੀਰੇ ਅਤੇ ਬੇਗੈਰਤ' ਆਖਣਾ ਸ਼ੁਰੂ ਕਰ ਦਿੱਤਾ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਕੁਝ ਨੇਤਾ ਭਾਵੇਂ ਇਹ ਮੰਨ ਕੇ ਚੱਲ ਰਹੇ ਸਨ ਕਿ ਇਸ ਵਾਰ ਸਾਡੀ ਸਰਕਾਰ ਨਹੀਂ ਆਉਣੀ, ਪਰ ਹਾਰ ਐਨੀ ਜ਼ਬਰਦਸਤ ਹੋਵੇਗੀ, ਅਜਿਹਾ ਉਨ੍ਹਾਂ ਨੇ ਨਹੀਂ ਸੋਚਿਆ ਸੀ। ਪਾਰਟੀ ਦੇ ਕੁਝ ਸੀਨੀਅਰ ਨੇਤਾ ਇਹ ਸੋਚ ਰਹੇ ਸਨ ਕਿ ਇਸ ਵਾਰ ਬਹੁਮਤ ਕਿਸੇ ਨੂੰ ਵੀ ਨਹੀਂ ਮਿਲੇਗਾ। ਦਿੱਲੀ ਗੁਰਦੁਆਰਾ ਚੋਣਾਂ ਮਗਰੋਂ ਪਾਰਟੀ ਦੇ ਹੇਠਲੇ ਪੱਧਰ ਦੇ ਵਰਕਰ ਆਤਮ-ਵਿਸ਼ਵਾਸ ਨਾਲ ਭਰ ਗਏ ਸਨ ਕਿ ਇਹ ਨਤੀਜੇ ਵੀ ਉਨ੍ਹਾਂ ਦੇ ਹੱਕ ਵਿਚ ਹੋਣਗੇ। ਇਨ੍ਹਾਂ ਨਤੀਜਿਆਂ ਨੇ ਪੰਜਾਬ ਭਾਜਪਾ ਨੂੰ ਵੀ ਹੈਰਾਨ ਕੀਤਾ ਹੈ।

## ਆਮ ਆਦਮੀ ਪਾਰਟੀ ਨੇ ਬਣਾਇਆ ਰਿਕਾਰਡ

**ਲੁਧਿਆਣਾ:** ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੜਨ ਵਾਲੀ ਆਮ ਆਦਮੀ ਪਾਰਟੀ ਨੇ 20 ਸੀਟਾਂ ਜਿੱਤ ਕੇ ਵਿਰੋਧੀ ਧਿਰ ਬਣ ਗਈ ਹੈ, ਭਾਵੇਂ ਕਿ 1992 ਵਿਚ ਬਹੁਜਨ ਸਮਾਜ ਪਾਰਟੀ ਵਿਰੋਧੀ ਧਿਰ ਵਜੋਂ ਵਿਧਾਨ ਸਭਾ ਵਿਚ ਕਾਬਜ਼ ਹੋਈ ਸੀ, ਪਰ ਬਹੁਜਨ ਸਮਾਜ ਪਾਰਟੀ ਹਰ ਚੋਣ ਲੜਦੀ ਰਹੀ ਹੈ, ਪਰ ਆਪ ਦੀ ਪਹਿਲੀ ਚੋਣ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲੀ ਵਾਰ 1951 ਵਿਚ ਪੰਜਾਬ ਵਿਧਾਨ ਸਭਾ ਦੀ ਚੋਣ ਹੋਈ, ਉਸ ਤੋਂ ਬਾਅਦ 1957, 1962, 1967, 1969, 1972, 1977, 1980, 1985, 1992, 1997, 2002, 2007, 2012 ਤੇ 2017 ਵਿਚ ਵਿਧਾਨ ਸਭਾ ਦੀ ਚੋਣ ਹੋਈ ਹੈ। 1992 ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਚੋਣਾਂ ਦਾ ਬਾਈਕਾਟ ਕਰਨ ਸਮੇਂ ਕਾਂਗਰਸ ਪਾਰਟੀ ਦੀ ਬੇਅੰਤ ਸਿੰਘ ਦੀ ਅਗਵਾਈ ਵਿਚ ਸਰਕਾਰ ਬਣੀ ਸੀ ਅਤੇ ਬਹੁਜਨ ਸਮਾਜ ਪਾਰਟੀ ਨੂੰ ਵਿਰੋਧੀ ਧਿਰ ਵਿਚ ਬੈਠਣ ਦਾ ਮੌਕਾ ਮਿਲਿਆ ਸੀ। 1997 ਵਿਚ ਕਾਂਗਰਸ, 2002 ਵਿਚ ਸ਼੍ਰੋਮਣੀ ਅਕਾਲੀ ਦਲ, 2007 ਵਿਚ ਕਾਂਗਰਸ ਅਤੇ 2012 ਵਿਚ ਕਾਂਗਰਸ ਪਾਰਟੀ ਨੂੰ ਵਿਰੋਧੀ ਧਿਰ ਵਜੋਂ ਵਿਧਾਨ ਸਭਾ ਵਿਚ ਬੈਠਣ ਦਾ ਮੌਕਾ ਮਿਲਿਆ ਸੀ। ਆਮ ਆਦਮੀ ਪਾਰਟੀ ਪੰਜਾਬ ਦੇ ਰਾਜਨੀਤਕ ਇਤਿਹਾਸ ਦੀ ਪਹਿਲੀ ਅਜਿਹੀ ਪਾਰਟੀ ਬਣ ਗਈ ਹੈ, ਜਿਸ ਨੇ ਪੰਜਾਬ ਵਿਧਾਨ ਸਭਾ ਦੀ ਚੋਣ ਲੜ ਕੇ ਸੂਬੇ ਦੇ 23.2 ਫੀਸਦੀ ਵੋਟਰਾਂ ਦੀਆਂ ਵੋਟਾਂ ਪ੍ਰਾਪਤ ਕਰ ਕੇ 20 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ।



## ਬਸਪਾ ਦਾ 25 ਸਾਲਾਂ ਦੇ ਇਤਿਹਾਸ 'ਚ ਮਾੜਾ ਪ੍ਰਦਰਸ਼ਨ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਅੰਦਰ ਕਦੇ ਆਪਣਾ ਦਮਖਮ ਰੱਖਣ ਵਾਲੀ ਕੌਮੀ ਪਾਰਟੀ ਬਸਪਾ ਦਾ ਪਿਛਲੇ 25 ਸਾਲਾਂ ਵਿਚ ਆਧਾਰ ਨਾ ਮਾਤਰ ਹੀ ਰਹਿ ਗਿਆ ਹੈ, ਜਿਸ ਦਾ ਕਾਰਨ ਸੂਬੇ ਅੰਦਰ ਪਾਰਟੀ ਦਾ ਕੋਈ ਸਥਾਪਤ ਨੇਤਾ ਨਾ ਹੋਣਾ ਅਤੇ ਕੌਮੀ ਆਗੂਆਂ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਕੋਈ ਖਾਸ ਰਣਨੀਤੀ ਨਾ ਬਣਾਉਣਾ ਹੈ। ਇਸ ਦੇ ਚਲਦਿਆਂ ਅੱਜ ਬਸਪਾ ਦੇ ਵਰਕਰਾਂ 'ਚ ਨਿਰਾਸ਼ਤਾ ਹੀ ਝਲਕ ਰਹੀ ਹੈ, ਲਿਹਾਜਾ ਹੋਰ ਸਿਆਸੀ ਪਾਰਟੀਆਂ ਦਲਿਤ ਵੋਟਾਂ ਨੂੰ ਆਪਣੇ ਵੋਟ ਬੈਂਕ ਵਜੋਂ ਵਰਤ ਰਹੀਆਂ ਹਨ। ਜੇ ਪਿਛਲੇ ਸਮਿਆਂ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਚਲਦਾ ਹੈ ਕਿ ਵਿਧਾਨ ਸਭਾ ਚੋਣਾਂ ਅੰਦਰ ਸਾਲ 1992 ਦੌਰਾਨ ਬਸਪਾ ਨੇ 105 ਸੀਟਾਂ 'ਤੇ ਚੋਣ ਲੜੀ ਸੀ, ਜਿਸ ਵਿਚੋਂ 9 ਸੀਟਾਂ 'ਤੇ ਜਿੱਤ ਪ੍ਰਾਪਤ ਕਰਦਿਆਂ ਕੁੱਲ ਪੋਲ ਹੋਈਆਂ ਵੋਟਾਂ ਵਿਚੋਂ 17.59 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ। ਇਸ ਤੋਂ ਬਾਅਦ ਸਾਲ 1997 ਅੰਦਰ ਪਾਰਟੀ ਨੇ 67 ਸੀਟਾਂ 'ਤੇ ਵਿਧਾਨ ਸਭਾ ਚੋਣਾਂ ਲੜਦਿਆਂ ਮਹਿਜ਼ ਇਕ ਸੀਟ ਉਤੇ ਹੀ ਜਿੱਤ ਹਾਸਲ ਕੀਤੀ ਸੀ ਅਤੇ ਸੂਬੇ ਅੰਦਰ ਪੋਲ ਹੋਈਆਂ ਕੁੱਲ ਵੋਟਾਂ 'ਚੋਂ ਸਿਰਫ 13.28 ਫੀਸਦੀ ਵੋਟਾਂ ਹੀ ਹਾਸਲ ਕੀਤੀਆਂ ਸਨ। ਸਾਲ 1997 ਤੋਂ ਬਾਅਦ ਪਾਰਟੀ ਦੇ ਵੋਟ ਬੈਂਕ ਨੂੰ ਲਗਾਤਾਰ ਖੋਰਾ ਹੀ ਲੱਗਦਾ ਰਿਹਾ ਹੈ ਅਤੇ 1997 ਤੋਂ ਬਾਅਦ ਹੁਣ ਤੱਕ ਪਾਰਟੀ ਨੇ ਇਕ ਵੀ ਸੀਟ ਹਾਸਲ ਨਹੀਂ ਕੀਤੀ। ਸਾਲ 2002 ਵਿਚ ਪਾਰਟੀ ਨੇ 100 ਸੀਟਾਂ ਉਤੇ ਚੋਣ ਲੜੀ ਸੀ ਅਤੇ ਬਿਨਾਂ ਖਾਤਾ ਖੋਲ੍ਹੇ ਸੂਬੇ ਅੰਦਰ ਕੁੱਲ ਪੋਲ ਹੋਈਆਂ ਵੋਟਾਂ ਵਿਚੋਂ ਸਿਰਫ 6.61 ਫੀਸਦੀ ਵੋਟਾਂ ਹੀ ਹਾਸਲ ਹੋਈਆਂ ਸਨ। ਇਸ ਤੋਂ ਬਾਅਦ ਸਾਲ 2007 'ਚ ਬਸਪਾ ਨੇ 115 ਸੀਟਾਂ ਉਤੇ ਚੋਣ ਲੜੀ ਸੀ ਅਤੇ ਬਿਨਾਂ ਕੋਈ ਸੀਟ ਜਿੱਤੇ ਸਿਰਫ 4.17 ਫੀਸਦੀ ਵੋਟਾਂ ਹੀ ਹਾਸਲ ਕੀਤੀਆਂ ਸਨ। ਇਸੇ ਤਰ੍ਹਾਂ ਬਸਪਾ ਨੇ ਸਾਲ 2012 ਅੰਦਰ 117 ਸੀਟਾਂ 'ਤੇ ਚੋਣ ਲੜੀ ਸੀ, ਪਰ ਕੋਈ ਸੀਟ ਨਹੀਂ ਸੀ ਜਿੱਤੀ ਅਤੇ ਸੂਬੇ ਅੰਦਰ ਕੁੱਲ ਪਈਆਂ ਵੋਟਾਂ ਵਿਚੋਂ ਸਿਰਫ 4.30 ਫੀਸਦੀ ਵੋਟਾਂ ਹੀ ਪਾਰਟੀ ਦੇ ਹਿੱਸੇ ਆਈਆਂ ਸਨ। ਭਾਵੇਂ ਸਾਲ 2012 'ਚ ਪਿਛਲੀ ਵਾਰ ਨਾਲੋਂ ਪਾਰਟੀ ਦੀ ਵੋਟ ਪ੍ਰਤੀਸ਼ਤਤਾ 'ਚ ਥੋੜ੍ਹਾ ਸੁਧਾਰ ਹੋਇਆ ਸੀ, ਪਰ ਇਹ ਵੀ ਨਾ ਦੇ ਬਰਾਬਰ ਹੀ ਮੰਨਿਆ ਜਾ ਸਕਦਾ ਹੈ। ਹੁਣੇ ਹੋਈਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਨੇ 64 ਸੀਟਾਂ ਉਤੇ ਚੋਣ ਲੜੀ ਅਤੇ ਸਿਰਫ ਫਿਲੌਰ ਹਲਕੇ ਤੋਂ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਹੀ ਆਪਣੀ ਜ਼ਮਾਨਤ ਬਚਾ ਸਕੇ, ਜਦਕਿ ਬਾਕੀ ਸਾਰੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਇਸ ਵਾਰ ਪਾਰਟੀ ਨੂੰ ਕੁੱਲ ਪਈਆਂ ਵੋਟਾਂ 'ਚੋਂ ਮਹਿਜ਼ 1.5 ਫੀਸਦੀ ਵੋਟਾਂ ਹੀ ਹਾਸਲ ਹੋਈਆਂ।




## ਅੰਮ੍ਰਿਤਸਰ ਲੋਕ ਸਭਾ ਸੀਟ ਮੁੜ ਕਾਂਗਰਸ ਦੀ ਝੋਲੀ 'ਚ

**ਅੰਮ੍ਰਿਤਸਰ:** ਅੰਮ੍ਰਿਤਸਰ ਲੋਕ ਸਭਾ ਜ਼ਿਮਨੀ ਚੋਣ ਵਿਚ ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੂੰ ਮੁੜ ਵੱਡੇ ਫਰਕ ਨਾਲ ਜਿੱਤ ਹਾਸਲ ਹੋਈ ਹੈ। ਉਨ੍ਹਾਂ ਨੇ 1 ਲੱਖ 99 ਹਜ਼ਾਰ 189 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕਰ ਕੇ ਨਵਾਂ ਇਤਿਹਾਸ ਰਚਿਆ ਹੈ। ਸ੍ਰੀ ਔਜਲਾ ਨੇ ਆਪਣੇ ਵਿਰੋਧੀ ਭਾਜਪਾ ਉਮੀਦਵਾਰ ਰਾਜਿੰਦਰ ਮੋਹਨ ਸਿੰਘ ਛੀਨਾ ਨੂੰ ਹਰਾਇਆ ਹੈ। ਸ੍ਰੀ ਔਜਲਾ ਨੂੰ 5,08,153 ਵੋਟਾਂ ਜਦੋਂ ਕਿ ਸ੍ਰੀ ਛੀਨਾ ਨੂੰ 3,08,964 ਵੋਟਾਂ ਮਿਲੀਆਂ। ਆਮ ਆਦਮੀ ਪਾਰਟੀ ਦੇ ਉਮੀਦਵਾਰ ਉਪਕਾਰ ਸਿੰਘ ਸੰਧੂ ਨੇ 1,49,984 ਵੋਟਾਂ ਪ੍ਰਾਪਤ ਕੀਤੀਆਂ। ਇਸ ਜ਼ਿਮਨੀ ਚੋਣ ਲਈ ਕੁਲ 9 ਉਮੀਦਵਾਰ ਮੈਦਾਨ ਵਿਚ ਸਨ। ਅੰਮ੍ਰਿਤਸਰ ਲੋਕ ਸਭਾ ਹਲਕੇ ਦੀ ਇਹ ਸੀਟ ਕੈਪਟਨ ਅਮਰਿੰਦਰ ਸਿੰਘ ਵੱਲੋਂ ਲੋਕ ਸਭਾ ਤੋਂ ਅਸਤੀਫਾ ਦੇਣ ਕਾਰਨ ਖਾਲੀ ਹੋਈ ਹੈ।

# ਉਤਰ ਪ੍ਰਦੇਸ਼ ਵਿਚ ਡੇਢ ਦਹਾਕੇ ਪਿੱਛੋਂ ਭਾਜਪਾ ਦਾ ਬਨਵਾਸ ਖਤਮ



**ਨਵੀਂ ਦਿੱਲੀ:** ਉਤਰ ਪ੍ਰਦੇਸ਼ ਤੇ ਉਤਰਾਖੰਡ ਵਿਚ ਭਾਜਪਾ ਸ਼ਾਨਦਾਰ ਬਹੁਮਤ ਨਾਲ ਸੱਤਾ ਵਿਚ ਪਰਤ ਆਈ। ਦੂਜੇ ਪਾਸੇ ਕਾਂਗਰਸ ਵੀ ਜਿੱਥੇ ਪੰਜਾਬ ਵਿਚ ਭਾਰੀ ਬਹੁਮਤ ਹਾਸਲ ਕਰਨ ਵਿਚ ਸਫਲ ਰਹੀ, ਉਥੇ ਇਹ ਗੋਆ ਤੇ ਮਨੀਪੁਰ ਵਿਚ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਵਿਚ ਸਫਲ ਰਹੀ, ਜਿਥੇ ਕਿਸੇ ਇਕ ਪਾਰਟੀ ਜਾਂ ਗੱਠਜੋੜ ਨੂੰ ਬਹੁਮਤ ਨਹੀਂ ਮਿਲਿਆ।

ਉਤਰਾਖੰਡ ਵਿਚ ਤਾਂ ਭਾਜਪਾ ਤਿੰਨ-ਚੌਥਾਈ ਬਹੁਮਤ ਹਾਸਲ ਕਰਨ ਵਿਚ ਸਫਲ ਰਹੀ। ਉਥੇ ਕਾਂਗਰਸ ਖਿਲਾਫ ਚੱਲੀ ਸੱਤਾ ਵਿਰੋਧੀ ਲਹਿਰ ਵਿਚ ਮੁੱਖ ਮੰਤਰੀ ਹਰੀਸ਼ ਰਾਵਤ ਤੱਕ ਉਡ ਗਏ, ਜਿਨ੍ਹਾਂ ਨੂੰ ਦੋਵੇਂ ਹਲਕਿਆਂ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। ਸਿਆਸੀ ਪੱਖੋਂ ਦੇਸ਼ ਦੇ ਸਭ ਤੋਂ ਅਹਿਮ ਸੂਬੇ ਯੂ.ਪੀ. ਵਿਚ ਭਾਜਪਾ ਦੀ 15 ਸਾਲਾਂ ਬਾਅਦ ਸੱਤਾ ਵਿਚ ਵਾਪਸੀ ਹੋਈ ਹੈ। ਜਦੋਂਕਿ ਸੂਬੇ ਦੀ ਹਾਕਮ ਸਪਾ ਤੇ ਕਾਂਗਰਸ ਦੇ ਗੱਠਜੋੜ ਅਤੇ ਮੁੱਖ ਵਿਰੋਧੀ ਬਸਪਾ ਨੂੰ ਵੋਟਰਾਂ ਨੇ ਬੁਰੀ ਤਰ੍ਹਾਂ ਨਕਾਰ ਦਿੱਤਾ।

ਭਾਜਪਾ ਨੇ ਇਸ ਨੂੰ ਸ੍ਰੀ ਮੋਦੀ ਦੀ ਮਕਬੂਲੀਅਤ ਤੇ ਨੋਟਬੰਦੀ ਦੇ ਹੱਕ ਵਿਚ ਫਤਵਾ ਕਰਾਰ ਦਿੱਤਾ ਹੈ। ਦੂਜੇ ਪਾਸੇ ਗੋਆ ਤੇ ਮਨੀਪੁਰ ਵਿਚ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ। ਇਨ੍ਹਾਂ ਦੋਵਾਂ ਸੂਬਿਆਂ ਵਿਚ ਕਾਂਗਰਸ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ ਤੇ ਭਾਜਪਾ ਦੂਜੇ ਸਥਾਨ ਉਤੇ ਰਹੀ। ਉਂਜ ਮਨੀਪੁਰ ਵਿਚ ਭਾਜਪਾ ਨੇ ਚੰਗੀ ਕਾਰਗੁਜ਼ਾਰੀ ਦਿਖਾਈ ਹੈ, ਪਰ ਗੋਆ ਵਿਚ ਇਸ ਨੂੰ ਸੱਤਾ ਵਿਰੋਧੀ ਮਾਰ ਝੱਲਣੀ ਪਈ। ਦੂਜੇ ਪਾਸੇ ਗੋਆ ਵਿਚ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੀ ਆਮ ਆਦਮੀ ਪਾਰਟੀ ਬੁਰੀ ਤਰ੍ਹਾਂ ਨਾਕਾਮ ਰਹੀ।

## ਮਨੋਹਰ ਪਰੀਕਰ ਗੋਆ ਦੇ ਮੁੱਖ ਮੰਤਰੀ ਨਿਯੁਕਤ

**ਪਣਜੀ:** ਰੱਖਿਆ ਮੰਤਰੀ ਮਨੋਹਰ ਪਰੀਕਰ ਦੀ ਅਗਵਾਈ ਵਿਚ ਭਾਜਪਾ ਵੱਲੋਂ ਗੋਆ ਵਿਚ ਨਵੀਂ ਸਰਕਾਰ ਦੀ ਕਾਇਮੀ ਲਈ ਦਾਅਵਾ ਪੇਸ਼ ਕਰਨ ਮਗਰੋਂ ਸੂਬੇ ਦੀ ਰਾਜਪਾਲ ਮ੍ਰਿਦੁਲਾ ਸਿਨਹਾ ਨੇ ਮਨੋਹਰ ਪਰੀਕਰ ਨੂੰ ਗੋਆ ਦਾ ਮੁੱਖ ਮੰਤਰੀ ਨਿਯੁਕਤ ਕਰਦਿਆਂ ਅਹੁਦੇ ਦਾ ਹਲਫ ਲੈਣ ਮਗਰੋਂ 15 ਦਿਨਾਂ ਦੇ ਅੰਦਰ ਅੰਦਰ ਬਹੁਮਤ ਸਾਬਤ ਕਰਨ ਲਈ ਕਿਹਾ ਹੈ। ਪਾਰਟੀ ਨੇ ਐਨ.ਸੀ.ਪੀ., ਕੁਝ ਛੋਟੀਆਂ ਜਥੇਬੰਦੀਆਂ ਤੇ ਆਜ਼ਾਦ ਵਿਧਾਇਕਾਂ ਦੀ ਹਮਾਇਤ ਦਾ ਦਾਅਵਾ ਕੀਤਾ ਹੈ।



## ਸਮਾਜਵਾਦੀ ਪਾਰਟੀ ਵਿਚ ਉਠੀਆਂ ਬਗਾਵਤੀ ਸੁਰਾਂ

**ਲਖਨਊ:** ਅਖਿਲੇਸ਼ ਯਾਦਵ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਤਜਰਬੇ ਪੁੱਠੇ ਪੈਣ ਤੋਂ ਬਾਅਦ ਸਮਾਜਵਾਦੀ ਪਾਰਟੀ ਵਿਚ ਬਗਾਵਤੀ ਸੁਰਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਕੁਝ ਆਗੂਆਂ ਨੇ ਮੰਗ ਕੀਤੀ ਕਿ ਪਾਰਟੀ ਸਰਪ੍ਰਸਤ ਮੁਲਾਇਮ ਸਿੰਘ ਯਾਦਵ ਅਧੀਨ ਪੁਰਾਣੀ ਸਫਬੰਦੀ ਬਹਾਲ ਹੋਵੇ। ਸਮਾਜਵਾਦੀ ਪਾਰਟੀ ਨੂੰ ਇਸ ਦਫ਼ਾ ਸਿਰਫ 47 ਸੀਟਾਂ ਮਿਲੀਆਂ, ਜਦੋਂ ਕਿ 2012 ਦੀਆਂ ਚੋਣਾਂ ਵਿੱਚ ਪਾਰਟੀ 224 ਸੀਟਾਂ ਜਿੱਤੀ ਸੀ। ਮੁਲਾਇਮ ਸਿੰਘ ਤੇ ਸ਼ਿਵਪਾਲ ਸਿੰਘ ਦੇ ਨੇੜਲਿਆਂ ਵਿਚੋਂ ਮੰਨੇ ਜਾਂਦੇ ਪਾਰਟੀ ਆਗੂ ਚਾਹੁੰਦੇ ਹਨ ਕਿ ਅਖਿਲੇਸ਼ ਯਾਦਵ ਪਾਰਟੀ ਦੀ ਕਮਾਂਡ ਆਪਣੇ ਪਿਤਾ ਹੱਥ ਦੇਵੇ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਨਾਮ ਗੁਪਤ ਰੱਖਣ ਦੀ ਸ਼ਰਤ ਉਤੇ ਕਿਹਾ ਕਿ ਅਖਿਲੇਸ਼ ਨੂੰ ਸਿਰਫ ਚੋਣਾਂ ਤੱਕ ਪਾਰਟੀ ਦੀ ਕਮਾਂਡ ਦਿੱਤੀ ਗਈ ਸੀ। ਹੁਣ ਉਹ ਇਸ ਵਿਚ ਨਾਕਾਮ ਰਹੇ, ਜਿਸ ਕਾਰਨ ਉਨ੍ਹਾਂ ਨੂੰ ਨੇਤਾਜੀ ਨੂੰ ਅਗਵਾਈ ਸੌਂਪ ਦੇਣੀ ਚਾਹੀਦੀ ਹੈ। ਪਾਰਟੀ ਦੇ ਮੋਢੀ ਮੈਂਬਰਾਂ ਵਿਚੋਂ ਇਕ ਅਤੇ ਤਰਜਮਾਨ ਸੀਪੀ ਰਾਏ ਨੇ ਕਿਹਾ ਕਿ ਪਾਰਟੀ ਲਈ ਚੋਣਾਂ ਜਿੱਤਣ ਵਾਲਿਆਂ ਵਿਚੋਂ ਜ਼ਿਆਦਾਤਰ ਉਹ ਆਗੂ ਹਨ, ਜਿਨ੍ਹਾਂ ਨੂੰ ਮੁਲਾਇਮ ਸਿੰਘ ਤੇ ਸ਼ਿਵਪਾਲ ਯਾਦਵ ਨੇ ਟਿਕਟਾਂ ਦਿੱਤੀਆਂ ਸਨ। ਪਾਰਟੀ ਦੇ ਪਾਸੇ ਕੀਤੇ ਆਗੂ ਸ਼ਿਵਪਾਲ ਯਾਦਵ ਨੇ ਰਾਜ ਵਿਚ ਵਾਪਸੀ ਲਈ ਲੜਨ ਦਾ ਅਹਿਦ ਲਿਆ।



## ਮੁਸਲਿਮ ਬਹੁ-ਗਿਣਤੀ ਵਿਚ ਭਾਜਪਾ ਦੀ ਜਿੱਤ 'ਤੇ ਸਵਾਲ

**ਨਵੀਂ ਦਿੱਲੀ:** ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਚ ਗੜਬੜੀ ਦੀ ਗੱਲ ਕਰਦਿਆਂ ਭਾਜਪਾ ਉਤੇ ਵੋਟਿੰਗ ਮਸ਼ੀਨਾਂ ਨਾਲ ਛੇੜਛਾੜ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਮੁਸਲਿਮ ਬਹੁ-ਗਿਣਤੀ ਵਾਲੇ ਇਲਾਕਿਆਂ 'ਚ ਵੀ ਭਾਜਪਾ ਨੂੰ ਵੱਧ ਤੋਂ ਵੱਧ ਵੋਟਾਂ ਮਿਲਣੀਆਂ, ਇਸ ਗੱਲ ਦਾ ਸਿੱਧਾ ਸਬੂਤ ਹੈ ਕਿ ਈ.ਵੀ.ਐਮ. ਮਸ਼ੀਨਾਂ ਨਾਲ ਛੇੜਛਾੜ ਕੀਤੀ ਗਈ ਹੈ। ਮਾਇਆਵਤੀ ਨੇ ਕਿਹਾ ਕਿ 403 ਵਿਧਾਨ ਸਭਾ ਹਲਕਿਆਂ 'ਚ ਉਨ੍ਹਾਂ ਇਕ ਵੀ ਮੁਸਲਿਮ ਉਮੀਦਵਾਰ ਨਹੀਂ ਉਤਾਰਿਆ, ਫਿਰ ਵੀ ਮੁਸਲਿਮ ਇਲਾਕਿਆਂ ਵਿਚ ਭਾਜਪਾ ਦੇ ਉਮੀਦਵਾਰ ਜੇਤੂ ਰਹੇ, ਇਹ ਗੱਲ ਹਜ਼ਮ ਨਹੀਂ ਹੁੰਦੀ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹੋਲਾ ਮਹੱਲਾ ਖਾਲਸਈ ਜਾਹੋ-ਜਲਾਲ ਨਾਲ ਸਮਾਪਤ

**ਸ੍ਰੀ ਅਨੰਦਪੁਰ ਸਾਹਿਬ:** ਖਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਨਿਆਰੇਪਣ ਦਾ ਪ੍ਰਤੀਕ ਹੋਲਾ ਮਹੱਲਾ ਖਾਲਸਾਈ ਪ੍ਰੰਪਰਾਵਾਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਜਾਏ ਵਿਸ਼ਾਲ ਨਗਰ ਕੀਰਤਨ ਅਤੇ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਖੇਡੇ ਗਏ ਮਹੱਲੇ ਦੇ ਨਾਲ ਪੂਰੇ ਖਾਲਸਈ ਰੰਗਾਂ ਨਾਲ ਸਮਾਪਤ ਹੋ ਗਿਆ। 8 ਮਾਰਚ ਤੋਂ 10 ਮਾਰਚ ਤੱਕ ਕੀਰਤਪੁਰ ਸਾਹਿਬ ਅਤੇ 11 ਮਾਰਚ ਤੋਂ 13 ਮਾਰਚ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਗਏ ਮਹੱਲੇ ਦੌਰਾਨ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਗੁਰਦੁਆਰਿਆਂ ਵਿਚ ਨਤਮਸਤਕ ਹੋਏ। ਇਸ ਵਾਰ ਸ਼ਰਧਾਲੂਆਂ ਦੇ ਉਤਸ਼ਾਹ ਵਿਚ ਪਿਛਲੇ ਸਾਲਾਂ ਦੇ ਮੁਕਾਬਲੇ ਰਿਕਾਰਡ ਵਾਧਾ ਦਰਜ ਕੀਤਾ ਗਿਆ।




ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਅੰਤਿਮ ਦਿਨ ਸਵੇਰੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਖੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਅਰਦਾਸ ਕੀਤੀ ਗਈ। ਅਰਦਾਸ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਰਵਾਨਾ ਕੀਤਾ ਗਿਆ ਜੋ ਬਾਅਦ ਵਿਚ ਕਿਲ੍ਹਾ ਅਨੰਦਗੜ੍ਹ ਸਾਹਿਬ, ਨਵੀਂ ਅਬਾਦੀ , ਵੇਰਕਾ ਚੌਕ ਤੇ ਬੱਸ ਅੱਡੇ ਆਦਿ ਤੋਂ ਹੁੰਦਾ ਹੋਇਆ ਆਪਣੇ ਅੰਤਿਮ ਪੜਾਅ ਵੱਲ ਵਧਿਆ।

ਇਸ ਮੌਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਦੇਸ਼ ਜਾਰੀ ਕਰਦੇ ਹੋਏ ਸਮਾਜਿਕ ਕੁਰੀਤੀਆਂ ਤੋਂ ਬਚਣ ਦੀ ਅਪੀਲ ਕੀਤੀ। ਨਗਰ ਕੀਰਤਨ ਤੋਂ ਪਹਿਲਾਂ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਬਾਬਾ ਬੁੱਢਾ ਦਲ ਦੇ ਮੁਖੀ ਬਾਬਾ ਬਲਵੀਰ ਸਿੰਘ 96ਵੇਂ ਕਰੋੜੀ ਦੀ ਅਗਵਾਈ ਵਿਚ ਵਿਸ਼ਾਲ ਮਹੱਲਾ ਕੱਢਿਆ ਗਿਆ। ਸਥਾਨਕ ਚਰਨਗੰਗਾ ਸਟੇਡੀਅਮ ਵਿਖੇ ਸੈਂਕੜੇ ਨਿਹੰਗ ਸਿੰਘ ਘੋੜਿਆਂ 'ਤੇ ਸਵਾਰ ਹੋ ਕੇ ਆਪਣੇ ਕਰਤੱਬ ਦਿਖਾ ਰਹੇ ਸਨ। ਕੁਝ ਘੋੜੇ ਬੇਕਾਬੂ ਹੋ ਕੇ ਸੰਗਤਾਂ 'ਤੇ ਜਾ ਚੜ੍ਹੇ ਜਿਸ ਨਾਲ ਕਰੀਬ ਅੱਧੀ ਦਰਜਨ ਸ਼ਰਧਾਲੂ ਜ਼ਖਮੀ ਹੋ ਗਏ। ਸਟੇਡੀਅਮ ਦਾ ਆਲਮ ਇਹ ਸੀ ਕਿ ਸੰਗਤਾਂ ਤਾਂ ਵਿਸ਼ਵ ਭਰ ਤੋਂ ਆਈਆਂ ਹੋਈਆਂ ਸਨ, ਪਰ ਪ੍ਰਸ਼ਾਸਨ ਵੱਲੋਂ ਨਾ ਹੀ ਕੋਈ ਮੈਡੀਕਲ ਸਹੂਲਤ ਅਤੇ ਨਾ ਹੀ ਕੋਈ ਸੁਰੱਖਿਆ ਅਮਲਾ ਨਜ਼ਰ ਆਇਆ।

## ਹੁਣ 10 ਦੇ ਨੋਟਾਂ ਦੀ ਵਾਰੀ

**ਮੁੰਬਈ:** ਆਰ.ਬੀ.ਆਈ. ਨੇ ਕਿਹਾ ਹੈ ਕਿ ਛੇਤੀ ਹੀ 10 ਰੁਪਏ ਦੇ ਨਵੇਂ ਨੋਟ ਜਾਰੀ ਕੀਤੇ ਜਾਣਗੇ। ਜਦਕਿ 10 ਰੁਪਏ ਦੇ ਪੁਰਾਣੇ ਨੋਟ ਵੀ ਚੱਲਦੇ ਰਹਿਣਗੇ। ਆਰ.ਬੀ.ਆਈ. ਮੁਤਾਬਕ ਉਹ ਮਹਾਤਮਾ ਗਾਂਧੀ ਸੀਰੀਜ਼-2005 ਤਹਿਤ ਨਵੇਂ ਨੋਟ ਜਾਰੀ ਕਰਨਗੇ, ਜਿਸ ਦੇ ਦੋਵੇਂ ਨੰਬਰ ਪੈਨਲ 'ਤੇ ਹਾਈਸ਼ੇ ਵਿਚ 'ਐਲ' ਅੱਖਰ ਹੋਵੇਗਾ। ਇਸ ਨੋਟ 'ਤੇ ਗਵਰਨਰ ਉਰਜਿਤ ਪਟੇਲ ਦੇ ਦਸਤਖਤ ਹੋਣਗੇ।

## ਧਰਮ ਬਦਲਣ ਲਈ ਮਜਬੂਰ ਕਰਨਾ ਜੁਰਮ ਕਰਾਰ

**ਕਰਾਚੀ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਹੋਲੀ ਦੇ ਮੌਕੇ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਸਲਾਮ ਅਨੁਸਾਰ ਕਿਸੇ ਵੀ ਧਰਮ ਦੇ ਇਨਸਾਨ ਨੂੰ ਆਪਣੇ ਧਰਮ ਮੁਤਾਬਕ ਰਹਿਣ ਦੀ ਪੂਰੀ ਖੁੱਲ੍ਹ ਹੈ, ਕਿਉਂਕਿ ਇਸਲਾਮ ਅਨੁਸਾਰ ਜਬਰੀ ਧਰਮ ਤਬਦੀਲੀ ਜਾਂ ਕਿਸੇ ਧਾਰਮਿਕ ਜਗ੍ਹਾ ਨੂੰ ਤਬਾਹ ਕਰਨਾ ਜੁਰਮ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਦੀ ਕਿਸੇ ਮੁਲਕ ਨਾਲ ਧਰਮ ਨੂੰ ਲੈ ਕੇ ਲੜਾਈ ਨਹੀਂ ਹੈ।

## ਕਾਬੁਲ ਦੇ ਫੌਜੀ ਹਸਪਤਾਲ 'ਤੇ ਹਮਲਾ, 30 ਹਲਾਕ

**ਕਾਬੁਲ:** ਅਫਗਾਨਿਸਤਾਨ ਦੀ ਰਾਜਧਾਨੀ ਵਿਚ ਬੰਦੂਕਧਾਰੀਆਂ ਵੱਲੋਂ ਫੌਜੀ ਹਸਪਤਾਲ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲੇ 'ਚ 30 ਆਮ ਨਾਗਰਿਕ ਹਲਾਕ ਜਦਕਿ ਦਰਜਨਾਂ ਲੋਕ ਜ਼ਖ਼ਮੀ ਹੋ ਗਏ। ਹਸਪਤਾਲ ਮੁਲਾਜ਼ਮਾਂ ਦੇ ਭੇਸ ਵਿਚ ਆਏ ਤਿੰਨਾਂ ਹਮਲਾਵਰਾਂ ਨੂੰ ਪੁਲਿਸ ਨੇ ਮਗਰੋਂ ਮਾਰ ਮੁਕਾਇਆ।

## ਸੀਮਾ ਵਰਮਾ ਬਣੀ ਅਮਰੀਕੀ ਸਿਹਤ ਸੇਵਾਵਾਂ ਦੀ ਮੁਖੀ

**ਵਾਸ਼ਿੰਗਟਨ:** ਨਸਲੀ ਭੇਦਭਾਵ ਨੂੰ ਹੱਲਾਸ਼ੇਰੀ ਦੇਣ ਦੇ ਦੋਸ਼ ਝੱਲ ਰਹੀ ਅਮਰੀਕਾ ਦੀ ਟਰੰਪ ਸਰਕਾਰ ਇਸ ਵਾਰ ਵੱਖਰੇ ਕੰਮ ਲਈ ਚਰਚਾ ਵਿਚ ਹੈ। ਸਰਕਾਰ ਨੇ ਇਕ ਅਹਿਮ ਅਹੁਦੇ 'ਤੇ ਭਾਰਤੀ ਮੂਲ ਦੀ ਮਹਿਲਾ ਨੂੰ ਨਿਯੁਕਤ ਕੀਤਾ ਹੈ। ਅਮਰੀਕਾ ਦੇ ਸਿਹਤ ਸੇਵਾਵਾਂ ਦੀ ਮੁਖੀ ਭਾਰਤੀ ਮੂਲ ਦੀ ਸੀਮਾ ਵਰਮਾ ਬਣੀ ਹੈ। ਟਰੰਪ ਸਰਕਾਰ ਨੇ ਅਮਰੀਕਾ ਦੇ ਇੰਡੀਆਨਾ ਸਟੇਟ ਦੀ ਸਰਕਾਰੀ ਸਿਹਤ ਸੇਵਾਵਾਂ ਦੇ ਲਾ-ਮਿਸਾਲ ਸੁਧਾਰਾਂ ਕਾਰਨ ਸੀਮਾ ਵਰਮਾ ਨੂੰ ਇਸ ਅਹਿਮ ਅਹੁਦੇ 'ਤੇ ਨਿਯੁਕਤ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਦੇ ਉਪ ਰਾਸ਼ਟਰਪਤੀ ਸਾਈਕ ਪੇਂਸ ਦੀ ਸਿਫ਼ਾਰਿਸ਼ 'ਤੇ ਸੀਮਾ ਵਰਮਾ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ।

## ਜਸਟਿਸ ਕਰਨਨ ਵਿਰੁੱਧ ਗ੍ਰਿਫਤਾਰੀ ਵਾਰੰਟ ਜਾਰੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਅਣਕਿਆਸੀ ਕਾਰਵਾਈ ਕਰਦਿਆਂ ਕਲਕੱਤਾ ਹਾਈ ਕੋਰਟ ਦੇ ਮੌਜੂਦਾ ਜੱਜ ਜਸਟਿਸ ਸੀ.ਐਸ. ਕਰਨਨ ਖਿਲਾਫ਼ ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ, ਜਿਨ੍ਹਾਂ ਉਤੇ ਅਦਾਲਤੀ ਹੱਤਕ ਦੇ ਕੇਸ ਵਿਚ ਸੁਪਰੀਮ ਕੋਰਟ ਵਿਚ ਪੇਸ਼ ਨਾ ਹੋਣ ਦੇ ਦੋਸ਼ ਹਨ। ਗੌਰਤਲਬ ਹੈ ਕਿ ਭਾਰਤੀ ਨਿਆਪਾਲਿਕਾ ਦੇ ਇਤਿਹਾਸ ਵਿਚ ਪਹਿਲਾਂ ਅਜਿਹਾ ਕਦੇ ਨਹੀਂ ਵਾਪਰਿਆ।

## ਨਸ਼ਾ ਤਸਕਰੀ ਕੇਸ ਵਿਚ ਜਗਦੀਸ਼ ਭੋਲਾ ਦੀ ਜ਼ਮਾਨਤ ਅਰਜ਼ੀ ਰੱਦ

**ਮੁਹਾਲੀ:** ਨਸ਼ਾ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰਨ ਰਹੇ ਜਗਦੀਸ਼ ਸਿੰਘ ਭੋਲਾ ਦੇ ਕੇਸ ਵਿਚ ਉਸ ਦੇ ਵਕੀਲ ਸਨੇਹਪ੍ਰੀਤ ਸਿੰਘ ਅਤੇ ਦਰਸ਼ਨ ਸਿੰਘ ਸਿੱਧੂ ਵੱਲੋਂ ਮੁਹਾਲੀ ਦੇ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਅਾਂਸ਼ੁਲ ਬੇਰੀ ਦੀ ਅਦਾਲਤ ਵਿਚ ਦਾਇਰ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤਾ ਗਈ। ਹੁਣ ਇਸ ਕੇਸ ਦੀ ਸੁਣਵਾਈ 16 ਮਾਰਚ ਨੂੰ ਸੁਣਵਾਈ ਹੋਵੇਗੀ।



ਇਸ ਕੇਸ ਵਿਚ ਮਨਜਿੰਦਰ ਸਿੰਘ ਬਿੱਟੂ ਔਲਖ, ਪਰਮਜੀਤ ਪੰਮਾ, ਸਰਬਜੀਤ ਸਾਬਾ, ਅਨਿਲ ਚਵਾਨ, ਹਰਮਿੰਦਰ, ਸਤਿੰਦਰ ਧਾਮਾ, ਜਗਜੀਤ, ਬਲਜਿੰਦਰ ਸਿੰਘ ਸੋਨੂੰ, ਦਵਿੰਦਰ ਹੈਪੀ, ਦੀਪ ਸਿੰਘ ਪਰਮਜੀਤ ਅਤੇ ਸੁਰਜੀਤ ਸਿੰਘ ਆਦਿ ਮੁਲਜ਼ਮ ਹਨ।

## ਆਵਾਰਾ ਕੁੱਤਿਆਂ ਨੇ ਬਜ਼ੁਰਗ ਕਿਸਾਨ ਖਾਧਾ

**ਕਾਹਨੂੰਵਾਨ:** ਇਥੋਂ ਦੇ ਨੇੜਲੇ ਪਿੰਡ ਸੱਲੋਪੁਰ ਵਿਚ ਆਵਾਰਾ ਕੁੱਤਿਆਂ ਨੇ ਖੇਤਾਂ ਵਿਚ ਕੰਮ ਕਰ ਰਹੇ ਬਜ਼ੁਰਗ ਕਿਸਾਨ ਨੂੰ ਘੇਰ ਕੇ ਖਾ ਲਿਆ। ਪਰਿਵਾਰ ਅਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਜਗਤ ਸਿੰਘ ਆਪਣੇ ਟਿਊਬਵੈੱਲ 'ਤੇ ਪਸ਼ੂਆਂ ਲਈ ਚਾਰਾ ਲੈਣ ਲਈ ਗਿਆ ਸੀ। ਉਹ ਕਾਫ਼ੀ ਦੇਰ ਤੱਕ ਵਾਪਸ ਘਰ ਆਇਆ ਤਾਂ ਉਸ ਦੇ ਪਰਿਵਾਰ ਵਾਲਿਆਂ ਨੇ ਉਸ ਦੀ ਭਾਲ ਕੀਤੀ। ਪਿੰਡ ਨੇੜੇ ਰਹਿੰਦੇ ਗੁੱਜਰ ਭਾਈਚਾਰੇ ਦੇ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਦੇ ਖੇਤਾਂ ਵਿਚ ਬਜ਼ੁਰਗ ਨੂੰ ਆਵਾਰਾ ਕੁੱਤੇ ਖਾ ਰਹੇ ਹਨ। ਪਿੰਡ ਵਾਸੀ ਮੌਕੇ 'ਤੇ ਪੁੱਜੇ ਤਾਂ ਦਰਜਨ ਦੇ ਕਰੀਬ ਕੁੱਤੇ ਜਗਤ ਸਿੰਘ ਦੀ ਲਾਸ਼ ਨੋਚ ਰਹੇ ਸਨ।

ਪਿੰਡ ਵਾਸੀਆਂ ਨੇ ਜਗਤ ਸਿੰਘ ਦੀ ਲਾਸ਼ ਛੁਡਾਉਣੀ ਚਾਹੀ ਤਾਂ ਕੁੱਤਿਆਂ ਨੇ ਪਿੰਡ ਵਾਸੀਆਂ 'ਤੇ ਵੀ ਹਮਲਾ ਕਰ ਦਿੱਤਾ। ਪਿੰਡ ਵਾਸੀਆਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਪਿੰਡ ਦੀ ਔਰਤ ਚੰਦਾ ਪਤਨੀ ਕੁਲਵਿੰਦਰ ਸਿੰਘ ਉਤੇ ਵੀ ਆਵਾਰਾ ਕੁੱਤਿਆਂ ਨੇ ਹਮਲਾ ਕਰ ਕੇ ਜ਼ਖ਼ਮੀ ਕਰ ਦਿੱਤਾ ਸੀ।

# ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ...

*(ਸਫਾ ਇਕ ਦੀ ਬਾਕੀ)*

ਪਰ ਪਾਰਟੀ ਨੂੰ 15 ਸੀਟਾਂ ਨਾਲ ਹੀ ਸਬਰ ਕਰਨਾ ਪਿਆ। ਅਕਾਲੀ ਦਲ ਨੂੰ ਕਈ ਮੁੱਦਿਆਂ ਕਰ ਕੇ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ ਹੈ। ਗੱਠਜੋੜ ਸਰਕਾਰ ਸਮੇਂ ਕਈ ਤਰ੍ਹਾਂ ਦੇ ਮਾਫੀਆ, ਖਾਸ ਕਰ ਰੇਤ-ਬਜਰੀ, ਟਰਾਂਸਪੋਰਟ, ਕੇਬਲ, ਸ਼ਰਾਬ ਆਦਿ ਨੂੰ ਸਰਕਾਰ ਦੀ ਸਿੱਧੀ ਪੁਸ਼ਤਪਨਾਹੀ ਹੋਣ ਦਾ ਰੌਲਾ ਪੈਂਦਾ ਰਿਹਾ। ਬਾਦਲ ਪਰਿਵਾਰ ਦੀਆਂ ਕੰਪਨੀਆਂ ਅਤੇ ਸਰਮਾਏ ਵਿਚ ਹੋਏ ਬੇਅੰਤ ਵਾਧੇ ਨੂੰ ਵੀ ਵਿਰੋਧੀਆਂ ਨੇ ਮੁੱਖ ਮੁੱਦੇ ਵਜੋਂ ਉਭਾਰਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਮਾਫੀਆ ਦੀ ਸਰਪ੍ਰਸਤੀ ਅਤੇ ਦੂਜੇ ਦਰਜੇ ਦੇ ਆਗੂਆਂ ਦੀ ਪੁੱਛਗਿੱਛ ਨਾ ਹੋਣ ਦਾ ਅਮਲ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੀ ਕਮਾਨ ਸੰਭਾਲੇ ਜਾਣ ਤੋਂ ਬਾਅਦ ਸ਼ੁਰੂ ਹੋਇਆ। ਸ਼੍ਰੋਮਣੀ ਅਕਾਲੀ ਦਲ ਦੇ 55 ਵਰ੍ਹਿਆਂ ਦੇ ਸਿਆਸੀ ਸਫਰ ਦੌਰਾਨ ਪਹਿਲੀ ਦਫਾ ਇੰਨੀ ਵੱਡੀ ਹਾਰ ਅਕਾਲੀ ਦਲ ਦੀ ਝੋਲੀ ਪਈ ਹੈ। ਅਕਾਲੀ ਦਲ ਦੀ ਆਖਰੀ ਦਫਾ ਸਾਲ 1972 ਵਿਚ ਸਭ ਤੋਂ ਭੈੜੀ ਹਾਰ ਹੋਈ ਸੀ। ਉਦੋਂ 72 ਉਮੀਦਵਾਰਾਂ ਵਿਚੋਂ ਸਿਰਫ 24 ਉਮੀਦਵਾਰ ਜਿੱਤੇ ਸਨ ਜਿਨ੍ਹਾਂ ਦੀ ਜੇਤੂ ਫੀਸਦੀ 33.33 ਫੀਸਦੀ ਬਣਦੀ ਹੈ। ਹੁਣ ਪੰਜਾਬ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ 94 ਵਿਚੋਂ ਸਿਰਫ 15 ਉਮੀਦਵਾਰ ਜਿੱਤੇ ਹਨ ਜਿਨ੍ਹਾਂ ਦੀ ਜੇਤੂ ਦਰ 14.10 ਫੀਸਦੀ ਬਣਦੀ ਹੈ। ਦਲ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਇਹ ਚੋਣਾਂ ਲੜੀਆਂ ਹਨ ਅਤੇ ਇਸ ਵਾਰ ਅਕਾਲੀ ਦਲ ਹੱਥੋਂ ਮਾਲਵਾ ਖਿੱਤਾ ਖੁੱਸ ਗਿਆ।

ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸਭ ਤੋਂ ਜ਼ਿਆਦਾ ਮਾਯੂਸੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਪਾਰਟੀ ਦੇ ਚਾਰੇ ਮੰਤਰੀ ਚੋਣ ਹਾਰ ਗਏ ਅਤੇ 23 ਸੀਟਾਂ ਵਿਚੋਂ ਮਹਿਜ਼ 3 ਸੀਟਾਂ 'ਤੇ ਹੀ ਜਿੱਤ ਨਸੀਬ ਹੋਈ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਨੂੰ ਪਛਾੜ ਕੇ ਆਮ ਆਦਮੀ ਪਾਰਟੀ ਦਾ ਮੁੱਖ ਵਿਰੋਧੀ ਧਿਰ ਵਜੋਂ ਉਭਰਨਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸੂਬੇ ਵਿਚ ਕਿਸੇ ਵੀ ਲੋਕ ਪੱਖੀ ਨਵੀਂ ਤੀਜੀ ਸਿਆਸੀ ਧਿਰ ਲਈ ਜਰਖੇਜ਼ ਜ਼ਮੀਨ ਮੌਜੂਦ ਹੈ।

# ਜਿੱਤੀ ਬਾਜ਼ੀ ਕਿਉਂ ਹਾਰੀ 'ਆਪ'?

*(ਸਫਾ ਇਕ ਦੀ ਬਾਕੀ)*

20 ਸੀਟਾਂ ਹੀ ਜਿੱਤੀਆਂ, ਜਦੋਂਕਿ ਸਿਰਫ 25 ਹੋਰ ਉਮੀਦਵਾਰ ਦੂਜੇ ਸਥਾਨ 'ਤੇ ਰਹੇ ਹਨ। 'ਆਪ' ਦੇ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਤੇ ਸੰਸਦ ਮੈਂਬਰ ਭਗਵੰਤ ਮਾਨ ਜਲਾਲਾਬਾਦ ਹਲਕੇ ਤੋਂ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਵੱਡੇ ਫਰਕ ਨਾਲ ਹਾਰ ਗਏ ਹਨ। ਦਿੱਲੀ ਤੋਂ ਵਿਧਾਇਕ ਦਾ ਅਹੁਦਾ ਛੱਡ ਕੇ ਲੰਬੀ ਤੋਂ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਚੋਣ ਲੜੇ ਜਰਨੈਲ ਸਿੰਘ ਵੀ ਵੱਡੇ ਫਰਕ ਨਾਲ ਹਾਰੇ ਹਨ। ਪਾਰਟੀ ਦੇ ਪੰਜਾਬ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਵੀ ਬਟਾਲਾ ਹਲਕੇ ਤੋਂ ਹਾਰ ਗਏ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਰਿਸ਼ਵਤ ਲੈਣ ਦੇ ਮਾਮਲੇ 'ਚ ਏਸ਼ੀਆ ਵਿਚੋਂ ਭਾਰਤੀ ਚੋਟੀ ਉਤੇ

## ਦੋ ਤਿਹਾਈ ਭਾਰਤੀਆਂ ਨੂੰ ਦੇਣੀ ਪੈਂਦੀ ਹੈ ਰਿਸ਼ਵਤ

**ਬਰਲਿਨ:** ਇਕ ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ ਏਸ਼ੀਆ ਪ੍ਰਸ਼ਾਂਤ ਖੇਤਰ ਵਿਚ ਰਿਸ਼ਵਤ ਦੇ ਮਾਮਲੇ 'ਚ ਭਾਰਤ ਚੋਟੀ ਉਤੇ ਹੈ, ਜਿਥੋਂ ਦੋ ਤਿਹਾਈ ਭਾਰਤੀਆਂ ਨੂੰ ਜਨਤਕ ਸੇਵਾਵਾਂ ਲੈਣ ਲਈ ਕਿਸੇ ਨਾ ਕਿਸੇ ਰੂਪ 'ਚ ਰਿਸ਼ਵਤ ਦੇਣੀ ਪੈਂਦੀ ਹੈ।

ਕੌਮਾਂਤਰੀ ਭ੍ਰਿਸ਼ਟਾਚਾਰ ਰੋਕੂ ਅਧਿਕਾਰ ਸਮੂਹ 'ਟਰਾਂਸਪੇਰੈਂਸੀ ਇੰਟਰਨੈਸ਼ਨਲ' ਵੱਲੋਂ ਕਰਾਏ ਸਰਵੇਖਣ ਮੁਤਾਬਕ, ਭਾਰਤ 'ਚ 69 ਫੀ ਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਰਿਸ਼ਵਤ ਦੇਣੀ ਪਈ ਜਦੋਂਕਿ ਵੀਅਤਨਾਮ 'ਚ ਅਜਿਹਾ ਕਹਿਣ ਵਾਲਿਆਂ ਦੀ ਗਿਣਤੀ 65 ਫੀਸਦੀ, ਪਾਕਿਸਤਾਨ ਵਿਚ 40 ਫੀਸਦੀ ਅਤੇ ਚੀਨ ਵਿਚ 26 ਫੀਸਦੀ ਸੀ। ਸਰਵੇਖਣ 'ਚ ਏਸ਼ੀਆ ਪ੍ਰਸ਼ਾਂਤ ਖੇਤਰ ਦੀ ਕਰੀਬ 90 ਕਰੋੜ ਦੀ ਆਬਾਦੀ ਵਾਲੇ 16 ਦੇਸ਼ਾਂ ਦੇ 20 ਹਜ਼ਾਰ ਤੋਂ ਵੱਧ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਪਿਛਲੇ ਇਕ ਸਾਲ ਤੋਂ ਘੱਟ ਤੋਂ ਘੱਟ ਇਕ ਵਾਰ ਤਾਂ ਰਿਸ਼ਵਤ ਦੇਣੀ ਹੀ ਪਈ। ਸਰਵੇਖਣ



ਮੁਤਾਬਕ ਸਿਰਫ 14 ਫੀਸਦੀ ਭਾਰਤੀਆਂ ਨੇ ਕਿਹਾ ਕਿ ਕੋਈ ਵੀ ਧਾਰਮਿਕ ਨੇਤਾ ਭ੍ਰਿਸ਼ਟ ਨਹੀਂ ਜਦੋਂਕਿ 15 ਫੀਸਦੀ ਉਨ੍ਹਾਂ ਦੇ ਭ੍ਰਿਸ਼ਟ ਤਰੀਕੇ ਨਾਲ ਵਾਕਫ ਨਹੀਂ ਸਨ। ਪੁਲਿਸ ਦੇ ਬਾਅਦ 5 ਸਭ ਤੋਂ ਭ੍ਰਿਸ਼ਟ ਸ਼੍ਰੇਣੀ 'ਚ ਸਰਕਾਰੀ ਅਧਿਕਾਰੀ (84 ਫੀਸਦੀ), ਕਾਰੋਬਾਰੀ ਅਧਿਕਾਰੀ (79 ਫੀਸਦੀ), ਸਥਾਨਕ ਕੌਂਸਲਰ (78 ਫੀਸਦੀ) ਅਤੇ ਸੰਸਦ ਮੈਂਬਰ (76 ਫੀਸਦੀ) ਰਹੇ, ਜਦੋਂ ਕਿ ਟੈਕਸ ਅਧਿਕਾਰੀ ਛੇਵੇਂ ਸਥਾਨ (74 ਫੀਸਦੀ) ਉਤੇ ਹਨ।

ਸਰਵੇਖਣ ਮੁਤਾਬਕ ਰਿਸ਼ਵਤ ਦੇਣ ਦੀ ਦਰ ਜਪਾਨ 'ਚ ਸਭ ਤੋਂ ਘੱਟ 0.2 ਫੀ ਸਦੀ ਅਤੇ ਦੱਖਣੀ ਕੋਰੀਆ 'ਚ ਸਿਰਫ ਤਿੰਨ ਫੀਸਦੀ ਪਾਈ ਗਈ। ਬਹਰਹਾਲ ਤੇ ਚੀਨ 'ਚ ਇਸ ਬੁਰਾਈ ਦੀ ਦਰ ਵਧਦੀ ਦਿਖਾਈ ਦਿੰਦੀ ਹੈ ਕਿਉਂਕਿ ਸਰਵੇਖਣ 'ਚ 73 ਫੀਸਦੀ ਲੋਕਾਂ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਉਨ੍ਹਾਂ ਦੇ ਦੇਸ਼ ਵਿਚ ਰਿਸ਼ਵਤ ਦੇਣ ਦਾ ਰੁਝਾਨ ਵਧਿਆ ਹੈ। ਸਰਵੇਖਣ ਮੁਤਾਬਕ ਰਿਸ਼ਵਤ ਦੇ ਮਾਮਲੇ 'ਚ ਪਾਕਿਸਤਾਨ, ਆਸਟਰੇਲੀਆ, ਜਪਾਨ, ਮਿਆਂਮਾਰ, ਸ੍ਰੀਲੰਕਾ ਅਤੇ ਥਾਈਲੈਂਡ ਵਰਗੇ ਦੇਸ਼ ਭਾਰਤ ਤੋਂ ਹੇਠਾਂ ਰਹੇ ਅਤੇ ਭਾਰਤ ਦਾ ਸਥਾਨ ਸਤਵਾਂ ਰਿਹਾ।

## ਮਹਿਲਾਵਾਂ ਨੂੰ ਸੰਸਦੀ ਨੁਮਾਇੰਦਗੀ ਦੇਣ 'ਚ ਭਾਰਤ ਫਾਡੀ

**ਸੰਯੁਕਤ ਰਾਸ਼ਟਰ**: ਆਲਮੀ ਅੰਤਰ-ਸੰਸਦੀ ਸੰਸਥਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਸਾਲ 2016 'ਚ ਮਹਿਲਾਵਾਂ ਨੂੰ ਸੰਸਦ ਵਿਚ ਪ੍ਰਤੀਨਿਧਤਾ ਦੇਣ ਦੇ ਪੱਖੋਂ ਏਸ਼ੀਆ ਵਿਚੋਂ ਭਾਰਤ ਫਾਡੀ ਰਿਹਾ ਹੈ। ਅੰਤਰ-ਸੰਸਦੀ ਯੂਨੀਅਨ (ਆਈ.ਪੀ.ਯੂ.) ਦੀ 'ਵਿਮੈੱਨ ਇਨ ਪਾਰਲੀਮੈਂਟ ਇਨ 2016: ਦਿ ਯੀਅਰ ਇਨ ਰੀਵਿਊ' ਰਿਪੋਰਟ ਕੌਮਾਂਤਰੀ ਮਹਿਲਾ ਦਿਵਸ ਮੌਕੇ ਜਾਰੀ ਕੀਤੀ ਗਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਮਹਿਲਾਵਾਂ ਦੀ ਸੰਸਦ ਵਿਚ ਨੁਮਾਇੰਦਗੀ ਵਧਾਉਣ ਲਈ ਮਜ਼ਬੂਤ ਸਿਆਸੀ ਪ੍ਰਤੀਬੱਧਤਾ ਅਤੇ ਹੋਰ ਉਤਸ਼ਾਹੀ ਕਦਮ ਚੁੱਕੇ ਜਾਣ ਦੀ ਲੋੜ ਹੈ।

ਰਿਪੋਰਟ ਮੁਤਾਬਕ ਏਸ਼ੀਆ ਵਿਚ ਸੰਸਦ ਵਿਚ ਮਹਿਲਾਵਾਂ ਦੀ ਨੁਮਾਇੰਦਗੀ 0.5 ਫੀਸਦੀ ਵਧੀ ਹੈ। ਇਹ 2015 ਵਿਚ 18.8 ਫੀਸਦੀ ਸੀ ਅਤੇ 2016 ਵਿਚ ਵਧ ਕੇ 19.3 ਫੀਸਦੀ ਹੋ ਗਈ। ਇਹ ਹਲਕਾ ਵਾਧਾ 'ਇਕੱਲੇ ਭਾਰਤ ਨੂੰ ਛੱਡ ਕੇ' ਬਾਕੀ ਚੋਣਾਂ ਵਾਲੇ ਸਾਰੇ ਮੁਲਕਾਂ-ਇਰਾਨ, ਜਾਪਾਨ, ਲਾਓਸ, ਮੰਗੋਲੀਆ, ਫਿਲਪੀਨਜ਼, ਦੱਖਣੀ ਕੋਰੀਆ ਤੇ ਵੀਅਤਨਾਮ ਵਿਚ ਹੋਇਆ ਹੈ।


# ਰੈਸਟੋਰੈਂਟ ਲਈ ਲੋੜ ਹੈ



ਮੈਡੀਸਨ, ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ

ਫੋਨ: 262-391-7666

11-13



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email: Homeomedicine@yahoo.com



# Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
*(CA Lic # 0H11256)*

Allied Insurance
a Nationwide Insurance® company

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com

# ਕਾਗਜ਼ਾਂ ਵਿਚ ਹੀ 11 ਸਾਲ ਚੱਲਣ ਪਿੱਛੋਂ ਰੁਕੀ ਚੰਡੀਗੜ੍ਹ ਦੀ ਮੈਟਰੋ




**ਚੰਡੀਗੜ੍ਹ:** ਚੰਡੀਗੜ੍ਹ ਸ਼ਹਿਰ ਵਿਚ 11 ਸਾਲਾਂ ਤੋਂ ਕਾਗਜ਼ਾਂ ਵਿਚ ਚੱਲ ਰਹੇ ਮੈਟਰੋ ਰੇਲ ਪ੍ਰੋਜੈਕਟ ਨੂੰ ਬ੍ਰੇਕ ਲੱਗ ਗਈ ਹੈ। 11 ਸਾਲਾਂ ਵਿਚ ਇਸ ਪ੍ਰੋਜੈਕਟ ਬਾਰੇ 108 ਮੀਟਿੰਗਾਂ ਹੋਈਆਂ ਤੇ ਇਨ੍ਹਾਂ ਉਤੇ 10 ਕਰੋੜ ਖਰਚ ਕਰ ਦਿੱਤੇ ਗਏ। ਹੁਣ ਪ੍ਰਸ਼ਾਸਨ ਨੂੰ ਲੱਗ ਰਿਹਾ ਹੈ ਕਿ ਇਹ ਪ੍ਰੋਜੈਕਟ ਵਿੱਤੀ ਪਹੁੰਚ ਤੋਂ ਬਾਹਰ ਹੈ ਤੇ ਇਸ 'ਤੇ ਕੰਮ ਬੰਦ ਕਰ ਦੇਣਾ ਚਾਹੀਦਾ ਹੈ। ਪ੍ਰਸ਼ਾਸਨ ਹੁਣ ਰੈਪਿਡ ਟ੍ਰਾਂਸਪੋਰਟ ਸਿਸਟਮ ਉਤੇ ਕੰਮ ਕਰੇਗਾ ਤੇ ਫਰਾਂਸ ਦੀ ਕੰਪਨੀ ਹੀ ਟ੍ਰਾਂਸਪੋਰਟ ਸਿਸਟਮ ਨੂੰ ਦਰੁਸਤ ਕਰੇਗੀ।

ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਤੇ ਚੰਡੀਗੜ੍ਹ ਤੋਂ ਸੰਸਦ ਮੈਂਬਰ ਪਹਿਲਾਂ ਹੀ ਮੈਟਰੋ ਪ੍ਰੋਜੈਕਟ ਦੇ ਪੱਖ ਵਿਚ ਨਹੀਂ ਸਨ। ਹੁਣ ਪ੍ਰਸ਼ਾਸਨ ਨੇ ਆਖਿਆ ਹੈ ਕਿ ਉਹ ਟ੍ਰਾਂਸਪੋਰਟ ਸਿਸਟਮ ਲਈ ਵੱਖਰੇ ਹੱਲ ਲਈ ਮੌਕੇ ਲੱਭੇਗਾ।

ਦੱਸਣਯੋਗ ਹੈ ਕਿ ਦਿੱਲੀ ਮੈਟਰੋ ਨੇ ਕਿਹਾ ਸੀ ਕਿ ਚੰਡੀਗੜ੍ਹ ਵਿਚ ਮੈਟਰੋ ਚਲਾਉਣ ਲਈ 750 ਕਰੋੜ ਰੁਪਏ ਸਾਲਾਨਾ ਦੇ ਹਿਸਾਬ ਨਾਲ ਬੰਦੋਬਸਤ ਕਰਨਾ ਪਵੇਗਾ। ਇਸ ਤੋਂ ਬਿਨਾਂ ਮੈਟਰੋ ਨਹੀਂ ਚਲਾਈ ਜਾ ਸਕਦੀ, ਪਰ ਵੱਡੀ ਰਕਮ ਦਾ ਪ੍ਰਬੰਧ ਕਰਨ ਵਿਚ ਚੰਡੀਗੜ੍ਹ, ਪੰਜਾਬ ਤੇ ਹਰਿਆਣਾ ਨਾਕਾਮ ਰਹੇ।

## ਇਸ ਕਾਰਨ ਬੰਦ ਹੋਇਆ ਕੰਮ...

ਦਿੱਲੀ ਮੈਟਰੋ ਨੇ ਰਿਪੋਰਟ ਵਿਚ ਆਖਿਆ ਸੀ ਕਿ ਮੈਟਰੋ ਨੂੰ ਸਫਲਤਾ ਪੂਰਵਕ ਚਲਾਉਣਾ ਹੈ ਤਾਂ ਪ੍ਰਸ਼ਾਸਨ ਨੂੰ 200 ਏਕੜ ਜ਼ਮੀਨ ਦੇਣੀ ਹੋਵੇਗੀ, ਪਰ ਪ੍ਰਸ਼ਾਸਨ ਨੇ ਸਾਫ ਕਹਿ ਦਿੱਤਾ ਸੀ ਕਿ 20 ਤੋਂ 25 ਏਕੜ ਜ਼ਮੀਨ ਦਾ ਪ੍ਰਬੰਧ ਹੋ ਸਕਦਾ ਹੈ। ਪ੍ਰੋਜੈਕਟ ਦੀ ਪਲਾਨਿੰਗ ਦੌਰਾਨ ਮੁੱਦਾ ਉਠਿਆ ਸੀ ਕਿ ਜੇਕਰ ਘਾਟਾ ਹੋਇਆ ਤਾਂ ਕੌਣ ਪ੍ਰਬੰਧ ਕਰੇਗਾ। ਇਸ ਨਾਲ ਚੰਡੀਗੜ੍ਹ ਤੇ ਹਰਿਆਣਾ ਨੇ ਆਪਣੇ ਪੈਰ ਖਿੱਚ ਲਏ। ਮੈਟਰੋ ਉਤੇ ਸਿਆਸੀ ਆਗੂਆਂ ਤੇ ਅਫਸਰਾਂ ਦੀ ਬੇਰੁਖੀ ਭਾਰੀ ਪਈ। ਚੰਡੀਗੜ੍ਹ ਦੇ ਅਹੁਦੇਦਾਰ ਨੇਤਾਵਾਂ ਨੇ ਇਸ ਮੁੱਦੇ ਉਤੇ ਅੱਗੇ ਵਧ ਕੇ ਯਤਨ ਨਹੀਂ ਕੀਤੇ। ਪ੍ਰਸ਼ਾਸਨ 2006 ਤੋਂ ਮੈਟਰੋ 'ਤੇ ਕੰਮ ਕਰ ਰਿਹਾ ਹੈ। ਰਾਇਟਸ ਕੰਪਨੀ ਨੇ ਸ਼ਹਿਰ ਦੇ ਮੈਟਰੋ ਪ੍ਰੋਜੈਕਟ ਨੂੰ ਲੈ ਕੇ ਰਿਪੋਰਟ ਤਿਆਰ ਕੀਤੀ ਸੀ। ਪੰਜਾਬ, ਹਰਿਆਣਾ ਤੇ ਸ਼ਹਿਰੀ ਵਿਕਾਸ ਮੰਤਰਾਲੇ ਵਿਚਾਲੇ ਮੈਟਰੋ ਦੇ ਐਮ.ਓ.ਯੂ. ਨੂੰ ਅੰਤਿਮ ਰੂਪ ਵੀ ਦਿੱਤਾ ਜਾ ਚੁੱਕਾ ਹੈ। ਇਸ ਪ੍ਰੋਜੈਕਟ ਨਾਲ ਜੁੜੇ 14 ਅਫਸਰਾਂ ਦੇ ਤਬਾਦਲੇ ਹੋ ਚੁੱਕੇ ਹਨ।

## ਚੰਡੀਗੜ੍ਹ ਨੂੰ ਮੈਟਰੋ ਦੀ ਲੋੜ ਹੀ ਨਹੀਂ?

ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਦਾ ਕਹਿਣਾ ਹੈ ਕਿ ਮੈਟਰੋ ਦੀ ਚੰਡੀਗੜ੍ਹ ਨੂੰ ਲੋੜ ਨਹੀਂ ਹੈ। ਚੰਡੀਗੜ੍ਹ ਇਕ ਛੋਟਾ ਸ਼ਹਿਰ ਹੈ, ਇਥੋਂ ਦੇ ਲੋਕ ਵੀ ਮੈਟਰੋ ਦੇ ਹੱਕ ਵਿਚ ਨਹੀਂ ਹਨ। ਫਰੈਂਚ ਕੰਪਨੀਆਂ ਚੰਡੀਗੜ੍ਹ ਵਿਚ ਰੈਪਿਡ ਟ੍ਰਾਂਸਪੋਰਟ 'ਤੇ ਕੰਮ ਕਰਨਗੀਆਂ ਤੇ ਉਨ੍ਹਾਂ ਦਾ ਫੋਕਸ ਮੈਟਰੋ ਉਤੇ ਨਹੀਂ ਹੋਵੇਗਾ। ਸੰਸਦ ਮੈਂਬਰ ਕਿਰਨ ਖੇਰ ਦਾ ਕਹਿਣਾ ਹੈ ਕਿ ਮੈਟਰੋ ਪ੍ਰੋਜੈਕਟ ਸ਼ਹਿਰ ਲਈ ਸਹੀ ਨਹੀਂ ਹੈ। ਇਸ ਨਾਲ ਸ਼ਹਿਰ ਦੀਆਂ ਇਮਾਰਤਾਂ ਨੂੰ ਵੀ ਖਤਰਾ ਹੈ। ਇਹ ਘਾਟੇ ਦਾ ਸੌਦਾ ਹੋਵੇਗਾ। ਸਲਾਹਕਾਰ ਪ੍ਰੀਮਲ ਰਾਏ ਦਾ ਕਹਿਣਾ ਹੈ ਕਿ ਰੈਪਿਡ ਟ੍ਰਾਂਸਪੋਰਟ ਸਿਸਟਮ 'ਤੇ ਕੰਮ ਕਰ ਰਹੇ ਹਾਂ। ਫਰੈਂਚ ਕੰਪਨੀਆਂ ਤੇ ਬੱਸ ਤੇ ਟੈਕਸੀ ਸੇਵਾ ਨੂੰ ਬਿਹਤਰ ਬਣਾਉਣ ਲਈ ਕੰਮ ਕਰਨਗੀਆਂ।





# ਰਾਸ਼ਟਰਪਤੀ ਨੇ ਹਰਿਆਣਾ ਦੇ 50 ਹੋਰ ਪਿੰਡ ਗੋਦ ਲਏ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਜ਼ਿਲ੍ਹਾ ਗੁਰੂਗ੍ਰਾਮ ਤੇ ਨੂੰਹ ਦੇ ਪੰਜ ਪਿੰਡਾ ਨੂੰ ਸਮਾਰਟ ਪਿੰਡ ਬਣਾਉਣ ਲਈ ਗੋਦ ਲਿਆ ਹੈ ਤੇ ਉਨ੍ਹਾਂ ਨੇ ਹੁਣ ਇਨ੍ਹਾਂ ਪੰਜ ਪਿੰਡਾਂ ਦੇ ਪੰਜ ਕਿਲੋਮੀਟਰ ਦੇ ਦਾਇਰੇ ਦੇ 50 ਹੋਰ ਪਿੰਡਾਂ ਨੂੰ ਗੋਦ ਲੈ ਕੇ ਸਮਾਰਟ ਗ੍ਰਾਮ ਦੀ ਇੱਛਾ ਪ੍ਰਗਟਾਈ ਹੈ।

ਮੁੱਖ ਮੰਤਰੀ ਨੇ ਰਾਜ ਵਿਧਾਨ ਸਭਾ ਵਿਚ ਕਿਹਾ ਕਿ ਰਾਸ਼ਟਰਪਤੀ ਨੇ ਇਨ੍ਹਾਂ ਦੋਹਾਂ ਜ਼ਿਲ੍ਹਿਆਂ ਦੇ ਪੰਜ ਪਿੰਡ 2 ਜੁਲਾਈ, 2016 ਨੂੰ ਸਮਾਰਟ ਪਿੰਡ ਬਣਾਉਣ ਲਈ ਗੋਦ ਲਏ ਸਨ।

ਰਾਸ਼ਟਰਪਤੀ ਨੇ ਪਹਿਲਾ ਤੋਂ ਗੋਦ ਲਏ ਇਨ੍ਹਾਂ ਪੰਜ ਪਿੰਡਾ ਨੂੰ ਪੰਜ ਕਿਲੋਮੀਟਰ ਦੇ ਦਾਇਰੇ ਦੇ 50 ਹੋਰ ਪਿੰਡਾਂ ਨੂੰ ਗੋਦ ਲੈ ਕੇ ਸਮਾਰਟ ਪਿੰਡ ਬਣਾਉਣ ਦੀ ਇੱਛਾ ਪ੍ਰਗਟਾਈ ਹੈ। ਪਿੰਡਾ ਵਿਚ ਘਾਮਡੋਜ, ਰਾਏਸੀਨਾ, ਧੁਨੇਲਾ, ਹਰਿਆਹੇੜਾ, ਗੜੀ, ਵਾਜਿਦਪੁਰ, ਮੋਹ ਮਦਪੁਰ ਗੁੱਜਰ, ਮਹੇਂਦਰਵਾੜਾ, ਸਾਪਕੀ ਨਗਲੀ ਤੇ ਸੋਹਨਾ ਪਿੰਡ ਸ਼ਾਮਲ ਹਨ।



ਇਸ ਤਰ੍ਹਾਂ ਗੋਦ ਲਏ ਹੋਏ ਰੋਜਕਾਮੇਵ ਦੇ ਪੰਜ ਕਿਲੋਮੀਟਰ ਦੇ ਦਾਇਰੇ ਦੇ ਪਿੰਡਾਂ ਵਿਚ ਰਾਏਸੀਕਾ, ਬਰੋਟਾ, ਰਾਮਪੁਰ ਖਾਨਪੁਰ, ਕੰਵਰਸੀਕਾ, ਮਰੋਲਾ, ਖੋੜ, ਰਾਏਪੁਰ, ਆਟਾ, ਧੀਰਦੁਕਾ ਤੇ ਰੇਵਾਸਨ ਹਨ। ਗੋਦ ਲਏ ਹੋਏ ਹਰਚੰਦਪੁਰ ਦੇ ਪੰਜ ਕਿਲੋਮੀਟਰ ਦੇ ਦਾਇਰੇ ਦੇ ਪਿੰਡਾਂ ਵਿਚ ਚੂਹੜਪੁਰ, ਨੀਮੋਠ, ਇਸਾਕਾ, ਬਿਲਹਾਕਾ, ਸਤਲਾਕਾ, ਰਾਹਾਕਾ, ਭੰਡਾਵਰ ਅਤੇ ਜੋਹਲਾਕਾ ਸ਼ਾਮਲ ਹਨ।

# ਸਿਟੀ ਸੈਂਟਰ ਘੁਟਾਲੇ ਵਿਚ ਕੈਪਟਨ ਨੂੰ ਰਾਹਤ

**ਚੰਡੀਗੜ੍ਹ:** ਗਿਆਰਾਂ ਸੌ ਚੁਤਾਲੀ ਕਰੋੜ ਰੁਪਏ ਦੇ ਲੁਧਿਆਣਾ ਸਿਟੀ ਸੈਂਟਰ ਘੁਟਾਲੇ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਰਾਹਤ ਮਿਲ ਗਈ ਹੈ ਕਿਉਂਕਿ ਪੰਜਾਬ ਵਿਜੀਲੈਂਸ ਬਿਊਰੋ ਨੇ ਨਵੇਂ ਸਾਹਮਣੇ ਆਏ ਸਬੂਤਾਂ ਦੇ ਆਧਾਰ ਉਤੇ ਕੇਸ ਦੇ ਤੱਥਾਂ ਅਤੇ ਅੰਕੜਿਆਂ ਨੂੰ ਨਵੇਂ ਸਿਰਿਓਂ ਵਿਚਾਰਨਾ ਸ਼ੁਰੂ ਕਰ ਦਿੱਤਾ ਹੈ। ਇਹ ਘੁਟਾਲਾ ਦਸ ਸਾਲ ਪਹਿਲਾਂ ਸਾਹਮਣੇ ਆਇਆ ਸੀ। ਇਹ ਮਾਮਲਾ ਲੁਧਿਆਣਾ ਦੀ ਇਕ ਅਦਾਲਤ ਵਿਚ ਵਿਚਾਰ ਅਧੀਨ ਹੈ ਜਿਸ ਵਿਚ ਮੁਲਜ਼ਮਾਂ ਵਿਰੁੱਧ ਹਾਲੇ ਦੋਸ਼ ਆਇਦ ਕੀਤੇ ਜਾਣੇ ਹਨ। ਵਿਜੀਲੈਂਸ ਬਿਊਰੋ ਨੇ ਦਸੰਬਰ 2007 ਵਿਚ ਅਦਾਲਤ ਵਿਚ 130 ਸਫਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ ਜਿਸ ਵਿਚ ਕੈਪਟਨ ਸਮੇਤ 35 ਹੋਰਨਾਂ ਦੇ ਨਾਂ ਸ਼ਾਮਲ ਸਨ। ਪੰਜਾਬ ਵਿਧਾਨ ਸਭਾ ਦੇ ਚੋਣ ਨਤੀਜੇ ਐਲਾਨੇ ਜਾਣ ਤੋਂ ਕੁਝ ਦਿਨ ਪਹਿਲਾਂ ਕੁਝ ਵਿਅਕਤੀਆਂ ਵੱਲੋਂ ਪਾਈ ਅਰਜ਼ੀ ਦੇ ਅਧਾਰ ਉਤੇ ਇਸ ਕੇਸ ਦਾ ਮੁੜ ਜਾਇਜ਼ਾ ਲੈਣ ਦਾ ਫੈਸਲਾ ਕੀਤਾ ਗਿਆ



ਹੈ। ਇਨ੍ਹਾਂ ਵਿਅਕਤੀਆਂ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਪਹਿਲਾਂ ਪੱਖ ਠੀਕ ਤਰ੍ਹਾਂ ਨਹੀਂ ਸੁਣਿਆ ਗਿਆ। ਪਿਛਲੇ ਸਾਲ ਵਿਜੀਲੈਂਸ ਬਿਊਰੋ ਨੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ ਦਾ ਕੇਸ ਬੰਦ ਕੀਤੇ ਜਾਣ ਸਬੰਧੀ ਰਿਪੋਰਟ ਮੁਹਾਲੀ ਅਦਾਲਤ ਵਿਚ ਪੇਸ਼ ਕੀਤੀ ਸੀ।

ਸੂਤਰਾਂ ਅਨੁਸਾਰ ਇਸ ਪੜਾਅ ਉਤੇ ਮੁੜ ਜਾਇਜ਼ਾ ਲੈਣ ਦਾ ਮਤਲਬ ਮੁਲਜ਼ਮਾਂ ਨੂੰ ਕਲੀਨ ਚਿੱਟ ਦੇਣਾ ਹੈ। ਵਿਵਾਦਗ੍ਰਸਤ ਲੁਧਿਆਣਾ ਪ੍ਰਾਜੈਕਟ 2003 ਵਿਚ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੌਰਾਨ ਐਲਾਨਿਆ ਗਿਆ ਸੀ ਅਤੇ 2006 ਵਿਚ ਸ਼ੁਰੂ ਹੋਇਆ ਸੀ। ਇਸ ਨੂੰ ਏਸ਼ੀਆ ਦਾ ਚੌਥਾ ਵੱਡਾ ਪ੍ਰਾਜੈਕਟ ਕਿਹਾ ਗਿਆ ਸੀ। ਦੋਸ਼ ਇਹ ਲੱਗੇ ਸਨ ਕਿ ਟੂਡੇ ਹੋਮਜ਼ ਦੇ ਹੱਕ ਵਿਚ ਨਿਯਮਾਂ ਵਿਚ ਤਬਦੀਲੀਆਂ ਕਰਵਾਉਣ ਲਈ ਕਾਂਗਰਸੀ ਆਗੂਆਂ ਨੇ ਇਕ ਅਰਬ ਰੁਪਏ ਰਿਸ਼ਵਤ ਵਜੋਂ ਲਏ ਸਨ।

# ਸਿੱਖ ਸੰਸਥਾਵਾਂ ਨੂੰ ਮੁਕਤ ਕਰਾਉਣ ਦੀ ਮੰਗ

**ਅੰਮ੍ਰਿਤਸਰ:** ਪੰਜਾਬ ਵਿਚ ਸੱਤਾ ਪਰਿਵਰਤਨ ਮਗਰੋਂ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਇਹ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਬਜ਼ੇ ਹੇਠਲੀਆਂ ਸਿੱਖ ਧਾਰਮਕਿ ਅਤੇ ਵਿਦਿਅਕ ਸੰਸਥਾਵਾਂ ਨੂੰ ਇਨ੍ਹਾਂ ਦੇ ਕਬਜ਼ੇ ਤੋਂ ਮੁਕਤ ਕੀਤਾ ਜਾਵੇ।

ਇਥੇ ਨਵੀਂ ਜਥੇਬੰਦੀ 'ਦਿ ਸਿੱਖ ਫੋਰਮ' ਬਣਾਈ ਗਈ ਜਿਸ ਦੇ ਝੰਡੇ ਹੇਠ ਸਿੱਖ ਆਗੂਆਂ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਕਰਾਉਣ ਵਾਸਤੇ, ਚੀਫ ਖਾਲਸਾ ਦੀਵਾਨ, ਖਾਲਸਾ ਕਾਲਜ ਗਵਰਨਿੰਗ ਕੌਂਸਲ ਅਤੇ ਹੋਰ ਸਿੱਖ ਜਥੇਬੰਦੀਆਂ ਨੂੰ ਬਾਦਲਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਲਈ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ। ਇਨ੍ਹਾਂ ਸਿੱਖ ਆਗੂਆਂ ਨੇ ਸੂਬੇ ਵਿਚ ਨਵੀਂ ਆ ਰਹੀ ਕਾਂਗਰਸ ਸਰਕਾਰ, ਖਾਸ ਕਰ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਸਿੱਖਾਂ ਦੇ ਇਨ੍ਹਾਂ ਮਾਮਲਿਆਂ ਵਿਚ ਸਰਕਾਰ ਕੋਈ ਦਖਲਅੰਦਾਜ਼ੀ ਨਾ ਕਰੇ।

ਪੱਤਰਕਾਰ ਸੰਮੇਲਨ ਦੌਰਾਨ ਸਾਬਕਾ ਮੰਤਰੀ ਮਨਜੀਤ ਸਿੰਘ ਕਲਕੱਤਾ, ਚੀਫ ਖਾਲਸਾ ਦੀਵਾਨ ਦੇ ਸਾਬਕਾ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ, ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥੂਨੰਗਲ, ਸਾਬਕਾ ਜ਼ਿਲ੍ਹਾ ਜਥੇਦਾਰ ਪ੍ਰਦੀਪ ਸਿੰਘ ਵਾਲੀਆ, ਸਰਦੂਲ ਸਿੰਘ ਸ਼ਾਮ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਵਰਿਆਮ ਸਿੰਘ ਅਤੇ ਹੋਰਨਾਂ ਦੀ ਹਾਜ਼ਰੀ ਵਿਚ ਸਿੱਖ ਆਗੂਆਂ ਨੇ ਆਖਿਆ ਕਿ ਹੁਣ ਜਲਦੀ ਹੀ ਸਿੱਖ ਸੰਗਤਾਂ ਧਾਰਮਿਕ ਤੇ ਵਿਦਿਅਕ ਸੰਸਥਾਵਾਂ ਨੂੰ ਬਾਦਲ ਪਰਿਵਾਰ ਦੇ ਕਬਜ਼ੇ ਹੇਠੋਂ ਮੁਕਤ ਕਰਾਉਣ ਲਈ ਕੰਮ ਸ਼ੁਰੂ ਕਰਨਗੀਆਂ। ਇਸ ਮੌਕੇ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਪ੍ਰਧਾਨ ਭਗਵੰਤਪਾਲ ਸਿੰਘ ਸੱਚਰ, ਅਵਤਾਰ ਸਿੰਘ ਅਤੇ ਹੋਰ ਵੀ ਹਾਜ਼ਰ ਸਨ।

## ਵਿਕੀਲੀਕਸ ਦੇ ਖੁਲਾਸੇ ਨਾਲ ਸੀ.ਆਈ.ਏ. ਕਸੂਤੀ ਫਸੀ

**ਵਾਸ਼ਿੰਗਟਨ:** ਵਿਕੀਲੀਕਸ ਵੱਲੋਂ ਇਕ ਵਾਰ ਮੁੜ ਸੁਰੱਖਿਆ ਨਾਲ ਸਬੰਧਤ ਖੁਫੀਆ ਦਸਤਾਵੇਜ਼ ਲੀਕ ਕਰਨ ਦੇ ਮਾਮਲੇ ਨੇ ਅਮਰੀਕਾ ਦੀ ਉਚ ਖੁਫੀਆ ਏਜੰਸੀ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ।

ਇਸ ਗਰੁੱਪ ਨੇ 9 ਹਜ਼ਾਰ ਦੇ ਕਰੀਬ ਦਸਤਾਵੇਜ਼ ਜਨਤਕ ਕਰ ਕੇ ਸੀ.ਆਈ.ਏ. ਨੂੰ ਭਾਰੀ ਸੱਟ ਮਾਰੀ ਹੈ, ਜੋ ਉਸ ਨੇ ਸੀ.ਆਈ.ਏ. ਦੇ ਰਿਕਾਰਡ ਰੂਮ ਤੋਂ ਹਾਸਲ ਕੀਤੇ ਸੀ।

## ਔਰਤ ਨੇ ਬੱਚੇ ਪਾਣੀ ਦੀ ਟੈਂਕੀ ਵਿਚ ਸੁੱਟੇ

**ਝੱਜਰ (ਹਰਿਆਣਾ):** ਘਰੇਲੂ ਕਲੇਸ਼ ਤੋਂ ਤੰਗ ਇਕ ਔਰਤ ਨੇ ਪਾਣੀ ਦੀ ਟੈਂਕੀ ਵਿਚ ਡੁਬੋ ਕੇ ਆਪਣੇ 3 ਬੱਚਿਆਂ ਦੀ ਹੱਤਿਆ ਕਰ ਦਿੱਤੀ। ਮਗਰੋਂ ਉਸ ਨੇ ਖੁਦਕੁਸ਼ੀ ਲਈ 8 ਫੁੱਟ ਡੂੰਘੀ ਟੈਂਕੀ ਵਿਚ ਛਾਲ ਮਾਰ ਦਿੱਤੀ, ਪਰ ਮੌਕੇ 'ਤੇ ਪੁੱਜੀ ਪੁਲਿਸ ਨੇ ਉਸ ਨੂੰ ਬਚਾ ਲਿਆ। ਇਹ ਵਾਰਦਾਤ ਜ਼ਿਲ੍ਹਾ ਝੱਜਰ ਦੇ ਪਿੰਡ ਬਹਰਹਾਨਾ ਵਿਚ ਹੋਈ।

ਜਾਣਕਾਰੀ ਮੁਤਾਬਕ 35 ਸਾਲਾ ਨੂਤਨ ਦਾ ਵਿਆਹ ਬਰਹਾਨਾ ਵਾਸੀ ਵਿਨੋਦ ਨਾਲ ਹੋਇਆ ਸੀ, ਪਰ ਪਤੀ ਸ਼ਰਾਬੀ ਹੋਣ ਕਾਰਨ ਉਨ੍ਹਾਂ ਵਿਚ ਲੜਾਈ-ਝਗੜਾ ਹੁੰਦਾ ਰਹਿੰਦਾ ਸੀ। ਇਸ ਤੋਂ ਤੰਗ ਆ ਕੇ ਨੂਤਨ ਮੰਗਲਵਾਰ ਤੜਕੇ 3 ਵਜੇ ਉਠੀ ਅਤੇ ਉਸ ਨੇ ਪੁਲਿਸ ਕੰਟਰੋਲ ਰੂਮ ਵਿਚ ਫੋਨ ਕੀਤਾ ਅਤੇ ਦੱਸਿਆ ਕਿ ਉਹ ਆਪਣੇ ਪਤੀ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਰਹੀ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਮਾਰ ਰਹੀ ਹੈ। ਇੰਨਾ ਕਹਿ ਕੇ ਨੂਤਨ ਨੇ ਫੋਨ ਕੱਟ ਦਿੱਤਾ ਤੇ ਆਪਣੇ ਤਿੰਨੇ ਬੱਚਿਆਂ ਮਾਨਵੀ, ਪ੍ਰੀਤੀ ਅਤੇ ਹਾਰਦਿਕ ਨੂੰ ਜਗਾ ਕੇ ਘਰ ਵਿਚ ਬਣੀ ਪਾਣੀ ਦੀ ਟੈਂਕੀ ਵਿਚ ਸੁੱਟ ਦਿੱਤਾ। ਇਸ ਤੋਂ ਬਾਅਦ ਉਸ ਨੇ ਖੁਦ ਵੀ ਉਸ ਵਿਚ ਛਾਲ ਮਾਰ ਦਿੱਤੀ। ਡੁੱਬਣ ਕਾਰਨ ਤਿੰਨਾਂ ਬੱਚਿਆਂ ਦੀ ਮੌਤ ਹੋ ਗਈ ਜਦਕਿ ਮੌਕੇ 'ਤੇ ਪੁੱਜੀ ਪੁਲਿਸ ਨੇ ਨੂਤਨ ਨੂੰ ਪਾਣੀ ਦੀ ਟੈਂਕੀ ਤੋਂ ਬਾਹਰ ਕੱਢ ਲਿਆ।

# ਅਕਾਲੀ ਆਗੂ ਦੀ ਹੱਤਿਆ

**ਕਾਹਨੂੰਵਾਨ:** ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਫੇਰੋਚੇਚੀ ਵਿਚ ਇਕ ਸਾਬਕਾ ਕਰਨਲ ਨੇ ਆਪਣੇ ਪੁੱਤਰ ਅਤੇ ਹਮਾਇਤੀਆਂ ਨਾਲ ਮਿਲ ਕੇ ਪਿੰਡ ਦੇ ਅਕਾਲੀ ਆਗੂ ਗੁਰਬਚਨ ਸਿੰਘ ਖਾਲਸਾ ਨੂੰ ਖੇਤਾਂ ਵਿਚੋਂ ਮੁੜਦੇ ਸਮੇਂ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਗੁਰਬਚਨ ਸਿੰਘ ਖਾਲਸਾ ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਗੁਰਦਾਸਪੁਰ ਇਕਾਈ ਦਾ ਮੀਤ ਪ੍ਰਧਾਨ ਅਤੇ ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਦਾ ਕਰੀਬੀ ਸੀ।

ਗੁਰਬਚਨ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਦੇ ਬਿਆਨਾਂ ਤਹਿਤ ਪੁਲਿਸ ਵੱਲੋਂ ਦਰਜ ਕੇਸ ਮੁਤਾਬਕ, ਗੁਰਬਚਨ ਸਿੰਘ ਆਪਣੇ ਖੇਤਾਂ ਵਿਚੋਂ ਰੇਹੜੇ ਉਪਰ ਚਾਰਾ ਲੈ ਕੇ ਆਉਂਦਾ ਹੋਇਆ ਜਦੋਂ ਪਿੰਡ ਦੇ ਬਾਹਰ ਸਾਬਕਾ ਕਰਨਲ ਸੁਰਜੀਤ ਸਿੰਘ ਦੇ ਫਾਰਮ ਹਾਊਸ ਦੇ ਗੇਟ ਅੱਗੇ ਪੁੱਜਾ ਤਾਂ ਕਰਨਲ ਨੇ ਆਪਣੇ ਪੁੱਤਰ ਐਡਵੋਕੇਟ ਸੁਮੀਤ ਸਿੰਘ ਅਤੇ ਇਕ ਹੋਰ ਸਾਥੀ ਸਮੇਤ ਗੁਰਬਚਨ ਸਿੰਘ ਉਪਰ ਹਮਲਾ ਕਰ ਦਿੱਤਾ। ਸਰਬਜੀਤ ਸਿੰਘ ਆਪਣੇ ਪਿਤਾ ਦੇ ਪਿੱਛੇ ਪਿੱਛੇ ਆ ਰਿਹਾ ਸੀ। ਉਸ ਮੁਤਾਬਕ ਸੁਮੀਤ ਸਿੰਘ ਅਤੇ ਉਸ ਦਾ ਸਾਥੀ ਸੱਜਣ ਸਿੰਘ ਉਸ ਦੇ ਪਿਤਾ ਨਾਲ ਗੁਥਮ-ਗੁੱਥਾ ਹੋ ਗਏ ਅਤੇ ਕਰਨਲ ਸੁਰਜੀਤ ਸਿੰਘ ਨੇ ਪਿਸਤੌਲ ਨਾਲ ਉਸ ਨੂੰ ਗੋਲੀ ਮਾਰ ਦਿੱਤੀ। ਬਾਅਦ ਵਿਚ ਪੁਲਿਸ ਨੇ ਸੱਜਣ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਹੈ।

ਪਰਿਵਾਰ ਵਾਲਿਆਂ ਨੇ ਦੋਸ਼ ਲਾਇਆ ਕਿ ਵੋਟਾਂ ਦੀ ਗਿਣਤੀ ਵਾਲੇ ਦਿਨ ਤੋਂ ਹੀ ਕਰਨਲ ਵੱਲੋਂ ਆਪਣੇ ਘਰ ਵਿਚ ਲਾਊਡ ਸਪੀਕਰ ਲਗਾ ਕੇ ਕਾਂਗਰਸ ਦੀ ਜਿੱਤ ਦੀ ਖ਼ੁਸ਼ੀ ਮਨਾਈ ਜਾ ਰਹੀ ਸੀ ਅਤੇ ਉਹ ਪਿੰਡ ਵਾਸੀਆਂ, ਖ਼ਾਸਕਰ ਗੁਰਬਚਨ ਸਿੰਘ ਖ਼ਾਲਸਾ ਦੇ ਪਰਿਵਾਰ ਨੂੰ ਧਮਕਾ ਵੀ ਰਿਹਾ ਸੀ।

## ਬੰਬ ਧਮਾਕੇ ਦਾ ਮੁਲਜ਼ਮ ਰਤਨਦੀਪ ਸਿੰਘ ਗ੍ਰਿਫ਼ਤਾਰ

**ਰਾਜਪੁਰਾ:** ਇਥੇ ਰੇਲਵੇ ਪੁਲਿਸ ਨੇ ਜੂਨ 1999 ਨੂੰ ਰਾਜਪੁਰਾ ਨੇੜੇ ਪਟੜੀਆਂ 'ਤੇ ਕੀਤੇ ਬੰਬ ਧਮਾਕੇ ਦੇ ਮੁਖ ਦੋਸ਼ੀ ਰਤਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਅਦਾਲਤ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ ਹੈ। ਰੇਲਵੇ ਪੁਲਿਸ ਚੌਕੀ ਦੇ ਇੰਚਾਰਜ ਰਵਿੰਦਰ ਕ੍ਰਿਸ਼ਨ ਨੇ ਦੱਸਿਆ ਕਿ 28-29 ਜੂਨ 1999 ਦੀ ਰਾਤ ਨੂੰ ਇਥੋਂ 4 ਕਿਲੋਮੀਟਰ ਦੂਰ ਪਿੰਡ ਖਰਾਜਪੁਰ ਨੇੜੇ ਰਾਜਪੁਰਾ-ਅੰਬਾਲਾ ਮੁੱਖ ਰੇਲ ਲਾਈਨਾਂ 'ਤੇ ਬੰਬ ਧਮਾਕਾ ਕੀਤਾ ਗਿਆ ਸੀ ਜਿਸ ਕਾਰਨ ਕਰੀਬ 6 ਫੁੱਟ ਰੇਲ ਲਾਈਨ ਉਡ ਗਈ ਸੀ। ਇਸ ਕੇਸ ਦਾ ਮੁਖ ਦੋਸ਼ੀ ਰਤਨਦੀਪ ਸਿੰਘ ਵਾਸੀ ਪਿੰਡ ਰੌਹਤ ਥਾਣਾ ਸਫੀਦੋਂ ਜ਼ਿਲ੍ਹਾ ਜੀਂਦ (ਹਰਿਆਣਾ) ਆਪਣੇ ਸਾਥੀਆਂ ਸਮੇਤ ਫਰਾਰ ਸੀ। ਥਾਣੇਦਾਰ ਰਵਿੰਦਰ ਕ੍ਰਿਸ਼ਨ ਦੇ ਮੁਤਾਬਕ, ਰਤਨਦੀਪ ਸਿੰਘ ਨੇ ਮੰਨਿਆ ਹੈ ਕਿ ਉਹ ਪਹਿਲੀ ਵਾਰ 1992 ਵਿਚ ਪਾਕਿਸਤਾਨ ਗਿਆ ਸੀ। ਧਮਾਕੇ ਤੋਂ ਬਾਅਦ ਉਹ ਫਿਰ ਪਾਕਿਸਤਾਨ ਚਲਾ ਗਿਆ ਸੀ ਤੇ ਮੁੜ 2014 ਵਿਚ ਉਹ ਭਾਰਤ ਮੁੜ ਆਇਆ। ਇਸ ਕੇਸ ਵਿਚ ਲੋੜੀਂਦੇ ਗੁਰਬਖ਼ਸ਼ ਸਿੰਘ, ਸ਼ੇਰ ਸਿੰਘ ਪੁਲਿਸ ਵੱਲੋਂ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ।

# ਭਾਰਤ-ਪਾਕਿ ਤਣਾਅ ਪਰਮਾਣੂ ਯੁੱਧ ਵਿਚ ਬਦਲਣ ਦਾ ਖਦਸ਼ਾ

**ਵਾਸ਼ਿੰਗਟਨ:** ਅਮਰੀਕਾ ਦੇ ਇਕ ਉਚ ਜਨਰਲ ਨੇ ਅਮਰੀਕੀ ਸੈਨੇਟ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਲਗਾਤਾਰ ਚੱਲ ਰਿਹਾ ਸੰਘਰਸ਼ ਕਦੇ ਵੀ ਯੁੱਧ ਦਾ ਰੂਪ ਧਾਰਨ ਸਕਦਾ ਹੈ।

ਅਮਰੀਕੀ ਕੇਂਦਰੀ ਕਮਾਂਡ ਦੇ ਕਮਾਂਡਰ ਜਨਰਲ ਜੋਸੇਫ ਵੋਟਲ ਨੇ ਅਮਰੀਕੀ ਸ਼ਕਤੀਸ਼ਾਲੀ ਸੈਨੇਟ ਸਸ਼ਤਰ ਸੇਵਾ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ ਕਿ ਦੋਵੇਂ ਦੇਸ਼ਾਂ ਕੋਲ ਪਰਮਾਣੂ ਹਥਿਆਰ ਹਨ ਜਿਸ ਕਾਰਨ ਇਹ ਸੰਘਰਸ਼ ਕਿਸੇ ਵੀ ਸਮੇਂ ਪਰਮਾਣੂ ਯੁੱਧ ਦੇ ਰੂਪ 'ਚ ਸਾਹਮਣੇ ਆ ਸਕਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਲਗਾਤਾਰ ਬਣਿਆ ਹੋਇਆ ਹੈ।

ਪਾਕਿਸਤਾਨ 'ਚ ਸਥਿਤ ਅਤਿਵਾਦੀ ਸਮੂਹਾਂ ਖਿਲਾਫ ਕਾਰਵਾਈ ਕਰਨ 'ਚ ਚੱਲ ਰਹੀ ਕਮੀ ਕਾਰਨ ਭਾਰਤ ਚਿੰਤਤ ਹੈ ਤੇ ਇਸ ਸਾਲ ਦੇ ਸ਼ੁਰੂ 'ਚ ਭਾਰਤ ਨੇ ਪਾਕਿਸਤਾਨ ਅਧਾਰਤ ਅਤਿਵਾਦੀਆਂ ਵੱਲੋਂ ਭਾਰਤ 'ਚ ਕੀਤੇ ਹਮਲੇ ਦਾ ਪਾਕਿਸਤਾਨ ਨੂੰ ਜਵਾਬ ਵੀ ਦਿੱਤਾ। ਭਾਰਤ ਦੀ ਜਨਤਕ ਨੀਤੀ ਨੂੰ ਰਾਜਨਾਇਕ ਰੂਪ ਤੋਂ ਵੱਖਰਾ ਕਰਨ ਲਈ ਪਾਕਿਸਤਾਨ ਵਧੀਆ ਸਬੰਧਾਂ ਲਈ ਸੰਭਾਵਨਾਵਾਂ 'ਚ ਰੁਕਾਵਟ ਖੜ੍ਹੀ ਕਰਦਾ ਹੈ।


## ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

*ਸੰਪਰਕ ਕਰੋ:* ਸੰਨੀ, ਫੋਨ: 608-630-0287

9-12


# ਅਤਿਵਾਦ ਬਾਰੇ ਅਮਰੀਕਾ ਦਾ ਪਾਕਿਸਤਾਨ ਪ੍ਰਤੀ ਸਖਤ ਰੁਖ

**ਨਿਊ ਯਾਰਕ:** ਅਤਿਵਾਦ ਬਾਰੇ ਅਮਰੀਕਾ ਨੇ ਪਾਕਿਸਤਾਨ 'ਤੇ ਆਪਣਾ ਰੁੱਖ ਹੋਰ ਵੀ ਸਖਤ ਕਰ ਲਿਆ ਹੈ। ਪਾਕਿਸਤਾਨ ਨੂੰ ਅਤਿਵਾਦ ਦੀ ਸਰਪ੍ਰਸਤੀ ਕਰਨ ਵਾਲਾ ਦੇਸ਼ ਦੱਸਣ ਸਬੰਧੀ ਇਕ ਬਿੱਲ ਅਮਰੀਕੀ ਕਾਂਗਰਸ 'ਚ ਪੇਸ਼ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਅਤਿਵਾਦ ਬਾਰੇ ਹਾਊਸ ਸਬ ਕਮੇਟੀ ਦੇ ਪ੍ਰਧਾਨ ਤੇ ਕਾਂਗਰਸ ਮੈਂਬਰ ਟੈੱਡ ਪੋ ਨੇ 'ਪਾਕਿਸਤਾਨ ਸਟੇਟ ਸਪਾਂਸਰ ਆਫ ਟੈਰਰਇਜ਼ਮ ਐਕਟ ਆਫ 2015' ਦੇ ਨਾਂ ਉਤੇ ਬਿੱਲ ਪੇਸ਼ ਕੀਤਾ ਹੈ।

ਅਧਿਕਾਰਕ ਸੂਤਰਾਂ ਨੇ ਕਾਂਗਰਸ ਦੇ ਹਵਾਲੇ ਨਾਲ ਕਿਹਾ ਕਿ ਪਾਕਿਸਤਾਨ ਭਰੋਸਾ ਗਵਾਉਣ ਵਾਲਾ ਦੇਸ਼ ਹੈ, ਇਸਲਾਮਾਬਾਦ ਨੇ ਕਈ ਸਾਲ ਅਮਰੀਕਾ ਦੇ ਦੁਸ਼ਮਣਾਂ 'ਚ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਉਸਾਮਾ-ਬਿਨ-ਲਾਦਿਨ ਨੂੰ ਲੁਕਾ ਕੇ ਰੱਖਿਆ, ਇਸ ਤੋਂ ਇਲਾਵਾ ਸਾਡੇ ਕੋਲ ਇੰਨੇ ਕੁ ਸਬੂਤ ਕਾਫੀ ਹਨ ਜਿਨ੍ਹਾਂ ਨਾਲ ਇਹ ਤੈਅ ਕੀਤਾ ਜਾ ਸਕੇ ਕਿ ਅਤਿਵਾਦ ਖਿਲਾਫ ਲੜਾਈ 'ਚ ਪਾਕਿਸਤਾਨ ਕਿਸ ਦਾ ਸਾਥ ਦਿੰਦਾ ਹੈ। ਟੈੱਡ ਪੋ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਪਾਕਿ ਦੇ ਧੋਖੇ ਕਾਰਨ ਉਸ ਨੂੰ ਆਰਥਿਕ ਮਦਦ ਦੇਣੀ ਬੰਦ ਦਈਏ ਤੇ ਉਸ ਨੂੰ ਅਤਿਵਾਦ ਸਰਪ੍ਰਸਤ ਦੇਸ਼ ਘੋਸ਼ਿਤ ਕਰ ਦਿੱਤਾ ਜਾਵੇ। ਇਸ ਬਿੱਲ 'ਚ ਰਾਸ਼ਟਰਪਤੀ ਤੋਂ ਮੰਗ ਕੀਤੀ ਗਈ ਹੈ ਕਿ ਉਹ ਇਕ ਰਿਪੋਰਟ ਜਾਰੀ ਕਰਨ ਜਿਸ ਤੋਂ ਇਹ ਪਤਾ ਚੱਲ ਸਕੇ ਕਿ ਅਤਿਵਾਦ ਨੂੰ ਲੈ ਕੇ ਬੀਤੇ ਤਿੰਨ ਮਹੀਨਿਆਂ ਵਿਚ ਪਾਕਿਸਤਾਨ ਦਾ ਕੀ ਰੁੱਖ ਰਿਹਾ ਹੈ।

# ਸਲਿੰਗ ਟੀ.ਵੀ. ਆਈ ਪੀ ਐਲ ਕ੍ਰਿਕਟ ਮੈਚਾਂ ਦਾ ਪ੍ਰਸਾਰਣ ਕਰੇਗਾ

**ਨਿਊ ਯਾਰਕ (ਬਿਊਰੋ):** ਸਲਿੰਗ ਟੀ.ਵੀ. ਦੇ ਕ੍ਰਿਕਟ ਦੇਖਣ ਦੇ ਸ਼ੌਕੀਨ ਦਰਸ਼ਕ ਇਸ ਵਾਰ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐਲ) ਕ੍ਰਿਕਟ ਮੈਚ ਵੀ ਵਿਲੋ ਦੇ ਜ਼ਰੀਏ ਵੇਖ ਸਕਣਗੇ। ਵਿਲੋ ਅਮਰੀਕਾ ਵਿਚ ਕ੍ਰਿਕਟ ਦੇ ਮੈਚਾਂ ਦਾ ਪ੍ਰਸਾਰਣ ਕਰਨ ਵਾਲਾ ਮੋਹਰੀ ਟੀ.ਵੀ. ਚੈਨਲ ਹੈ। ਹਾਲ ਹੀ ਵਿਚ ਇਸ ਨੇ ਇੰਡੀਅਨ ਪ੍ਰੀਮੀਅਰ ਲੀਗ 2017 ਦੇ ਪ੍ਰਸਾਰਣ ਦੇ ਹੱਕ ਹਾਸਲ ਕੀਤੇ ਹਨ।

ਜ਼ਿਕਰਯੋਗ ਹੈ ਕਿ ਇੰਡੀਅਨ ਪ੍ਰੀਮੀਅਰ ਲੀਗ ਦਾ 2017 ਦਾ ਦਸਵਾਂ ਸੀਜ਼ਨ ਆਉਂਦੀ 5 ਅਪਰੈਲ ਤੋਂ ਸ਼ੁਰੂ ਹੋਵੇਗਾ ਅਤੇ 21 ਮਈ 2017 ਨੂੰ ਸਮਾਪਤ ਹੋਵੇਗਾ। ਇਹ ਪ੍ਰੋਫੈਸ਼ਨਲ 20-20 ਲੀਗ ਬੋਰਡ ਆਫ ਕੰਟਰੋਲ ਫਾਰ ਕ੍ਰਿਕਟ ਇਨ ਇੰਡੀਆ (ਬੀ ਸੀ ਸੀ ਆਈ) ਵਲੋਂ 2007 ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਇਹ ਹੁਣ ਦਸਵੀਂ ਲੀਗ ਹੋਵੇਗੀ। ਟੂਰਨਾਮੈਂਟ ਵਿਚ ਪਿਛਲੀ ਵਾਰ ਵਾਲੀਆਂ ਹੀ 8 ਟੀਮਾਂ ਹੋਣਗੀਆਂ। ਪਹਿਲਾ ਮੈਚ ਹੈਦਰਾਬਾਦ ਵਿਚ ਹੋਵੇਗਾ।

ਸਲਿੰਗ ਟੀ.ਵੀ. ਵਲੋਂ ਜਾਰੀ ਇਕ ਬਿਆਨ ਅਨੁਸਾਰ ਵਰਲਡ ਕ੍ਰਿਕਟ ਸਟੈਂਡਅਲੋਨ ਪੈਕ ਲਈ ਵਿਸ਼ੇਸ਼ ਰੇਟ ਵੀ ਸ਼ੁਰੂ ਕੀਤੇ ਜਾ ਰਹੇ ਹਨ। ਦਰਸ਼ਕ ਸਿਰਫ $40 ਖਰਚ ਕੇ ਛੇ ਮਹੀਨੇ ਦਾ ਪੈਕੇਜ ਖਰੀਦ ਸਕਦੇ ਹਨ।

# ਹੁਣ ਗੀਤਾ ਪੜ੍ਹਨੀ ਹੋਵੇਗੀ ਲਾਜ਼ਮੀ?

**ਨਵੀਂ ਦਿੱਲੀ:** ਸਿੱਖਿਆ ਸੰਸਥਾਵਾਂ ਵਿਚ ਨੈਤਿਕ ਸਿੱਖਿਆ ਦੀ ਪਾਠ ਪੁਸਤਕ ਦੇ ਰੂਪ 'ਚ ਭਾਗਵਤ ਗੀਤਾ ਦੀ ਲਾਜ਼ਮੀ ਰੂਪ ਵਿਚ ਸਿੱਖਿਆ ਪ੍ਰਦਾਨ ਦੀ ਵਿਵਸਥਾ ਕੀਤੇ ਜਾਣ ਲਈ ਇਕ ਨਿੱਜੀ ਬਿੱਲ ਸਮੇਤ 103 ਗੈਰ ਸਰਕਾਰੀ ਬਿੱਲ ਲੋਕ ਸਭਾ 'ਚ ਪੇਸ਼ ਕੀਤੇ ਗਏ।

ਇਨ੍ਹਾਂ ਵਿਚ ਭਾਜਪਾ ਦੇ ਸੰਸਦ ਮੈਂਬਰ ਰਮੇਸ਼ ਬਿਧੂੜੀ ਨੇ ਸਿੱਖਿਆ ਸੰਸਥਾਵਾਂ 'ਚ ਨੈਤਿਕ ਸਿੱਖਿਆ ਦੀ ਪਾਠ ਪੁਸਤਕ ਦੇ ਰੂਪ ਵਿਚ ਭਾਗਵਤ ਜ਼ਰੂਰੀ ਸਿੱਖਿਅਕ ਬਿੱਲ, 2016 ਮੁੜ ਸਥਾਪਤ ਕੀਤਾ, ਜਿਸ 'ਚ ਪ੍ਰਸਤਾਵ ਹੈ ਕਿ ਭਾਗਵਤ ਗੀਤਾ ਨੂੰ ਪਾਠ ਪੁਸਤਕ ਦੇ ਰੂਪ ਵਿਚ ਜ਼ਰੂਰੀ ਸਿੱਖਿਆ ਲਈ ਸ਼ਾਮਲ ਕੀਤਾ ਜਾਵੇ।

# 'ਆਪ' ਵਾਲੰਟੀਅਰ ਚੋਣ ਨਤੀਜਿਆਂ ਤੋਂ ਹੈਰਾਨ

**ਫਰਿਜ਼ਨੋ (ਬਿਊਰੋ):** ਪਰਵਾਸੀ ਪੰਜਾਬੀ ਗਿਆਰਾਂ ਮਾਰਚ ਨੂੰ ਆ ਰਹੇ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਇਸੇ ਕੜੀ ਤਹਿਤ 'ਆਪ' ਵਾਲੰਟੀਅਰਾਂ ਵੱਲੋਂ 'ਨਵਾਂ ਸਵੇਰਾ, ਨਵਾਂ ਪੰਜਾਬ' ਮੁਹਿੰਮ ਤਹਿਤ ਖੁਸ਼ੀ ਮਨਾਉਣ ਲਈ ਸਮਾਗਮ ਰੱਖੇ ਸਨ। ਪਿਛਲੇ ਸ਼ੁਕਰਵਾਰ ਫਰਿਜ਼ਨੋ ਦੇ ਇੰਡੀਆ ਓਵਨ ਰੈਸਟੋਰੈਂਟ ਵਿਚ ਇਕੱਠੇ ਬੈਠ ਕੇ ਨਤੀਜੇ ਵੇਖਣ ਲਈ ਵੀ ਪ੍ਰੋਗਰਾਮ ਦਾ ਅਯੋਜਨ ਕੀਤਾ ਗਿਆ, ਲੇਕਿਨ ਜਿਉਂ ਹੀ ਪੰਜਾਬ ਵਿਧਾਨ ਸਭਾ ਦੇ ਨਤੀਜੇ ਟੈਲੀਵਿਜ਼ਨ 'ਤੇ ਆਉਣੇ ਅਰੰਭ ਹੋਏ ਤਾਂ ਸਭ ਹੈਰਾਨ ਸਨ ਕਿ ਸੋਚਿਆ ਕੀ ਤੇ ਆਸ ਦੇ ਉਲਟ ਕਾਂਗਰਸ ਪਾਰਟੀ ਬਹੁਮਤ ਹਾਸਲ ਕਰਨ ਵਿਚ ਕਾਮਯਾਬ ਰਹੀ। ਇਸ ਮੌਕੇ 'ਆਪ' ਵਰਕਰਾਂ ਵਿਚ ਭਾਰੀ ਨਿਰਾਸ਼ਾ ਪਾਈ ਗਈ।

ਇਸ ਮੌਕੇ ਪਾਰਟੀ ਦੇ ਬੁਲਾਰੇ ਗੁਰਨੇਕ ਸਿੰਘ ਬਾਗੜੀ ਤੇ ਸੁਖਬੀਰ ਭੰਡਾਲ ਨੇ ਕਾਂਗਰਸ ਪਾਰਟੀ ਨੂੰ ਵਧਾਈ ਦਿੱਤੀ ਤੇ ਆਸ ਪ੍ਰਗਟਾਈ ਕਿ ਕਾਂਗਰਸ ਆਪਣੇ ਵੱਲੋਂ ਕੀਤੇ ਵੱਡੇ ਵਾਅਦੇ ਪੂਰੇ ਕਰਦਿਆਂ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਮੁੱਖ ਵਿਰੋਧੀ ਧਿਰ ਦੇ ਤੌਰ 'ਤੇ ਵਿਧਾਨ ਸਭਾ ਵਿਚ ਜਾਵੇਗੀ ਤੇ ਸੁਖਪਾਲ ਸਿੰਘ ਖਹਿਰਾ ਵਰਗੇ ਤਜਰਬੇਕਾਰ ਨੇਤਾ ਨਾਲ ਪੰਜਾਬੀਆਂ ਦੀ ਆਵਾਜ਼ ਬੁਲੰਦ ਕਰੇਗੀ।


## Duabba Insurance Agency

2450 Peralta Blvd., Suite 120, Fremont, CA 94536

FARMERS INSURANCE

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ



Gurcharan Singh Mann
Insurance Agent
Licence# OC 70672

Ph: 510-797-7989

Fax: 510-794-7398 visit us@ farmers.com

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ



## Prince's Barber Shop

37477 Fremont Blvd, suite C, Fremont, CA 94536

*Men & Children's Hair Cut*

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
*www.princebarbershop.com*





## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਪੰਜਾਬੀ ਤਾਂ ਐਵੇਂ ਹੀ ਬਦਨਾਮ, ਅਸਲ ਪਿਆਕੜ ਤਾਂ ਇਹ ਨੇ...

**ਨਵੀਂ ਦਿੱਲੀ:** ਸ਼ਰਾਬ ਪੀਣ ਦੇ ਮਾਮਲੇ ਵਿਚ ਪੰਜਾਬ ਦੇਸ਼ ਵਿਚੋਂ 18ਵੇਂ ਨੰਬਰ ਉਤੇ ਹੈ। ਦੇਸ਼ ਦੇ ਸਭ ਤੋਂ ਵੱਡੇ ਸਿਹਤ ਸਰਵੇਖਣ ਵਿਚ ਇਹ ਸਾਹਮਣੇ ਆਇਆ ਹੈ। ਸ਼ਰਾਬ ਪੀਣ ਦੇ ਮਾਮਲੇ ਵਿਚ ਸਭ ਤੋਂ ਅੱਗੇ ਤੇਲੰਗਾਨਾ ਹੈ, ਜਿਥੇ 61 ਫੀਸਦੀ ਪੁਰਸ਼ ਸ਼ਰਾਬ ਪੀਂਦੇ ਹਨ। ਇਸ ਪੱਖੋਂ ਪੰਜਾਬ ਦਾ ਸਥਾਨ ਬੇਹੱਦ ਹੇਠਾਂ 18ਵਾਂ ਹੈ। ਇਥੇ 34 ਫੀਸਦੀ ਪੁਰਸ਼ ਸ਼ਰਾਬ ਪੀਂਦੇ ਹਨ।

ਖਾਸ ਗੱਲ ਇਹ ਹੈ ਕਿ ਪਿਛਲੇ ਨੌਂ ਸਾਲਾਂ ਵਿਚ ਇਥੇ ਇਸ ਲਿਹਾਜ਼ ਨਾਲ ਨੌਂ ਫੀਸਦੀ ਕਮੀ ਦਰਜ ਕੀਤੀ ਗਈ ਹੈ, ਜਦਕਿ ਇਸ ਦੌਰਾਨ ਦੇਸ਼ ਦੇ 11 ਰਾਜਾਂ ਵਿਚ ਇਹ ਔਸਤ ਉਲਟਾ ਵਧ ਗਿਆ ਹੈ।

ਇਹ ਅੰਕੜੇ ਚੌਥੇ ਕੌਮੀ ਪਰਿਵਾਰਕ ਸਿਹਤ ਸਰਵੇਖਣ (ਐਨ.ਐਫ.ਐਚ.ਐਸ.) ਹੇਠ ਦੇਸ਼ ਦੇ ਛੇ ਲੱਖ ਪਰਿਵਾਰਾਂ ਵਿਚ ਤਕਰੀਬਨ ਇਕ ਸਾਲ ਤੱਕ ਚੱਲੇ ਸਰਵੇਖਣ ਦੌਰਾਨ ਆਏ ਹਨ। ਇਸ ਲਈ ਸਾਲ 2015 ਦੌਰਾਨ ਅੰਕੜੇ ਲਏ ਗਏ ਸਨ। ਬਿਹਾਰ ਵਿਚ ਇਸ ਪਿੱਛੋਂ ਸ਼ਰਾਬ 'ਤੇ ਪਾਬੰਦੀ ਲੱਗੀ ਹੈ ਜਦਕਿ ਗੁਜਰਾਤ 'ਚ ਲੰਬੇ ਅਰਸੇ ਤੋਂ ਸ਼ਰਾਬ ਦੀ ਵਿਕਰੀ ਉਤੇ ਨਾ ਸਿਰਫ ਪਾਬੰਦੀ ਹੈ, ਸਗੋਂ ਨਕਲੀ ਸ਼ਰਾਬ ਬਣਾਉਣ ਵਾਲਿਆਂ ਨੂੰ ਫਾਂਸੀ ਤੱਕ ਦੀ ਸਜ਼ਾ ਦੀ ਵਿਵਸਥਾ ਹੈ। ਇਸ ਦੇ ਬਾਵਜੂਦ ਇਥੇ 11.1 ਫੀਸਦੀ ਆਦਮੀ ਧੜੱਲੇ ਨਾਲ ਸ਼ਰਾਬ



ਪੀਂਦੇ ਹਨ। ਜੰਮੂ-ਕਸ਼ਮੀਰ 'ਚ ਸਭ ਤੋਂ ਘੱਟ 10.5 ਫੀਸਦੀ ਪੁਰਸ਼ ਸ਼ਰਾਬ ਦੀ ਵਰਤੋਂ ਕਰਦੇ ਹਨ। ਉਤਰ ਪੂਰਬ ਦੇ ਰਾਜਾਂ ਵਿਚ ਇਸ ਪੱਖੋਂ ਹਾਲਤ ਬੇਹੱਦ ਖਰਾਬ ਹਨ। ਨਾਗਾਲੈਂਡ ਵਿਚ ਸ਼ਰਾਬ ਉਤੇ ਪਾਬੰਦੀ ਹੋਣ ਦੇ ਬਾਵਜੂਦ ਇਥੇ 39 ਫੀਸਦੀ ਲੋਕ ਸ਼ਰਾਬ ਪੀਂਦੇ ਹਨ। ਮਨੀਪੁਰ ਵਿਚ ਕੁਝ ਜ਼ਿਲ੍ਹਿਆਂ 'ਚ ਪਾਬੰਦੀ ਹੈ।

ਮਿਜ਼ੋਰਮ ਵਿਚ ਇਸ ਦੌਰਾਨ ਸ਼ਰਾਬ ਦੀ ਵਿਕਰੀ ਉਤੇ ਪਾਬੰਦੀ ਹਟਾ ਲਈ ਗਈ ਹੈ। ਕੇਰਲ ਪਿਛਲੇ ਦੋ ਸਾਲਾਂ ਤੋਂ ਸ਼ਰਾਬ ਦੀ ਵਿਕਰੀ ਨੂੰ ਘੱਟ ਕਰਨ ਦੀ ਨੀਤੀ ਚਲਾ ਰਿਹਾ ਹੈ। ਪਿਛਲੇ ਨੌਂ ਸਾਲਾਂ ਦੌਰਾਨ ਜਿਨ੍ਹਾਂ ਰਾਜਾਂ ਵਿਚ ਸ਼ਰਾਬ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਵਧੀ, ਉਨ੍ਹਾਂ ਵਿਚ ਛੱਤੀਸਗੜ੍ਹ, ਗੋਆ, ਹਿਮਾਚਲ ਪ੍ਰਦੇਸ਼, ਝਾਰਖੰਡ, ਕਰਨਾਟਕ, ਮਿਜ਼ੋਰਮ, ਨਾਗਾਲੈਂਡ, ਸਿੱਕਮ, ਤੇਲੰਗਾਨਾ, ਤਾਮਿਲ ਨਾਡੂ ਤੇ ਤ੍ਰਿਪੁਰਾ ਸ਼ਾਮਲ ਹਨ। ਤ੍ਰਿਪੁਰਾ ਵਿਚ ਪਿਛਲੇ ਨੌਂ ਸਾਲਾਂ ਦੌਰਾਨ 17 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਥੇ 58 ਫੀਸਦੀ ਪੁਰਸ਼ ਸ਼ਰਾਬ ਪੀਂਦੇ ਹਨ।

ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿਚ ਦੂਸਰੀ ਸਭ ਤੋਂ ਜ਼ਿਆਦਾ 10 ਫੀਸਦੀ ਦੀ ਬੜ੍ਹਤ ਦਰਜ ਕੀਤੀ ਗਈ ਹੈ। ਜਿਨ੍ਹਾਂ ਰਾਜਾਂ ਵਿਚ ਸ਼ਰਾਬ ਦੇ ਸੇਵਨ ਕਰਨ ਵਾਲਿਆਂ ਵਿਚ ਸਭ ਤੋਂ ਜ਼ਿਆਦਾ ਕਮੀ ਆਈ ਹੈ, ਉਨ੍ਹਾਂ ਵਿਚ ਬਿਹਾਰ, ਦਿੱਲੀ, ਗੁਜਰਾਤ, ਕੇਰਲ, ਮਹਾਰਾਸ਼ਟਰ, ਪੰਜਾਬ, ਰਾਜਸਥਾਨ ਤੇ ਪੱਛਮੀ ਬੰਗਾਲ ਸ਼ਾਮਲ ਹਨ।

## ਨਸ਼ੇੜੀਆਂ ਨਾਲ ਕਿਵੇਂ ਨਿਬੜੇਗੀ ਨਵੀਂ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਨੇ ਤੈਅ ਸਮੇਂ ਵਿਚ ਸੂਬੇ ਵਿਚੋਂ ਨਸ਼ਿਆਂ ਦਾ ਸਫਾਇਆ ਕਰਨ ਦਾ ਦਾਅਵਾ ਕੀਤਾ ਸੀ, ਪਰ ਇਹ ਦਾਅਵਾ ਕਾਂਗਰਸ ਸਰਕਾਰ ਲਈ ਚੁਣੌਤੀ ਬਣ ਸਕਦਾ ਹੈ। ਸੂਬੇ ਵਿਚ ਨਸ਼ੇੜੀਆਂ ਬਾਰੇ ਭਾਵੇਂ ਪੱਕੇ ਅੰਕੜੇ ਨਹੀਂ ਹਨ, ਪਰ ਪੰਜਾਬ ਦੇ ਨਸ਼ਾ ਛੁਡਾਊ ਕੇਂਦਰ ਇਸ ਬਾਰੇ ਭਿਆਨਕ ਤਸਵੀਰ ਪੇਸ਼ ਕਰਦੇ ਹਨ।

ਸੂਬੇ ਦੇ 22 ਜ਼ਿਲ੍ਹਿਆਂ 'ਚ 31 ਨਸ਼ਾ ਮੁਕਤੀ ਕੇਂਦਰ ਹਨ। ਜੇਕਰ ਸੂਬੇ ਦੇ 31 ਨਸ਼ਾ ਮੁਕਤੀ ਕੇਂਦਰਾਂ ਦੇ ਅੰਕੜਿਆਂ 'ਤੇ ਨਜ਼ਰ ਝਾਤ ਪਾਈ ਜਾਵੇ ਤਾਂ ਇਨ੍ਹਾਂ ਦੀ ਗਿਣਤੀ ਲੱਖਾਂ ਵਿਚ ਹੈ। ਸਰਹੱਦੀ ਜ਼ਿਲ੍ਹਿਆਂ ਵਿਚ ਹਾਲਾਤ ਸਭ ਤੋਂ ਮਾੜੇ ਹਨ। ਇਕੱਲੇ ਫਾਜ਼ਿਲਕਾ ਵਿਚ ਪਿਛਲੇ 2 ਸਾਲਾਂ ਵਿਚ 28566 ਲੋਕਾਂ ਨੇ ਆਪਣਾ ਇਲਾਜ ਸਰਕਾਰੀ ਨਸ਼ਾ ਮੁਕਤੀ ਕੇਂਦਰਾਂ ਵਿਚ ਕਰਵਾਇਆ ਤੇ 593 ਲੋਕ ਇਨ੍ਹਾਂ ਕੇਂਦਰਾਂ ਵਿਚ ਇਲਾਜ ਲਈ ਭਰਤੀ ਹੋਏ। 2016 ਵਿਚ ਸਭ ਤੋਂ ਜ਼ਿਆਦਾ 2275 ਲੋਕਾਂ ਨੇ ਓ.ਪੀ.ਡੀ. ਦੇ ਜ਼ਰੀਏ ਆਪਣਾ ਇਲਾਜ ਕਰਵਾਇਆ।

## ਜੇਲ੍ਹਾਂ ਵਿਚੋਂ ਤਿੰਨ ਮਹੀਨਿਆਂ ਵਿਚ ਫੜੇ 433 ਮੋਬਾਈਲ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਪਿਛਲੇ ਕਾਫੀ ਸਮੇਂ ਤੋਂ ਕਿਸੇ ਨਾ ਕਿਸੇ ਘਟਨਾ ਕਾਰਨ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਜੇਲ੍ਹ ਵਿਭਾਗ ਨੇ ਖੁਦ ਖੁਲਾਸਾ ਕੀਤਾ ਹੈ ਕਿ ਲੰਘੇ 3 ਮਹੀਨਿਆਂ ਦੌਰਾਨ ਸੂਬੇ ਦੀਆਂ ਜੇਲ੍ਹਾਂ ਵਿਚੋਂ 433 ਮੋਬਾਈਲ ਫੋਨ ਤੇ 29 ਬੇਨਾਮੇ ਸਿਮ ਕਾਰਡ ਬਰਾਮਦ ਕੀਤੇ ਗਏ ਹਨ ਜੋ ਜੇਲ੍ਹ ਵਿਭਾਗ ਲਈ 'ਖੁਸ਼ਖ਼ਬਰੀ' ਨਹੀਂ ਹੈ, ਹਾਲਾਂਕਿ ਜੇਲ੍ਹ ਵਿਭਾਗ ਦੇ ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਲ੍ਹਾਂ ਵਿਚਲੇ ਸੁਧਾਰ ਨੂੰ ਲੈ ਕੇ ਚਲਾਈ ਮੁਹਿੰਮ ਤੇ ਛਾਪੇਮਾਰੀ ਦੌਰਾਨ ਹੀ ਮੋਬਾਇਲ ਤੇ ਸਿਮ ਕਾਰਡ ਬਰਾਮਦ ਹੋਏ ਹਨ।

ਜੇਲ੍ਹ ਵਿਭਾਗ ਦੀ ਉਚ ਪੱਧਰੀ ਮੀਟਿੰਗ 'ਚ ਹੋਈ ਚਰਚਾ ਦੌਰਾਨ ਸਾਹਮਣੇ ਆਇਆ ਕਿ ਪਿਛਲੇ 3 ਮਹੀਨਿਆਂ ਵਿਚ ਜੇਲ੍ਹਾਂ ਚੋਣ 425 ਨਸ਼ੀਲੀ ਗੋਲੀਆਂ, 53 ਪੈਕਟ ਬੀੜੀ-ਸਿਗਰਟ ਅਤੇ 'ਚਿੱਟਾ' ਵੀ ਬਰਾਮਦ ਕੀਤਾ ਗਿਆ ਹੈ।

# ਪਾਕਿਸਤਾਨ ਅਸੈਂਬਲੀ ਵੱਲੋਂ ਹਿੰਦੂ ਮੈਰਿਜ ਬਿੱਲ ਪਾਸ

**ਇਸਲਾਮਾਬਾਦ:** ਪਾਕਿਸਤਾਨੀ ਸੰਸਦ ਨੇ ਆਖਰ ਮੁਲਕ ਵਿਚ ਘੱਟ ਗਿਣਤੀ ਹਿੰਦੂਆਂ ਦੇ ਵਿਆਹਾਂ ਨੂੰ ਨੇਮਬੱਧ ਕਰਨ ਲਈ ਇਤਿਹਾਸਕ ਬਿੱਲ ਪਾਸ ਕਰ ਦਿੱਤਾ ਹੈ। ਇਸ ਨਾਲ ਮੁਲਕ ਦੇ ਹਿੰਦੂਆਂ ਨੂੰ ਆਪਣਾ ਨਿਵੇਕਲਾ ਪਰਸਨਲ ਲਾਅ ਮਿਲਣਾ ਤੈਅ ਹੋ ਗਿਆ ਹੈ। ਕੌਮੀ ਅਸੈਂਬਲੀ ਨੇ ਹਿੰਦੂ ਮੈਰਿਜ ਬਿੱਲ, 2017 ਇਤਫਾਕ ਰਾਏ ਨਾਲ ਪਾਸ ਕੀਤਾ।

ਬਿੱਲ ਨੂੰ ਲੰਮੀ ਪ੍ਰਕਿਰਿਆ ਤੋਂ ਬਾਅਦ ਪਾਸ ਕੀਤਾ ਗਿਆ। ਗੌਰਤਲਬ ਹੈ ਕਿ ਸੰਸਦ ਨੇ ਇਹ ਬਿਲ ਦੂਜੀ ਵਾਰ ਪਾਸ ਕੀਤਾ ਹੈ। ਇਹ ਪਹਿਲਾਂ ਬੀਤੇ ਸਾਲ ਸਤੰਬਰ ਵਿਚ ਪਾਸ ਕੀਤਾ ਗਿਆ ਸੀ, ਪਰ ਬਾਅਦ ਵਿਚ ਉਪਰਲੇ ਸਦਨ ਸੈਨੇਟ ਨੇ ਬੀਤੀ ਫਰਵਰੀ ਵਿਚ ਇਸ ਨੂੰ ਪਾਸ ਕਰਦਿਆਂ ਇਸ ਵਿਚ ਤਬਦੀਲੀਆਂ ਕਰ ਦਿੱਤੀਆਂ ਸਨ। ਨਿਯਮਾਂ ਮੁਤਾਬਕ ਕਿਸੇ ਬਿੱਲ ਨੂੰ ਸਦਰ ਦੇ ਦਸਤਖ਼ਤਾਂ ਲਈ ਉਦੋਂ ਹੀ ਭੇਜਿਆ ਜਾ ਸਕਦਾ ਹੈ, ਜਦੋਂ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਇਸ ਦੀ ਇਕੋ ਜਿਹੀ ਇਬਾਰਤ ਨੂੰ ਪਾਸ ਕੀਤਾ ਗਿਆ ਹੋਵੇ। ਰਾਸ਼ਟਰਪਤੀ ਦੀ ਸਹੀ ਪੈਣ ਪਿੱਛੋਂ ਇਹ ਐਕਟ ਬਣ ਜਾਵੇਗਾ।

ਰੋਜ਼ਨਾਮਾ 'ਡਾਅਨ' ਮੁਤਾਬਕ ਕੌਮੀ ਅਸੈਂਬਲੀ ਵੱਲੋਂ ਬੀਤੇ ਸਤੰਬਰ ਵਿਚ ਪਾਸ ਕੀਤੇ ਬਿੱਲ 'ਚ ਸੈਨੇਟ ਨੇ ਇਕ ਸੋਧ ਰਾਹੀਂ ਮੁਸਲਮਾਨਾਂ ਦੇ 'ਨਿਕਾਹਨਾਮੇ' ਵਾਂਗ 'ਸ਼ਾਦੀ ਪੱਤਰ' ਦੀ ਵਿਵਸਥਾ ਸ਼ਾਮਲ ਕਰ ਦਿੱਤੀ ਸੀ।

ਦੱਸਣਯੋਗ ਹੈ ਕਿ ਹਿੰਦੂ ਮੈਰਿਜ ਐਕਟ ਬਣਨ ਨਾਲ ਹਿੰਦੂ ਔਰਤਾਂ ਨੂੰ ਆਪਣੇ ਵਿਆਹ ਦਾ ਦਸਤਾਵੇਜ਼ੀ ਸਬੂਤ ਹਾਸਲ ਕਰਨ ਵਿਚ ਮਦਦ ਮਿਲੇਗੀ। ਇਹ ਬਿਲ ਹਾਕਮ ਪੀ.ਐਮ.ਐਲ.-ਐਨ ਦੇ ਮੈਂਬਰ ਤੇ ਮਨੁੱਖੀ ਅਧਿਕਾਰੀ ਮੰਤਰੀ ਕਾਮਰਾਨ ਮਾਈਕਲ ਨੇ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਮੁਲਕ ਵਿਚ ਪਹਿਲਾਂ ਹਿੰਦੂ ਵਿਆਹਾਂ ਤੇ ਸਬੰਧਤ ਮਾਮਲਿਆਂ ਸਬੰਧੀ ਕੋਈ ਕਾਨੂੰਨ ਨਹੀਂ ਹੈ, ਜਿਸ ਦੀ ਲੰਬੇ ਸਮੇਂ ਤੋਂ ਲੋੜ ਮਹਿਸੂਸ ਕੀਤੀ ਜਾ ਰਹੀ ਸੀ।

# ਅਮਰੀਕੀ ਅਦਾਲਤ ਵੱਲੋਂ ਖਾੜਕੂ ਬਲਵਿੰਦਰ ਨੂੰ 15 ਸਾਲ ਦੀ ਸਜ਼ਾ

**ਨਿਊ ਯਾਰਕ:** ਭਾਰਤ ਵਿਚ ਖਾੜਕੂ ਹਮਲਿਆਂ ਲਈ ਖਾਲਿਸਤਾਨ ਲਹਿਰ ਦੀ ਮਦਦ ਕਰਨ ਦੇ ਦੋਸ਼ ਹੇਠ 42 ਸਾਲਾ ਭਾਰਤੀ ਨੂੰ 15 ਸਾਲਾਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਨੇਵਾਡਾ ਸੂਬੇ ਦੇ ਅਟਾਰਨੀ ਡੇਨੀਅਲ ਬੋਗਡੇਨ ਅਤੇ ਐਫ.ਬੀ.ਆਈ. ਦੀ ਲਾਸ ਵੇਗਸ ਡਿਵੀਜ਼ਨ ਦੇ ਵਿਸ਼ੇਸ਼ ਏਜੰਟ ਇੰਚਾਰਜ ਐਰੋਨ ਸੀ ਰਾਊਜ਼ ਨੇ ਕਿਹਾ ਕਿ ਬਲਵਿੰਦਰ ਸਿੰਘ ਦੋ ਖਾੜਕੂ ਜਥੇਬੰਦੀਆਂ ਦਾ ਮੈਂਬਰ ਸੀ ਅਤੇ ਉਸ ਨੇ ਭਾਰਤ ਸਰਕਾਰ ਨੂੰ ਡਰਾਉਣ ਤੇ ਇਨ੍ਹਾਂ ਜਥੇਬੰਦੀਆਂ ਦੀ ਹਮਾਇਤ ਨਾ ਕਰਨ ਵਾਲਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਸਮੱਗਰੀ ਮੁਹੱਈਆ ਕੀਤੀ। ਜ਼ਿਲ੍ਹਾ ਜੱਜ ਲੈਰੀ ਹਿਕਸ ਨੇ ਉਸ ਨੂੰ 180 ਮਹੀਨਿਆਂ ਦੀ ਸਜ਼ਾ ਸੁਣਾਈ।



ਬੋਗਡੇਨ ਨੇ ਕਿਹਾ ਕਿ ਇਹ ਕੇਸ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਨੂੰ ਅਤਿਵਾਦੀ ਹਮਲੇ ਤੋਂ ਬਚਾਉਣ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਕਈ ਏਜੰਸੀਆਂ ਦੇ ਤਾਲਮੇਲ ਦੀ ਮਿਸਾਲ ਹੈ। ਬਲਵਿੰਦਰ ਸਿੰਘ ਭਾਰਤ ਦਾ ਨਾਗਰਿਕ ਹੈ ਅਤੇ ਉਹ ਅਮਰੀਕਾ ਦਾ ਸਥਾਈ ਵਾਸੀ ਹੈ। ਉਸ ਨੂੰ ਪਿਛਲੇ ਸਾਲ ਨਵੰਬਰ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਸਤੰਬਰ ਤੇ ਦਸੰਬਰ 2013 ਵਿਚਾਲੇ ਉਸ ਨੇ ਹੋਰਾਂ ਨਾਲ ਮਿਲ ਕੇ ਭਾਰਤ ਵਿਚ ਅਤਿਵਾਦੀ ਹਮਲਿਆਂ ਦੀ ਸਾਜ਼ਿਸ਼ ਘੜੀ ਅਤੇ ਇਸ ਲਈ ਸਹਾਇਤਾ ਵੀ ਕੀਤੀ। ਦਸਤਾਵੇਜ਼ਾਂ ਵਿਚ ਕਿਹਾ ਗਿਆ ਕਿ ਬਲਵਿੰਦਰ ਸਿੰਘ ਨੇ ਮੰਨਿਆ ਕਿ ਉਸ ਨੇ ਸਹਿ-ਸਾਜ਼ਿਸ਼ਕਰਤਾ ਦੇ ਦੱਖਣੀ ਏਸ਼ੀਆ ਵਿਚਲੇ ਸਫਰ ਦਾ ਪ੍ਰਬੰਧ ਕੀਤਾ ਅਤੇ ਹਮਲੇ ਨੂੰ ਨੇਪਰੇ ਚਾੜ੍ਹਨ ਲਈ ਲੋੜੀਂਦਾ ਸਾਮਾਨ ਤੇ ਪੈਸਾ ਮੁਹੱਈਆ ਕੀਤਾ। ਉਹ ਕਈ ਮੌਕਿਆਂ ਉਤੇ ਸਾਥੀ ਸਾਜ਼ਿਸ਼ੀ ਨੂੰ ਮਿਲਣ ਲਈ ਰੀਨੋ ਤੋਂ ਕੈਲੀਫੋਰਨੀਆ ਵੀ ਗਿਆ।

ਅਕਤੂਬਰ 2013 ਵਿਚ ਬਲਵਿੰਦਰ ਸਿੰਘ ਤੇ ਸਹਿ-ਸਾਜ਼ਿਸ਼ਕਾਰ ਇਸ ਗੱਲ ਉਤੇ ਸਹਿਮਤ ਹੋਏ ਕਿ ਉਨ੍ਹਾਂ ਵਿਚੋਂ ਕੋਈ ਇਕ ਭਾਰਤ ਜਾਵੇਗਾ ਅਤੇ ਕਿਸੇ ਭਾਰਤੀ ਅਧਿਕਾਰੀ ਉਤੇ ਹਮਲੇ ਨੂੰ ਅੰਜਾਮ ਦੇਵੇਗਾ। ਨਿਸ਼ਾਨੇ ਦੀ ਚੋਣ ਇਸ ਸਹਿ-ਸਾਜ਼ਿਸ਼ਕਰਤਾ ਦੇ ਦੱਖਣੀ ਏਸ਼ੀਆ ਪਹੁੰਚਣ ਮਗਰੋਂ ਹੋਣੀ ਸੀ। ਨਵੰਬਰ 2013 ਵਿਚ ਬਲਵਿੰਦਰ ਸਿੰਘ ਨੇ ਰਾਤ ਨੂੰ ਦੇਖਣ ਵਾਲੀਆਂ ਦੋ ਐਨਕਾਂ ਤੇ ਇਕ ਲੈਪਟਾਪ ਖਰੀਦਿਆ ਸੀ ਅਤੇ ਇਹ ਚੀਜ਼ਾਂ ਇਕ ਸਹਿ-ਸਾਜ਼ਿਸ਼ਕਰਤਾ ਨੂੰ ਮੁਹੱਈਆ ਕਰਵਾਈਆਂ, ਜੋ ਇਸ ਹਮਲੇ ਨੂੰ ਅੰਜਾਮ ਦੇਣ ਜਾ ਰਿਹਾ ਸੀ।

# ਦਾਦੀ ਤੇ ਪਿਉ ਨੇ ਲਈ ਦੋ ਮਾਸੂਮਾਂ ਦੀ ਬਲੀ

**ਬਠਿੰਡਾ:** ਪਿੰਡ ਕੋਟਫੱਤਾ ਵਿਚ ਦਾਦੀ ਤੇ ਪਿਉ ਨੇ ਆਪਣੇ ਦੁੱਖਾਂ ਦਾ ਅੰਤ ਕਰਨ ਦਾ ਭਰਮ ਪਾਲਦਿਆਂ ਆਪਣੇ ਹੀ ਦੋ ਮਸੂਮ ਬੱਚਿਆਂ ਰਣਜੋਧ ਸਿੰਘ (4) ਤੇ ਅਨਾਮਿਕਾ (2) ਦੀ ਬਲੀ ਦੇ ਦਿੱਤੀ। ਮਾਸੂਮਾਂ ਨੂੰ ਬਿਜਲੀ ਦੇ ਬਲਬ ਮੂੰਹ ਵਿਚ ਪਾ ਕੇ ਕਰੰਟ ਲਗਾ ਕੇ ਮਾਰ ਦਿੱਤਾ ਗਿਆ।



ਪਿੰਡ ਕੋਟਫੱਤਾ ਵਿਚ ਨਿਰਮਲ ਕੌਰ ਪਤਨੀ ਮੁਖਤਿਆਰ ਸਿੰਘ ਤੇ ਮ੍ਰਿਤਕ ਬੱਚਿਆਂ ਦੇ ਪਿਤਾ ਕੁਲਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਨੇ ਚੇਲਾਗਿਰੀ ਕਰਦਿਆਂ ਆਪਣੇ ਅਤੇ ਆਪਣੇ ਰਿਸ਼ਤੇਦਾਰਾਂ ਦੇ ਦੁੱਖਾਂ ਦਾ ਅੰਤ ਕਰਨ ਲਈ ਇਹ ਕਾਰਾ ਕੀਤਾ। ਉਨ੍ਹਾਂ ਆਪਣੇ ਹੀ ਮਾਸੂਮ ਬੱਚਿਆਂ ਨੂੰ ਮਾਰ ਕੇ ਘਰ ਉਜਾੜ ਲਿਆ ਹੈ। ਜਾਣਕਾਰੀ ਮੁਤਾਬਕ ਨਿਰਮਲ ਕੌਰ ਦੀ ਭੈਣ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੀ ਹੈ ਤੇ ਉਸ ਦੀ ਇਕ ਕੁੜੀ ਦੇ ਛੇ ਸਾਲਾਂ ਤੋਂ ਕੋਈ ਬੱਚਾ ਨਹੀਂ ਹੋਇਆ। ਇਸ ਸਭ ਦੇ ਚੱਲਦਿਆਂ ਦੋਵੇਂ ਮੁਲਜ਼ਮ ਚੇਲਾਗਿਰੀ ਵਿਚ ਪਏ ਹੋਏ ਸਨ। ਮੁਲਜ਼ਮ ਨਿਰਮਲ ਕੌਰ ਨੇ ਆਪਣੇ ਪਤੀ ਮੁਖਤਿਆਰ ਸਿੰਘ ਨੂੰ ਘਰੋਂ ਕੱਢ ਰੱਖਿਆ ਹੈ ਤੇ ਜ਼ਿੰਦਾ ਹੋਣ ਦੇ ਬਾਵਜੂਦ ਮਰਿਆ ਕਰਾਰ ਦਿੱਤਾ ਹੋਇਆ ਹੈ। ਆਪਣੇ ਘਰ ਵਿਚ ਚੇਲਾਗਿਰੀ ਕਰਦਿਆਂ ਇਸ ਘਟਨਾ ਨੂੰ ਅੰਜਾਮ ਦਿੱਤਾ।

ਇਸ ਪਿੱਛੋਂ ਸ਼ੋਰ-ਸ਼ਰਾਬਾ ਹੋਣ 'ਤੇ ਮੁਲਜ਼ਮ ਕੁਲਵਿੰਦਰ ਸਿੰਘ ਦੇ ਬਾਹਰੋਂ ਆਏ ਛੋਟੇ ਭਰਾ ਨੇ ਗੁਆਂਢੀਆਂ ਨਾਲ ਮਿਲ ਕੇ ਘਰ ਦੀ ਕੁੰਡੀ ਤੁੜਵਾਈ ਅਤੇ ਅੰਦਰ ਦਾਖਲ ਹੋਇਆ। ਸੂਤਰਾਂ ਅਨੁਸਾਰ ਮੁਲਜ਼ਮਾਂ ਨੇ ਮ੍ਰਿਤਕ ਬੱਚਿਆਂ ਦੀ ਮਾਂ ਦੀ ਵੀ ਬਲੀ ਦੇਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਮੁਸ਼ਕਲ ਨਾਲ ਬਚਾਇਆ ਜਾ ਸਕਿਆ।

# ਸਰਕਾਰੀ ਵਿਭਾਗਾਂ ਨੇ ਹੀ ਸਭ ਤੋਂ ਵੱਧ ਲਾਈ ਪਾਵਰਕੌਮ ਨੂੰ ਕੁੰਡੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ 50 ਤੋਂ ਵੱਧ ਵਿਭਾਗਾਂ ਵੱਲੋਂ ਬਿਜਲੀ ਦੇ ਬਿਲ ਭਰਨ ਵਿਚ ਲਗਾਤਾਰ ਕੋਤਾਹੀ ਵਰਤੀ ਜਾ ਰਹੀ ਹੈ। ਨਿਗਮ ਵੱਲੋਂ ਜਲ ਸਪਲਾਈ ਘਰਾਂ ਅਤੇ ਕੁਝ ਸਿਆਸਤਦਾਨਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਜਾਣ ਤੋਂ ਬਾਅਦ ਇਹ ਮਾਮਲਾ ਸੁਰਖੀਆਂ ਵਿਚ ਆਇਆ ਤਾਂ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਸਰਕਾਰੀ ਵਿਭਾਗਾਂ ਨੇ ਬਿਜਲੀ ਨਿਗਮ ਦੇ 745 ਕਰੋੜ ਰੁਪਏ ਦੇਣੇ ਹਨ। ਇਨ੍ਹਾਂ ਵਿਚ ਜਲ ਘਰ, ਮਿਊਂਸਪਲ ਕਮੇਟੀਆਂ, ਸਰਕਾਰੀ ਹਸਪਤਾਲ, ਪੁਲਿਸ ਵਿਭਾਗ, ਪੰਚਾਇਤ ਵਿਭਾਗ, ਜੇਲ੍ਹਾਂ, ਸਿੰਜਾਈ, ਸਕੂਲ, ਡਿਪਟੀ ਕਮਿਸ਼ਨਰਾਂ ਦੇ ਦਫਤਰ ਤੇ ਲੋਕ ਨਿਰਮਾਣ ਵਿਭਾਗ ਆਦਿ ਸਭ ਤੋਂ ਵੱਡੇ ਡਿਫਾਲਟਰ ਹਨ।

**ਬਿਜਲੀ ਨਿਗਮ ਵੱਲ 745 ਕਰੋੜ ਦਾ ਬਕਾਇਆ**



ਪਾਵਰਕੌਮ ਨੇ ਇਨ੍ਹਾਂ 50 ਤੋਂ ਵੱਧ ਵਿਭਾਗਾਂ ਤੋਂ 745 ਕਰੋੜ 86 ਲੱਖ ਰੁਪਏ ਲੈਣੇ ਹਨ। ਨਿਗਮ ਨੇ ਜਿਵੇਂ ਹੀ ਕੁਨੈਕਸ਼ਨ ਕੱਟਣ ਦਾ ਕੰਮ ਸ਼ੁਰੂ ਕੀਤਾ ਹੈ ਤਾਂ ਸਾਰੇ ਵਿਭਾਗਾਂ ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਹੈ। ਵਿਭਾਗਾਂ ਵੱਲੋਂ ਬਿੱਲ ਨਾ ਭਰਨ ਦੇ ਮਾਮਲੇ ਵਿਚ ਇਕ ਇਹ ਪਹਿਲੂ ਵੀ ਸਾਹਮਣੇ ਆਇਆ ਹੈ ਕਿ ਸਰਕਾਰ ਦੀ ਮੰਦੀ ਹਾਲਤ ਕਾਰਨ ਵਿਭਾਗਾਂ ਨੂੰ ਬਹੁਤ ਘੱਟ ਪੈਸਾ ਜਾਰੀ ਕੀਤਾ ਜਾਂਦਾ ਹੈ। ਦੂਜਾ ਵਿਭਾਗਾਂ ਦੇ ਮੁੱਖੀਆਂ ਵੱਲੋਂ ਬਿਜਲੀ ਦੇ ਬਿੱਲ ਭਰਨ ਨੂੰ ਤਰਜੀਹ ਵੀ ਨਹੀਂ ਦਿੱਤੀ ਜਾਂਦੀ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਪੁਲਿਸ ਥਾਣਿਆਂ ਅਤੇ ਵੱਡੇ ਅਫਸਰਾਂ ਦੇ ਘਰਾਂ ਜਾਂ ਦਫਤਰਾਂ ਵਿਚ ਬਿਜਲੀ ਚੋਰੀ ਵੀ ਕੀਤੀ ਜਾਂਦੀ ਹੈ। ਨਿਗਮ ਵੱਲੋਂ ਸਰਕਾਰੀ ਦਫਤਰਾਂ ਜਾਂ ਅਫਸਰਾਂ ਦੇ ਘਰਾਂ ਵਿਚ ਬਿਜਲੀ ਚੋਰੀ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ।

ਪਾਵਰਕੌਮ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਵੱਲੋਂ ਬਿੱਲ ਨਾ ਭਰਨ ਕਾਰਨ 3 ਕਰੋੜ 15 ਲੱਖ ਰੁਪਏ ਅਤੇ ਐਸ.ਡੀ.ਐਮ. ਦਫਤਰਾਂ ਵੱਲ 1 ਕਰੋੜ 17 ਲੱਖ, ਤਹਿਸੀਲ ਕੰਪਲੈਕਸਾਂ ਵੱਲ 3 ਕਰੋੜ 86 ਲੱਖ ਦਾ ਬਕਾਇਆ ਖੜ੍ਹਾ ਹੈ। ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਵੱਲੋਂ ਵੀ ਬਿਲ ਭਰਨ ਦੇ ਮਾਮਲੇ ਵਿਚ ਸਿਹਤ ਵਿਭਾਗ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਡਿਸਪੈਂਸਰੀਆਂ ਅਤੇ ਹਸਪਤਾਲਾਂ ਵੱਲ ਪਾਵਰਕੌਮ ਦੇ 24 ਕਰੋੜ 32 ਲੱਖ ਰੁਪਏ ਖੜ੍ਹੇ ਹਨ। ਇਸੇ ਤਰ੍ਹਾਂ ਮਿਊਂਸਪਲ ਕਮੇਟੀਆਂ ਦੇ ਜਲ ਘਰਾਂ ਵੱਲ 95 ਕਰੋੜ ਤੇ ਮਿਊਂਸਪਲ ਕਮੇਟੀਆਂ ਦੇ ਦਫਤਰਾਂ ਵੱਲ 54 ਕਰੋੜ 20 ਲੱਖ ਰੁਪਏ ਖੜ੍ਹੇ ਹਨ। ਪੰਚਾਇਤੀ ਵਿਭਾਗ ਨਾਲ ਸਬੰਧਤ ਦਫਤਰਾਂ ਵੱਲੋਂ ਬਿਜਲੀ ਦੇ ਬਿੱਲ ਨਾ ਭਰਨ ਕਾਰਨ ਬਕਾਇਆ ਰਾਸ਼ੀ 149 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਸਿੰਜਾਈ ਵਿਭਾਗ ਨੇ ਪਾਵਰਕੌਮ ਦੀ ਬਿਜਲੀ ਤਾਂ ਫੂਕੀ, ਪਰ ਬਿੱਲ ਨਹੀਂ ਭਰਿਆ ਤੇ 100 ਕਰੋੜ ਰੁਪਏ ਦਾ ਬਕਾਇਆ ਬਣ ਗਿਆ ਹੈ। ਦਿਹਾਤੀ ਜਲ ਸਪਲਾਈ ਵਿਭਾਗ ਵੱਲੋਂ 353 ਕਰੋੜ ਰੁਪਏ ਦੇ ਬਿੱਲ ਨਾ ਭਰਨ ਕਾਰਨ ਜਲ ਘਰਾਂ ਦੇ ਕੁਨੈਕਸ਼ਨ ਕੱਟਣ ਕਾਰਨ ਇਹ ਮਾਮਲਾ ਪਿਛਲੇ ਕਈ ਦਿਨਾਂ ਤੋਂ ਸੁਰਖੀਆਂ ਵਿਚ ਹੈ।

ਕੇਂਦਰ ਸਰਕਾਰ ਦੇ ਵਿਭਾਗ ਵੀ ਇਸ ਮਾਮਲੇ ਵਿਚ ਪਿੱਛੇ ਨਹੀਂ। ਪਾਵਰਕੌਮ ਮੁਤਾਬਕ ਕੇਂਦਰੀ ਵਿਭਾਗਾਂ ਨੇ ਬਿੱਲ ਨਾ ਭਰਨ ਕਾਰਨ 3 ਕਰੋੜ 68 ਲੱਖ ਰੁਪਏ ਦੇਣੇ ਹਨ। ਇਸੇ ਤਰ੍ਹਾਂ ਸਰਕਾਰੀ ਸਕੂਲਾਂ ਨੇ ਬਿੱਲ ਨਹੀਂ ਭਰਿਆ ਤੇ ਬਕਾਇਆ ਰਾਸ਼ੀ 2 ਕਰੋੜ 61 ਲੱਖ ਰੁਪਏ ਹੋ ਗਈ। ਜੇਲ੍ਹਾਂ ਤੋਂ 2 ਕਰੋੜ 76 ਲੱਖ ਰੁਪਏ ਦੀ ਵਸੂਲੀ ਕਰਨੀ ਹੈ। ਅਦਾਲਤਾਂ ਵੱਲ ਵੀ 97 ਲੱਖ ਰੁਪਏ ਖੜ੍ਹੇ ਹਨ। ਪਾਵਰਕੌਮ ਵੱਲੋਂ ਹੋਰ ਵਿਭਾਗ ਦੇ ਖਾਤੇ ਵਿਚ 66 ਕਰੋੜ ਰੁਪਏ ਦੀ ਵਸੂਲੀ ਦੱਸੀ ਗਈ ਹੈ।

## Matrimonial

### ਵਰ ਦੀ ਲੋੜ

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India) *11-18*

ਕੰਬੋਜ ਸਿੱਖ, 28 ਸਾਲ, 5'-4", ਮਾਸਟਰ ਇਨ ਲਾਅ, ਪੰਜਾਬ ਤੇ ਹਰਿਆਣਾ ਹਾਈ ਕੋਰਟ (ਚੰਡੀਗੜ੍ਹ) ਵਿਚ ਐਡਵੋਕੇਟ ਲੜਕੀ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 01191-98122-65615 *10-11*

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 *9-12*

ਕੈਨੇਡੀਅਨ, ਜੱਟ ਸਿੱਖ ਚਾਹਲ, 28 ਸਾਲ, 5'-3", ਪੋਸਟ ਗਰੈਜੂਏਟ, ਸਬਵੇ ਮੈਨੇਜਰ, ਵੈਸ਼ਨੂੰ ਲੜਕੀ ਲਈ ਕੈਨੇਡੀਅਨ/ਅਮਰੀਕਨ ਯੋਗ ਵਰ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਭਰਾ ਨੂੰ ਕੈਨੇਡਾ/ਅਮਰੀਕਾ ਰਿਸ਼ਤਾ ਕਰਵਾਉਣ। ਸੰਪਰਕ ਕਰੋ, ਫੋਨ: 01191-98551-09270, ਈਮੇਲ: bhupinder.login@yahoo.com *9-12*

### ਵਰ ਦੀ ਲੋੜ

Wanted US Citizen/Green card holder match for Ravidasia Sikh, 38, 5'-5", slim, beautiful girl, never married, on visitor visa in US. M.A. (history), beautician & tailoring course. Call: 260-213-3337 or email: jsjusa@yahoo.com *11-14*

### ਕੰਨਿਆ ਦੀ ਲੋੜ

Suitable match wanted for US citizen Jatt Sikh handsome boy 32, 5'-8", B.Sc. in electrical engineer, family well settled in Michigan. The girl should be nice and employed. Call, Ph: 586-435-6228 or 313-327-4107 *10-13*

Seeking suitable match for Jatt Sikh US citizen boy 29, 5'-11" wears turban, trims beard. Bachelor in computer information systems. Family well settled in Bay Area, CA. contact: bayarea257@gmail.com or Ph. 510-541-9594 *9-12*

ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਫੋਨ: 847-359-0746

# ਚੀਨ ਵੱਲੋਂ ਰਾਖਵੇਂ ਫੌਜੀ ਬਲਾਂ ਦੀ ਨਫਰੀ ਘਟਾਉਣ ਦਾ ਫੈਸਲਾ

**ਪੇਈਚਿੰਗ:** ਵਿਸ਼ਵ ਦੀ ਸਭ ਤੋਂ ਵੱਡੀ ਥਲ ਸੈਨਾ (23 ਲੱਖ ਦੇ ਕਰੀਬ) ਵਾਲੇ ਮਾਲਕ ਚੀਨ ਨੇ ਆਪਣੇ ਰਾਖਵੇਂ ਫੌਜੀ ਬਲਾਂ ਦੀ ਨਫਰੀ ਘਟਾਉਣ ਦਾ ਫੈਸਲਾ ਕੀਤਾ ਹੈ। ਨਵੇਂ ਸੁਧਾਰਾਂ ਤਹਿਤ ਰਾਖਵੇਂ ਬਲਾਂ ਨੂੰ ਹੋਰਨਾਂ ਸੇਵਾਵਾਂ 'ਤੇ ਲਾਇਆ ਜਾਵੇਗਾ।

ਰਾਖਵੀਂ ਫੌਜੀ ਨਫਰੀ ਨੂੰ ਜੰਗ ਮੌਕੇ ਸੂਚਨਾਵਾਂ ਦੇ ਅਦਾਨ ਪ੍ਰਦਾਨ ਉਤੇ ਲਾਇਆ ਜਾਵੇਗਾ। ਚੀਨ ਦੇ ਕੇਂਦਰੀ ਫ਼ੌਜੀ ਕਮਿਸ਼ਨ ਵਿਚ ਨੈਸ਼ਨਲ ਡਿਫੈਂਸ ਮੋਬਲਾਈਜ਼ੇਸ਼ਨ ਦੇ ਮੁਖੀ ਸ਼ੇਂਗ ਬਿਨ ਨੇ ਕਿਹਾ ਕਿ ਚੀਨ ਵੱਲੋਂ ਰਾਖਵੇਂ ਫੌਜੀ ਬਲਾਂ ਦੀ ਗਿਣਤੀ ਘਟਾਉਂਦਿਆਂ ਇਨ੍ਹਾਂ ਨੂੰ ਹੋਰਨਾਂ ਸੇਵਾਵਾਂ ਲਈ ਰਾਖਵੇਂ ਕੋਟੇ ਵਜੋਂ ਰੱਖਿਆ ਜਾਵੇਗਾ। ਸ਼ੇਂਗ ਨੇ ਉਪਰੋਕਤ ਟਿੱਪਣੀ ਇਥੇ ਚੀਨੀ ਸੰਸਦ, ਨੈਸ਼ਨਲ ਪੀਪਲਜ਼ ਕਾਂਗਰਸ ਤੋਂ ਵੱਖਰੇ ਤੌਰ 'ਤੇ ਕੀਤੀ। ਹਾਲਾਂਕਿ ਉਨ੍ਹਾਂ ਨੇ ਨਫਰੀ ਕਿੰਨੀ ਕੁ ਘਟਾਉਣੀ ਹੈ, ਇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਉਧਰ, ਸ਼ੇਂਗ ਦੀ ਇਸ ਟਿੱਪਣੀ ਨੂੰ ਛਾਪਦਿਆਂ ਸਰਕਾਰੀ ਰੋਜ਼ਨਾਮਚਾ ਗਲੋਬਲ ਟਾਈਮਜ਼ ਨੇ ਕਿਹਾ ਕਿ ਚੀਨ, ਵਧੇਰੇ ਸ੍ਰੇਸ਼ਠ ਤੇ ਸਮਰੱਥ ਫੌਜ ਦੀ ਕਾਇਮੀ ਲਈ ਸਾਲ 2017 ਦੇ ਅਖੀਰ ਤੱਕ ਤਿੰਨ ਲੱਖ ਫੌਜੀਆਂ ਦੀ ਕਟੌਤੀ ਕਰ ਸਕਦਾ ਹੈ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਜੋ ਕਿ ਪੀਪਲਜ਼ ਲਿਬਰੇਸ਼ਨ ਆਰਮੀ ਦੀ ਸਿਖਰਲੀ ਜਥੇਬੰਦੀ ਕੇਂਦਰੀ ਫ਼ੌਜੀ ਕਮਿਸ਼ਨ ਦੇ ਮੁਖੀ ਵੀ ਹਨ, ਨੇ 2015 ਵਿਚ ਤਿੰਨ ਲੱਖ ਦੇ ਕਰੀਬ ਫੌਜੀ ਨਫਰੀ ਘਟਾਉਣ ਦੀ ਗੱਲ ਕਹੀ ਸੀ, ਜਿਸ ਲਈ ਮਗਰੋਂ ਉਨ੍ਹਾਂ ਨੂੰ ਨਾਰਾਜ਼ਗੀ ਵੀ ਝੱਲਣੀ ਪਈ ਸੀ। ਉਂਜ ਇਹ ਸਾਫ ਨਹੀਂ ਕਿ ਤਿੰਨ ਲੱਖ ਦੀ ਉਪਰੋਕਤ ਨਫਰੀ ਵੱਖ ਵੱਖ ਯੂਨਿਟਾਂ ਨਾਲ ਸਬੰਧਤ ਹੈ ਜਾਂ ਉਨ੍ਹਾਂ ਦੀ ਸੇਵਾ ਮੁਕਤੀ ਦਾ ਅਮਲ ਵਿਚਾਰਅਧੀਨ ਹੈ।

# ਕਾਲੇ ਧਨ ਵਾਲਿਆਂ ਨੂੰ ਇਮਾਨਦਾਰ ਬਣਨ ਦਾ ਇਕ ਹੋਰ ਮੌਕਾ

**ਨਵੀਂ ਦਿੱਲੀ:** ਆਮਦਨ ਕਰ ਵਿਭਾਗ ਨੇ ਕਾਲੇ ਧਨ ਵਾਲਿਆਂ ਨੂੰ ਕਰ ਮੁਆਫੀ ਯੋਜਨਾ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ' ਤਹਿਤ ਇਮਾਨਦਾਰੀ ਨਾਲ ਖੁਲਾਸਾ ਕਰਨ ਲਈ ਆਖਦਿਆਂ ਚਿਤਾਵਨੀ ਦਿੱਤੀ ਹੈ ਕਿ ਖੁਲਾਸਾ ਨਾ ਕਰਨ 'ਤੇ 77.25 ਫੀਸਦੀ ਟੈਕਸ ਅਤੇ ਜੁਰਮਾਨਾ




ਲੱਗੇਗਾ ਅਤੇ ਕੇਸ ਵੱਖਰਾ ਚੱਲੇਗਾ।

ਉਘੀਆਂ ਅਖਬਾਰਾਂ ਵਿਚ ਦਿੱਤੇ ਇਸ਼ਤਿਹਾਰ ਵਿਚ ਵਿਭਾਗ ਨੇ ਕਿਹਾ ਕਿ ਫਿੰਗਰਪ੍ਰਿੰਟਾਂ ਵਾਂਗ ਤੁਹਾਡਾ ਕਾਲਾ ਧਨ ਸਾਨੂੰ ਤੁਹਾਡੇ ਕੋਲ ਲੈ ਜਾਵੇਗਾ। ਵਿਭਾਗ ਨੇ ਚਿਤਾਵਨੀ ਦਿੱਤੀ ਕਿ ਲੁਕੋਈ ਹੋਈ ਆਮਦਨ ਦਾ ਖੁਲਾਸਾ ਨਾ ਕਰਨ 'ਤੇ ਟੈਕਸ, ਸਰਚਾਰਜ ਅਤੇ 77.25 ਫੀਸਦੀ ਸੈੱਸ ਦੇ ਨਾਲ-ਨਾਲ ਜੁਰਮਾਨਾ, ਮੁਕੱਦਮਾ ਅਤੇ ਇਨਫੋਰਸਮੈਂਟ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਸਰਕਾਰ ਨੇ ਪਿਛਲੇ ਸਾਲ ਦਸੰਬਰ ਵਿਚ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਸ਼ੁਰੂ ਕੀਤੀ ਸੀ ਜਿਸ ਤਹਿਤ ਬੇਹਿਸਾਬੀ ਨਕਦੀ ਜਾਂ ਬੈਂਕ ਖਾਤਿਆਂ ਵਿਚ ਜਾਂ ਡਾਕ ਘਰਾਂ ਵਿਚ ਜਮ੍ਹਾਂ ਰੱਖਣ ਵਾਲੇ ਲੋਕ ਉਸ ਦਾ ਖੁਲਾਸਾ ਕਰ ਕੇ ਟੈਕਸ ਤੇ 49.90 ਫੀਸਦੀ ਜੁਰਮਾਨਾ ਅਦਾ ਕਰ ਸਕਦੇ ਹਨ।

ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

TRUCK STOP 40
SAYRE, OK 73662
ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ



ਗੈਸ ਸਟੇਸ਼ਨ ਲਈ ਕੈਸ਼ੀਅਰ ਅਤੇ ਰੋਟੀਆਂ ਬਣਾਉਣ ਵਾਲੇ ਦੀ ਲੋੜ ਹੈ
ਸੰਪਰਕ ਕਰੋ, ਰਾਜ ਸਿੰਘ
ਫੋਨ: 832-512-7172

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838
ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

ਪੰਜਾਬ ਟਾਈਮਜ਼

*ਸਨਿਚਰਵਾਰ, 18 ਮਾਰਚ 2017*

## ਪੰਜਾਬ ਦੇ ਨਤੀਜਿਆਂ ਦਾ ਸੱਚ

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਆਖਰਕਾਰ ਆ ਗਏ ਹਨ, ਪਰ ਆਏ ਕਿਆਸਅਰਾਈਆਂ ਤੋਂ ਉਲਟ ਹਨ। ਇਕ ਪੱਖ ਤੋਂ ਤਾਂ ਆਵਾਮ ਦੀ ਤਸੱਲੀ ਹੈ ਕਿ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਤੋਂ ਖਹਿੜਾ ਛੁੱਟ ਗਿਆ ਹੈ। ਅਸਲ ਵਿਚ ਬੇਅਦਬੀ ਦੀਆਂ ਘਟਨਾਵਾਂ, ਨਸ਼ਿਆਂ ਦੀ ਵਿਕਰੀ, ਬੇਰੁਜ਼ਗਾਰੀ ਅਤੇ ਦੁਰ-ਪ੍ਰਬੰਧ ਤੋਂ ਸੂਬੇ ਦੇ ਲੋਕ ਐਨੇ ਅੱਕੇ ਹੋਏ ਸਨ ਕਿ ਹਰ ਹੀਲੇ ਇਸ ਗਠਜੋੜ ਨੂੰ ਲਾਂਭੇ ਕਰਨ ਲਈ ਕਾਹਲੇ ਹਨ। ਆਮ ਆਦਮੀ ਪਾਰਟੀ ਦੇ ਤਕੜੀ ਤੀਜੀ ਧਿਰ ਵਜੋਂ ਉਭਰਨ ਕਾਰਨ ਆਮ ਰਾਏ ਇਹੀ ਬਣ ਰਹੀ ਸੀ ਕਿ ਐਤਕੀਂ ਪੰਜਾਬ ਦਾ ਤਾਜ ਇਸ ਪਾਰਟੀ ਦੇ ਸਿਰ ਉਤੇ ਬੱਝਣਾ ਹੈ। ਇਸ ਰਾਏ ਦੇ ਕਾਰਨ ਅਤੇ ਆਧਾਰ ਵੀ ਸਨ। ਪਾਰਟੀ ਨੇ ਲੋਕ ਸਭਾ ਚੋਣਾਂ ਵਿਚ ਚਾਰ ਸੀਟਾਂ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ ਅਤੇ ਲੋਕ ਸਭਾ ਦੇ ਨਤੀਜਆਂ ਨੇ ਹੀ ਆਸ ਬੰਨ੍ਹਾ ਦਿੱਤੀ ਸੀ ਕਿ ਪਾਰਟੀ ਵਿਧਾਨ ਸਭਾ ਚੋਣਾਂ ਵਿਚ ਜਿੱਤ ਦਾ ਟੀਚਾ ਆਸਾਨੀ ਨਾਲ ਹਾਸਲ ਕਰ ਲਵੇਗੀ, ਪਰ ਪਾਰਟੀ ਦੇ ਅੰਦਰੂਨੀ ਤੇ ਪੰਜਾਬ ਦੇ ਕੁਝ ਬਹਿਰੂਨੀ ਮਸਲਿਆਂ ਦਾ ਅਸਰ ਚੋਣਾਂ ਉਤੇ ਪਿਆ ਅਤੇ ਅੱਜ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣ ਗਈ ਹੈ। ਸਾਰੇ ਸਿਆਸੀ ਮਾਹਿਰ ਅਤੇ ਵਿਦਵਾਨ ਆਪੋ-ਆਪੇ ਢੰਗ ਨਾਲ ਇਨ੍ਹਾਂ ਚੋਣ ਨਤੀਜਿਆਂ ਦੀ ਪੁਣਛਾਣ ਕਰ ਰਹੇ ਹਨ। ਸਭ ਦੇ ਆਪੋ-ਆਪਣੇ ਤਰਕ ਹਨ, ਪਰ ਇਨ੍ਹਾਂ ਤਰਕਾਂ ਵਿਚ ਇਕ ਤਰਕ ਨੇ ਸਾਰਿਆਂ ਦਾ ਧਿਆਨ ਖਿਚਿਆ ਹੈ ਅਤੇ ਇਹ ਗੌਲਣ ਵਾਲਾ ਵੀ ਹੈ। ਇਸ ਤਰਕ ਮੁਤਾਬਕ ਆਮ ਆਦਮੀ ਪਾਰਟੀ ਅਤੇ ਇਸ ਪਾਰਟੀ ਦੇ ਕੌਮੀ ਆਗੂ ਅਰਵਿੰਦ ਕੇਜਰੀਵਾਲ ਦੀ ਤੱਤੇ ਸਿੱਖਾਂ ਦੀ ਨੇੜਤਾ ਤੋਂ ਬਾਅਦ ਆਰ.ਐਸ.ਐਸ. ਨੇ ਲੱਕ ਬੰਨ੍ਹ ਕੇ ਵੋਟਰਾਂ, ਖਾਸ ਕਰ ਕੇ ਹਿੰਦੂ ਵੋਟਰਾਂ ਨੂੰ ਤਾਕੀਦ ਕੀਤੀ ਕਿ ਵੋਟ ਕਾਂਗਰਸ ਨੂੰ ਪਾਈ ਜਾਵੇ। ਇਸ ਤਰਕ ਵਿਚ ਕਿੰਨਾ ਕੁ ਦਮ ਹੈ, ਇਹ ਤਾਂ ਆਉਣ ਵਾਲੇ ਸਮੇਂ ਨੇ ਸਾਬਤ ਕਰ ਦੇਣਾ ਹੈ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਚਿਰਾਂ ਤੋਂ ਆਰ.ਐਸ.ਐਸ. ਦੇ ਏਜੰਡੇ ਉਤੇ ਹੈ ਅਤੇ ਸਮੁੱਚੇ ਸੂਬੇ ਅੰਦਰ ਇਸ ਦੀਆਂ ਸਰਗਰਮੀਆਂ ਚੁਪ-ਚੁਪੀਤੇ ਚੱਲ ਰਹੀਆਂ ਹਨ। ਇਨ੍ਹਾਂ ਸਰਗਰਮੀਆਂ ਦਾ ਖੁਲਾਸਾ ਤਕਰੀਬਨ ਡੇਢ ਦਹਾਕਾ ਪਹਿਲਾਂ ਇਕ ਮੁੱਖ ਅੰਗਰੇਜ਼ੀ ਅਖਬਾਰ ਨੇ ਵੀ ਕੀਤਾ ਸੀ। ਇਸ ਤੋਂ ਪਹਿਲਾਂ ਪੰਜਾਬੀ ਨੂੰ ਮਾਂ-ਬੋਲੀ ਮੰਨਣ ਤੋਂ ਇਕਕਾਰ ਕਰਨਾ ਅਤੇ ਇਸ ਤੋਂ ਵੀ ਪਹਿਲਾਂ ਪੰਜਾਬ ਨੂੰ ਦੋ-ਭਾਸ਼ੀ ਸੂਬਾ ਆਖੀ ਜਾਣਾ ਕਿਸੇ ਨੂੰ ਭੁੱਲਿਆ ਹੋਇਆ ਨਹੀਂ ਹੈ। ਇਸੇ ਸਿਲਸਿਲੇ ਵਿਚ ਜੇ 1984 ਵਾਲੇ ਸਿੱਖ ਕਤਲੇਆਮ ਦਾ ਤੱਥ ਜੋੜ ਲਿਆ ਜਾਵੇ ਤਾਂ ਮਸਲਾ ਹੋਰ ਗੰਭੀਰ ਜਾਪਣ ਲਗਦਾ ਹੈ। ਤੱਥ ਇਹ ਹੈ ਕਿ ਮੁੰਬਈ ਵਾਲੀ ਸ਼ਿਵ ਸੈਨਾ ਦੇ ਕਾਰਕੁਨਾਂ ਨੇ ਇਸ ਕਤਲੇਆਮ ਵਿਚ ਅਹਿਮ ਰੋਲ ਨਿਭਾਇਆ ਸੀ। ਸਭ ਜਾਣਦੇ ਹਨ ਕਿ ਸ਼ਿਵ ਸੈਨਾ ਕਾਂਗਰਸ ਨੇ ਮੁੰਬਈ ਵਿਚ ਕਾਮਰੇਡਾਂ ਦੇ ਟਾਕਰੇ ਲਈ ਖੜ੍ਹੀ ਕੀਤੀ ਸੀ।

ਇਸ ਪ੍ਰਸੰਗ ਤੋਂ ਪੰਜਾਬ ਦੇ ਨਾਲ ਆਏ ਉਤਰ ਪ੍ਰਦੇਸ਼ ਦੇ ਨਤੀਜੇ ਹੋਰ ਵੀ ਖਤਰਨਾਕ ਹਨ। ਉਥੇ ਭਾਰਤੀ ਜਨਤਾ ਪਾਰਟੀ ਨੇ ਰਿਕਾਰਡ ਦੋ-ਤਹਾਈ ਬਹੁਮਤ ਹਾਸਲ ਕੀਤੀ ਹੈ। ਇਨ੍ਹਾਂ ਚੋਣਾਂ ਤੋਂ ਪਹਿਲਾਂ ਭਾਵੇਂ ਇਹ ਪਾਰਟੀ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਖ ਰਹੇ ਸਨ ਕਿ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ, ਪਰ ਉਸ ਵੇਲੇ ਬਿੱਲੀ ਥੈਲੀਓਂ ਬਾਹਰ ਆ ਗਈ ਜਦੋਂ ਦੱਬਵੀਂ ਸੁਰ ਵਿਚ ਕਿਹਾ ਜਾਣ ਲੱਗਾ ਕਿ ਪਾਰਟੀ ਉਤਰ ਪ੍ਰਦੇਸ਼ ਦੀਆਂ ਚੋਣਾਂ ਮੁਸਲਮਾਨਾਂ ਤੋਂ ਬਗੈਰ ਲੜੇਗੀ ਹੀ ਨਹੀਂ, ਸਗੋਂ ਜਿੱਤੇਗੀ ਵੀ। ਇਸੇ ਕਾਰਨ ਹੀ ਪਾਰਟੀ ਨੇ ਕਿਸੇ ਵੀ ਮੁਸਲਮਾਨ ਆਗੂ ਨੂੰ ਟਿਕਟ ਨਹੀਂ ਦਿੱਤੀ। ਕਬਰਿਸਤਾਨ, ਸ਼ਮਸ਼ਾਨਘਾਟ, ਕਸਾਬ ਆਦਿ ਦੇ ਪ੍ਰਚਾਰ ਰਾਹੀਂ ਇਸ ਢੰਗ ਨਾਲ ਪਾਲਾਬੰਦੀ ਕੀਤੀ ਗਈ ਕਿ ਹਿੰਦੂਆਂ ਦੀਆਂ ਵੋਟਾਂ ਇਕ ਧਿਰ ਵੱਲ ਪਲਟ ਗਈਆਂ। ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਪੰਜਾਬ ਅਤੇ ਉਤਰ ਪ੍ਰਦੇਸ਼ ਵੱਖ ਵੱਖ ਧਰਾਤਲਾਂ ਵਾਲੇ ਸੂਬੇ ਹਨ, ਪਰ ਹਿੰਦੂਆਂ ਦੀ ਵੋਟਾਂ ਚੋਣਾਂ ਦੇ ਨਤੀਜਿਆਂ ਉਤੇ ਅਸਰਅੰਦਾਜ਼ ਹੋ ਰਹੀਆਂ ਹਨ। ਪੰਜਾਬ ਬਾਰੇ ਫਿਲਹਾਲ ਇਹੀ ਕਿਹਾ ਜਾ ਰਿਹਾ ਹੈ ਕਿ ਇਸ ਸੂਬੇ ਵਿਚ ਮੋਦੀ ਦਾ ਜਾਦੂ ਨਹੀਂ ਚੱਲਿਆ, ਪਰ ਅੰਤਿਮ ਨਤੀਜਾ ਤਾਂ ਅਗਲਿਆਂ ਦੀ ਮਰਜ਼ੀ ਮੁਤਾਬਕ ਹੀ ਆਇਆ ਹੈ। ਹੁਣ ਕੋਈ ਮੰਨੇ ਭਾਵੇਂ ਨਾ, ਪਰ ਅੱਜ ਦੀ ਤਾਰੀਖ ਵਿਚ ਆਰ.ਐਸ.ਐਸ. ਭਾਰਤੀ ਸਟੇਟ ਦਾ ਇਕ ਅਹਿਮ ਅੰਗ ਬਣ ਚੁੱਕਾ ਹੈ ਅਤੇ ਕਈ ਸੂਬਿਆਂ ਵਿਚ ਇਹ ਪੈਰ ਪਸਾਰ ਚੁਕਾ ਹੈ। ਪੰਜਾਬ ਵਿਚ ਪਹਿਲਾਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਇਹਦੇ ਲਈ ਮੁਆਫਕ ਸੀ, ਹੁਣ ਜਦੋਂ ਆਮ ਆਦਮੀ ਪਾਰਟੀ ਇਸ ਨੂੰ ਉਲਟੇ ਦਾਅ ਵੰਗਾਰ ਰਹੀ ਸੀ ਤਾਂ ਇਸ ਨੇ ਹਾਰ ਰਹੇ ਇਸ ਗਠਜੋੜ ਨੂੰ ਛੱਡ ਕੇ ਕਾਂਗਰਸ ਦਾ ਲੜ ਫੜ ਲਿਆ। ਇੰਨਾ ਜ਼ਰੂਰ ਹੈ ਕਿ ਆਮ ਆਦਮੀ ਪਾਰਟੀ ਦੀਆਂ ਕੁਝ ਟੇਢੀਆਂ ਕਾਰਵਾਈਆਂ ਨੇ ਇਸ ਦੇ ਲਈ ਆਧਾਰ ਬਣਾਇਆ। ਪੰਜਾਬ ਨੂੰ ਦਿੱਲੀ ਤੋਂ ਚਲਾਉਣ ਵਾਲਾ ਤੱਥ ਵੀ 'ਆਪ' ਦੇ ਖਿਲਾਫ ਭੁਗਤਿਆ ਅਤੇ ਮੁਕਾਮੀ ਲੀਡਰਸ਼ਿਪ ਉਤੇ ਬੇਭਰੋਸਗੀ ਇਸ ਨੂੰ ਬਹੁਤ ਮਹਿੰਗੀ ਪਈ ਹੈ। ਪੰਜਾਬ ਤਾਂ ਕਿੰਨੇ ਚਿਰਾਂ ਤੋਂ ਹਾਈ ਕਮਾਂਡ ਕਲਚਰ ਨਾਲ ਆਢੇ ਲਾ ਰਿਹਾ ਹੈ ਅਤੇ ਨਵੀਂ ਸਿਆਸਤ ਦਾ ਦਾਅਵਾ ਕਰਨ ਵਾਲੀ ਇਹ ਪਾਰਟੀ ਇਸੇ ਗੇੜ ਵਿਚ ਜਾ ਫਸੀ। ਕਾਂਗਰਸ ਦੀ ਜਿੱਤ ਦੇ ਇਕ ਕਾਰਨਾਂ ਵਿਚ ਹਾਈ ਕਮਾਂਡ ਖਿਲਾਫ ਕੈਪਟਨ ਅਮਰਿੰਦਰ ਸਿੰਘ ਵੱਲੋਂ ਝੰਡਾ ਚੁੱਕਣਾ ਵੀ ਗਿਣਿਆ ਜਾ ਰਿਹਾ ਹੈ। ਇਸ ਪੱਖ ਤੋਂ ਆਮ ਆਦਮੀ ਪਾਰਟੀ ਨੂੰ ਸ਼ਾਇਦ ਸਭ ਤੋਂ ਵੱਡੀ ਮਾਰ ਪਈ ਹੈ ਅਤੇ ਪਰਦੇਸੀਂ ਵੱਸਦੇ ਇਸ ਦੇ ਸਮਰਥਕ ਇਸ ਹਾਰ ਤੋਂ ਨਿਰਾਸ਼ ਹੋਏ ਹਨ। ਇਸ ਤਰ੍ਹਾਂ ਦੀ ਨਿਰਾਸ਼ਾ ਇਨ੍ਹਾਂ ਪਰਦੇਸੀਆਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਹੰਢਾਈ ਸੀ ਜਦੋਂ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਸਿਆਸਤ ਦੇ ਪਿੜ ਵਿਚ ਪਛੜ ਗਈ ਸੀ। ਉਂਜ ਆਮ ਆਦਮੀ ਪਾਰਟੀ ਕੋਲ ਅਜੇ ਇਕ ਹੋਰ ਮੌਕਾ ਹੈ। ਇਹ ਸੰਜੀਦਾ ਵਿਰੋਧੀ ਧਿਰ ਵਾਲਾ ਰੋਲ ਨਿਭਾ ਕੇ ਅਗਲੀ ਵਾਰ ਲਈ ਪਿੜ ਤਿਆਰ ਕਰ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫੈਸਲਾ ਪੰਜਾਬ ਸਿੰਘ ਦਾ!*

ਆਏ ਭੀੜਾਂ ਵਿਚ ਸੁਗਲ ਦੇ ਵਾਸਤੇ ਹੀ, ਚਾਹਿਆ ਦਿਲੋਂ ਨਾ ਬਹੁਤਾ ਤਬਦੀਲੀਆਂ ਨੂੰ।
ਸਿਆਸੀ ਗੰਦਗੀ ਹੁੰਦਿਆਂ ਰਹੇ 'ਸ਼ੱਕੀ', ਝਾੜੂ ਬਣਦਿਆਂ ਦੇਖ ਕੇ ਤੀਲੀਆਂ ਨੂੰ।
'ਸਿਸਟਮ ਬਦਲਣ' ਦਾ ਹੋਕਾ ਵੀ ਸਮਝਿਆ ਨਾ, ਸੁਣ ਕੇ 'ਸਿਆਸਤੀ ਸੁਰਾਂ' ਸੁਰੀਲੀਆਂ ਨੂੰ।
ਹੂੜ੍ਹ-ਮੱਤ ਸੁਭਾਅ ਵੀ ਸ਼ੋਭਦਾ ਨਹੀਂ, ਵਿਰਸੇ ਵਾਲੀਆਂ ਫੌਜਾਂ ਅਣਖੀਲੀਆਂ ਨੂੰ।
ਕਹਿੰਦੇ ਰਹੇ ਸੀ 'ਉਪਰਲੇ' ਆਪ ਨੂੰ ਜੋ, ਚੁੱਪ ਚੁਪੀਤਿਆਂ ਕਰ ਦਿੱਤੇ 'ਥੱਲੜੇ' ਈ।
ਵਾਹ ਅਲਬੇਲਿਆ ਭਾਈ ਪੰਜਾਬ ਸਿੰਘਾ, ਲੈਨਾਂ ਫੈਸਲੇ ਸਦਾ ਅਵੱਲੜੇ ਈ!

# ਪੰਜਾਬ ਦੇ ਚੋਣ ਨਤੀਜੇ ਅਤੇ ਕਾਂਗਰਸ ਦਾ ਪੰਜਾਬ ਮਾਡਲ

*ਪੰਜਾਬ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਸਿਆਸੀ ਹਲਕਿਆਂ ਅੰਦਰ ਖਾਸੀ ਹਲਚਲ ਮਚਾਈ ਹੈ। ਇਹ ਚਰਚਾ ਕਾਂਗਰਸ ਦੀ ਮਿਸਾਲੀ ਅਤੇ ਵੱਡੀ ਜਿੱਤ ਦੁਆਲੇ ਘੱਟ, ਆਮ ਆਦਮੀ ਪਾਰਟੀ ਦੀ ਹਾਰ ਦੁਆਲੇ ਜ਼ਿਆਦਾ ਘੁੰਮ ਰਹੀ ਹੈ। ਪੱਤਰਕਾਰ ਜਗਤਾਰ ਸਿੰਘ ਨੇ ਆਪਣੇ ਇਸ ਲੇਖ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀਆਂ ਆਪ-ਹੁਦਰੀਆਂ ਅਤੇ ਕਾਂਗਰਸ ਦੇ ਹਾਈ ਕਮਾਂਡ ਕਲਚਰ ਬਾਰੇ ਟਿੱਪਣੀ ਕਰਦਿਆਂ ਚੋਣ ਨਤੀਜਿਆਂ ਦੀ ਪੁਣ-ਛਾਣ ਕੀਤੀ ਹੈ। ਇਹ ਪੁਣ-ਛਾਣ ਪੰਜਾਬ ਦੀ ਆਉਂਦੇ ਦਿਨਾਂ ਦੀ ਸਿਆਸਤ ਨੂੰ ਸਮਝਣ ਵਿਚ ਸਹਾਈ ਹੋਵੇਗੀ, ਕਿਉਂਕਿ ਕੇਂਦਰੀ ਪੱਧਰ ਉਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਚੜ੍ਹਤ ਅਤੇ ਆਰ.ਐਸ.ਐਸ. ਦੀ ਵੱਖ ਵੱਖ ਮਸਲਿਆਂ ਅੰਦਰ ਦਖਲਅੰਦਾਜ਼ੀ, ਧੁਸ ਦੇ ਕੇ ਅੱਜ ਦੀ ਸਿਆਸਤ ਦੇ ਕੇਂਦਰ ਵਿਚ ਆ ਰਹੀ ਹੈ। ਇਸ ਪੱਖ ਤੋਂ ਇਹ ਲੇਖ ਅਹਿਮ ਹੈ। -ਸੰਪਾਦਕ*



ਜਗਤਾਰ ਸਿੰਘ
ਫੋਨ +91-97797-11201

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾ ਸਿਰਫ਼ ਪਟਿਆਲਾ ਹਲਕੇ ਤੋਂ ਹੀ ਚੋਣ ਜਿੱਤੇ ਹਨ, ਬਲਕਿ ਉਨ੍ਹਾਂ ਨੇ 52407 ਵੋਟਾਂ ਦੇ ਵੱਡੇ ਫ਼ਰਕ ਨਾਲ ਇਹ ਚੋਣ ਜਿੱਤ ਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਇਹ ਵੀ ਸੱਚ ਹੈ ਕਿ ਕਾਂਗਰਸ ਨਾ ਸਿਰਫ਼ ਵੱਡੀ ਜਿੱਤ ਨਾਲ ਮੁੜ ਸੱਤਾ ਵਿਚ ਹੀ ਆਈ ਹੈ, ਬਲਕਿ ਇਸ ਨੇ 1966 ਵਿਚ ਬਣੇ ਪੰਜਾਬੀ ਸੂਬੇ ਦੇ ਚੋਣ ਇਤਿਹਾਸ ਵਿਚ ਹੁਣ ਤਕ ਦੀ ਸਭ ਤੋਂ ਵੱਡੀ ਜਿੱਤ ਦਰਜ ਕੀਤੀ ਹੈ। 1992 ਵਿਚ ਭਾਵੇਂ ਇਸ ਨੇ ਹੁਣ ਨਾਲੋਂ ਵੀ ਵੱਧ ਸੀਟਾਂ ਜਿੱਤ ਲਈਆਂ ਸਨ, ਪਰ ਉਸ ਵੇਲੇ ਉਸ ਸਮੇਂ ਦੀ ਮੁੱਖ ਵਿਰੋਧੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣਾਂ ਦਾ ਬਾਈਕਾਟ ਕੀਤਾ ਹੋਇਆ ਸੀ। ਮੌਜੂਦਾ ਚੋਣ ਨਤੀਜਿਆਂ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਇਹ ਨਤੀਜੇ ਕਾਂਗਰਸ ਪਾਰਟੀ ਦੀ ਕੌਮੀ ਲੀਡਰਸ਼ਿਪ ਜੋ ਗਾਂਧੀ ਪਰਿਵਾਰ ਦੇ ਹੱਥ ਹੈ, ਲਈ ਪਾਰਟੀ ਨੂੰ ਕੌਮੀ ਪੱਧਰ ਉਤੇ ਉਭਾਰਨ ਦਾ ਸਬਕ ਸਮੋਈ ਬੈਠੇ ਹਨ।

ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਕਦੇ ਇਹ ਸੋਚਿਆ ਵੀ ਨਹੀਂ ਹੋਣਾ ਕਿ 90 ਸਾਲ ਦੀ ਉਮਰ ਅਤੇ ਮੁੱਖ ਮੰਤਰੀ ਵਜੋਂ ਆਪਣੀ ਪੰਜਵੀਂ ਮਿਆਦ ਦੇ ਅਖ਼ੀਰ ਵਿਚ ਉਨ੍ਹਾਂ ਨੂੰ ਆਪਣੀ ਪਾਰਟੀ ਦੀ ਐਨੀ ਨਮੋਸ਼ੀਜਨਕ ਹਾਰ ਦਾ ਮੂੰਹ ਵੇਖਣਾ ਪਵੇਗਾ। ਉਨ੍ਹਾਂ ਦਾ ਪੁੱਤਰ ਅਤੇ ਸੂਬੇ ਦਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪ੍ਰਸ਼ਾਸਨਿਕ ਮਾਮਲਿਆਂ ਵਿਚ ਇਸ ਹੱਦ ਤਕ ਦਖ਼ਲਅੰਦਾਜ਼ੀ ਨਹੀਂ ਸੀ ਕਰ ਸਕਦਾ, ਜੇ ਉਹ ਉਸ ਦੀਆਂ ਆਪਹੁਦਰੀਆਂ ਕਾਰਵਾਈਆਂ 'ਤੇ ਲਗਾਮ ਲਾ ਕੇ ਰੱਖਦੇ। ਟਰਾਂਸਪੋਰਟ ਕੰਪਨੀਆਂ ਹਥਿਆਉਣ ਅਤੇ ਸੂਬੇ ਦੀ ਜਨਤਕ ਟਰਾਂਸਪੋਰਟ ਦੇ ਹਿੱਤਾਂ ਦਾ ਘਾਣ ਕਰ ਕੇ ਮੁਨਾਫ਼ੇ ਵਾਲੇ ਰੂਟ ਅਤੇ ਜ਼ਿਆਦਾ ਸਵਾਰੀਆਂ ਪੈਣ ਵਾਲੇ ਟਾਈਮ ਆਪਣੀ ਕੰਪਨੀ ਦੀਆਂ ਬੱਸਾਂ ਲਈ ਅਲਾਟ ਕਰਵਾਉਣ ਦੀਆਂ ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਅਕਾਲੀ ਦਲ ਉਤੇ ਭਾਰੀ ਪੈ ਗਈਆਂ। ਨਿੱਜੀ ਹਿੱਤਾਂ ਲਈ ਜਨਤਕ ਹਿੱਤਾਂ ਨੂੰ ਕੁਰਬਾਨ ਕਰਨ ਦਾ ਇਹ ਵਰਤਾਰਾ ਪਾਰਟੀ ਦੇ ਧੁਰ ਹੇਠਾਂ ਤਕ ਚਲਾ ਗਿਆ ਜਿਸ ਨਾਲ ਪਾਰਟੀ ਪੂਰੀ ਤਰ੍ਹਾਂ ਭ੍ਰਿਸ਼ਟ ਵਰਤਾਰਿਆਂ ਵਿਚ ਲਿਪਤ ਹੋ ਗਈ। ਮੁੱਖ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਇਸ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਨਾ ਕੇਵਲ ਟਰਾਂਸਪੋਰਟ, ਬਲਕਿ ਮੀਡੀਆ ਅਤੇ ਰੇਤਾ-ਬਜਰੀ ਸਮੇਤ ਹਰ ਖੇਤਰ ਉਤੇ ਬਾਦਲ ਪਰਿਵਾਰ ਨਾਲ ਸਬੰਧਿਤ ਮਾਫ਼ੀਆ ਨੇ ਕਬਜ਼ਾ ਕਰ ਲਿਆ। ਨਸ਼ੇ ਦੇ ਸੌਦਾਗਰ ਸੂਬੇ ਵਿਚ ਖੁੱਲ੍ਹ ਖੇਡਣ ਲੱਗ ਪਏ।

ਬਿਨਾਂ ਕੋਈ ਜ਼ਿੰਮੇਵਾਰੀ ਓਟਿਆਂ ਸੂਬੇ ਦੇ ਉਪ ਮੁੱਖ ਮੰਤਰੀ ਵਜੋਂ ਸਰਕਾਰ ਵਿਚ ਜਿਹੜੀਆਂ ਚੰਮ ਦੀਆਂ ਸੁਖਬੀਰ ਸਿੰਘ ਬਾਦਲ ਨੇ ਚਲਾਈਆਂ, ਉਨ੍ਹਾਂ ਨੇ ਸ਼੍ਰੋਮਣੀ ਅਕਾਲ ਦਲ ਨੂੰ ਆਮ ਲੋਕਾਂ ਨਾਲੋਂ ਤੋੜ ਕੇ ਰੱਖ ਦਿੱਤਾ। ਉਸ ਦੀ ਕਮਾਨ ਹੇਠ ਪੰਜਾਬ ਵਿਚ ਅਮਨ-ਕਾਨੂੰਨ ਦਾ ਢਾਂਚਾ ਬੁਰੀ ਤਰ੍ਹਾਂ ਢਹਿਢੇਰੀ ਹੋ ਗਿਆ। ਅਮਨ-ਕਾਨੂੰਨ ਬਰਕਰਾਰ ਰੱਖਣ ਲਈ ਜ਼ਿੰਮੇਵਾਰ ਸਰਕਾਰੀ ਏਜੰਸੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦੀ ਨਿਸ਼ਾਨਦੇਹੀ ਵੀ ਨਹੀਂ ਕਰ ਸਕੀਆਂ। ਲੁੱਟਾਂ-ਖੋਹਾਂ, ਔਰਤਾਂ ਅਤੇ ਗ਼ਰੀਬਾਂ ਵਿਰੁਧ ਵਧੀਕੀਆਂ ਆਮ ਵਰਤਾਰਾ ਹੋ ਗਿਆ। ਸੂਬੇ ਵਿਚ ਗੈਂਗਸਟਰਾਂ ਦਾ ਨਵਾਂ ਰੁਝਾਨ ਪੈਦਾ ਹੋ ਗਿਆ।

ਇਨ੍ਹਾਂ ਚੋਣ ਨਤੀਜਿਆਂ ਨੇ ਸ਼੍ਰੋਮਣੀ ਅਕਾਲੀ ਦਲ ਉਪਰ ਬਾਦਲਾਂ ਦੀ ਲੀਡਰਸ਼ਿਪ ਉਤੇ ਸੁਆਲੀਆ ਨਿਸ਼ਾਨ ਲਗਾ ਦਿੱਤਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਮਹੂਰੀ ਕਿਰਦਾਰ ਅਤੇ ਦਿੱਖ ਨੂੰ ਬਹਾਲ ਕੀਤੇ ਜਾਣ ਦੀ ਗੱਲ ਉਭਰ ਸਕਦੀ ਹੈ। ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਹੋਈ ਇਸ ਨਮੋਸ਼ੀਜਨਕ ਹਾਰ ਦਾ ਅੰਦਾਜ਼ਾ ਪਹਿਲਾਂ ਹੀ ਲਾਇਆ ਜਾ ਰਿਹਾ ਸੀ, ਕਿਉਂਕਿ ਸੂਬੇ ਦੇ ਲੋਕਾਂ ਵਿਚ ਬਾਦਲ ਸਰਕਾਰ ਪ੍ਰਤੀ ਨਫ਼ਰਤ ਦੀ ਹੱਦ ਤਕ ਰੋਹ ਅਤੇ ਗੁੱਸਾ ਸੀ। ਦੂਜੇ ਪਾਸੇ, ਆਮ ਆਦਮੀ ਪਾਰਟੀ ਨਾਲ ਵੀ ਬੁਰੀ ਹੋਈ ਹੈ ਜੋ ਸੌ ਸੀਟਾਂ ਜਿੱਤਣ ਦਾ ਦਾਅਵਾ ਕਰ ਕੇ ਚੋਣ ਮੈਦਾਨ ਵਿਚ ਉਤਰੀ ਸੀ। ਆਮ ਆਦਮੀ ਪਾਰਟੀ ਦੀ ਸੂਬੇ ਤੋਂ ਬਾਹਰਲੀ ਲੀਡਰਸ਼ਿਪ ਵੱਲੋਂ ਸੌ ਸੀਟਾਂ ਜਿੱਤਣ ਦਾ ਦਾਅਵਾ ਕੁਝ ਜਾਅਲੀ ਚੋਣ ਸਰਵੇਖਣਾਂ ਅਤੇ ਸ਼ੋਸ਼ਲ ਮੀਡੀਆ ਵਿਚ ਚੱਲ ਰਹੇ ਪ੍ਰਚਾਰ ਦੇ ਆਧਾਰ ਉਤੇ ਕੀਤਾ ਜਾ ਰਿਹਾ ਸੀ। ਇਹ ਲੀਡਰ ਅਸਲੀਅਤ ਸਮਝਣ ਦੀ ਥਾਂ ਆਪਣੀ ਹੀ ਵਸਾਈ ਹੋਈ ਦੁਨੀਆ ਵਿਚ ਗੁਆਚੇ ਰਹੇ। ਜਲਾਲਾਬਾਦ ਤੋਂ ਸੁਖਬੀਰ ਬਾਦਲ ਦੇ ਮੁਕਾਬਲੇ ਉਤਾਰਿਆ ਪਾਰਟੀ ਦਾ ਲੋਕ ਸਭਾ ਮੈਂਬਰ ਭਗਵੰਤ ਮਾਨ ਪਾਰਟੀ ਦਾ ਇਕੋ-ਇਕ ਸਟਾਰ ਪ੍ਰਚਾਰਕ ਸੀ। ਮਨੋ-ਮਨੀ ਉਹ ਆਪਣੇ ਆਪ ਨੂੰ ਸੂਬੇ ਦਾ ਅਗਲਾ ਮੁੱਖ ਮੰਤਰੀ ਬਣਿਆ ਮੰਨੀ ਬੈਠਾ ਸੀ, ਪਰ ਉਹ ਖ਼ੁਦ ਚੋਣ ਹਾਰ ਗਿਆ। ਆਮ ਆਦਮੀ ਪਾਰਟੀ ਦਾ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਘੁੱਗੀ ਆਪਣੀ ਸੀਟ ਵੀ ਨਹੀਂ ਜਿੱਤ ਸਕਿਆ। ਭਗਵੰਤ ਮਾਨ ਦੀਆਂ ਚੋਣ ਰੈਲੀਆਂ ਵਿਚ ਅੰਤਾਂ ਦੀ ਭੀੜ ਹੁੰਦੀ ਸੀ। ਅੱਧੀ ਅੱਧੀ ਰਾਤ ਤਕ ਲੋਕ ਉਸ ਨੂੰ ਸੁਣਨ ਲਈ ਬੈਠੇ ਰਹਿੰਦੇ ਸਨ। ਸ਼ਾਇਦ ਉਸ ਦੀ ਹਰਮਨਪਿਆਰਤਾ ਰਾਜਨੀਤਕ ਆਗੂ ਨਾਲੋਂ ਪੇਸ਼ੇਵਰ ਵਿਅੰਗ ਕਲਾਕਾਰ ਹੋਣ ਕਰ ਕੇ ਵੱਧ ਹੈ। ਪਾਰਟੀ ਦਾ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਘੁੱਗੀ ਵੀ ਹਾਸਰਸ ਕਲਾਕਾਰ ਹੀ ਹੈ, ਪਰ ਰਾਜਨੀਤੀ ਇੱਦਾਂ ਦਾ ਗ਼ੈਰਸੰਜੀਦਾ ਵਰਤਾਰਾ ਨਹੀਂ ਹੈ।

ਸਿੱਖਾਂ ਦੇ ਧਾਰਮਿਕ ਤੇ ਰਾਜਨੀਤਕ ਸਰੋਕਾਰਾਂ ਨੂੰ ਸਮਝੇ ਬਗੈਰ ਹੀ ਆਮ ਆਦਮੀ ਪਾਰਟੀ ਵੱਲੋਂ ਪੰਥਕ ਪੱਤਾ ਖੇਡਣ ਦੀ ਕੋਸ਼ਿਸ਼ ਇਸ ਨੂੰ ਪੁੱਠੀ ਪੈ ਗਈ। ਪੰਜਾਬ ਵਿਚ ਆਮ ਆਦਮੀ ਪਾਰਟੀ 'ਬਾਹਰਲੇ' ਬੰਦਿਆਂ ਦੀ ਪਾਰਟੀ ਸਮਝੀ ਜਾਂਦੀ ਰਹੀ, ਕਿਉਂਕਿ ਇਸ ਦਾ ਪਿੱਛੇ ਰਹਿ ਕੇ ਕੰਮ ਕਰਨ ਵਾਲੇ ਢਾਂਚੇ ਵਿਚ ਉਹ ਬੰਦੇ ਸ਼ਾਮਲ ਹਨ ਜਿਹੜੇ ਬਾਹਰਲੇ ਸੂਬਿਆਂ ਵਿਚੋਂ ਲਿਆਂਦੇ ਗਏ ਅਤੇ ਇਨ੍ਹਾਂ ਨੂੰ ਇਸ ਸਰਹੱਦੀ ਤੇ ਮੁਲਕ ਦੇ ਬੇਹੱਦ ਮਹੱਤਵਪੂਰਨ ਸੂਬੇ ਦੇ ਲੋਕਾਂ ਦੀ ਸਮਾਜਿਕ ਤੇ ਰਾਜਨੀਤਕ ਮਾਨਸਿਕਤਾ ਦੀ ਬਿਲਕੁਲ ਵੀ ਸਮਝ ਨਹੀਂ ਸੀ। ਇਸ ਪਾਰਟੀ ਦੇ 'ਬਾਹਰਲੇ' ਆਗੂਆਂ ਵਿਚ ਵੀ ਸੁਖਬੀਰ ਸਿੰਘ ਬਾਦਲ ਵਾਂਗ ਆਕੜ ਆ ਗਈ ਸੀ ਅਤੇ ਇਹ ਬੰਦੇ ਪਾਰਟੀ ਦੇ ਪੰਜਾਬ ਦੇ ਆਗੂਆਂ ਨਾਲ ਹੈਂਕੜ ਨਾਲ ਪੇਸ਼ ਆਉਂਦੇ ਰਹੇ।

ਆਮ ਆਦਮੀ ਪਾਰਟੀ ਵੱਲੋਂ ਖੜ੍ਹੇ ਕੀਤੇ 112 ਉਮੀਦਵਾਰਾਂ ਵਿਚੋਂ 92 ਸਿੱਖ ਸਨ। ਉਨ੍ਹਾਂ ਵਿਚੋਂ 26 ਅੰਮ੍ਰਿਤਧਾਰੀ ਸਨ ਅਤੇ ਇਹ ਵੀ ਦੋਸ਼ ਲਗਦੇ ਰਹੇ ਕਿ ਇਨ੍ਹਾਂ ਵਿਚੋਂ ਛੇ ਦਾ ਪਿਛੋਕੜ ਕਿਸੇ ਨਾ ਕਿਸੇ ਤਰ੍ਹਾਂ ਖਾੜਕੂਵਾਦ ਨਾਲ ਜੁੜਦਾ ਸੀ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਇਹ ਜਚਾ ਦਿੱਤਾ ਗਿਆ ਕਿ ਬਾਦਲ ਸਰਕਾਰ ਖਿਲਾਫ ਚੱਲ ਰਹੀ ਸਥਾਪਤੀ ਵਿਰੋਧੀ ਲਹਿਰ ਦਾ ਲਾਹਾ ਲੈਣ ਲਈ ਬਾਦਲ ਵਿਰੋਧੀ ਸਿੱਖ ਜਥੇਬੰਦੀਆਂ ਦੀ ਹਮਾਇਤ ਬਹੁਤ ਮੁਫ਼ੀਦ ਸਾਬਤ ਹੋਵੇਗੀ। ਉਹ ਅਖੰਡ ਕੀਰਤਨੀ ਜਥੇ ਦੇ ਆਗੂਆਂ ਕੋਲ ਜਾਣ ਦੇ ਨਾਲ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਰਖ਼ਾਸਤ ਕੀਤੇ ਪੰਜ ਪਿਆਰਿਆਂ ਤੋਂ ਅਸ਼ੀਰਵਾਦ ਲੈਣ ਲਈ ਵੀ ਚਲਿਆ ਗਿਆ। ਉਸ ਨੇ ਕਈ ਖਾੜਕੂ ਵਿਚਾਰਾਂ ਵਾਲੇ ਸਿੱਖ ਆਗੂਆਂ ਨਾਲ ਵੀ ਰਾਬਤਾ ਬਣਾਇਆ। ਇਹ ਬੰਦੇ ਅਤੇ ਜਥੇਬੰਦੀਆਂ ਜਮਹੂਰੀ ਢਾਂਚੇ ਅਤੇ ਵਰਤਾਰੇ ਦਾ ਹਿੱਸਾ ਹੀ ਨਹੀਂ ਹਨ। ਇਸ ਸਭ ਕਾਸੇ ਨਾਲ ਪੰਜਾਬ ਦਾ ਹਿੰਦੂ ਭਾਈਚਾਰਾ ਆਮ ਆਦਮੀ ਪਾਰਟੀ ਤੋਂ ਭੈਅਭੀਤ ਹੋ ਗਿਆ ਅਤੇ ਡਟ ਕੇ ਕਾਂਗਰਸ ਦੇ ਹੱਕ ਵਿਚ ਭੁਗਤ ਗਿਆ। ਆਮ ਆਦਮੀ ਪਾਰਟੀ ਵੱਲੋਂ ਖੇਡੇ ਇਸ ਪੰਥਕ ਪੱਤੇ ਕਾਰਨ ਹੀ ਆਰ.ਐਸ.ਐਸ. ਨੇ ਆਪਣੇ ਹਮਾਇਤੀਆਂ ਨੂੰ ਕਾਂਗਰਸ ਦੀ ਹਮਾਇਤ ਕਰਨ ਦੇ ਆਦੇਸ਼ ਦੇ ਦਿੱਤੇ, ਕਿਉਂਕਿ ਉਹ ਅਕਾਲੀ-ਭਾਜਪਾ ਗਠਜੋੜ ਨੂੰ ਤਾਂ ਪਹਿਲਾਂ ਹੀ ਖ਼ਤਮ ਹੋਇਆ ਸਮਝ ਬੈਠੀ ਸੀ। ਇਹ ਪੱਖ ਵੀ ਇਨ੍ਹਾਂ ਚੋਣਾਂ ਦਾ ਮਹੱਤਵਪੂਰਨ ਪਹਿਲੂ ਹੈ।

ਕੇਜਰੀਵਾਲ ਨੇ ਪੰਜਾਬ ਦੇ ਕਿਸੇ ਵੀ ਆਗੂ ਉਤੇ ਭਰੋਸਾ ਨਹੀਂ ਕੀਤਾ, ਜਦੋਂਕਿ ਰਾਜਨੀਤਕ ਪਾਰਟੀਆਂ ਬੇਭਰੋਸਗੀ ਦੇ ਆਲਮ ਵਿਚ ਚੱਲ ਨਹੀਂ ਸਕਦੀਆਂ। ਪਾਰਟੀ ਕੋਲ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਦਾ ਕੋਈ ਲੀਡਰ ਹੈ ਹੀ ਨਹੀਂ ਸੀ ਅਤੇ ਨਾ ਹੀ ਇਸ ਦੀ ਕੇਂਦਰੀ ਲੀਡਰਸ਼ਿਪ ਨੇ ਸਥਾਨਕ ਲੀਡਰ ਪੈਦਾ ਹੋਣ ਦਿੱਤਾ। ਸੂਬੇ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਬੇਇੱਜ਼ਤ ਕਰ ਕੇ ਪਾਰਟੀ ਵਿਚੋਂ ਕੱਢਣਾ ਵੀ ਆਮ ਆਦਮੀ ਪਾਰਟੀ ਉਤੇ ਭਾਰੂ ਪੈ ਗਿਆ।

ਇਨ੍ਹਾਂ ਚੋਣ ਨਤੀਜਿਆਂ ਤੋਂ ਦਿੱਲੀ ਦੀ ਕਾਂਗਰਸ ਲੀਡਰਸ਼ਿਪ ਨੂੰ ਕਾਫ਼ੀ ਕੁਝ ਸਿੱਖਣ ਲਈ ਮਿਲ ਸਕਦਾ ਹੈ। ਪੰਜਾਬ ਵਿਚ ਅਪਣਾਇਆ ਮਾਡਲ ਕਾਂਗਰਸ ਲਈ ਕੌਮੀ ਪੱਧਰ ਉਤੇ ਉਭਰਨ ਵਿਚ ਸਹਾਈ ਸਿੱਧ ਹੋ ਸਕਦਾ ਹੈ, ਭਾਵੇਂ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਵੱਡੀ ਜਿੱਤ ਨੇ ਪੰਜਾਬ ਦੀ ਜਿੱਤ ਦੇ ਬਹੁਤੇ ਚਰਚੇ ਨਹੀਂ ਹੋਣ ਦਿੱਤੇ। ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਲਈ ਇਹ ਸਵੈ-ਪੜਚੋਲ ਦਾ ਸਮਾਂ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਮੁੜ ਪ੍ਰਧਾਨ ਬਣਨ ਲਈ ਕਸ਼ਮਕਸ਼ 'ਚੋਂ ਲੰਘਣਾ ਪਿਆ ਸੀ ਤੇ ਫਿਰ ਉਸ ਨੂੰ ਕੰਮ ਕਰਨ ਦੀ ਖੁੱਲ੍ਹ ਹਾਸਲ ਕਰਨ ਲਈ ਮਹੀਨੇ ਲੱਗ ਗਏ ਸਨ, ਹਾਲਾਂਕਿ ਉਹ ਹੀ ਪੰਜਾਬ ਪਾਰਟੀ ਦਾ ਇਕੋ ਇਕ ਕੱਦਾਵਰ ਆਗੂ ਸੀ। ਉਹ ਪਾਰਟੀ ਦੀ ਚੋਣ ਮੁਹਿੰਮ ਦਾ ਮੁੱਖ ਧੁਰਾ ਅਤੇ ਪ੍ਰਚਾਰਕ ਸੀ। ਉਹ ਕਾਂਗਰਸ ਦਾ ਸਥਾਨਕੀਕਰਨ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਰਿਹਾ। ਪੰਜਾਬ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੇ ਇਸ ਮਾਡਲ ਨੂੰ ਕਾਂਗਰਸ ਵੱਲੋਂ ਦੂਜੇ ਸੂਬਿਆਂ ਵਿਚ ਵੀ ਵਰਤਿਆ ਅਤੇ ਪਰਖਿਆ ਜਾਣਾ ਚੰਗਾ ਰਹੇਗਾ।

ਕਾਂਗਰਸ ਨੂੰ ਚਾਹੀਦਾ ਹੈ ਕਿ ਇਹ ਆਪਣੀ ਖੇਤਰੀ ਲੀਡਰਸ਼ਿਪ ਨੂੰ ਉਭਰਨ ਦੇਵੇ ਜੋ ਬਹੁ-ਸਭਿਆਚਾਰੀ ਸੰਵੇਦਨਾਵਾਂ ਦੇ ਆਧਾਰ ਉਤੇ ਆਪਣੇ ਖੇਤਰੀ ਏਜੰਡੇ ਤੈਅ ਕਰਨ। ਹਾਈ ਕਮਾਂਡ ਕਲਚਰ ਹਰ ਹਾਲ ਖ਼ਾਤਮ ਹੋਣਾ ਚਾਹੀਦਾ ਹੈ। ਪਾਰਟੀ ਦੀਆਂ ਸੂਬਾਈ ਇਕਾਈਆਂ ਦੀ ਪੂਰੀ ਤਰ੍ਹਾਂ ਸਾਫ਼-ਸਫ਼ਾਈ ਕਰ ਕੇ ਇਨ੍ਹਾਂ ਨੂੰ ਖ਼ੁਦਮੁਖਤਿਆਰੀ ਦੇਣੀ ਚਾਹੀਦੀ ਹੈ। ਇਹ ਮਾਡਲ ਅਪਣਾਉਣ ਲਈ ਰਾਹੁਲ ਨੂੰ ਆਪਣਾ ਕੰਮ ਕਰਨ ਦਾ ਢੰਗ ਬਦਲਣਾ ਪਵੇਗਾ। ਕਾਂਗਰਸ ਨੂੰ ਚਲਾ ਰਹੀ, ਗਾਂਧੀ ਪਰਿਵਾਰ ਦੁਆਲੇ ਜੁੜੀ ਖ਼ਾਸ ਜੁੰਡਲੀ ਦੀ ਥਾਂ ਇਸ ਪਾਰਟੀ ਨੂੰ ਹਰ ਸੂਬੇ ਵਿਚ ਉਥੋਂ ਦੀਆਂ ਲੋੜਾਂ ਤੇ ਸਭਿਆਚਾਰ ਅਤੇ ਲੋਕਾਂ ਦੀਆਂ ਉਮੰਗਾਂ ਅਨੁਸਾਰ ਢਲਣਾ ਪੈਣਾ ਹੈ। ਇਨ੍ਹਾਂ ਚੋਣਾਂ ਦੇ ਨਤੀਜੇ ਕੈਪਟਨ ਅਮਰਿੰਦਰ ਸਿੰਘ ਲਈ ਖ਼ੁਸ਼ੀ ਅਤੇ ਪੰਜਾਬ ਲਈ ਕੁਝ ਕਰਨ ਦਾ ਮੌਕਾ ਲੈ ਕੇ ਆਏ ਹਨ। ਇਹ ਹੁਣ ਉਸ ਦੇ ਹੱਥ ਹੈ ਕਿ ਉਹ ਇਸ ਅਵਸਰ ਨੂੰ ਕਿੰਨੀ ਬਾਖ਼ੂਬੀ ਨਾਲ ਕਾਂਗਰਸ ਪਾਰਟੀ ਤੋਂ ਇਲਾਵਾ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਲਈ ਵਰਤਣ ਵਾਸਤੇ ਯਤਨਸ਼ੀਲ ਹੋਵੇਗਾ।

# ਨਿਆਂ ਪ੍ਰਬੰਧ ਵਿਚ ਅਨਿਆਂ ਅਤੇ ਪੱਖਪਾਤ

***ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ ਸਜ਼ਾ ਸੁਣਾਉਂਦਿਆਂ ਸੈਸ਼ਨ ਜੱਜ ਨੇ ਜੋ ਟਿੱਪਣੀਆਂ ਕੀਤੀਆਂ ਹਨ, ਉਸ ਤੋਂ ਨਿਆਂਪਾਲਿਕਾ ਦਾ ਟੀਰ ਸਾਹਮਣੇ ਆ ਜਾਂਦਾ ਹੈ। ਇਸ ਫੈਸਲੇ ਵਿਚ ਜੱਜ ਨੇ ਤੱਥਾਂ ਵੱਲ ਜਾਣ ਦੀ ਥਾਂ, ਵਿਸ਼ੇਸ਼ ਵਿਚਾਰਧਾਰਾ ਨੂੰ ਆਧਾਰ ਬਣਾਇਆ ਹੈ। ਸਾਡੇ ਕਾਲਮਨਵੀਸ ਨੇ ਇਸ ਲੇਖ ਵਿਚ ਨਿਆਂਪਾਲਿਕਾ ਦੇ ਇਸ ਵਰਤਾਰੇ ਬਾਰੇ ਟਿੱਪਣੀ ਕੀਤੀ ਹੈ ਅਤੇ ਦੱਸਿਆ ਹੈ ਕਿ ਮੋਦੀ ਸਰਕਾਰ ਆਉਣ ਤੋਂ ਬਾਅਦ ਕਿਸ ਤਰ੍ਹਾਂ ਜੁਝਾਰੂ ਕਾਰਕੁਨਾਂ ਨੂੰ ਜੇਲ੍ਹਾਂ ਅੰਦਰ ਡੱਕਣ ਦੇ ਮਨਸੂਬੇ ਘੜੇ ਜਾ ਰਹੇ ਹਨ ਅਤੇ ਦਹਿਸ਼ਤ ਲਈ ਜ਼ਿੰਮੇਵਾਰ ਹਿੰਦੂਵਾਦੀ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਸਾਫ ਬਰੀ ਕੀਤਾ ਜਾ ਰਿਹਾ ਹੈ। -ਸੰਪਾਦਕ***

ਸੱਤ ਮਾਰਚ 2017 ਨੂੰ ਗੜ੍ਹਚਿਰੌਲੀ (ਮਹਾਰਾਸ਼ਟਰ) ਦੀ ਸੈਸ਼ਨਜ਼ ਅਦਾਲਤ ਵਲੋਂ ਤਿੰਨ ਉਘੇ ਜਮਹੂਰੀ ਕਾਰਕੁਨਾਂ ਅਤੇ ਤਿੰਨ ਆਦਿਵਾਸੀਆਂ ਸਮੇਤ 6 ਕਾਰਕੁਨਾਂ ਨੂੰ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਦੋਸ਼ੀ ਕਰਾਰ ਦਿੰਦੇ ਹੋਏ ਪੰਜ ਜਣਿਆਂ ਨੂੰ ਉਮਰ ਕੈਦ ਅਤੇ ਛੇਵੇਂ ਨੂੰ 10 ਸਾਲ ਦੀ ਸਜ਼ਾ ਦੇ ਦਿੱਤੀ ਗਈ। ਪ੍ਰੋਫੈਸਰ ਸਾਈਬਾਬਾ ਦਿੱਲੀ ਯੂਨੀਵਰਸਿਟੀ ਦੇ ਰਾਮਲਾਲ ਕਾਲਜ ਵਿਚ ਅੰਗਰੇਜ਼ੀ ਵਿਭਾਗ ਦੇ ਅਧਿਆਪਕ ਹਨ, ਪ੍ਰਸ਼ਾਂਤ ਰਾਹੀ ਸਾਬਕਾ ਪੱਤਰਕਾਰ ਤੇ ਮਸ਼ਹੂਰ ਮਨੁੱਖੀ ਅਧਿਕਾਰ ਕਾਰਕੁਨ ਹਨ, ਹੇਮ ਮਿਸ਼ਰਾ

**ਬੂਟਾ ਸਿੰਘ**
ਫੋਨ: +91-94634-74342

ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦਾ ਵਿਦਿਆਰਥੀ ਤੇ ਇਨਕਲਾਬੀ ਕਲਾਕਾਰ ਹੈ। ਬਾਕੀ ਤਿੰਨ ਜਣੇ ਮਹੇਸ਼ ਟਿਰਕੇ, ਪਾਂਡੂ ਨਰੋਟੇ ਅਤੇ ਵਿਜੇ ਟਿਰਕੇ ਸਥਾਨਕ ਆਦਿਵਾਸੀ ਹਨ। ਇਹ ਅਦਾਲਤੀ ਫ਼ੈਸਲਾ ਇਸ ਕਰ ਕੇ ਵੀ ਗ਼ੌਰਤਲਬ ਹੈ ਕਿ 90% ਅਪਾਹਜ ਪ੍ਰੋਫੈਸਰ ਸਾਈਬਾਬਾ ਵੀਲ੍ਹ-ਚੇਅਰ ਤੋਂ ਬਿਨਾ ਇਕ ਕਦਮ ਵੀ ਨਹੀਂ ਚਲ ਸਕਦੇ ਅਤੇ ਮਹਾਰਾਸ਼ਟਰ ਪੁਲਿਸ ਨੇ ਉਨ੍ਹਾਂ ਨੂੰ ਖ਼ਤਰਨਾਕ ਮਾਸਟਰਮਾਈਂਡ ਕਰਾਰ ਦੇ ਕੇ ਜੇਲ੍ਹ ਵਿਚ ਸਾੜਨ ਲਈ ਉਚੇਚਾ ਤਰੱਦਦ ਕੀਤਾ ਹੈ। ਯੂ.ਏ.ਪੀ.ਏ. ਬਹੁਤ ਜ਼ਿਆਦਾ ਬਦਨਾਮੀ ਖੱਟ ਚੁੱਕੇ 'ਟਾਡਾ' ਅਤੇ 'ਪੋਟਾ' ਕਾਨੂੰਨਾਂ ਨੂੰ ਵਾਪਸ ਲੈਣ ਤੋਂ ਬਾਅਦ ਬਣਾਇਆ ਗਿਆ ਖ਼ਾਸ ਜਾਬਰ ਕਾਨੂੰਨ ਹੈ ਜਿਸ ਵਿਚ ਰੱਦ ਕੀਤੇ ਦੋਵਾਂ ਕਾਨੂੰਨਾਂ ਦੇ ਉਹ ਸਾਰੇ ਹਿੱਸੇ ਸ਼ਾਮਲ ਕਰ ਲਏ ਗਏ ਜਿਨ੍ਹਾਂ ਕਾਰਨ ਇਨ੍ਹਾਂ ਨੂੰ ਰੱਦ ਕਰਨਾ ਪਿਆ ਸੀ। ਯੂ.ਏ.ਪੀ.ਏ. ਵਿਚ ਨਵੀਆਂ ਨਵੀਆਂ ਹੋਰ ਵੀ ਜ਼ਾਲਮ ਤਰਮੀਮਾਂ ਮਨਮੋਹਨ ਸਿੰਘ ਸਰਕਾਰ ਵਲੋਂ 2004, 2008 ਅਤੇ 2012 ਵਿਚ ਉਦੋਂ ਕੀਤੀਆਂ ਗਈਆਂ ਜਦੋਂ ਇਸ ਦੇ ਪਹਿਲੇ ਰੂਪ ਉਪਰ ਹੀ ਵੱਡਾ ਸਵਾਲੀਆ ਚਿੰਨ੍ਹ ਲੱਗਿਆ ਹੋਇਆ ਸੀ। 'ਟਾਡਾ' ਅਤੇ 'ਪੋਟਾ' ਵਾਂਗ ਯੂ.ਏ.ਪੀ.ਏ. ਵੀ ਵਿਚਾਰਧਾਰਾ ਅਤੇ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਬੰਧਤ ਹੋਣ ਨੂੰ ਹੀ ਜੁਰਮ ਕਰਾਰ ਦਿੰਦਾ ਹੈ (ਚਾਹੇ ਬੰਦਾ ਕਿਸੇ ਹਿੰਸਕ ਜੁਰਮ ਵਿਚ ਸ਼ਾਮਲ ਵੀ ਨਾ ਹੋਵੇ)। ਇਸ ਤੋਂ ਹੁਕਮਰਾਨਾਂ ਦੀ ਮਨਸ਼ਾ ਸਾਫ ਸਮਝੀ ਜਾ ਸਕਦੀ ਹੈ।

ਪ੍ਰੋਫੈਸਰ ਸਾਈਬਾਬਾ ਨੂੰ ਮਈ 2014 ਵਿਚ ਗੜ੍ਹਚਿਰੌਲੀ ਪੁਲਿਸ ਵਲੋਂ ਦਿੱਲੀ ਯੂਨੀਵਰਸਿਟੀ ਕੈਂਪਸ ਵਿਚੋਂ ਚੁੱਕ ਕੇ ਮਾਓਵਾਦੀ ਜ਼ੋਰ ਵਾਲੇ ਜ਼ਿਲ੍ਹੇ ਗੜ੍ਹਚਿਰੌਲੀ (ਮਹਾਰਾਸ਼ਟਰ) ਦੇ ਅਹੀਰੀ ਥਾਣੇ ਵਿਚ ਲਿਜਾ ਕੇ ਕੇਸ ਵਿਚ ਸ਼ਾਮਲ ਕਰ ਲਿਆ ਗਿਆ ਸੀ। 17 ਮਹੀਨੇ ਨਾਗਪੁਰ ਜੇਲ੍ਹ ਦੇ ਬਦਨਾਮ ਅੰਡਾ ਸੈੱਲ ਵਿਚ ਬੰਦ ਰਹਿਣ ਤੋਂ ਬਾਅਦ ਪਿਛਲੇ ਸਾਲ 5 ਅਪਰੈਲ ਨੂੰ ਸੁਪਰੀਮ ਕੋਰਟ ਵਲੋਂ ਉਨ੍ਹਾਂ ਨੂੰ ਜ਼ਮਾਨਤ ਉਪਰ ਰਿਹਾਅ ਕੀਤਾ ਗਿਆ ਸੀ। ਉਦੋਂ ਤੋਂ ਲੈ ਕੇ ਫਰਵਰੀ 2017 ਤਕ ਉਨ੍ਹਾਂ ਨੂੰ ਆਪਣੀਆਂ ਗੰਭੀਰ ਬਿਮਾਰੀਆਂ ਦਾ ਇਲਾਜ ਕਰਾਉਣ ਲਈ ਦਿੱਲੀ ਅਤੇ ਹੈਦਰਾਬਾਦ ਦੇ ਸੁਪਰ-ਸਪੈਸ਼ਲਿਟੀ ਹਸਪਤਾਲਾਂ ਵਿਚ ਦਾਖ਼ਲ ਰਹਿਣਾ ਪਿਆ। ਪ੍ਰੋਫੈਸਰ ਸਾਈਬਾਬਾ ਜਿਹੇ ਬੁੱਧੀਜੀਵੀਆਂ ਨੂੰ ਹਿੰਦੁਸਤਾਨੀ ਹੁਕਮਰਾਨ ਜਮਾਤ ਇਸ ਕਦਰ ਖ਼ਤਰਨਾਕ ਮੰਨਦੀ ਹੈ ਕਿ ਦਸੰਬਰ 2015 ਵਿਚ ਪੁਲਿਸ ਨੇ ਸੁਪਰੀਮ ਕੋਰਟ ਵਿਚ ਉਸ ਨੂੰ ਜ਼ਮਾਨਤ ਦਿੱਤੇ ਜਾਣ ਦਾ ਵਿਰੋਧ ਇਹ ਹਾਸੋਹੀਣੀ ਦਲੀਲ ਦੇ ਕੇ ਕੀਤਾ ਸੀ ਕਿ ਰਿਹਾਅ ਹੋ ਕੇ ਉਹ ਫਿਰ ਆਪਣੇ ਵਿਚਾਰਾਂ ਦਾ ਪ੍ਰਚਾਰ ਕਰੇਗਾ ਜਿਸ ਨੂੰ ਸੁਪਰੀਮ ਕੋਰਟ ਨੇ ਨਾਮਨਜ਼ੂਰ ਕਰ ਦਿੱਤਾ ਸੀ।

ਪ੍ਰਸ਼ਾਂਤ ਰਾਹੀ ਅਤੇ ਹੇਮ ਮਿਸ਼ਰਾ ਵੀ ਆਪੋ-ਆਪਣੇ ਖੇਤਰ ਵਿਚ ਮਕਬੂਲ ਅਗਾਂਹਵਧੂ ਸ਼ਖਸੀਅਤਾਂ ਹਨ ਜਿਨ੍ਹਾਂ ਨੂੰ ਮਹਿਜ਼ ਉਨ੍ਹਾਂ ਦੇ ਸਥਾਪਤੀ ਵਿਰੋਧੀ ਵਿਚਾਰਾਂ ਅਤੇ ਜਮਹੂਰੀ ਸਰਗਰਮੀਆਂ ਦੇ ਆਧਾਰ 'ਤੇ ਇਸ ਸਾਜ਼ਿਸ਼ ਕੇਸ ਵਿਚ ਸ਼ਾਮਲ ਕੀਤਾ ਗਿਆ ਹੈ। ਪ੍ਰਸ਼ਾਂਤ ਰਾਹੀ ਨੂੰ ਰਾਏਪੁਰ (ਛੱਤੀਸਗੜ੍ਹ) ਤੋਂ ਗ੍ਰਿਫ਼ਤਾਰ ਕਰ ਕੇ ਅਤੇ ਹੇਮ ਮਿਸ਼ਰਾ ਨੂੰ ਬਲਾਰਸ਼ਾਹ ਰੇਲਵੇ ਸਟੇਸ਼ਨ (ਗੜ੍ਹਚਿਰੌਲੀ) ਤੋਂ ਗ੍ਰਿਫ਼ਤਾਰ ਕਰ ਕੇ ਸਾਲਾਂਬੱਧੀ ਜੇਲ੍ਹ ਵਿਚ ਰੱਖਿਆ ਗਿਆ। ਹੇਮ ਮਿਸ਼ਰਾ ਡਾ. ਪ੍ਰਕਾਸ਼ ਆਮਟੇ ਦੇ ਕੁਦਰਤੀ ਇਲਾਜ ਹਸਪਤਾਲ ਤੋਂ ਆਪਣੀ ਟੁੱਟੀ ਹੋਈ ਬਾਂਹ ਦਾ ਇਲਾਜ ਕਰਾਉਣ ਗਿਆ ਸੀ ਅਤੇ ਪ੍ਰਸ਼ਾਂਤ ਰਾਹੀਂ ਜੇਲ੍ਹਾਂ ਵਿਚ ਡੱਕੇ ਮਾਓਵਾਦੀ ਕਾਰਕੁਨਾਂ ਨੂੰ ਕਾਨੂੰਨੀ ਸਹਾਇਤਾ ਦੇਣ ਲਈ ਰਾਏਪੁਰ ਵਿਚ ਕਾਗਜ਼-ਪੱਤਰ ਇਕੱਠੇ ਕਰ ਰਿਹਾ ਸੀ। ਪੁਲਿਸ ਹਿਰਾਸਤ ਵਿਚ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ, ਖ਼ਾਸ ਕਰ ਕੇ ਹੇਮ ਮਿਸ਼ਰਾ ਉਪਰ ਨਾਗਪੁਰ ਜੇਲ੍ਹ ਵਿਚ ਤਸ਼ੱਦਦ ਕੀਤਾ ਗਿਆ। ਮੁਕੱਦਮੇ ਵਿਚ ਸ਼ਾਮਲ ਤਿੰਨ ਆਦਿਵਾਸੀ ਵੀ ਵੱਖ ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕੀਤੇ ਗਏ ਅਤੇ ਇਨ੍ਹਾਂ ਸਾਰਿਆਂ ਦਾ ਇਕ ਦੂਜੇ ਨਾਲ ਕੋਈ ਸਬੰਧ ਨਹੀਂ ਹੈ। ਜਦੋਂ ਇਸ ਮਾਮਲੇ ਵਿਚ ਪ੍ਰਸ਼ਾਂਤ ਰਾਹੀ ਨੂੰ ਜ਼ਮਾਨਤ ਦਿੱਤੀ ਗਈ ਸੀ, ਉਦੋਂ ਪੁਲਿਸ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਸ ਦੀ ਜ਼ਮਾਨਤ ਦੇ ਖ਼ਿਲਾਫ਼ ਉਨ੍ਹਾਂ ਕੋਲ ਕਹਿਣ ਲਈ ਕੁਝ ਨਹੀਂ, ਪਰ ਬਾਅਦ ਵਿਚ ਮਨਘੜਤ ਕਹਾਣੀ ਨੂੰ ਇਸ ਤਰ੍ਹਾਂ ਮੋੜਾ ਦਿੱਤਾ ਗਿਆ ਕਿ ਉਹ ਸਾਰੀ ਉਮਰ ਜੇਲ੍ਹ ਵਿਚ ਸੜਦਾ ਰਹੇ।

ਇਹ ਤੱਥ ਵੀ ਗ਼ੌਰਤਲਬ ਹੈ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੇ ਪੁਲਿਸ ਅਧਿਕਾਰੀ ਸੁਹਾਸ ਬਾਵਚੇ ਨੂੰ ਉਸ ਦੀ 'ਸਖ਼ਤ ਘਾਲਣਾ ਭਰੀ ਤਫ਼ਤੀਸ਼' ਲਈ ਵਿਸ਼ੇਸ਼ ਸ਼ਾਬਾਸ਼ ਦਿੱਤੀ ਹੈ ਜਿਸ ਦੇ ਆਧਾਰ 'ਤੇ ਇਨ੍ਹਾਂ ਛੇ 'ਮਾਓਵਾਦੀ ਹਮਾਇਤੀਆਂ' ਨੂੰ ਐਨੀ ਸਖ਼ਤ ਸਜ਼ਾ ਸੰਭਵ ਹੋਈ। ਬਾਵਚੇ ਇਸ ਵਕਤ ਤਰੱਕੀ ਪਾ ਕੇ ਡਿਪਟੀ ਕਮਿਸ਼ਨਰ ਆਫ ਪੁਲਿਸ (ਨਾਗਪੁਰ ਹੈੱਡਕਵਾਟਰਜ਼) ਹੈ ਅਤੇ ਉਦੋਂ ਉਹ ਅਹੀਰੀ ਵਿਖੇ ਸਬ-ਡਿਵੀਜ਼ਨਲ ਪੁਲਿਸ ਅਫ਼ਸਰ ਸੀ ਜਿਥੇ ਇਹ ਸਾਰਾ ਮੁਕੱਦਮਾ ਘੜਿਆ ਗਿਆ। ਉਹ ਨਕਸਲੀ ਵਿਰੋਧੀ ਕਾਰਵਾਈਆਂ ਲਈ 'ਆਂਤਰਿਕ ਸੁਰੱਖਿਆ ਸੇਵਾ ਪਦਕ' ਨਾਲ ਨਿਵਾਜਿਆ ਪੁਲਿਸ ਅਫ਼ਸਰ ਹੈ ਜਿਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਨੂੰ ਸਰਕਾਰ ਵਲੋਂ ਇਸ ਕੇਸ ਦੀ ਜ਼ਿੰਮੇਵਾਰੀ ਕਿਉਂ ਦਿੱਤੀ ਗਈ ਸੀ।


ਪ੍ਰੋਫੈਸਰ ਜੀ.ਐਨ. ਸਾਈਬਾਬਾ

827 ਸਫ਼ਿਆਂ ਦੇ ਫ਼ੈਸਲੇ ਉਪਰ ਸਰਸਰੀ ਨਜ਼ਰ ਮਾਰਨ 'ਤੇ ਇਹ ਸਮਝ ਪੈ ਜਾਂਦਾ ਹੈ ਕਿ ਇਹ ਖ਼ਾਸ ਮਨੋਰਥ ਤੋਂ ਪ੍ਰੇਰਤ ਪੱਖਪਾਤੀ ਫ਼ੈਸਲਾ ਹੈ। ਇਸ ਮਾਮਲੇ ਵਿਚ ਵੀ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਅਤੇ ਇੰਡੀਅਨ ਪੀਨਲ ਕੋਡ ਦੀਆਂ ਸਟੇਟ ਖਿਲਾਫ ਜੰਗ ਛੇੜਨ ਦੀ ਸਾਜ਼ਿਸ਼ ਵਾਲੀਆਂ ਧਾਰਾਵਾਂ ਲਗਾਈਆਂ ਗਈਆਂ ਸਨ ਜਿਨ੍ਹਾਂ ਤਹਿਤ ਕਿਸੇ ਬੰਦੇ ਨੂੰ ਅਣਮਿਥੇ ਵਕਤ ਲਈ ਜੇਲ੍ਹ ਵਿਚ ਰੱਖਿਆ ਜਾ ਸਕਦਾ ਹੈ। 2014 ਵਿਚ ਸਰਕਾਰ ਨੇ ਆਪਣੀ ਰਿਪੋਰਟ ਵਿਚ ਖ਼ੁਦ ਮੰਨਿਆ ਹੈ ਕਿ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰੀਆਂ ਵਿਚ ਬੇਕਸੂਰ ਸਾਬਤ ਹੋਣ ਦੀ ਦਰ 72.2% ਹੈ। ਇਸ ਦੀ ਇਕ ਵੱਡੀ ਮਿਸਾਲ ਪੂਰੇ ਨੌਂ ਸਾਲ ਬਾਅਦ ਰਿਹਾਅ ਹੋਇਆ ਮੁਸਲਿਮ ਨੌਜਵਾਨ ਵਾਹਿਦ ਸ਼ੇਖ ਹੈ ਜਿਸ ਨੂੰ 2006 ਵਿਚ ਲੜੀਵਾਰ ਬੰਬ-ਧਮਾਕਿਆਂ ਵਿਚ ਸ਼ਾਮਲ ਹੋਣ ਦੇ 'ਸ਼ੱਕ' ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਪੰਜਾਬ ਵਿਚ ਸੱਤ ਸਾਲਾਂ ਵਿਚ ਯੂ.ਏ.ਪੀ.ਏ. ਤਹਿਤ 100 ਤੋਂ ਵੱਧ ਕੇਸ ਦਰਜ ਕੀਤੇ ਗਏ ਜਿਨ੍ਹਾਂ ਵਿਚੋਂ ਮਹਿਜ਼ ਇਕ ਮਾਮਲੇ ਵਿਚ ਤਿੰਨ ਮੁਲਜ਼ਮਾਂ ਨੂੰ ਕਸੂਰਵਾਰ ਸਾਬਤ ਕੀਤਾ ਗਿਆ ਅਤੇ ਉਸ ਮਾਮਲੇ ਦੀ ਅਪੀਲ ਵੀ ਹਾਈਕੋਰਟ ਵਿਚ ਵਿਚਾਰ ਅਧੀਨ ਹੈ। ਇਸੇ ਤਰ੍ਹਾਂ ਹਰਿਆਣਾ ਵਿਚ ਤਿੰਨ ਮਾਮਲਿਆਂ ਵਿਚ 24 ਜਣਿਆਂ ਉਪਰ ਯੂ.ਏ.ਪੀ.ਏ. ਲਗਾ ਕੇ ਮੁਕੱਦਮਾ ਚਲਾਇਆ ਗਿਆ, ਪਰ ਇਕ ਵੀ ਬੰਦਾ ਕਸੂਰਵਾਰ ਸਾਬਤ ਨਹੀਂ ਕੀਤਾ ਜਾ ਸਕਿਆ। ਪੂਰੇ ਢਾਈ ਸਾਲ ਜੇਲ੍ਹ ਵਿਚ ਸਾੜੇ ਜਾਣ ਵਾਲਿਆਂ ਵਿਚ ਵੀਹ ਦਲਿਤ, ਦੋ ਪੱਛੜੀ ਸ਼੍ਰੇਣੀ ਵਾਲੇ ਅਤੇ ਇਕ ਮੁਸਲਮਾਨ ਨੌਜਵਾਨ ਸੀ।

ਜਿਥੋਂ ਤਕ ਉਪਰੋਕਤ ਫ਼ੈਸਲੇ ਦਾ ਸਬੰਧ ਹੈ, ਇਥੇ ਜੱਜ ਨੇ ਫ਼ੈਸਲਾ ਦੇਣ ਲਈ ਇਸ ਤੱਥ ਨੂੰ ਆਧਾਰ ਨਹੀਂ ਬਣਾਇਆ ਕਿ ਜੁਰਮ ਵਿਚ ਮੁਲਜ਼ਮਾਂ ਦੀ ਸ਼ਮੂਲੀਅਤ ਦੇ ਸਬੂਤ ਕੀ ਹਨ, ਸਗੋਂ ਉਨ੍ਹਾਂ ਦੇ ਵਿਚਾਰਾਂ ਨੂੰ ਆਧਾਰ ਬਣਾਇਆ ਗਿਆ। ਸਾਈਬਾਬਾ ਨੂੰ ਪਾਬੰਦੀਸ਼ੁਦਾ ਜਥੇਬੰਦੀ ਦਾ ਸਰਗਰਮ ਮੈਂਬਰ ਹੋਣ ਦੱਸ ਕੇ ਕਸੂਰਵਾਰ ਠਹਿਰਾਉਣ ਲਈ ਜੱਜ ਉਸ ਦੀ ਜਿਸਮਾਨੀ ਹਾਲਤ ਨੂੰ ਹਕਾਰਤ ਨਾਲ ਦਰਕਿਨਾਰ ਕਰਦੇ ਹੋਏ ਕਹਿੰਦਾ ਹੈ- 'ਸਾਈਬਾਬਾ ਮਾਨਸਿਕ ਤੌਰ 'ਤੇ ਫਿੱਟ ਹੈ ਅਤੇ ਪਾਬੰਦੀਸ਼ੁਦਾ ਜਥੇਬੰਦੀ ਸੀ.ਪੀ.ਆਈ. (ਮਾਓਵਾਦੀ) ਦਾ ਸਿਧਾਂਤਘਾੜਾ ਤੇ ਉਘਾ ਆਗੂ ਹੈ'। ਉਹ ਇਸ ਤੱਥ ਨੂੰ ਦਰਕਿਨਾਰ ਕਰ ਦਿੰਦਾ ਹੈ ਕਿ ਇਸ ਦੇ ਸਬੂਤ ਦੇ ਤੌਰ 'ਤੇ ਪੁਲਿਸ ਨੇ ਜੋ ਕੰਪਿਊਟਰੀ ਸਬੂਤ ਪੇਸ਼ ਕੀਤੇ, ਉਹ ਕਾਨੂੰਨੀ ਪੈਮਾਨੇ ਉਪਰ ਪੂਰੇ ਹੀ ਨਹੀਂ ਉਤਰਦੇ ਅਤੇ ਉਨ੍ਹਾਂ ਨਾਲ ਛੇੜ-ਛਾੜ ਕੀਤੀ ਗਈ ਸੀ। ਪੁਲਿਸ ਨੇ ਦਾਅਵਾ ਕੀਤਾ ਸੀ ਕਿ ਰੈਵੋਲਿਊਸ਼ਨਰੀ ਡੈਮੋਕਰੇਟਿਕ ਫਰੰਟ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੀ ਫਰੰਟ ਜਥੇਬੰਦੀ ਹੈ, ਪ੍ਰੋਫੈਸਰ ਸਾਈਬਾਬਾ ਇਸ ਦਾ ਮੁੱਖ ਆਗੂ ਹੈ, ਕਿਉਂਕਿ ਇਸ ਦੇ ਪ੍ਰੋਗਰਾਮ ਵਿਚ 'ਨਕਸਲਬਾੜੀ ਏਕ ਹੀ ਰਸਤਾ' ਨਾਅਰਾ ਦਿੱਤਾ ਗਿਆ ਹੈ ਜਿਸ ਦੀ ਮਨਸ਼ਾ ਸਟੇਟ ਨੂੰ ਹਥਿਆਰਬੰਦ ਬਗ਼ਾਵਤ ਦੁਆਰਾ ਉਲਟਾਉਣਾ ਹੈ। ਜੱਜ ਇਨ੍ਹਾਂ ਤੱਥਾਂ ਨੂੰ ਕੋਈ ਅਹਿਮੀਅਤ ਨਹੀਂ ਦਿੰਦਾ ਕਿ ਇਹ ਨਾਅਰਾ ਨਕਸਲੀ ਲਹਿਰ ਤੋਂ ਸਿਆਸੀ ਪ੍ਰੇਰਨਾ ਲੈਣ ਵਾਲੀਆਂ ਸਾਰੀਆਂ ਹੀ ਜਥੇਬੰਦੀਆਂ ਵਿਚ ਆਮ ਪ੍ਰਚਲਤ ਹੈ ਅਤੇ ਇਹ ਆਪਣੇ ਆਪ ਵਿਚ ਕੋਈ ਜੁਰਮ ਨਹੀਂ ਹੈ। ਉਹ ਇਸ ਤੱਥ ਨੂੰ ਵੀ ਕੋਈ ਵਜ਼ਨ ਨਹੀਂ ਦਿੰਦਾ ਕਿ ਦਿੱਲੀ, ਮਹਾਰਾਸ਼ਟਰ ਆਦਿ ਵਿਚ ਆਰ.ਡੀ.ਐਫ. ਉਪਰ ਕਾਨੂੰਨੀ ਤੌਰ 'ਤੇ ਕੋਈ ਪਾਬੰਦੀ ਨਹੀਂ, ਫਿਰ ਸਾਈਬਾਬਾ ਅਤੇ ਬਾਕੀਆਂ ਦੀਆਂ ਸਰਗਰਮੀਆਂ ਗ਼ੈਰਕਾਨੂੰਨੀ ਕਿਵੇਂ ਹਨ? ਜੱਜ ਨੇ ਮੁਲਕ ਦੀਆਂ ਉਚ ਅਦਾਲਤਾਂ ਦੇ ਉਨ੍ਹਾਂ ਬਹੁਤ ਹੀ ਅਹਿਮ ਫ਼ੈਸਲਿਆਂ ਨੂੰ ਵਿਚਾਰਨ ਦੀ ਵੀ ਜ਼ਰੂਰਤ ਨਹੀਂ ਸਮਝੀ ਜਿਨ੍ਹਾਂ ਅਨੁਸਾਰ ਮਹਿਜ਼ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਦੇ ਆਧਾਰ 'ਤੇ ਹੀ ਕਿਸੇ ਨੂੰ ਮੁਜਰਿਮ ਕਰਾਰ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਇਹ ਉਨ੍ਹਾਂ ਦੇ ਮਨੋਰਥ ਦੇ ਖ਼ਿਲਾਫ਼ ਜਾਂਦੇ ਸਨ। ਅਦਾਲਤੀ ਫ਼ੈਸਲਾ ਐਨਾ ਤੁਅੱਸਬੀ ਹੈ ਕਿ ਗੜ੍ਹਚਿਰੌਲੀ ਦਾ ਵਿਕਾਸ ਨਾ ਹੋਣ ਲਈ ਨਕਸਲੀ ਲਹਿਰ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ ਅਤੇ ਉਥੋਂ ਦੀਆਂ ਹਿੰਸਕ ਨਕਸਲੀ ਕਾਰਵਾਈਆਂ ਦੀ ਸਜ਼ਾ ਦਿੱਲੀ ਤੇ ਉਤਰੀ ਸੂਬਿਆਂ ਦੇ ਜਮਹੂਰੀ ਕਾਰਕੁਨਾਂ ਨੂੰ ਦਿੰਦਾ ਹੈ। ਜੱਜ ਦੀਆਂ ਨਜ਼ਰਾਂ ਵਿਚ 'ਲਾਲ ਸਲਾਮ' ਦਾ ਨਾਅਰਾ ਉਨ੍ਹਾਂ ਦੇ ਮਾਓਵਾਦੀ ਪਾਰਟੀ ਨਾਲ ਸੰਪਰਕਾਂ ਦਾ ਸਬੂਤ ਹੈ ਅਤੇ ਇਸ ਦੀ ਮਨਸ਼ਾ ਦਹਿਸ਼ਤ ਪਾਉਣਾ ਹੈ, ਜਦਕਿ ਇਹ ਨਾਅਰਾ ਸਮੁੱਚੀ ਕਮਿਊਨਿਸਟ ਲਹਿਰ ਵਿਚ ਆਮ ਲਾਇਆ ਜਾਂਦਾ ਹੈ। ਜੱਜ ਉਨ੍ਹਾਂ ਨੂੰ 'ਸਟੇਟ ਵਿਰੁੱਧ ਜੰਗ ਛੇੜਨ' ਦੇ ਮੁਜਰਿਮ ਠਹਿਰਾਉਂਦੇ ਹੋਏ ਇਥੋਂ ਤਕ ਲਿਖਦਾ ਹੈ ਕਿ ਇਸ ਮਾਮਲੇ ਵਿਚ ਕੈਦ ਦੀ ਸਜ਼ਾ ਕਾਫ਼ੀ ਨਹੀਂ ਹੈ, ਪਰ ਉਨ੍ਹਾਂ ਉਪਰ ਲਗਾਏ ਕਾਨੂੰਨ ਨੇ ਅਦਾਲਤ ਦੇ ਹੱਥ ਬੰਨ੍ਹੇ ਹੋਏ ਹਨ ਅਤੇ ਇਸ ਮਾਮਲੇ ਵਿਚ ਉਮਰ ਕੈਦ ਢੁਕਵੀਂ ਸਜ਼ਾ ਹੈ।

ਅਦਾਲਤਾਂ ਦੇ ਐਸੇ ਫ਼ੈਸਲੇ ਨਿਆਂ ਪ੍ਰਬੰਧ ਉਪਰ ਖ਼ਾਸ ਜਮਾਤ ਦੇ ਡੂੰਘੇ ਪ੍ਰਭਾਵ ਨੂੰ ਦਿਖਾਉਂਦੇ ਹਨ ਜੋ ਯੂ.ਏ.ਪੀ.ਏ. ਵਰਗੇ ਘੋਰ ਜਾਬਰ ਕਾਨੂੰਨਾਂ ਦੀ ਮਦਦ ਨਾਲ ਆਪਣੇ ਸੌੜਿਆਂ ਏਜੰਡਿਆਂ ਨੂੰ ਅੱਗੇ ਵਧਾ ਰਹੇ ਹਨ। ਖ਼ਾਸ ਜਥੇਬੰਦੀਆਂ ਨੂੰ ਪਾਬੰਦੀਸ਼ੁਦਾ ਕਰਾਰ ਦੇ ਕੇ ਰਾਜਸੀ ਮਸਲਿਆਂ ਨੂੰ ਅਖੌਤੀ ਅੰਦਰੂਨੀ ਸੁਰੱਖਿਆ ਦੇ ਮਸਲੇ ਬਣਾ ਕੇ ਸਥਾਪਤੀ ਵਿਰੋਧੀ ਧਾਰਾ ਨੂੰ ਦਬਾਇਆ ਜਾਂਦਾ ਹੈ ਅਤੇ ਇਸ ਖ਼ਾਤਰ ਬਣਾਏ ਕਾਲੇ ਕਾਨੂੰਨਾਂ ਨੂੰ ਉਨ੍ਹਾਂ ਪੱਤਰਕਾਰਾਂ, ਬੁੱਧੀਜੀਵੀਆਂ, ਚਿੰਤਕਾਂ ਨੂੰ ਅਣਮਿਥੇ ਸਮੇਂ ਲਈ ਜੇਲ੍ਹਾਂ ਵਿਚ ਡੱਕ ਕੇ ਉਨ੍ਹਾਂ ਦੀ ਆਲੋਚਨਾਤਮਕ ਆਵਾਜ਼ ਨੂੰ ਦਬਾਉਣ ਲਈ ਇਸਤੇਮਾਲ ਕੀਤਾ ਜਾਂਦਾ ਹੈ ਜੋ ਲੋਕਾਂ ਦਾ ਉਜਾੜਾ ਕਰਨ ਵਾਲੇ ਸੱਤਾਧਾਰੀਆਂ ਦੇ ਅਖੌਤੀ ਵਿਕਾਸ ਮਾਡਲ ਅਤੇ ਇਸ ਦਾ ਵਿਰੋਧ ਕਰਨ ਵਾਲਿਆਂ ਨੂੰ ਸਟੇਟ ਦੀ ਹਥਿਆਰਬੰਦ ਤਾਕਤ ਨਾਲ ਕੁਚਲਣ ਦਾ ਵਿਰੋਧ ਕਰਦੇ ਹਨ; ਜਦਕਿ ਇਸ ਦੇ ਮੁਕਾਬਲੇ ਅਖੌਤੀ ਮੁੱਖ ਧਾਰਾ ਦੀਆਂ ਜਿਹੜੀਆਂ ਸਿਆਸੀ ਤਾਕਤਾਂ ਖੁੱਲ੍ਹੇਆਮ ਨਫ਼ਰਤ ਦੀ ਸਿਆਸਤ ਕਰਦੀਆਂ ਹਨ ਤੇ ਦਿੱਲੀ ਵਿਚ ਸਿੱਖਾਂ ਦੇ, ਗੁਜਰਾਤ ਤੇ ਮੁੰਬਈ ਵਿਚ ਮੁਸਲਮਾਨਾਂ ਦੇ ਕਤਲੇਆਮਾਂ ਵਿਚ ਉਨ੍ਹਾਂ ਦੇ ਸ਼ਾਮਲ ਹੋਣ ਦੇ ਸਪਸ਼ਟ ਸਬੂਤ ਮੌਜੂਦ ਹਨ, ਉਨ੍ਹਾਂ ਵਿਚ ਪੁਲਿਸ, ਹੋਰ ਖੁਫ਼ੀਆ ਏਜੰਸੀਆਂ, ਇਥੋਂ ਤਕ ਕਿ ਅਦਾਲਤਾਂ ਉਕਾ ਹੀ ਵੱਖਰੇ ਰਵੱਈਏ ਨਾਲ ਕੰਮ ਕਰਦੀਆਂ ਹਨ। ਇਸ ਦੀ ਮੁੱਖ ਮਿਸਾਲ ਕਾਂਗਰਸ ਅਤੇ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਹਨ ਜਿਨ੍ਹਾਂ ਨੂੰ ਵੱਡੀਆਂ ਕਤਲੋਗ਼ਾਰਤ ਵਿਚ ਸ਼ਾਮਲ ਹੋਣ ਦੇ ਬਾਵਜੂਦ ਕਦੇ ਵੀ ਦਹਿਸ਼ਤਵਾਦ ਨਾਲ ਨਜਿੱਠਣ ਲਈ ਬਣਾਏ ਕਾਨੂੰਨ ਦੀ ਜੱਦ ਵਿਚ ਨਹੀਂ ਲਿਆਂਦਾ ਗਿਆ। ਇਨ੍ਹਾਂ ਦਹਿਸ਼ਤਗਰਦ ਜਥੇਬੰਦੀਆਂ ਉਪਰ ਕਦੇ ਪਾਬੰਦੀ ਨਹੀਂ ਲਗਾਈ ਗਈ ਅਤੇ ਉਨ੍ਹਾਂ ਉਪਰ ਸਪਸ਼ਟ ਸਬੂਤਾਂ ਦੇ ਆਧਾਰ 'ਤੇ ਜਿਹੜੇ ਮੁਕੱਦਮੇ ਚੱਲ ਰਹੇ ਹਨ, ਉਨ੍ਹਾਂ ਨੂੰ ਸਿਲਸਿਲੇਵਾਰ ਤਰੀਕੇ ਨਾਲ ਵਾਪਸ ਲਿਆ ਜਾ ਰਿਹਾ ਹੈ। ਹਾਲ ਹੀ ਵਿਚ ਅਜਮੇਰ ਦਰਗਾਹ ਅਤੇ ਹੋਰ ਬੰਬ ਧਮਾਕਿਆਂ ਲਈ ਜ਼ਿੰਮੇਵਾਰ ਹਿੰਦੂਤਵੀ ਦਹਿਸ਼ਤਗਰਦ ਅਸੀਮਾਨੰਦ ਨੂੰ ਬਰੀ ਕੀਤਾ ਗਿਆ ਹੈ, ਹਾਲਾਂਕਿ ਉਸ ਨੇ ਦਿੱਲੀ ਦੀ ਵਿਸ਼ੇਸ਼ ਅਦਾਲਤ ਵਿਚ ਮੈਜਿਸਟਟੇਟ ਦੀ ਮੌਜੂਦਗੀ ਵਿਚ ਲੰਮਾ-ਚੌੜਾ ਇਕਬਾਲੀਆ ਬਿਆਨ ਦੇ ਕੇ ਬੰਬ-ਧਮਾਕਿਆਂ ਦੀ ਖ਼ਤਰਨਾਕ ਹਿੰਦੂਤਵੀ ਸਾਜ਼ਿਸ਼ ਅਤੇ ਇਸ ਵਿਚ ਸ਼ਾਮਲ ਸੰਘ ਪ੍ਰਚਾਰਕਾਂ ਦਾ ਖ਼ੁਲਾਸਾ ਕੀਤਾ ਸੀ। ਮਹੀਨਾ ਪਹਿਲਾਂ ਹੀ ਮਾਲੇਗਾਓਂ ਅਤੇ ਹੋਰ ਬੰਬ ਧਮਾਕਿਆਂ ਵਿਚ ਸ਼ਾਮਲ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਨੂੰ ਇਕ ਹੋਰ ਹਿੰਦੂਤਵੀ ਮੁਜਰਿਮ ਸੁਨੀਲ ਜੋਸ਼ੀ ਦੇ ਕਤਲ ਵਿਚੋਂ ਬਰੀ ਕੀਤਾ ਗਿਆ ਹੈ ਅਤੇ ਭਵਿਖ ਵਿਚ ਉਸ ਨੂੰ ਲੜੀਵਾਰ ਬੰਬ ਧਮਾਕਿਆਂ ਦੇ ਮਾਮਲਿਆਂ ਵਿਚੋਂ ਵੀ ਬਰੀ ਕੀਤੇ ਜਾਣ ਦੇ ਆਸਾਰ ਸਾਫ਼ ਨਜ਼ਰ ਆ ਰਹੇ ਹਨ।

ਜ਼ਾਹਿਰ ਹੈ ਕਿ ਨਿਆਂ ਪ੍ਰਣਾਲੀ ਨਿਰੋਲ ਸੱਤਾਧਾਰੀ ਧਿਰ ਦੇ ਏਜੰਡੇ ਤਹਿਤ ਪੁਲਿਸ ਵਲੋਂ ਪੇਸ਼ ਕੀਤੀਆਂ ਜਾ ਰਹੀਆਂ ਤੱਥਹੀਣ ਕਹਾਣੀਆਂ ਦੇ ਆਧਾਰ 'ਤੇ ਫ਼ੈਸਲੇ ਕਰ ਰਹੀ ਹੈ ਅਤੇ ਇਨ੍ਹਾਂ ਫ਼ੈਸਲਿਆਂ ਵਿਚੋਂ ਨਿਰਪੱਖ ਨਿਆਂ ਦਾ ਤਾਰਕਿਕ ਆਧਾਰ ਗ਼ਾਇਬ ਹੈ। ਆਰ.ਐਸ.ਐਸ. ਦੇ ਪ੍ਰਚਾਰਕਾਂ ਮੋਦੀ-ਅਮਿਤ ਸ਼ਾਹ ਦੀ ਸਰਕਾਰ ਬਣਨ ਤੋਂ ਬਾਅਦ ਇਸ ਤਰ੍ਹਾਂ ਦੇ ਅਦਾਲਤੀ ਫ਼ੈਸਲਿਆਂ ਵਿਚ ਖ਼ਾਸ ਤੇਜ਼ੀ ਆਈ ਹੈ। ਇੰਡੀਅਨ ਪੀਨਲ ਕੋਡ ਦੀਆਂ ਰਾਜਧ੍ਰੋਹ ਵਰਗੀਆਂ ਧਾਰਾਵਾਂ ਅਤੇ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਦੇ ਬੁੱਧੀਜੀਵੀ ਹਲਕਿਆਂ ਖ਼ਿਲਾਫ਼ ਵਰਤੇ ਜਾਣ ਦੇ ਵਰਤਾਰੇ ਵਿਚ ਖ਼ਤਰਨਾਕ ਇਜ਼ਾਫ਼ਾ ਹੋਇਆ ਹੈ। ਇਨ੍ਹਾਂ ਹਾਲਾਤ ਵਿਚ ਨਾਪਸੰਦ ਬੁੱਧੀਜੀਵੀਆਂ ਅਤੇ ਹੋਰ ਜਮਹੂਰੀ ਆਵਾਜ਼ਾਂ ਨੂੰ ਕੁਚਲਣ ਲਈ ਅੰਧਾਧੁੰਦ ਕਾਲੇ ਕਾਨੂੰਨ ਲਗਾਏ ਜਾਣ ਦਾ ਵਿਰੋਧ ਕਰਨ ਦੇ ਨਾਲ-ਨਾਲ ਇਨ੍ਹਾਂ ਜ਼ਾਲਮ ਕਾਨੂੰਨਾਂ ਨੂੰ ਹਮੇਸ਼ਾ ਲਈ ਖ਼ਤਮ ਕਰਾਉਣ ਲਈ ਅਵਾਮੀ ਰਾਇ ਖੜ੍ਹੀ ਕਰਨਾ ਹੁਣ ਵਕਤ ਦੇ ਸਭ ਤੋਂ ਅਹਿਮ ਤਕਾਜ਼ਿਆਂ ਵਿਚੋਂ ਇਕ ਹੈ।



***ਜੱਜ ਨੇ ਫ਼ੈਸਲਾ ਦੇਣ ਲਈ ਇਸ ਤੱਥ ਨੂੰ ਆਧਾਰ ਨਹੀਂ ਬਣਾਇਆ ਕਿ ਜੁਰਮ ਵਿਚ ਮੁਲਜ਼ਮਾਂ ਦੀ ਸ਼ਮੂਲੀਅਤ ਦੇ ਸਬੂਤ ਕੀ ਹਨ, ਸਗੋਂ ਵਿਚਾਰਾਂ ਨੂੰ ਆਧਾਰ ਬਣਾਇਆ ਗਿਆ। ਸਾਈਬਾਬਾ ਨੂੰ ਪਾਬੰਦੀਸ਼ੁਦਾ ਜਥੇਬੰਦੀ ਦਾ ਸਰਗਰਮ ਮੈਂਬਰ ਹੋਣ ਦੱਸ ਕੇ ਕਸੂਰਵਾਰ ਠਹਿਰਾਉਣ ਲਈ ਜੱਜ ਉਸ ਦੀ ਜਿਸਮਾਨੀ ਹਾਲਤ ਨੂੰ ਹਕਾਰਤ ਨਾਲ ਦਰਕਿਨਾਰ ਕਰਦੇ ਹੋਏ ਕਹਿੰਦਾ ਹੈ- 'ਸਾਈਬਾਬਾ ਮਾਨਸਿਕ ਤੌਰ 'ਤੇ ਫਿੱਟ ਹੈ ਅਤੇ ਪਾਬੰਦੀਸ਼ੁਦਾ ਜਥੇਬੰਦੀ ਸੀ.ਪੀ.ਆਈ. (ਮਾਓਵਾਦੀ) ਦਾ ਸਿਧਾਂਤਘਾੜਾ ਤੇ ਉਘਾ ਆਗੂ ਹੈ'। ਉਹ ਇਸ ਤੱਥ ਨੂੰ ਦਰਕਿਨਾਰ ਕਰ ਦਿੰਦਾ ਹੈ ਕਿ ਇਸ ਦੇ ਸਬੂਤ ਦੇ ਤੌਰ 'ਤੇ ਪੁਲਿਸ ਨੇ ਜੋ ਕੰਪਿਊਟਰੀ ਸਬੂਤ ਪੇਸ਼ ਕੀਤੇ, ਉਹ ਕਾਨੂੰਨੀ ਪੈਮਾਨੇ ਉਪਰ ਪੂਰੇ ਹੀ ਨਹੀਂ ਉਤਰਦੇ ਅਤੇ ਉਨ੍ਹਾਂ ਨਾਲ ਛੇੜ-ਛਾੜ ਕੀਤੀ ਗਈ ਸੀ।***

# ਪੰਜਾਬ ਸਫਲਤਾ ਕਾਂਗਰਸ ਲਈ ਸਾਬਤ ਹੋ ਸਕਦੀ ਹੈ ਪੁਨਰ ਜਨਮ?

ਪੰਜ ਰਾਜਾਂ ਦੀਆਂ ਹਾਲੀਆ ਵਿਧਾਨ ਸਭਾ ਚੋਣਾਂ ਨੇ ਕੁਝ ਖਤਰਨਾਕ ਅਤੇ ਕੁਝ ਪੁਰ ਸਕੂਨ ਤੱਥ ਉਭਾਰ ਕੇ ਲਿਆਂਦੇ ਹਨ। ਜਿਸ ਨੇ ਵੀ ਹਿੰਦੋਸਤਾਨ/ਪੰਜਾਬ ਦੀ ਸਿਆਸਤ ਵਿਚ ਕੋਈ ਸਾਰਥਕ ਦਖਲਅੰਦਾਜ਼ੀ ਕਰਨੀ ਹੈ, ਉਸ ਲਈ ਇਨ੍ਹਾਂ ਤੱਥਾਂ ਤੇ ਇਨ੍ਹਾਂ ਨੂੰ ਪੈਦਾ ਕਰਨ ਵਾਲੇ ਸਮਾਜਕ, ਰਜਨੀਤਕ, ਧਾਰਮਿਕ ਵਰਤਾਰਿਆਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ।

ਚੋਣਾਂ ਵਾਲੇ ਇਨ੍ਹਾਂ ਪੰਜ ਰਾਜਾਂ-ਪੰਜਾਬ, ਮਨੀਪੁਰ, ਉਤਰ ਪ੍ਰਦੇਸ਼, ਉਤਰਾਖੰਡ ਅਤੇ ਗੋਆ

ਜਸਵੀਰ ਸਿੰਘ ਸ਼ੀਰੀ
ਫੋਨ: 91-89688-69095

ਵਿਚੋਂ ਸਿਰਫ ਪੰਜਾਬ ਹੀ ਹੈ ਜਿਥੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਸਭ ਤੋਂ ਘੱਟ ਸਫਲਤਾ ਮਿਲੀ ਹੈ। ਸਭ ਤੋਂ ਵੱਡੀ ਜਿੱਤ ਇਸ ਨੇ ਉਤਰ ਪ੍ਰਦੇਸ਼ ਵਿਚ ਦਰਜ ਕੀਤੀ ਹੈ ਜਿਥੇ ਇਹ 403 ਸੀਟਾਂ ਵਿਚੋਂ 325 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ। ਉਥੇ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਗੱਠਜੋੜ ਨੂੰ 54 ਸੀਟਾਂ 'ਤੇ ਸਬਰ ਕਰਨਾ ਪਿਆ। ਬਹੁਜਨ ਸਮਾਜ ਪਾਰਟੀ ਜਿਹੜੀ ਦਲਿਤ-ਮੁਸਲਿਮ ਗਠਜੋੜ ਬਿਠਾਉਣ ਦਾ ਯਤਨ ਕਰ ਰਹੀ ਸੀ, ਸਿਰਫ 19 ਸੀਟਾਂ ਤੱਕ ਸਿਮਟ ਗਈ। ਪੰਜ ਕੁ ਸੀਟਾਂ ਹੋਰਨਾਂ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ।

ਉਤਰਾਖੰਡ ਦੀਆਂ 70 ਸੀਟਾਂ ਵਿਚੋਂ ਭਾਜਪਾ 57 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ, ਕਾਂਗਰਸ ਨੂੰ 11 ਸੀਟਾਂ ਅਤੇ ਆਜ਼ਾਦ ਉਮੀਦਵਾਰਾਂ ਤੇ ਹੋਰਨਾਂ ਨੂੰ 2 ਸੀਟਾਂ ਹੀ ਨਸੀਬ ਹੋਈਆਂ। 40 ਵਿਧਾਨ ਸਭਾ ਸੀਟਾਂ ਵਾਲੇ ਗੋਆ ਵਿਚ ਭਾਜਪਾ ਨੂੰ 13, ਕਾਂਗਰਸ ਨੂੰ 17 ਅਤੇ ਕਈ ਹੋਰਨਾਂ ਪਾਰਟੀਆਂ ਤੇ ਆਜ਼ਾਦ ਉਮੀਦਵਾਰਾਂ ਨੂੰ 10 ਸੀਟਾਂ ਮਿਲੀਆਂ। ਕੁੱਲ 60 ਸੀਟਾਂ ਵਾਲੇ ਰਾਜ ਮਨੀਪੁਰ ਵਿਚ ਕਾਂਗਰਸ ਨੂੰ 28, ਭਾਜਪਾ ਨੂੰ 21, ਤ੍ਰਿਣਮੂਲ ਕਾਂਗਰਸ ਸਮੇਤ ਦੂਜੀਆਂ ਪਾਰਟੀਆਂ ਤੇ ਆਜ਼ਾਦ ਉਮੀਦਵਾਰਾਂ ਨੂੰ 10 ਸੀਟਾਂ ਹਾਸਲ ਹੋਈਆਂ।

ਗੋਆ ਅਤੇ ਮਨੀਪੁਰ ਵਿਚ ਪ੍ਰਮੁੱਖ ਪਾਰਟੀਆਂ ਵਜੋਂ ਉਭਰਨ ਤੋਂ ਇਲਾਵਾ ਕਾਂਗਰਸ ਪਾਰਟੀ ਨੂੰ ਸਭ ਤੋਂ ਵੱਡੀ ਸਫਲਤਾ ਪੰਜਾਬ ਵਿਚ ਮਿਲੀ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਨੇ 77 ਸੀਟਾਂ ਜਿੱਤ ਕੇ ਇਤਿਹਾਸ ਰਚਿਆ। ਇਸ ਤਰ੍ਹਾਂ ਭਾਜਪਾ ਨੂੰ ਜਿਥੇ ਉਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਲਾਮਿਸਾਲ ਸਫਲਤਾ ਮਿਲੀ, ਉਥੇ ਗੋਆ ਅਤੇ ਮਨੀਪੁਰ ਵਿਚ ਵੀ ਇਹ ਪਾਰਟੀ ਵੱਡੀ ਹਾਜ਼ਰੀ ਲਵਾਉਣ ਵਿਚ ਕਾਮਯਾਬ ਰਹੀ, ਹਾਲਾਂਕਿ ਇਨ੍ਹਾਂ ਰਾਜਾਂ ਵਿਚ ਸਭ ਤੋਂ ਵੱਡੀ ਪਾਰਟੀ ਵਜੋਂ ਕਾਂਗਰਸ ਹੀ ਉਭਰੀ। ਪਰ ਪੰਜਾਬ ਵਿਚ ਭਾਜਪਾ ਸਿਰਫ 3 ਸੀਟਾਂ ਤੱਕ ਸਿਮਟ ਗਈ। ਅਕਾਲੀ ਦਲ ਨੂੰ 15 ਸੀਟਾਂ ਮਿਲੀਆਂ। ਜਦਕਿ ਆਮ ਆਦਮੀ ਪਾਰਟੀ ਨੇ 20 ਅਤੇ 2 ਸੀਟਾਂ ਲੁਧਿਆਣੇ ਵਾਲੇ ਬੈਂਸ ਭਰਾਵਾਂ ਨੇ ਜਿੱਤੀਆਂ।

ਪੰਜਾਬ ਵਿਚ ਕਾਂਗਰਸ ਪਾਰਟੀ ਦੀ ਇਸ ਸਫਲਤਾ ਨੂੰ ਵੇਖ ਕੇ ਕੁਝ ਸਿਆਸੀ ਵਿਸ਼ਲੇਸ਼ਕਾਂ ਨੇ ਆਖਣਾ ਸ਼ੁਰੂ ਕਰ ਦਿੱਤਾ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਦੇਸ਼ ਪੱਧਰੀ ਸਿਆਸਤ ਵਿਚੋਂ ਗਾਇਬ ਹੋ ਰਹੀ ਕਾਂਗਰਸ ਪਾਰਟੀ ਲਈ ਇਹ ਜਿੱਤ ਪੁਨਰ ਜਨਮ ਸਾਬਤ ਹੋ ਸਕਦੀ ਹੈ। ਉਨ੍ਹਾਂ ਦਾ ਇਹ ਸਵਾਲ ਅਤੇ ਅਨੁਮਾਨ ਕਿ ਕੀ ਕਾਂਗਰਸ ਪਾਰਟੀ ਦੀ ਇਹ ਜਿੱਤ, ਇਸ ਪਾਰਟੀ ਲਈ ਦੇਸ਼ ਪੱਧਰ 'ਤੇ ਪੁਨਰ ਸਥਾਪਤੀ ਦਾ ਅਰੰਭ ਬਿੰਦੂ ਸਾਬਤ ਹੋ ਸਕਦੀ ਹੈ? ਬੇਹੱਦ ਅਹਿਮ ਅਤੇ ਵਿਚਾਰਨਯੋਗ ਹੈ। ਇਸ ਸਵਾਲ ਦਾ ਜਵਾਬ ਲੱਭਣ ਲਈ ਸਾਨੂੰ ਕਾਂਗਰਸ ਪਾਰਟੀ ਦੇ ਇਤਿਹਾਸ 'ਤੇ ਇਕ ਪੰਛੀ ਝਾਤ ਮਾਰਨੀ ਪਵੇਗੀ।

ਕਾਂਗਰਸ ਪਾਰਟੀ ਦੀ ਨੀਂਹ 28 ਦਸੰਬਰ 1885 ਨੂੰ ਇਕ ਰਿਟਾਇਰਡ ਅੰਗਰੇਜ਼ ਅਧਿਕਾਰੀ ਐਲਨ ਔਕਟੇਵੀਅਨ ਹਿਊਮ (ਏ ਓ ਹਿਊਮ) ਨੇ 65 ਭਾਰਤੀਆਂ ਨਾਲ ਮਿਲ ਕੇ ਰੱਖੀ ਸੀ। ਉਹ ਕਾਂਗਰਸ ਪਾਰਟੀ ਦਾ ਪਹਿਲਾ ਜਨਰਲ ਸਕੱਤਰ ਸੀ। ਵੋਮੇਸ਼ ਚੰਦਰ ਬੈਨਰਜੀ ਨੂੰ ਕਾਂਗਰਸ ਪਾਰਟੀ ਦਾ ਪਲੇਠਾ ਪ੍ਰਧਾਨ ਬਣਾਇਆ ਗਿਆ ਸੀ। ਹਿਊਮ ਵਲੋਂ ਇਸ ਪਾਰਟੀ ਨੂੰ ਸਾਜਣ ਦਾ ਮਤਲਬ ਅੰਗਰੇਜ਼ੀ ਤਰਜ਼ 'ਤੇ ਪੜ੍ਹੇ-ਲਿਖੇ ਭਾਰਤੀਆਂ ਦਾ ਅੰਗਰੇਜ਼ ਰਾਜ ਨਾਲ ਇਕ ਸਾਂਝ ਭਿਆਲੀ ਵਾਲਾ ਮਾਹੌਲ ਅਤੇ ਆਧਾਰ ਸਿਰਜਣਾ ਸੀ। ਆਪਣੇ ਮੁਢਲੇ ਦੌਰ ਵਿਚ ਇਹ ਪਾਰਟੀ ਅੰਗਰੇਜ਼ਾਂ ਨਾਲ ਸਾਂਝ ਭਿਆਲੀ ਪਾ ਕੇ ਹੀ ਚਲਦੀ ਰਹੀ। ਪਰ 1929 ਵਿਚ ਰਾਵੀ ਦਰਿਆ ਦੇ ਕੰਢੇ ਕਾਂਗਰਸ ਪਾਰਟੀ ਚਲੋਂ ਆਪਣਾ ਨਿਸ਼ਾਨਾ 'ਪੂਰਨ ਆਜ਼ਾਦੀ' ਤੈਅ ਕੀਤੇ ਜਾਣ ਨਾਲ ਇਹ ਪਾਰਟੀ ਅੰਗਰੇਜ਼ਾਂ ਨਾਲ ਟਕਰਾ ਵਿਚ ਆਉਣ ਲੱਗੀ। ਦੂਜੇ ਪਾਸੇ ਹਿੰਦੂ ਬਹੁਲ ਅਬਾਦੀ ਵਾਲੇ ਭਾਰਤ ਵਿਚ ਸਰਬ ਪ੍ਰਵਾਨਤ ਨੁਮਾਇੰਦਾ ਪਾਰਟੀ ਵਜੋਂ ਉਭਰ ਆਈ। ਇਸ ਤੋਂ ਬਾਅਦ ਦੇ ਜਨਤਕ ਉਭਾਰਾਂ ਵਿਚ ਇਹ ਪਾਰਟੀ ਇੰਨੀ ਕੁ ਮਜ਼ਬੂਤ ਹੋ ਗਈ ਕਿ ਉਹ ਵੰਡ ਤੋਂ ਬਾਅਦ ਬਚੇ ਭਾਰਤ ਦੀ ਹਾਕਮ ਜਮਾਤ ਬਣਨ ਵਿਚ ਕਾਮਯਾਬ ਰਹੀ। ਆਜ਼ਾਦੀ ਪਿਛੋਂ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਸਮੇਂ ਨੂੰ ਛੱਡ ਕੇ ਕਾਂਗਰਸ ਪਾਰਟੀ ਉਪਰ ਸਿੱਧੇ ਜਾਂ ਅਸਿੱਧੇ ਢੰਗ ਨਾਲ ਨਹਿਰੂ ਪਰਿਵਾਰ ਦਾ ਹੀ ਕਬਜ਼ਾ ਰਿਹਾ।

ਪੰਜਾਬ ਦੇ ਸੰਦਰਭ ਵਿਚ ਕਾਂਗਰਸ ਪਾਰਟੀ ਦੇ ਸਿੱਖਾਂ ਨਾਲ ਰਿਸ਼ਤੇ ਦਾ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ। 1929 ਵਿਚ ਰਾਵੀ ਦਰਿਆ ਦੇ ਕੰਢੇ 'ਤੇ ਪੂਰਨ ਆਜ਼ਾਦੀ ਦਾ ਮਤਾ ਪਾਸ ਕਰਨ ਤੋਂ ਪਹਿਲਾਂ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਉਨ੍ਹਾਂ ਦੇ ਪਿਤਾ ਮੋਤੀ ਲਾਲ ਨਹਿਰੂ ਸਿੱਖ ਆਗੂ ਬਾਬਾ ਖੜਕ ਸਿੰਘ ਨੂੰ ਮਿਲੇ ਸਨ ਅਤੇ ਵਿਸ਼ਵਾਸ਼ ਦਿਵਾਇਆ ਸੀ ਕਿ ਭਾਰਤ ਦਾ ਕੋਈ ਵੀ ਸੰਵਿਧਾਨ ਸਿੱਖਾਂ ਦੀ ਸਹਿਮਤੀ ਤੋਂ ਬਿਨਾ ਨਹੀਂ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਲਾਹੌਰ ਸੈਸ਼ਨ ਵਿਚ ਵੀ ਮਹਾਤਮਾ ਗਾਂਧੀ ਨੇ ਸਿੱਖਾਂ ਨੂੰ ਇਸ ਕਿਸਮ ਦੇ ਹੀ ਵਿਸ਼ਵਾਸ਼ ਦਿਵਾਏ ਸਨ।

ਜੁਲਾਈ 1946 ਵਿਚ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਕਲਕੱਤਾ ਵਿਚ ਹੋਈ। ਇਸ ਮੀਟਿੰਗ ਤੋਂ ਬਾਅਦ 6 ਜੁਲਾਈ ਨੂੰ ਹੋਈ ਪ੍ਰੈਸ ਕਾਨਫਰੰਸ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ, "ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਰੁਤਬੇ ਦੇ ਹੱਕਦਾਰ ਹਨ। ਮੈਂ ਇਸ ਵਿਚ ਕੁਝ ਵੀ ਗਲਤ ਨਹੀਂ ਸਮਝਦਾ ਕਿ ਸਿੱਖਾਂ ਲਈ ਉਤਰ ਵਿਚ ਇਕ ਅਜਿਹੇ ਖਿੱਤੇ ਦੀ ਸਥਾਪਨਾ ਕੀਤੀ ਜਾਵੇ ਜਿੱਥੇ ਉਹ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ।"

ਆਜ਼ਾਦੀ ਪਿੱਛੋਂ ਜਦੋਂ ਪੰਡਿਤ ਨਹਿਰੂ, ਇਹ ਕਹਿ ਕੇ ਕਿ 'ਸਮਾਂ ਬਦਲ ਗਿਆ ਹੈ', ਕੋਈ ਖੁਦਮੁਖਤਾਰ ਖਿੱਤਾ ਦੇਣ ਤੋਂ ਮੁੱਕਰ ਗਏ, ਤਦ ਸਿੱਖ ਲੀਡਰਸ਼ਿਪ ਨੂੰ ਜ਼ੁਬਾਨੀ ਕਲਾਮੀ ਵਾਅਦਿਆਂ ਦੀ ਨਾਕਾਮੀ ਦਾ ਅਹਿਸਾਸ ਹੋਇਆ। ਇਸ ਤੋਂ ਪਿਛੋਂ ਹੀ ਸਿੱਖਾਂ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਖੁਦਮੁਖਤਾਰ ਪੰਜਾਬੀ ਸੂਬੇ ਲਈ ਸੰਘਰਸ਼ ਵਿੱਢਿਆ। ਆਜ਼ਾਦੀ ਪਿਛੋਂ ਮਹਾਤਮਾ ਗਾਂਧੀ ਦੇ ਸਿਆਸੀ ਵਾਰਸ ਬਣੇ ਨਹਿਰੂ ਪਰਿਵਾਰ ਨਾਲ ਸਿੱਖਾਂ ਦੀ ਇਹ ਅੜ-ਭਿੜ 1966 ਵਿਚ ਅਪਾਹਜ ਜਿਹਾ ਪੰਜਾਬੀ ਸੂਬਾ ਬਣਨ ਤੋਂ ਬਾਅਦ ਵੀ ਚਲਦੀ ਰਹੀ। ਭਾਰਤੀ ਕੌਮੀ ਸਿਆਸਤ ਦੀ ਅਗਵਾਈ ਕਰਦੇ ਨਹਿਰੂ ਪਰਿਵਾਰ ਅਤੇ ਸਿੱਖਾਂ ਦੀ ਇਹ ਖਹਿਬਾਜ਼ੀ ਜੂਨ 1984 ਵਿਚ ਬਲਿਊ ਸਟਾਰ ਉਪਰੇਸ਼ਨ ਮੌਕੇ ਸਿਖਰ 'ਤੇ ਜਾ ਪੁੱਜੀ ਜਦੋਂ ਸੰਤ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸਿੱਖਾਂ ਦੀ ਗਰਮ ਖਿਆਲੀ ਸਿਆਸਤ ਅਤੇ ਨਹਿਰੂ ਪਰਿਵਾਰ ਦੀ ਜਾਂਨਸ਼ੀਨ ਇੰਦਰਾ ਗਾਂਧੀ ਦੀ ਅਗਵਾਈ ਵਿਚ ਭਾਰਤੀ ਸਿਆਸਤ ਫੌਜੀ ਰੂਪ ਵਿਚ ਇਕ ਦੂਜੇ ਦੇ ਆਹਮੋ ਸਾਹਮਣੇ ਖਲੋ ਗਏ। ਬਲਿਊ ਸਟਾਰ ਉਪਰੇਸ਼ਨ ਪਿਛੋਂ ਤਕਰੀਬਨ ਇਕ ਦਹਾਕਾ ਪੰਜਾਬ ਵਿਚ ਜੰਗ ਵਾਲਾ ਮਾਹੌਲ ਬਣਿਆ ਰਿਹਾ। ਪੰਜਾਬ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਇਕ ਆਤਮਘਾਤੀ ਹਮਲੇ ਵਿਚ ਕਤਲ ਤੋਂ ਬਾਅਦ ਖੁਦ ਸਿੱਖ ਖਾੜਕੂ ਲਹਿਰ ਵੀ ਧੀਮੀ ਪੈ ਗਈ। ਇਸ ਦਰਮਿਆਨ ਐਸ.ਵਾਈ.ਐਲ. ਨਹਿਰ ਦਾ ਮੁੱਦਾ ਇਕ ਅਹਿਮ ਮੁੱਦੇ ਵਜੋਂ ਉਭਰਿਆ। 8 ਅਪਰੈਲ 1982 ਨੂੰ ਇੰਦਰਾ ਗਾਂਧੀ ਵਲੋਂ ਐਸ.ਵਾਈ.ਐਲ. ਦਾ ਨੀਂਹ ਪੱਥਰ ਰੱਖੇ ਜਾਣ ਤੋਂ ਬਾਅਦ ਇਸ ਦੇ ਵਿਰੋਧ ਵਿਚ ਅਕਾਲੀਆਂ ਨੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਸਹਿਯੋਗ ਨਾਲ ਇਸ ਨਹਿਰ ਨੂੰ ਰੋਕਣ ਲਈ ਕਪੂਰੀ ਮੋਰਚਾ ਲਾਇਆ। ਬਾਅਦ ਵਿਚ ਨਹਿਰ ਨੂੰ ਰੋਕਣ ਲਈ ਖਾੜਕੂਆਂ ਨੇ ਇੰਜੀਨੀਅਰਾਂ ਅਤੇ ਮਜ਼ਦੂਰਾਂ ਦੇ ਕਤਲ ਵੀ ਕੀਤੇ। ਅਸਲ ਵਿਚ ਐਸ.ਵਾਈ.ਐਲ. ਦੇ ਮੁੱਦੇ ਨੇ ਅਮਨਮਈ ਸਿੱਖ ਸੰਘਰਸ਼ ਨੂੰ ਤੇਜ਼ੀ ਨਾਲ ਹਥਿਆਰਬੰਦ ਹੋਣ ਵੱਲ ਧੱਕਿਆ। ਇਸ ਤੋਂ ਬਾਅਦ ਸਾਕਾ ਨੀਲਾ ਤਾਰਾ, ਬਲੈਕ ਥੰਡਰ, ਪਿੰਡਾਂ ਵਿਚੋਂ ਸਿੱਖ ਨੌਜਵਾਨਾਂ ਦੀ ਫੜੋ ਫੜੀ, ਕਤਲ ਅਤੇ ਮੋੜਵੀਂ ਸਿੱਖ ਹਿੰਸਾ ਚਲਦੀ ਰਹੀ।

ਇਸ ਸਾਰੇ ਅਰਸੇ ਦੌਰਾਨ ਕਾਂਗਰਸ ਪਾਰਟੀ ਅੰਦਰ ਹੋਣ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਦਾ ਵਤੀਰਾ ਸਿੱਖਾਂ ਅਤੇ ਸਿੱਖ ਮਸਲਿਆਂ ਪ੍ਰਤੀ ਹਮਦਰਦਾਂ ਵਾਲਾ ਰਿਹਾ। ਇਸ ਨੂੰ ਡਾਵਾਂਡੋਲ ਵੀ ਕਹਿ ਸਕਦੇ ਹਾਂ। ਕਈ ਵਾਰ ਉਹ ਖੁਲ੍ਹੇ ਡੁੱਲ੍ਹੇ ਫੈਡਰਲ ਭਾਰਤ ਦੀ ਥਾਂ ਫੌਜੀ ਕਿਸਮ ਦੇ ਭਾਰਤ ਦੀ ਵਕਾਲਤ ਕਰਦਾ ਵੀ ਨਜ਼ਰ ਆਇਆ। ਫਿਰ ਵੀ ਕੈਪਟਨ ਅਮਰਿੰਦਰ ਸਿੰਘ ਵਲੋਂ ਉਪਰੇਸ਼ਨ ਬਲਿਊ ਸਟਾਰ ਵੇਲੇ ਆਪਣੀ ਪਾਰਲੀਮੈਂਟ ਮੈਂਬਰੀ ਤੋਂ ਅਸਤੀਫਾ ਦੇਣਾ, ਉਪਰੇਸ਼ਨ ਬਲੈਕ ਥੰਡਰ ਵੇਲੇ ਅਕਾਲੀ ਸਰਕਾਰ ਦੇ ਬਰਨਾਲਾ ਮੰਤਰੀ ਮੰਡਲ ਤੋਂ ਅਸਤੀਫਾ ਦੇਣਾ ਅਤੇ 2004 ਵਿਚ ਆਪਣੀ ਸਰਕਾਰ ਵੇਲੇ ਐਸ.ਵਾਈ.ਐਲ. ਨਹਿਰ ਨੂੰ ਬਣਨ ਤੋਂ ਰੋਕਣ ਲਈ ਇਸ ਸਬੰਧੀ ਪੁਰਾਣੇ ਫੈਸਲਿਆਂ ਨੂੰ ਰੱਦ ਕਰਨ ਨੇ ਇਕ ਪਾਸੇ ਤਾਂ ਕੈਪਟਨ ਅਮਰਿੰਦਰ ਸਿੰਘ ਬਾਰੇ ਸਿੱਖਾਂ ਦੇ ਮਨਾਂ ਵਿਚ ਹਮਦਰਦੀ ਵਾਲਾ ਅਕਸ ਬਣਾ ਦਿੱਤਾ, ਦੂਜੇ ਪਾਸੇ ਪੰਜਾਬ ਦੇ ਗੈਰ ਸਿੱਖ ਤਬਕਿਆਂ ਦੇ ਮਨਾਂ ਵਿਚ ਕੈਪਟਨ ਪ੍ਰਤੀ ਤੌਖਲੇ ਵੀ ਪੱਕੇ ਹੋਏ। ਪਿਛਲੀਆਂ ਦੋ ਚੋਣਾਂ ਵਿਚ ਪੰਜਾਬ ਦਾ ਗੈਰ ਸਿੱਖ ਤਬਕਾ ਇਨ੍ਹਾਂ ਤੌਖਲਿਆਂ ਕਾਰਨ ਹੀ ਕੈਪਟਨ ਨਾਲੋਂ ਕਿਤੇ ਨਰਮ, ਝੁਕਣਸ਼ੀਲ ਅਤੇ ਕੱਟੜ ਹਿੰਦੂ ਜਮਾਤ ਦੇ ਭਾਈਵਾਲ ਪ੍ਰਕਾਸ਼ ਸਿੰਘ ਬਾਦਲ ਨੂੰ ਤਰਜੀਹ ਦਿੰਦਾ ਰਿਹਾ।

ਹਾਲੀਆ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਮਰਿੰਦਰ ਸਿੰਘ ਨੇ ਪੰਜਾਬ ਦੇ ਸਿੱਖਾਂ ਅਤੇ ਕਿਸਾਨਾਂ ਨੂੰ ਆਪਣੇ ਨਾਲ ਜੋੜੀ ਰੱਖਣ ਲਈ ਐਸ.ਵਾਈ.ਐਲ. ਨਹਿਰ 'ਤੇ ਸਖਤ ਸਟੈਂਡ ਲਈ ਰੱਖਿਆ ਅਤੇ ਸੁਪਰੀਮ ਕੋਰਟ ਵਲੋਂ ਪੰਜਾਬ ਵਿਰੁਧ ਫੈਸਲਾ ਆਉਣ 'ਤੇ ਆਪਣੀ ਪਾਰਲੀਮੈਂਟ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ। ਦੂਜੇ ਪਾਸੇ ਉਸ ਵਲੋਂ ਪੰਜਾਬ ਦੀ ਗੈਰ ਸਿੱਖ ਆਬਾਦੀ ਦੇ ਤੌਖਲਿਆਂ ਨੂੰ ਖਾਰਜ ਕਰਨ ਲਈ ਕਸ਼ਮੀਰ ਅਤੇ ਕਈ ਹੋਰ ਥਾਂਵਾਂ 'ਤੇ ਮੁਸਲਿਮ ਕੱਟੜਪੰਥੀਆਂ ਨਾਲ ਲੜਦਿਆਂ ਮਾਰੇ ਜਾ ਰਹੇ ਫੌਜੀ ਜਵਾਨਾਂ ਨਾਲ ਹਮਦਰਦੀ ਪ੍ਰਗਟ ਕੀਤੀ ਜਾਂਦੀ ਰਹੀ ਅਤੇ ਫੌਜੀ ਬੰਦੋਬਸਤ ਨੂੰ ਪੁਖਤਾ ਕਰਨ ਦੇ ਬਿਆਨ ਦਿੱਤੇ ਜਾਂਦੇ ਰਹੇ। ਇਨ੍ਹਾਂ ਬਿਆਨਾਂ ਦਾ ਉਸ ਨੂੰ ਪੰਜਾਬ ਚੋਣਾਂ ਵਿਚ ਲਾਭ ਮਿਲਿਆ। ਵੋਟਾਂ ਤੋਂ ਐਨ ਪਹਿਲਾਂ 31 ਜਨਵਰੀ ਦੀ ਰਾਤ ਨੂੰ ਮੌੜ ਮੰਡੀ ਵਿਚ ਹੋਏ ਬੰਬ ਧਮਾਕੇ ਨੇ ਦੁਬਿਧਾ ਵਿਚ ਪਈ ਪੰਜਾਬ ਦੀ ਗੈਰ ਸਿੱਖ ਆਬਾਦੀ ਦਾ ਮੁਹਾਣ ਕਾਂਗਰਸ ਪਾਰਟੀ ਵਲ ਮੋੜ ਦਿੱਤਾ। ਸਿੱਖ ਗਰਮ ਖਿਆਲੀਆਂ ਦੇ ਆਮ ਆਦਮੀ ਪਾਰਟੀ ਵੱਲ ਝੁਕ ਜਾਣ ਨੇ ਇਸ ਮੁਹਾਣ ਨੂੰ ਹੋਰ ਤੇਜ਼ ਕੀਤਾ।

ਉਂਜ ਕਾਂਗਰਸ ਨੇ ਇਸ ਵਾਰ ਪੰਜਾਬ ਦੀਆਂ ਚੋਣਾਂ ਜਿੱਤਣ ਲਈ ਦੁਵੱਲੀ ਨੀਤੀ ਅਪਨਾਈ। ਪੰਜਾਬ ਦੀ ਗੈਰ ਸਿੱਖ ਵਸੋਂ ਨੂੰ ਆਪਣੇ ਪੱਖ ਵਿਚ ਜਿਤਣ ਲਈ ਰਾਹੁਲ ਗਾਂਧੀ ਰਾਧਾ ਸੁਆਮੀਆਂ, ਨਿਰੰਕਾਰੀਆਂ ਅਤੇ ਦਲਿਤ ਆਬਾਦੀ ਨਾਲ ਸਬੰਧਤ ਡੇਰਿਆਂ ਦੇ ਗੇੜੇ ਮਾਰਦੇ ਰਹੇ। ਜਦਕਿ ਸਿੱਖ ਬਹੁਗਿਣਤੀ ਨੂੰ ਆਪਣੇ ਪੱਖ ਵਿਚ ਜਿੱਤਣ ਲਈ ਕੈਪਟਨ ਅਮਰਿੰਦਰ ਸਿੰਘ ਦਾ ਆਸਰਾ ਲਿਆ। ਕੈਪਟਨ ਦੀ ਫੌਜੀ ਮਾਨਸਿਕਤਾ ਕਾਰਨ ਉਪਜੇ ਸ਼ੰਕਿਆਂ ਦੇ ਬਾਵਜੂਦ ਉਸ ਦਾ ਸਿੱਖ/ਪੰਜਾਬ ਪੱਖੀ ਹੋਣ ਦਾ ਅਕਸ ਸਿੱਖ ਆਬਾਦੀ ਦੇ ਮਨ ਵਿਚ ਬਣਿਆ ਰਿਹਾ। 'ਆਪ' ਦੇ ਉਖੜੇ ਵਿਹਾਰ ਅਤੇ ਅਕਾਲੀਆਂ ਦੀ ਪ੍ਰਸ਼ਾਸਨਿਕ ਅਸਫਲਤਾ ਕਾਰਨ ਦਲਿਤ ਅਤੇ ਹਿੰਦੂ ਆਬਾਦੀ ਦੀ ਕੈਪਟਨ/ਕਾਂਗਰਸ ਦੇ ਹੱਕ ਵਿਚ ਭੁਗਤ ਗਈ। ਇੰਜ ਕੈਪਟਨ ਦੀ ਅਗਵਾਈ ਵਿਚ ਪੰਜਾਬ ਕਾਂਗਰਸ ਪੰਜਾਬ ਦੇ ਤਿੰਨ ਪ੍ਰਮੁੱਖ ਤਬਕਿਆਂ ਸਿੱਖਾਂ, ਹਿੰਦੂਆਂ ਅਤੇ ਦਲਿਤਾਂ ਦੀ ਬਹੁਗਿਣਤੀ ਨੂੰ ਆਪਣੇ ਪੱਖ ਵਿਚ ਭੁਗਤਾਉਣ ਵਿਚ ਕਾਮਯਾਬ ਰਹੀ।

ਪੰਜਾਬ ਵਿਚ ਇਸ ਕਿਸਮ ਦੀ ਸਿਆਸਤ ਦੀ ਸਫਲਤਾ ਸ਼ਮੂਲੀਅਤ ਵਾਲੀ ਜਮਹੂਰੀਅਤ (ਪਾਰਟੀਸਿਪੇਟਰੀ ਡੈਮੋਕਰੇਸੀ) ਦਾ ਆਗਾਜ਼ ਕਿਹਾ ਜਾ ਸਕਦਾ ਹੈ। ਭਾਵੇਂ ਅਜਿਹਾ ਕਾਂਗਰਸ ਪਾਰਟੀ ਅਚੇਤ ਰੂਪ ਵਿਚ ਹੀ ਕਰ ਗਈ ਹੋਵੇ, ਪਰ ਬਹੁਗਿਣਤੀ ਆਧਾਰਤ ਜਮਹੂਰੀ ਪ੍ਰਬੰਧ ਨੂੰ ਪਾਰਟੀਸਿਪੇਟਰੀ ਡੈਮੋਕਰੇਸੀ ਤੱਕ ਉਚਿਆਉਣ ਦਾ ਇਹ ਉਤਮ ਨਮੂਨਾ ਹੈ, ਜਿਸ ਵਿਚ ਇਕ ਖਿੱਤੇ ਵਿਚ ਰਹਿ ਰਹੇ ਲੋਕ, ਆਪਸੀ ਵਿਰੋਧਾਂ ਦੇ ਬਾਵਜੂਦ ਆਪਣੀ ਸਿਆਸੀ ਹੋਣੀ ਤੈਅ ਕਰਨ ਲਈ ਸ਼ਾਮਲ ਹੁੰਦੇ ਹਨ।

ਪੰਜਾਬ ਵਿਚ ਆਮ ਤੌਰ 'ਤੇ ਸੱਤਾ ਉਸ ਦੀ ਬਣਦੀ ਹੈ, ਜਿੱਧਰ ਪੰਜਾਬ ਦੇ ਉਪਰੋਕਤ ਤਿੰਨ ਪ੍ਰਮੁੱਖ ਤਬਕਿਆਂ ਵਿਚੋਂ ਦੋ ਬਹੁਗਿਣਤੀ ਵਿਚ ਭੁਗਤ ਜਾਣ। ਅਕਸਰ ਹੀ ਪੰਜਾਬ ਵਿਚ ਜਦੋਂ ਹਿੰਦੂ-ਸਿੱਖ ਗੱਠਜੋੜ ਬਣਦਾ ਹੈ ਤਾਂ ਅਕਾਲੀ ਸਰਕਾਰ ਹੋਂਦ ਵਿਚ ਆਉਂਦੀ ਹੈ। ਜਦੋਂ ਹਿੰਦੂ-ਦਲਿਤ ਗੱਠਜੋੜ ਬਣਦਾ ਹੈ ਤਾਂ ਕਾਂਗਰਸ ਸਰਕਾਰ। ਪਰ ਇਸ ਵਾਰ ਪੰਜਾਬ ਦੇ ਤਿੰਨੇ ਤਬਕੇ ਬਹੁਗਿਣਤੀ ਵਿਚ ਕਾਂਗਰਸ ਪਾਰਟੀ ਦੇ ਹੱਕ ਵਿਚ ਭੁਗਤੇ। ਇਹੋ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਕਾਂਗਰਸ ਦਾ ਕ੍ਰਿਸ਼ਮਾ ਹੈ। ਪੰਜਾਬ ਵਿਚ ਹੋਈ ਇਸ ਸਿਆਸੀ-ਸਮਾਜਕ ਇੰਜੀਨੀਅਰਿੰਗ ਪ੍ਰਸ਼ਾਸਨਿਕ ਸਫਲਤਾ ਵਿਚ ਕਿਵੇਂ ਵਿਕਸਿਤ ਹੁੰਦੀ ਹੈ, ਹੁੰਦੀ ਵੀ ਹੈ ਜਾਂ ਨਹੀਂ, ਇਸ ਦਾ ਪਤਾ ਆਉਣ ਵਾਲੇ ਸਮੇਂ ਵਿਚ ਲੱਗੇਗਾ, ਕਿਉਂਕਿ ਕੈਪਟਨ ਸਰਕਾਰ ਨੂੰ ਐਸ.ਵਾਈ.ਐਲ., ਨਸ਼ੇ ਦੇ ਪਸਾਰੇ ਨੂੰ ਰੋਕਣ, ਕਿਸਾਨ ਖੁਦਕੁਸ਼ੀਆਂ, ਬੇਰੁਜ਼ਗਾਰੀ ਅਤੇ ਪੰਜਾਬ ਦੀ ਧਾਰਮਿਕ ਖਿਚੋਤਾਣ ਜਿਹੇ ਮੁੱਦਿਆਂ ਨਾਲ ਦੋ-ਚਾਰ ਹੋਣਾ ਪੈਣਾ ਹੈ।

ਇਨ੍ਹਾਂ ਮੁੱਦਿਆਂ 'ਤੇ ਕੈਪਟਨ ਪ੍ਰਸ਼ਾਸਨ ਦੀ ਸਫਲਤਾ ਹੀ ਇਸ ਪਾਰਟੀ ਦੀ ਦੇਸ਼ ਪੱਧਰ 'ਤੇ ਪੁਨਰ-ਸੁਰਜੀਤੀ ਦਾ ਆਧਾਰ ਬਣ ਸਕਦੀ ਹੈ। ਕਾਂਗਰਸ ਜੇ ਪੰਜਾਬ ਵਿਚ ਸਮਾਜਕ/ਸਿਆਸੀ ਇੰਜੀਨੀਅਰਿੰਗ ਨੂੰ ਪ੍ਰਸ਼ਾਸਨਿਕ ਸਫਲਤਾ ਵਿਚ ਪਲਟ ਲੈਂਦੀ ਹੈ ਤਾਂ ਉਹ ਇਸ ਪਾਰਟੀਸਿਪੇਟਰੀ ਜਮਹੂਰੀਅਤ ਦੇ ਤਜ਼ਰਬੇ ਨੂੰ ਮੁਲਕ ਪੱਧਰ 'ਤੇ ਲਾਗੂ ਕਰ ਸਕਦੀ ਹੈ। ਅਜਿਹਾ ਕਰਦਿਆਂ ਇਹ ਸਿੱਖਾਂ ਨੂੰ ਦੁਸ਼ਮਣ ਮਿਥ ਕੇ ਆਪਣੀ ਸਿਆਸੀ ਉਸਾਰੀ ਕਰਨ ਵਾਲੀ ਰਵਾਇਤੀ ਕਾਂਗਰਸ ਨਹੀਂ ਰਹੇਗੀ। ਕਾਂਗਰਸ ਸਿੱਖਾਂ ਲਈ ਪੰਜਾਬ ਵਿਚ ਇਕ ਸਨਮਾਨਯੋਗ ਸਿਆਸੀ ਸਪੇਸ ਮੁਹੱਈਆ ਕਰਦਿਆਂ ਪਾਰਟੀਸਿਪੇਟਰੀ ਜਮਹੂਰੀਅਤ ਦਾ ਮਾਡਲ ਉਸਾਰੇਗੀ ਤਾਂ ਉਸ ਦੀ ਪੁਨਰ-ਸੁਰਜੀਤੀ ਦੇ ਆਸਾਰ ਬੇਹੱਦ ਸਾਜ਼ਗਾਰ ਹੋਣਗੇ। (ਇਹੋ ਜਿਹੀ ਆਸ ਆਮ ਆਦਮੀ ਪਾਰਟੀ ਤੋਂ ਸੀ, ਜਿਹੜੀ ਮੁੱਢ ਵਿਚ ਹੀ ਆਪਣੇ ਅਸੂਲਾਂ ਤੋਂ ਥਿੜਕ ਗਈ) ਭਾਵ ਇਸ ਮਾਡਲ ਦੀ ਸਫਲਤਾ ਵਿਚ ਹੀ ਕਾਂਗਰਸ ਪਾਰਟੀ ਦਾ ਪੁਨਰ ਜਨਮ ਪਿਆ ਹੈ। ਇਸ ਦੀ ਅਸਫਲਤਾ ਵਿਚ ਕਾਂਗਰਸ ਦੇ ਪੁਨਰ ਜਨਮ ਦੇ ਸੁਪਨੇ ਦੀ ਮੌਤ ਲੁਕੀ ਹੋਈ ਹੈ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਇਆ ਇਤਫਾਕ

ਪਾਵਨ ਗੁਰਬਾਣੀ ਰਹਿਬਰਾਂ, ਮਹਾਂ ਪੁਰਖਾਂ ਦੇ ਉਚਾਰੇ ਬੋਲ 'ਸਾਂਝੀ ਸਗਲ ਜਹਾਨੈ' ਮੰਨੇ ਜਾਂਦੇ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੁੰਦਾ ਇਲਾਹੀ ਬਾਣੀ ਦਾ ਕੀਰਤਨ ਵੀ ਇਸੇ ਭਾਵਨਾ ਤਹਿਤ ਸਤਿਕਾਰਿਆ ਜਾਂਦਾ ਹੈ। ਅਰਥਾਤ ਗੁਰਬਾਣੀ ਸੰਦੇਸ਼ ਸਰਬ-ਕਾਲੀ, ਸਦਾ-ਵਰਤ ਅਤੇ ਸਰਬ-ਸਾਂਝਾ ਹੈ, ਪਰ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਇਹ ਵੀ ਪਰੰਪਰਾ ਹੈ ਕਿ ਗੁਰਪੁਰਬਾਂ ਜਾਂ ਹੋਰ ਇਤਿਹਾਸਕ ਦਿਹਾੜਿਆਂ ਮੌਕੇ ਰਾਗੀ ਸਿੰਘ ਗਾਇਨ ਸਮੇਂ ਉਨ੍ਹਾਂ ਸ਼ਬਦਾਂ ਦੀ ਚੋਣ ਕਰਦੇ ਹਨ ਜੋ ਸਬੰਧਤ ਦਿਵਸ ਨਾਲ ਢੁਕਵੇਂ ਹੋਣ। ਜਿਸ ਤਰ੍ਹਾਂ ਕਿਸੇ ਗੁਰੂ ਸਾਹਿਬ ਦੇ ਆਗਮਨ ਪੁਰਬ ਮੌਕੇ 'ਧੰਨ ਧੰਨ ਧੰਨ ਜਨ ਆਇਆ', ਕਿਸੇ ਜੋਤੀ ਜੋਤ ਸਮਾਉਣ ਦਿਵਸ ਮੌਕੇ 'ਜੋਤੀ ਮਹਿ ਜੋਤਿ ਰਲਿ ਜਾਇਆ' ਅਤੇ ਕਿਸੇ ਸ਼ਹੀਦੀ ਪੁਰਬ ਸਮੇਂ ਬੀਰ ਰਸੀ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਸਮਕਾਲੀ ਪੰਥਕ ਹਾਲਾਤ ਦੇ ਪ੍ਰਸੰਗ ਵਿਚ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਖਾਸ ਖਾਸ ਚੋਣਵੇਂ ਸ਼ਬਦਾਂ ਦੇ ਗਾਇਨ ਦੀ ਰਵਾਇਤ ਹੈ। ਜਿਵੇਂ ਅਸੀਂ ਜੂਨ ਚੁਰਾਸੀ ਦੇ ਘੱਲੂਘਾਰੇ ਮੌਕੇ 'ਕੁੱਤਾ ਰਾਜ ਬਹਾਲੀਐ', 'ਸੰਤਾਂ ਨਾਲ ਵੈਰ ਕਮਾਂਵਦੇ' ਅਤੇ 'ਆਪਣੀ ਖੇਤੀ ਰੱਖ ਲੈ ਕੂੰਜ ਪੜੇਗੀ ਖੇਤ' ਆਦਿ ਸ਼ਬਦ ਸੁਣਦੇ ਰਹੇ ਹਾਂ।

ਉਨ੍ਹਾਂ ਭੀਹਾਵਲੇ ਦਿਨਾਂ ਵਿਚ ਹੁੰਦੇ ਕੀਰਤਨ ਦਰਬਾਰਾਂ ਵਿਚ ਭਾਈ ਸੁਰਿੰਦਰ ਸਿੰਘ ਪਟਨਾ ਸਾਹਿਬ ਵਾਲੇ (ਜਿਨ੍ਹਾਂ ਨੇ 'ਕੁੱਤਾ ਰਾਜ ਬਹਾਲੀਐ' ਪਉੜੀ ਦੇ ਗਾਇਨ ਦੀ ਪਹਿਲ ਕੀਤੀ ਸੀ) ਸਟੇਜਾਂ 'ਤੇ ਦੱਸਿਆ ਕਰਦੇ ਸਨ ਕਿ ਪ੍ਰਸ਼ਾਸਨ ਵੱਲੋਂ ਉਨ੍ਹਾਂ 'ਤੇ ਬਹੁਤ ਦਬਾਅ ਪਾਇਆ ਜਾਂਦਾ ਸੀ ਕਿ ਫਲਾਣੇ ਫਲਾਣੇ ਸ਼ਬਦਾਂ ਦਾ ਗਾਇਨ ਨਾ ਕੀਤਾ ਜਾਵੇ। ਕਹਿੰਦੇ, ਇਕ ਫੌਜੀ ਅਫਸਰ ਨੇ ਉਨ੍ਹਾਂ ਨੂੰ ਕਿਹਾ ਕਿ 'ਤੁਮ ਗੁਰੂ ਨਾਨਕ ਕੀ ਬਾਨੀ ਕੇ ਸ਼ਬਦ ਹੀ ਗਾਇਨ ਕਰੋ।' ਭਾਈ ਸੁਰਿੰਦਰ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਇਸ ਸਲੋਕ ਨੂੰ ਸਵੇਰੇ ਸ਼ਾਮ ਗਾਉਣਾ ਸ਼ੁਰੂ ਕਰ ਦਿੱਤਾ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥

ਉਸੇ ਅਫਸਰ ਨੇ ਫਿਰ ਭਾਈ ਸਾਹਿਬ ਨੂੰ ਦਫਤਰ ਬੁਲਾ ਕੇ ਕਿਹਾ ਕਿ 'ਯਿਹ ਛੋੜੋ... ਅਬ ਤੁਮ ਕਿਸੀ ਭਗਤ ਕੀ ਬਾਨੀ ਬੋਲਾ ਕਰੋ।' 'ਅੱਛਾ ਜੀ' ਕਹਿ ਕੇ ਆਏ ਉਸ ਰਾਗੀ ਨੇ ਭਗਤ ਕਬੀਰ ਜੀ ਦਾ ਇਹ ਸ਼ਬਦ ਗਾਉਣਾ ਸ਼ੁਰੂ ਕਰ ਦਿੱਤਾ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

ਇਸ ਤੋਂ ਇਲਾਵਾ ਕਈ ਵਾਰ ਅਜਿਹੇ ਮੌਕਾ-ਮੇਲ ਵੀ ਬਣਦੇ ਰਹੇ ਨੇ, ਜਦ ਸ੍ਰੀ ਦਰਬਾਰ ਸਾਹਿਬ ਤੋਂ ਗਾਇਨ ਕੀਤੇ ਜਾ ਰਹੇ ਸ਼ਬਦ ਦਾ ਸੁਤੇ ਹੀ ਕਿਸੇ ਖਾਸ ਸਮਕਾਲੀ ਘਟਨਾ ਦਾ ਦ੍ਰਿਸ਼ ਨਾਲ ਤਾਲਮੇਲ ਜੁੜ ਜਾਂਦਾ ਹੈ, ਪਰ ਅਜਿਹਾ ਬੋਧ ਕਿਸੇ ਵਿਰਲੇ ਗੁਰਬਾਣੀ ਪਾਰਖੂ ਦੀ ਪਕੜ ਵਿਚ ਹੀ ਆ ਸਕਦਾ ਹੈ। ਅਜਿਹਾ ਹੀ ਇਕ ਦ੍ਰਿਸ਼ਟਾਂਤ ਲੰਘੀ ਛੇ ਮਾਰਚ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਵਾਪਰਿਆ। ਤੜਕਸਾਰ ਆਸਾ ਦੀ ਵਾਰ ਦਾ ਕੀਰਤਨ ਚੱਲ ਰਿਹਾ ਸੀ। ਸਾਖੀ-ਪ੍ਰਮਾਣ ਗਾਇਨ ਸ਼ੈਲੀ ਤਹਿਤ ਕੀਰਤਨ ਕਰਦਿਆਂ ਰਾਗੀ ਸਿੰਘ ਨੇ ਇਕ ਪਉੜੀ ਗਾਉਣੀ ਸ਼ੁਰੂ ਕੀਤੀ। ਭਾਈ ਗੁਰਦਾਸ ਜੀ ਰਚਿਤ 35ਵੀਂ ਵਾਰ ਦੀ ਦਸਵੀਂ ਪਉੜੀ ਹੈ- ਚੋਰ ਗਇਆ ਘਰਿ ਸ਼ਾਹ ਦੈ ਘਰ ਅੰਦਰ ਵੜਿਆ॥ ਕੀਰਤਨੀਆ ਸਿੰਘ ਜਦੋਂ ਪੂਰੇ ਰਉਂ ਵਿਚ ਇਸ ਪਉੜੀ ਦੀ ਚੌਥੀ ਤੁਕ ਬੋਲ ਰਿਹਾ ਸੀ:

ਲੋਭ ਲਹਿਰ ਹਲਕਾਇਆ
ਲੂਣ ਹਾਂਡਾ ਫੜਿਆ॥

ਐਨ ਉਸੇ ਮੌਕੇ ਸੁਖਬੀਰ ਸਿੰਘ ਬਾਦਲ ਤੇ ਮਨਜਿੰਦਰ ਸਿੰਘ ਸਿਰਸਾ ਆਪਣੇ ਦਿੱਲੀ ਵਾਲੇ ਨਵੇਂ ਜੇਤੂ ਜਰਨੈਲਾਂ ਦਾ ਲਾਮ ਲਸ਼ਕਰ ਲੈ ਕੇ ਸ੍ਰੀ ਦਰਬਾਰ ਸਾਹਿਬ ਅੰਦਰ ਆ ਗਏ। ਜਿੱਤ ਦੇ ਜਾਹੋ-ਜਲਾਲ ਵਿਚ ਮਖਮੂਰ ਇਹ ਗਰੁਪ ਗੁਰੂ ਮਹਾਰਾਜ ਅੱਗੇ ਨਤਮਸਤਕ ਹੋ ਰਿਹਾ ਸੀ, ਜਦੋਂ ਕੀਰਤਨੀ ਜਥਾ ਪਉੜੀ ਦੀ ਅਖੀਰਲੀ ਪੰਕਤੀ ਗੱਜ-ਵੱਜ ਕੇ ਗਾ ਰਿਹਾ ਸੀ:

ਲੂਣ ਹਰਾਮੀ ਗੁਨਹਗਾਰ
ਧੜ ਧੰਮੜ ਧੜਿਆ॥

ਟੀ.ਵੀ. ਤੋਂ ਕੀਰਤਨ ਸਰਵਣ ਕਰ ਰਹੇ ਪੰਜਾਬ ਦੇ ਮੇਰੇ ਇਕ ਮਿੱਤਰ ਨੇ ਇਸ ਮੌਕੇ ਦੀ ਕਾਹਲੀ ਕਾਹਲੀ ਵੀਡੀਓ ਬਣਾਈ ਅਤੇ ਮੈਨੂੰ ਭੇਜ ਦਿੱਤੀ। ਇਸੇ 'ਵੀਡੀਓ ਕਲਿਪ' ਦੇ ਆਧਾਰ 'ਤੇ ਹੀ ਮੈਂ ਇਹ ਕੁਝ ਸਤਰਾਂ ਲਿਖੀਆਂ ਨੇ।

ਕੋਊ ਹਰਿ ਸਮਾਨਿ ਨਹੀ ਰਾਜਾ
ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ॥

# ਧਰਮ ਦੀ ਸਿਆਸਤ ਨੇ ਰੋਲਿਆ ਬਾਬਰੀ ਮਸਜਿਦ ਕੇਸ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਹਫਤੇ ਭਾਰਤ ਦੀ ਸੁਪਰੀਮ ਕੋਰਟ ਨੇ ਇਹ ਗੱਲ ਸਾਫ ਕਰ ਦਿੱਤੀ ਹੈ ਕਿ ਬਾਬਰੀ ਮਸਜਿਦ ਢਾਹੇ ਜਾਣ ਸਬੰਧੀ ਜੋ ਕੇਸ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਉਮਾ ਭਾਰਤੀ ਉਤੇ ਦਰਜ ਹੋਇਆ ਸੀ, ਉਹ ਬੰਦ ਨਹੀਂ ਕੀਤਾ ਜਾ ਸਕਦਾ। ਉਹ ਕੇਸ ਇਸੇ ਤਰ੍ਹਾਂ ਚੱਲੀ ਜਾਵੇਗਾ। ਉਦੋਂ ਮਸਜਿਦ ਢਾਹੁਣ ਲਈ ਅਡਵਾਨੀ ਨੇ ਇੱਕ ਰੱਥ ਸਾਰੇ ਦੇਸ਼ ਵਿਚ ਘੁੰਮਾਇਆ ਤੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਇਸ ਨਾਅਰੇ ਨਾਲ ਉਕਸਾਇਆ ਸੀ ਕਿ ਜਿੱਥੇ ਬਾਬਰੀ ਮਸਜਿਦ ਹੈ, ਉਥੇ ਕਦੇ ਸਾਡੇ ਰਾਮ ਭਗਵਾਨ ਦਾ ਜਨਮ ਅਸਥਾਨ ਸੀ, ਉਹ ਥਾਂ ਛੁਡਾਉਣ ਲਈ ਆਪਾਂ ਮਸਜਿਦ ਢਾਹੁਣੀ ਤੇ ਉਥੇ ਰਾਮ ਜਨਮ ਭੂਮੀ ਮੰਦਰ ਬਣਾਉਣਾ ਹੈ। ਇੰਦਰਾ ਗਾਂਧੀ ਦੇ ਕਤਲ ਪਿੱਛੋਂ ਜਦੋਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀਆਂ ਸਿਰਫ ਦੋ ਸੀਟਾਂ ਰਹਿ ਗਈਆਂ ਸਨ ਤਾਂ ਇਹ ਨਾਅਰਾ ਹਿੰਦੂ ਭਾਈਚਾਰੇ ਨੂੰ ਪਾਰਲੀਮੈਂਟ ਚੋਣਾਂ ਦੇ ਪੰਜ ਸਾਲ ਬਾਅਦ ਦੇ ਰਾਜਸੀ ਜੂਏ ਵਿਚ ਵਰਤਣ ਵਾਸਤੇ ਚੁੱਕਿਆ ਗਿਆ ਸੀ।

ਅਗਲੀ ਚੋਣ ਵਿਚ ਦੋ ਸੀਟਾਂ ਵਾਲੀ ਭਾਜਪਾ



ਲਾਲ ਕ੍ਰਿਸ਼ਨ ਅਡਵਾਨੀ

ਇਸ ਨਾਅਰੇ ਨਾਲ ਛਿਆਸੀ ਸੀਟਾਂ ਵਾਲੀ ਹੋ ਗਈ। ਕਾਂਗਰਸ ਦੀ ਸਰਕਾਰ ਨਹੀਂ ਸੀ ਰਹੀ ਅਤੇ ਜਿਹੜਾ ਰਾਜਾ ਵੀ.ਪੀ. ਸਿੰਘ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠਾ, ਉਸ ਕੋਲ ਆਪਣੇ ਸਿਰ ਬਹੁ-ਗਿਣਤੀ ਨਹੀਂ ਸੀ। ਇੱਕ ਪਾਸਿਓਂ ਖੱਬੇ ਪੱਖੀਆਂ ਤੇ ਦੂਸਰੇ ਪਾਸਿਓਂ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਆਸਰਾ ਲੈ ਕੇ ਸਰਕਾਰ ਚੱਲਦੀ ਸੀ। ਉਸ ਵਕਤ ਇਸ ਮਜਬੂਰੀ ਨੂੰ ਵਰਤਣ ਲਈ ਭਾਜਪਾ ਦੇ ਉਦੋਂ ਦੇ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਨੇ ਰੱਥ ਚਲਾਇਆ ਤੇ ਇਸ ਰੱਥ ਨੂੰ ਭਾਵੇਂ ਬਿਹਾਰ ਵਿਚ ਲਾਲੂ ਪ੍ਰਸਾਦ ਦੀ ਸਰਕਾਰ ਨੇ ਰੋਕ ਦਿੱਤਾ, ਮਿੱਥੀ ਹੋਈ ਤਰੀਕ ਨੂੰ ਭੜਕਾਈ ਹੋਈ ਭੀੜ ਨੇ ਬਾਬਰੀ ਮਸਜਿਦ ਨੂੰ ਪਹਿਲਾ ਟੱਪ ਜਾ ਲਾਇਆ ਸੀ। ਉਹ ਟੱਪ ਮਸਜਿਦ ਨੂੰ ਢਾਹੁਣ ਦੀ ਥਾਂ ਵੀ.ਪੀ. ਸਿੰਘ ਦੀ ਸਰਕਾਰ ਡੇਗਣ ਦਾ ਕਾਰਨ ਬਣ ਗਿਆ ਤੇ ਕਾਂਗਰਸ ਦੀ ਮਦਦ ਨਾਲ ਚਾਰ ਦਿਹਾੜੇ ਰਾਜ ਕਰਨ ਵਾਲੇ ਚੰਦਰ ਸ਼ੇਖਰ ਤੋਂ ਬਾਅਦ ਨਰਸਿਮਹਾ ਰਾਓ ਦੀ ਸਰਕਾਰ ਬਣ ਗਈ, ਜੋ ਪੌਣਾ ਭਾਜਪਾਈਆ ਸਮਝਿਆ ਜਾਂਦਾ ਸੀ। ਉਦੋਂ ਨਰਸਿਮਹਾ ਰਾਓ ਵੱਲੋਂ ਦਿੱਤੀ ਗਈ ਖੁੱਲ੍ਹ ਤੇ ਉੱਤਰ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਦੀ ਮਿਲੀਭੁਗਤ ਨਾਲ ਬਾਬਰੀ ਮਸਜਿਦ ਢਾਹੁਣ ਵਾਲਾ



ਬਾਬਰੀ ਮਸਜਿਦ ਦੀਆਂ ਇੱਟਾਂ ਪੁੱਟਦੇ ਹੋਏ ਭਾਰਤੀ ਜਨਤਾ ਪਾਰਟੀ ਦੇ ਸਮਰਥਕ

ਪਹਿਲਾ ਕੰਮ ਮੁਕਾ ਦਿੱਤਾ ਗਿਆ।

ਇਹ ਗੱਲ ਸਾਰੇ ਲੋਕਾਂ ਨੂੰ ਪਤਾ ਹੈ ਕਿ ਰਾਜਸੀ ਕਾਰਨ ਕਰ ਕੇ ਸਹੀ, ਦੋ ਭਾਈਚਾਰਿਆਂ ਦਾ ਭੇੜ ਕਰਾਉਣ ਵਾਲਾ ਇਹ ਕੰਮ ਜਦੋਂ ਕੀਤਾ ਗਿਆ, ਲਾਲ ਕ੍ਰਿਸ਼ਨ ਅਡਵਾਨੀ ਇਸ ਸੋਚ ਦਾ ਆਗੂ ਸੀ। ਬਹੁਤ ਸਾਰੇ ਲੋਕ ਇਹ ਗੱਲ ਕਹਿ ਦਿੰਦੇ ਹਨ ਕਿ ਅਟਲ ਬਿਹਾਰੀ ਵਾਜਪਾਈ ਉਦੋਂ ਭਾਜਪਾ ਦਾ ਪ੍ਰਧਾਨ ਹੁੰਦਾ ਤਾਂ ਉਸ ਨੇ ਸ਼ਾਇਦ ਇਸ ਹੱਦ ਤੱਕ ਨਹੀਂ ਸੀ ਜਾਣਾ। ਵਾਜਪਾਈ ਨੂੰ ਮਾਡਰੇਟ ਕਿਹਾ ਜਾਂਦਾ ਹੈ। ਹਕੀਕਤ ਇਹ ਹੈ ਕਿ ਜਦੋਂ ਸੁਪਰੀਮ ਕੋਰਟ ਨੇ ਹੁਕਮ ਕੀਤਾ ਹੋਇਆ ਸੀ ਤੇ ਖੁਦ ਭਾਜਪਾ ਆਗੂਆਂ ਨੇ ਇਹ ਲਿਖ ਕੇ ਦਿੱਤਾ ਸੀ ਕਿ ਮਸਜਿਦ ਦੇ ਨਾਲ ਕਿਸੇ ਵੀ ਤਰ੍ਹਾਂ



ਉਮਾ ਭਾਰਤੀ

ਦੀ ਛੇੜ-ਛਾੜ ਨਹੀਂ ਕੀਤੀ ਜਾਵੇਗੀ, ਉਦੋਂ ਮਸਜਿਦ ਢਾਹੁਣ ਤੋਂ ਇੱਕ ਰਾਤ ਪਹਿਲਾਂ ਲਖਨਊ ਦੀ ਰੈਲੀ ਵਿਚ ਵਾਜਪਾਈ ਨੇ ਇੱਕ ਤਕਰੀਰ ਕੀਤੀ ਸੀ। ਉਹ ਤਕਰੀਰ ਵਾਜਪਾਈ ਦੇ ਮਾਡਰੇਟ ਅਕਸ ਦਾ ਕੱਚ ਪੇਸ਼ ਕਰਦੀ ਹੈ। ਵਾਜਪਾਈ ਨੇ ਹਜ਼ਾਰਾਂ ਦੇ ਇਕੱਠ ਸਾਹਮਣੇ ਕਿਹਾ ਸੀ ਕਿ ਸੁਪਰੀਮ ਕੋਰਟ ਦਾ ਹੁਕਮ ਹੈ ਕਿ ਮਸਜਿਦ ਵਾਲੇ ਢਾਂਚੇ ਨਾਲ ਛੇੜ-ਛਾੜ ਨਹੀਂ ਕਰਨੀ ਅਤੇ ਅਸੀਂ ਇਹ ਗੱਲ ਮੰਨ ਲਈ ਹੈ, ਪਰ ਉਥੇ ਜਦੋਂ ਲੱਖਾਂ ਲੋਕ ਜੁੜਨਗੇ, ਉਨ੍ਹਾਂ ਦੇ ਬੈਠਣ ਲਈ ਕੋਈ ਥਾਂ ਪੱਧਰੀ ਕਰਨੀ ਪੈ ਜਾਵੇਗੀ, ਕੋਈ ਨੋਕੀਲੇ ਪੱਥਰ ਵੀ ਪੱਧਰ ਕਰਨੇ ਪੈਣਗੇ। ਉਸ ਤਕਰੀਰ ਵਿਚਲੇ 'ਨੋਕੀਲੇ ਪੱਥਰ' ਅਸਲ ਵਿਚ ਵਿਵਾਦ ਵਾਲਾ ਢਾਂਚਾ ਕਹੀ ਜਾਂਦੀ ਬਾਬਰੀ ਮਸਜਿਦ ਦੇ ਗੁੰਬਦ ਸਨ, ਜਿਹੜੇ ਫਿਰ ਢਾਹ ਦਿੱਤੇ ਗਏ ਸਨ ਤੇ ਇਹ ਕੰਮ ਕੀਤੇ ਜਾਣ ਤੋਂ ਪਹਿਲਾਂ ਲਖਨਊ ਦੀ ਤਕਰੀਰ ਕਰ ਕੇ ਵਾਜਪਾਈ ਖੁਦ ਦਿੱਲੀ ਪਰਤ ਗਿਆ ਸੀ।

ਉਸ ਵਕਤ ਢਾਹੀ ਗਈ ਮਸਜਿਦ ਦੇ ਮੁਕੱਦਮੇ ਬਾਰੇ ਹੁਣ ਕਿਹਾ ਗਿਆ ਹੈ ਕਿ ਇਹ ਜਾਰੀ ਰਹੇਗਾ। ਚੌਵੀ ਤੋਂ ਵੱਧ ਸਾਲ ਲੰਘ ਗਏ, ਇਹ ਮੁਕੱਦਮਾ ਕਿਸੇ ਸਿਰੇ ਨਹੀਂ ਲੱਗ ਸਕਿਆ। ਹੁਣ ਜਦੋਂ ਇਹ ਅੱਗੇ ਵਧੇਗਾ ਤਾਂ ਇਸ ਵਿਚ ਪੇਸ਼ੀ ਲਈ ਆਵਾਜ਼ ਪਈ ਸੁਣ ਕੇ ਲਾਲ ਕ੍ਰਿਸ਼ਨ ਅਡਵਾਨੀ ਨੇ ਪੇਸ਼ ਕਦੇ ਨਹੀਂ ਹੋਣਾ, ਉਸ ਦੇ ਵਕੀਲ ਜਾਣਗੇ ਅਤੇ ਪਿਛਲਾ ਤਜਰਬਾ ਦੱਸਦਾ ਹੈ ਕਿ ਨਵੀਂ ਤਾਰੀਖ ਪੇਸ਼ੀ ਲੈ ਆਇਆ ਕਰਨਗੇ। ਹੋ ਸਕਦਾ ਹੈ ਕਿ ਇਸ ਕੇਸ ਵਿਚ ਕਦੀ ਕੋਈ ਫੈਸਲੇ ਦੀ ਘੜੀ ਵੀ ਆ ਜਾਵੇ। ਇਸ ਦਾ ਵੀ ਕੋਈ ਲਾਭ ਨਹੀਂ ਹੋਣਾ। ਲਾਲ ਕ੍ਰਿਸ਼ਨ ਅਡਵਾਨੀ ਉਮਰ ਦੇ ਜਿਸ ਪੜਾਅ ਉਤੇ ਪਹੁੰਚ ਗਿਆ ਹੈ, ਨੱਬੇ ਸਾਲ ਪੂਰੇ ਹੋਣ ਵਾਲੇ ਹਨ, ਇਸ ਉਮਰ ਵਿਚ ਉਸ ਨੂੰ ਕਿਸੇ ਨੇ ਜੇਲ੍ਹ ਭੇਜਣ ਦਾ ਹੁਕਮ ਹੀ ਨਹੀਂ ਕਰਨਾ। ਪੰਜ ਕੁ ਸਾਲ ਹੋਰ ਇਹ ਕੇਸ ਚੱਲ ਗਿਆ ਤਾਂ ਮੁਰਲੀ ਮਨੋਹਰ ਜੋਸ਼ੀ ਦੀ ਉਮਰ ਵੀ ਏਨੀ ਕੁ ਹੋ ਜਾਣੀ ਹੈ ਤੇ ਫਿਰ ਉਹ ਵੀ ਬਜ਼ੁਰਗੀ ਦਾ ਲਾਭ ਲੈ ਕੇ ਰਾਮ ਦੇ ਨਾਮ ਦੀ ਮਾਲਾ ਜਪਦਾ ਰਹੇਗਾ।

ਅਸੀਂ ਇਸ ਮਾਮਲੇ ਵਿਚ ਸੁਪਰੀਮ ਕੋਰਟ ਦੇ ਹੁਕਮਾਂ ਅਤੇ ਹਦਾਇਤਾਂ ਦਾ ਪੂਰਾ ਸਤਿਕਾਰ ਕਰਦਿਆਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਸ ਦੇਸ਼ ਵਿਚ ਕਿਸੇ ਵੀ ਅਪਰਾਧ ਦੀ ਦੋਸ਼ੀ ਧਿਰ ਕੋਲ ਜਦੋਂ ਪੈਸਾ ਤੇ ਪਹੁੰਚ ਹੋਵੇ ਤਾਂ ਉਸ ਦੇ ਖਿਲਾਫ ਕਾਨੂੰਨ ਦੀ ਲੰਮੀ ਬਾਂਹ ਆਮ ਕਰ ਕੇ ਲੂੰਜੀ ਸਾਬਤ ਹੁੰਦੀ ਹੈ। ਬਹੁਤ ਜ਼ਿਆਦਾ ਜ਼ੋਰ ਇਸ ਗੱਲ ਉਤੇ ਦਿੱਤਾ ਜਾਂਦਾ ਹੈ ਕਿ ਇਸ ਦੇਸ਼ ਵਿਚ ਚਾਰ ਵਾਰ ਹਰਿਆਣੇ ਦਾ ਮੁੱਖ ਮੰਤਰੀ ਰਹਿ ਚੁਕੇ ਕਿਸੇ ਓਮ ਪ੍ਰਕਾਸ਼ ਚੌਟਾਲਾ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਦਸ ਸਾਲ ਦੀ ਕੈਦ ਹੋਈ ਅਤੇ ਜੇਲ੍ਹ ਵਿਚ ਬੈਠਾ ਹੈ। ਲਾਲੂ ਪ੍ਰਸਾਦ ਵੀ ਲੰਮਾ ਸਮਾਂ ਬਿਹਾਰ ਦਾ ਮੁੱਖ ਮੰਤਰੀ ਰਹਿਣ ਦੇ ਬਾਅਦ ਭ੍ਰਿਸ਼ਟਾਚਾਰ ਦਾ ਦੋਸ਼ੀ ਸਾਬਤ ਹੋਇਆ ਤੇ ਉਸ ਨੂੰ ਜੇਲ੍ਹ ਜਾਣਾ ਪੈ ਗਿਆ। ਇਹ ਅਲੋਕਾਰ ਕੇਸ ਹਨ, ਪਰ ਇਨ੍ਹਾਂ ਵਿਚ ਸਜ਼ਾ ਹੋਣ ਦਾ ਕੁਝ ਖਾਸ ਕਾਰਨ ਹੈ। ਹਰਿਆਣੇ ਦੇ ਓਮ ਪ੍ਰਕਾਸ਼ ਚੌਟਾਲਾ ਦੀ ਪਾਰਟੀ ਲਗਾਤਾਰ ਦੋ ਵਾਰੀ ਹਾਰ ਜਾਣ ਨਾਲ ਉਸ ਦੇ ਬਚਾਅ ਵਾਸਤੇ ਕੋਈ ਰਾਹ ਕੱਢਣਾ ਔਖਾ ਹੋ ਗਿਆ ਸੀ। ਪੰਜ ਸਾਲ ਬਾਹਰ ਰਹਿ ਕੇ ਜੇ ਉਹ ਅਗਲੀ ਵਾਰ ਜਿੱਤ ਗਿਆ ਹੁੰਦਾ ਤਾਂ ਉਸ ਨੂੰ ਸਜ਼ਾ ਜਾਂ ਤਾਂ ਹੋਣੀ ਨਹੀਂ ਸੀ ਤੇ ਜੇ ਹੋ ਜਾਂਦੀ ਤਾਂ ਉਤਲੀ ਅਦਾਲਤ ਤੋਂ ਰੱਦ ਹੋ ਜਾਣੀ ਸੀ, ਕਿਉਂਕਿ ਗਵਾਹਾਂ ਨੇ ਉਸ ਦੇ ਖਿਲਾਫ ਭੁਗਤਣ ਤੋਂ ਕਿਨਾਰਾ ਕਰ ਜਾਣਾ ਸੀ। ਜੈਲਲਿਤਾ ਨੂੰ ਦੋ ਵਾਰੀ ਸਜ਼ਾ ਹੋਈ ਅਤੇ ਦੋਵੇਂ ਵਾਰੀ ਰੱਦ ਇਸ ਲਈ ਹੋ ਗਈ ਕਿ ਜਦੋਂ ਅਪੀਲ ਕੀਤੀ ਗਈ, ਉਦੋਂ ਉਸ ਦੇ ਰਾਜ ਵਿਚ ਸਰਕਾਰ ਉਸ ਦੀ ਆਪਣੀ ਪਾਰਟੀ ਦੀ ਅਤੇ ਮੁੱਖ ਮੰਤਰੀ ਦਾ ਅਹੁਦਾ ਉਸ ਵਿਅਕਤੀ ਦੇ ਕੋਲ ਸੀ, ਜੋ ਸਤਿਕਾਰ ਵਜੋਂ ਉਸ ਕੁਰਸੀ ਉਤੇ ਨਹੀਂ ਸੀ ਬੈਠਦਾ। ਲਾਲੂ ਪ੍ਰਸਾਦ ਪੰਜਾਂ ਸਾਲਾਂ ਬਾਅਦ ਸੱਤਾ ਵਿਚ ਵਾਪਸ ਆ ਗਿਆ ਹੁੰਦਾ ਤਾਂ ਉਸ ਦੇ ਖਿਲਾਫ ਕੇਸ ਸਿਰੇ ਨਹੀਂ ਸਨ ਚੜ੍ਹਨੇ। ਉਸ ਨੂੰ ਸਜ਼ਾ ਉਦੋਂ ਮਿਲ ਸਕੀ, ਜਦੋਂ ਬਿਹਾਰ ਸਰਕਾਰ ਮੁੱਖ ਮੰਤਰੀ ਨਿਤੀਸ਼ ਕੁਮਾਰ ਭਾਜਪਾ ਨਾਲ ਮਿਲ ਕੇ ਚਲਾ ਰਿਹਾ ਸੀ। ਹੁਣ ਉਸ ਸਰਕਾਰ ਵਿਚ ਲਾਲੂ ਪ੍ਰਸਾਦ ਦਾ ਇੱਕ ਪੁੱਤਰ ਡਿਪਟੀ ਮੁੱਖ ਮੰਤਰੀ ਤੇ ਦੂਸਰਾ ਕੈਬਨਿਟ ਮੰਤਰੀ ਹੋਣ ਕਰ ਕੇ ਲੋਕ



ਅਟਲ ਬਿਹਾਰੀ ਵਾਜਪਾਈ

ਕਹਿੰਦੇ ਹਨ ਕਿ ਅਪੀਲ ਦੇ ਵਕਤ ਲਾਲੂ ਪ੍ਰਸਾਦ ਦੇ ਛੁੱਟ ਜਾਣ ਦੀ ਬਹੁਤ ਤਕੜੀ ਸੰਭਾਵਨਾ ਪੈਦਾ ਹੋ ਗਈ ਹੈ।

ਭਾਰਤ ਦਾ ਕਾਨੂੰਨ ਆਮ ਆਦਮੀ ਦੇ ਮਗਰ ਬਾਂਹ ਲੰਮੀ ਕਰਨ ਵਿਚ ਕਸਰ ਨਹੀਂ ਰੱਖਦਾ। ਇੱਕ ਫਿਲਮ ਵਿਚ ਇੱਕ ਬੱਚਾ ਪੇਟ ਦੀ ਭੁੱਖ ਕਾਰਨ ਰੋਟੀ ਚੋਰੀ ਕਰਨ ਪਿੱਛੋਂ ਦੌੜਦਾ ਪੁਲਿਸ ਦੀ ਗੋਲੀ ਨਾਲ ਮਾਰਿਆ ਜਾਂਦਾ ਵੇਖ ਕੇ ਲੋਕ ਹਲੂਣੇ ਗਏ ਸਨ। ਕੁਝ ਚਿਰ ਬਾਅਦ ਲੋਕ ਉਹ ਭਾਵਨਾ ਭੁੱਲ ਗਏ ਤੇ ਭਾਰਤੀ ਸਮਾਜ ਜਿਵੇਂ ਚੱਲਦਾ ਸੀ, ਉਵੇਂ ਹੀ ਚੱਲਦਾ ਰਿਹਾ ਸੀ। ਇਹ ਸਮਾਜ ਹਾਥੀ ਨੂੰ ਲੰਘਣ ਦਾ ਰਾਹ ਦੇ ਦਿੰਦਾ ਤੇ ਕੀੜੀ ਨੂੰ ਘੇਰ ਲੈਂਦਾ ਹੈ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਸਿੰਘ ਨੇ ਗੁਜਰਾਤ ਦੇ ਗਧਿਆਂ ਦੀ ਗੱਲ ਛੇੜੀ ਤਾਂ ਗਧੇ ਵੀ ਚੋਣ-ਚਰਚਾ ਦਾ ਮੁੱਦਾ ਬਣਦੇ ਵੇਖ ਲਏ। ਭਾਰਤੀ ਸਮਾਜ ਵਿਚ ਕਈ ਸੰਸਥਾਵਾਂ ਬਘਿਆੜ ਬਚਾਉ ਮੁਹਿੰਮ ਚਲਾ ਰਹੀਆਂ ਹਨ। ਚਰਚਾ ਦੌਰਾਨ ਕਦੀ ਇਹ ਗੱਲ ਮੁੱਦਾ ਬਣੀ ਨਹੀਂ ਵੇਖੀ ਗਈ ਕਿ ਬਘਿਆੜ ਮਾਸਾਹਾਰੀ ਹੈ ਅਤੇ



ਮੁਰਲੀ ਮਨੋਹਰ ਜੋਸ਼ੀ

ਭੇਡਾਂ ਤੇ ਹਿਰਨਾਂ ਨੂੰ ਚੱਬਣ ਦੇ ਨਾਲ ਹੀ ਜ਼ਿੰਦਾ ਰਹਿੰਦਾ ਹੈ। ਭੇਡਾਂ ਜਾਂ ਹਿਰਨਾਂ ਦੀ ਰਾਖੀ ਦੀ ਮੁਹਿੰਮ ਕਦੇ ਨਹੀਂ ਚਲਾਈ ਗਈ। ਇੱਕ ਖੇਤਰ ਦੇ ਜੰਗਲੀ ਜੀਵਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਫਿਲਮ ਸਟਾਰ ਸਲਮਾਨ ਖਾਨ ਨੂੰ ਅੱਧੀ ਰਾਤ ਹਿਰਨਾਂ ਦਾ ਸ਼ਿਕਾਰ ਕਰਦੇ ਨੂੰ ਘੇਰ ਲਿਆ। ਕਈ ਸਾਲ ਲੰਘ ਗਏ, ਉਹ ਕੇਸ ਕਾਨੂੰਨੀ ਚੱਕਰ ਵਿਚ ਉਲਝਿਆ ਪਿਆ ਹੈ। ਸਲਮਾਨ ਖਾਨ ਆਪਣੇ ਆਪ ਨੂੰ ਦੋਸ਼ੀ ਨਹੀਂ ਸਮਝਦਾ, ਸਗੋਂ ਇੱਕ ਵਾਰ ਉਹ ਅਦਾਲਤ ਵਿਚ ਜਾ ਕੇ ਭੜਕ ਪਿਆ ਸੀ ਕਿ ਜਿਹੜੀ ਫਾਂਸੀ ਦੇਣੀ ਹੈ, ਦੇ ਦਿਓ। ਹੋਰ ਕੋਈ ਇਸ ਤਰ੍ਹਾਂ ਕਹਿੰਦਾ ਤਾਂ ਅਦਾਲਤੀ ਮਾਣ-ਹਾਨੀ ਦਾ ਕੇਸ ਬਣਨਾ ਸੀ। ਸਲਮਾਨ ਦੇ ਵਕੀਲਾਂ ਨੇ ਇਹ ਵੀ ਨਾ ਬਣਨ ਦਿੱਤਾ, ਕਿਉਂਕਿ ਸਲਮਾਨ ਖਾਨ ਉਨ੍ਹਾਂ ਲੋਕਾਂ ਵਿਚੋਂ ਸੀ, ਜਿਨ੍ਹਾਂ ਨੂੰ ਭਾਰਤ ਦੇ ਕਾਨੂੰਨ ਨੂੰ ਝਕਾਨੀ ਦੇਣੀ ਆਉਂਦੀ ਹੈ। ਇਸ ਦੇਸ਼ ਦਾ ਕਾਨੂੰਨ ਗਰੀਬ-ਮਾਰ ਕਰਨ ਜੋਗਾ ਹੀ ਜਾਪਦਾ ਹੈ।

ਵੱਡੇ ਲੋਕਾਂ ਦੇ ਖਿਲਾਫ ਬਹੁਤੇ ਕੇਸ ਜਿੰਦਾਂ ਸਿਰੇ ਨਹੀਂ ਚੜ੍ਹਦੇ ਹੁੰਦੇ, ਬਾਬਰੀ ਮਸਜਿਦ ਦਾ ਕੇਸ ਵੀ ਕਦੇ ਨਹੀਂ ਚੜ੍ਹਨ ਲੱਗਾ। ਇਹ ਕੇਸ ਹੁਣ ਤੱਕ ਜਿਵੇਂ ਚਲੀ ਗਿਆ ਹੈ, ਤੇ ਚੱਲ ਰਿਹਾ ਹੈ, ਉਵੇਂ ਹੀ ਚੱਲੀ ਜਾਵੇਗਾ!

# ਅਖੌਤੀ ਰਾਸ਼ਟਰਵਾਦੀਆਂ ਦੀ ਨਫਰਤੀ ਸੋਚ

## ਸੰਪਾਦਕ ਦੀ ਡਾਕ

ਸੰਪਾਦਕ ਜੀ,

ਗੁਰਮਿਹਰ ਕੌਰ ਨੇ ਇੱਕ ਸਾਲ ਪਹਿਲਾਂ ਇੰਟਰਨੈਟ 'ਤੇ ਲਿਖ ਕੇ ਜ਼ਾਹਰ ਕੀਤਾ ਸੀ ਕਿ ਉਹਦੇ ਬਾਪ ਨੂੰ 'ਜੰਗ ਨੇ ਮਾਰਿਆ, ਨਾ ਕਿ ਪਾਕਿਸਤਾਨ ਨੇ।' ਉਸ ਵਕਤ ਕਿਸੇ ਨੇ ਵੀ ਕੋਈ ਇਤਰਾਜ਼ ਨਹੀਂ ਸੀ ਕੀਤਾ। ਅੱਜ ਇੱਕ ਸਾਲ ਬਾਅਦ ਜਦੋਂ ਦਿੱਲੀ ਵਿਚ, ਜਿਥੇ ਉਹ ਰਾਮ ਜੱਸ ਕਾਲਜ ਵਿਚ ਪੜ੍ਹ ਰਹੀ ਹੈ, ਭਾਰਤ ਦੀ ਭਗਵਾਂ ਬ੍ਰਿਗੇਡ ਦੇ ਸਟੂਡੈਂਟ ਵਿੰਗ ਏ. ਬੀ. ਵੀ. ਪੀ. ਨੇ ਵਿਦਿਆਰਥੀਆਂ ਜਿਨ੍ਹਾਂ ਵਿਚ ਲੜਕੀਆਂ ਵੀ ਸ਼ਾਮਿਲ ਸਨ, ਦੀ ਬੇਹੂਦਾ ਮਾਰ-ਕੁਟਾਈ ਕੀਤੀ ਤਾਂ ਗੁਰਮਿਹਰ ਕੌਰ ਨੇ ਬੜੇ ਸ਼ਾਂਤ ਢੰਗ ਨਾਲ ਬਿਨਾ ਕੁਝ ਬੋਲਿਆਂ ਬੈਨਰ ਲਿਖ ਕੇ ਇੰਟਰਨੈਟ 'ਤੇ ਇਸ ਦਾ ਵਿਰੋਧ ਕੀਤਾ।

ਬੱਸ ਇਹ ਨਹੀਂ ਜਰ ਹੋਇਆ ਭਗਵਾਂ ਬ੍ਰਿਗੇਡ ਤੋਂ। ਕਿੱਸਾ ਕੱਢ ਲਿਆ ਇੱਕ ਸਾਲ ਪਹਿਲਾਂ ਵਾਲਾ ਤੇ ਦੇਣ ਲੱਗ ਪਏ ਵੱਡੇ ਦੇਸ਼ ਭਗਤ ਰਾਸ਼ਟਰਵਾਦੀ, ਜੋ ਬੜੇ ਹੁੱਬ ਹੁੱਬ ਕੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਦੀਆਂ ਟਾਹਰਾਂ ਮਾਰਦੇ ਆ, ਇੱਕ ਦੇਸ਼ ਦੇ ਸ਼ਹੀਦ ਫੌਜੀ ਅਫਸਰ ਦੀ ਧੀ ਨੂੰ ਬਲਾਤਕਾਰ ਦੀਆਂ ਧਮਕੀਆਂ! ਦੇਸ਼ ਭਗਤੀ ਤੋਂ ਦੇਸ਼ ਧ੍ਰੋਹੀ ਕਹਿ ਗਏ। ਲਾਹਨਤ ਹੈ ਇਹੋ ਜਿਹੀ ਰਾਸ਼ਟਰਵਾਦੀ ਸੋਚ 'ਤੇ, ਨਫਰਤ ਹੈ ਇਸ ਨੀਚ ਕਿਸਮ ਦੀ ਦੇਸ਼ ਭਗਤੀ ਤੋਂ। ਹੱਦਾਂ ਤਾਂ ਉਦੋਂ ਪਾਰ ਹੋ ਗਈਆਂ ਜਦੋਂ ਰਾਜ ਕਰਦੀ ਪਾਰਟੀ ਦੇ ਐਮ.ਪੀ. ਤੇ ਮੰਤਰੀ ਅਤੇ ਕਹਿੰਦੇ-ਕਹਾਉਂਦੇ ਖਿਡਾਰੀ ਤੇ ਫਿਲਮੀ ਲੋਕ ਵੀ ਸ਼ਾਮਿਲ ਹੋ ਗਏ, ਇਸ ਬੇਹੂਦਾਪਨ ਵਿਚ।

ਨੱਕੋ ਨੱਕ ਭਰੇ ਨਫਰਤ ਦੇ ਇਨ੍ਹਾਂ ਭਗਵਾਂ ਪੁਜਾਰੀਆਂ ਨੂੰ, ਜਿਹੜੀ ਗੱਲ ਸਾਲਾਂ ਬੱਧੀ ਸਿਆਸਤ ਵਿਚ ਰਹਿਣ 'ਤੇ ਸੱਠਾਂ ਤੋਂ ਉਤੇ ਉਮਰ ਦੇ ਹੋ ਕੇ ਵੀ ਸਮਝ ਨਹੀਂ ਲੱਗੀ, ਉਹ ਗੁਰਮਿਹਰ ਕੌਰ ਨੂੰ ਆਪਣੀ ਹੋਸ਼ ਸੰਭਾਲਣ ਤੋਂ ਪਹਿਲਾਂ ਆਪਣੇ ਬਾਪ ਦੀ ਸ਼ਹੀਦੀ ਪਿਛੋਂ ਸਮਝ ਆ ਗਈ ਕਿ 'ਜੰਗ' ਸਭ ਪੁਆੜੇ ਦੀ ਜੜ੍ਹ ਹੈ। ਸਾਰਾ ਜਹਾਨ ਇਹੋ ਕਹਿੰਦਾ ਕਿ ਸਾਡੇ ਐਨੇ ਲੋਕ ਪਹਿਲੀ ਸੰਸਾਰ ਜੰਗ ਤੇ ਦੂਜੀ ਸੰਸਾਰ ਜੰਗ ਨੇ ਮਾਰੇ, ਕੋਈ ਨਹੀਂ ਕਹਿੰਦਾ ਕਿ ਫਲਾਣੇ ਦੇਸ਼ ਨੇ ਮਾਰੇ।

ਗੁਰਮਿਹਰ ਕੌਰ ਦੀ ਮਾਂ ਕਿੰਨੀ ਸਿਆਣੀ ਤੇ ਅਕਲਮੰਦ ਹੈ ਕਿ ਉਹਨੇ ਆਪਣੀ ਪੰਜ ਸਾਲ ਦੀ ਬੇਟੀ ਦੇ ਮਨ ਵਿਚੋਂ ਨਸਲੀ ਨਫਰਤ ਉਦੋਂ ਖਤਮ ਕਰ ਦਿੱਤੀ ਜਦੋਂ ਉਹ ਇੱਕ ਬੁਰਕੇ ਵਾਲੀ ਮੁਸਲਮਾਨ ਔਰਤ ਨੂੰ ਮਾਰਨ ਲੱਗੀ ਸੀ।

ਵੱਡੇ ਰਾਸ਼ਟਰਵਾਦੀ ਕਹਾਉਂਦੇ ਤਾਂ ਉਸ ਪਰਿਵਾਰ ਦੀ ਜੁੱਤੀ ਬਰਾਬਰ ਵੀ ਨਹੀਂ ਜਿਹਨੂੰ ਉਹ ਦੇਸ਼ ਧ੍ਰੋਹੀ ਕਹਿ ਗਏ। ਨਫਰਤ 'ਚ ਜੰਮੇ ਅਖੌਤੀ ਰਾਸ਼ਟਰਵਾਦੀਆਂ ਨੂੰ ਜਦੋਂ ਗੁੜਤੀ ਹੀ ਨਫਰਤ ਦੀ ਮਿਲੀ ਹੋਵੇ ਤੇ ਪਾਲਣ-ਪੋਸ਼ਣ ਵੀ ਨਫਰਤ ਨੇ ਕੀਤਾ ਹੋਵੇ, ਤਾਂ ਇਨ੍ਹਾਂ ਨਫਰਤ ਹੀ ਫੈਲਾਉਣੀ ਹੋਈ! ਪਾਕਿਸਤਾਨ ਦੇ ਨਾਂ 'ਤੇ ਇਨ੍ਹਾਂ 'ਰਾਸ਼ਟਰਵਾਦੀਆਂ' ਦਾ ਫਨ ਬੜੀ ਛੇਤੀ ਫੁੰਕਾਰੇ ਮਾਰਦਾ, ਇਹ ਪਾਕਿਸਤਾਨ ਵੀ ਇਨ੍ਹਾਂ ਦੀ ਨਫਰਤੀ ਸੋਚ ਦੀ ਹੀ ਦੇਣ ਹੈ। ਸੱਚੀ ਗੱਲ ਹੈ ਕਿ ਬੇਸ਼ਰਮ ਹੋਏ ਇਹ ਵੱਡੇ ਰਾਸ਼ਟਰਵਾਦੀ 'ਜੰਗ ਜੰਗ' ਦੀ ਨਫਰਤੀ ਸਿਆਸਤ ਕਰਕੇ ਧੀਆਂ ਨੂੰ ਵਿਧਵਾ ਕਰਵਾ ਰਹੇ ਨੇ ਤੇ ਬੱਚਿਆਂ ਨੂੰ ਪਿਓ ਬਾਹਰੇ। ਗੁਰਬਾਣੀ ਅਜਿਹੇ ਲੋਕਾਂ ਨੂੰ ਅਕ੍ਰਿਤਘਣ ਦਾ ਦਰਜਾ ਦਿੰਦੀ ਹੈ।

-ਮਝੈਲ ਸਿੰਘ ਸਰਾਂ

# 'ਪੰਜਾਬ ਟਾਈਮਜ਼' ਨੂੰ ਸਤਾਰਵੀਂ ਵਰ੍ਹੇਗੰਢ ਦੀ ਵਧਾਈ

'ਪੰਜਾਬ ਟਾਈਮਜ਼' ਉਤਰੀ ਅਮਰੀਕਾ ਦਾ ਬਿਹਤਰੀਨ ਇਕ ਹਫਤਾਵਾਰੀ ਪੰਜਾਬੀ ਅਖਬਾਰ ਹੀ ਨਹੀਂ ਬਲਕਿ ਇਕ ਪੂਰਨ ਸੰਸਥਾ ਹੈ। ਇਸ ਵਿਚ ਵੱਖ ਵੱਖ ਵਿਸ਼ਿਆਂ 'ਤੇ ਲੇਖ ਹਰ ਪਾਠਕ ਲਈ ਮਨ ਭਾਉਂਦੇ ਹਨ ਜੋ ਪੱਤਰਕਾਰੀ ਦੇ ਮਿਆਰਾਂ ਉਪਰ ਪੂਰੇ ਉਤਰਦੇ ਹਨ। ਇੰਨੀ ਵੰਨ-ਸੁਵੰਨਤਾ ਸ਼ਾਇਦ ਅਮਰੀਕਾ ਤੋਂ ਛਪਦੇ ਹੋਰ ਕਿਸੇ ਵੀ ਪੰਜਾਬੀ ਅਖਬਾਰ ਵਿਚ ਨਹੀਂ।

ਇਸ ਦਾ ਸੰਪਾਦਕ ਅਮੋਲਕ ਸਿੰਘ ਮੇਰੇ ਕਾਲਜ (ਸਰਕਾਰੀ ਕਾਲਜ, ਸੈਕਟਰ-11, ਚੰਡੀਗੜ੍ਹ) ਦਾ ਵਿਦਿਆਰਥੀ ਰਿਹਾ ਹੈ। ਉਸ ਅਨੁਸਾਰ ਪੰਜਾਬੀ ਵਿਸ਼ੇ ਵਿਚ ਘੱਟ ਤੋਂ ਘੱਟ ਲਫਜ਼ਾਂ ਵਿਚ ਵੱਧ ਤੋਂ ਵੱਧ ਗੱਲ ਕਹਿਣ ਅਰਥਾਤ ਕੁੱਜੇ ਵਿਚ ਸਮੁੰਦਰ ਬੰਦ ਕਰਨ ਦੀ ਜਾਚ ਉਸ ਦੇ ਅਧਿਆਪਕ ਸਵਰਗੀ ਪ੍ਰੋ. ਬਲਬੀਰ ਸਿੰਘ ਦਿਲ, ਜੋ ਮੇਰੇ ਗੂੜ੍ਹੇ ਮਿੱਤਰ ਸਨ, ਨੇ ਦਿੱਤੀ। ਇਹੋ ਜਾਚ ਪੱਤਰਕਾਰੀ ਵਿਚ ਵੀ ਉਸ ਦੇ ਕੰਮ ਆਈ। ਭਾਵੇਂ ਸਿਹਤ ਪੱਖੋਂ ਉਸ ਨੂੰ ਬਹੁਤ ਮੁਸ਼ਕਿਲਾਂ ਆ ਰਹੀਆਂ ਹਨ, ਮੈਨੂੰ ਬਹੁਤ ਖੁਸ਼ੀ ਹੈ ਕਿ ਸੰਪਾਦਕ ਦੇ ਰੂਪ ਵਿਚ ਪਿਆਰਾ ਅਮੋਲਕ ਉਚਾਈਆਂ ਛੂਹ ਰਿਹਾ ਹੈ। ਮੈਨੂੰ ਪੂਰਨ ਆਸ ਹੈ, ਆਪਣੇ ਪਿਤਾ ਤੋਂ ਵਿਰਸੇ ਵਿਚ ਮਿਲੀ ਦ੍ਰਿੜਤਾ, ਪਤਨੀ ਜਸਪ੍ਰੀਤ ਤੋਂ ਮਿਲੀ ਅਣਥੱਕ ਸਹਾਇਤਾ ਅਤੇ ਸਲਾਹਕਾਰਾਂ ਤੋਂ ਮਿਲੀ ਹੱਲਾਸ਼ੇਰੀ ਉਸ ਨੂੰ ਸਦਾ ਚੜ੍ਹਦੀ ਕਲਾ ਵਿਚ ਰੱਖੇਗੀ। ਆਪਣੀ ਆਨ ਅਤੇ ਸ਼ਾਨ ਕਾਇਮ ਰੱਖਦਾ ਹੋਇਆ ਇਹ ਰੰਗ-ਬਰੰਗੇ ਫੁੱਲਾਂ ਦਾ ਗੁਲਦਸਤਾ ਬਹੁਤ ਲੰਮੇ ਸਮੇਂ ਲਈ ਇਕ ਪਿਆਰੀ ਮਹਿਕ ਦਿੰਦਾ ਰਹੇਗਾ।

ਮੇਰੀ ਪਰਮਾਤਮਾ ਅੱਗੇ ਅਰਦਾਸ ਹੈ ਕਿ ਸਾਡਾ ਇਹ ਮਨਪਸੰਦ ਅਖਬਾਰ 'ਪੰਜਾਬ ਟਾਈਮਜ਼' ਅੱਗੇ ਵਧਦਾ ਰਹੇ। ਮੇਰੀ ਤਰਫੋਂ ਪੰਜਾਬ ਟਾਈਮਜ਼ ਦੇ ਸਟਾਫ ਅਤੇ ਪਾਠਕਾਂ ਨੂੰ ਇਸ ਦੀ ਸਤਾਰਵੀਂ ਵਰ੍ਹੇਗੰਢ ਮੌਕੇ ਹਾਰਦਿਕ ਵਧਾਈ!

-ਬ੍ਰਿਜਿੰਦਰ ਸਿੰਘ ਸਿੱਧੂ, ਸੇਵਾ ਮੁਕਤ ਪ੍ਰਿੰਸੀਪਲ।
ਫੋਨ: 925-683-1982

# ਪੰਜਾਬ ਵਿਧਾਨ ਸਭਾ ਦੇ ਨਵੇਂ ਚੁਣੇ ਮੈਂਬਰ

## ਕਾਂਗਰਸ →



| | | | | | | | | | | |
|---|---|---|---|---|---|---|---|---|---|---|
| ਅਜਾਇਬ ਭੱਟੀ | ਅਮਿਤ ਵਿਜ | ਅਮਰੀਕ ਢਿੱਲੋਂ | ਅੰਗਦ ਸੈਨੀ | ਅਰੁਣ ਡੋਗਰਾ | ਅਰੁਣਾ ਚੌਧਰੀ | ਅਵਤਾਰ ਸੰਘੇੜਾ | ਬਲਬੀਰ ਸਿੱਧੂ | ਬਲਵਿੰਦਰ ਲਾਡੀ | ਬਰਿੰਦਰਜੀਤ ਸਿੰਘ | ਭਾਰਤ ਭੂਸ਼ਣ |
| ਮਲੋਟ | ਪਠਾਨਕੋਟ | ਸਮਰਾਲਾ | ਨਵਾਂ ਸ਼ਹਿਰ | ਦਸੂਹਾ | ਦੀਨਾਨਗਰ | ਜਲਾਲਾਬਾਦ ਉਤਰੀ | ਮੁਹਾਲੀ | ਸ੍ਰੀ ਹਰਗੋਬਿੰਦਪੁਰ | ਗੁਰਦਾਸਪੁਰ | ਲੁਧਿਆਣਾ ਪੱਛਮੀ |



| | | | | | | | | | | | |
|---|---|---|---|---|---|---|---|---|---|---|---|
| ਬ੍ਰਹਮਹਿੰਦਰਾ | ਅਮਰਿੰਦਰ ਸਿੰਘ | ਚਰਨਜੀਤ ਚੰਨੀ | ਦਲਬੀਰ ਗੋਲਡੀ | ਦਰਸ਼ਨ ਲਾਲ | ਦਰਸ਼ਨ ਬਰਾੜ | ਦਵਿੰਦਰ ਘੁਬਾਇਆ | ਧ. ਅਗਨੀਹੋਤਰੀ | ਡਾ. ਰਾਜ ਕੁਮਾਰ | ਫਤਿਹਜੰਗ | ਗੁਰਕੀਰਤ ਕੋਟਲੀ | ਗੁਰਪ੍ਰੀਤ ਕਾਂਗੜ |
| ਪਟਿਆਲਾ, ਦਿ. | ਪਟਿਆਲਾ | ਚਮਕੌਰ ਸਾਹਿਬ | ਧੂਰੀ | ਬਲਾਚੌਰ | ਬਾਘਾਪੁਰਾਣਾ | ਫਾਜ਼ਿਲਕਾ | ਤਰਨ ਤਾਰਨ | ਚੱਬੇਵਾਲ | ਬਾਜਵਾ, ਕਾਦੀਆਂ | ਖੰਨਾ | ਰਾਮਪੁਰਾ ਫੂਲ |



| | | | | | | | | | | | |
|---|---|---|---|---|---|---|---|---|---|---|---|
| ਗੁਰਪ੍ਰੀਤ ਜੀਪੀ | ਹਰਦਿਆਲ ਕੰਬੋਜ | ਹਰਜੋਤ ਕਮਲ | ਹਰਮਿੰਦਰ ਗਿੱਲ | ਹਰਪ੍ਰਤਾਪ ਸਿੰਘ | ਇੰਦਰ ਬੁਲਾਰੀਆ | ਜੋਗਿੰਦਰਪਾਲ ਸਿੰਘ | ਕੁਸ਼ਲਦੀਪ ਢਿੱਲੋਂ | ਕੁਲਬੀਰ ਜ਼ੀਰਾ | ਕੁਲਦੀਪ ਵੈਦ | ਕੁਲਜੀਤ ਨਾਗਰਾ | ਲਖਬੀਰ ਲੱਖਾ |
| ਬੱਸੀ ਪਠਾਣਾਂ | ਰਾਜਪੁਰਾ | ਮੋਗਾ | ਪੱਟੀ | ਅਜਨਾਲਾ | ਅੰਮ੍ਰਿਤਸਰ ਦੱਖਣੀ | ਭੋਆ | ਫਰੀਦਕੋਟ | ਜ਼ੀਰਾ | ਗਿੱਲ | ਫ਼ਤਿਹਗੜ੍ਹ ਸਾਹਿਬ | ਪਾਇਲ |



| | | | | | | | | | | | |
|---|---|---|---|---|---|---|---|---|---|---|---|
| ਮਦਨ ਲਾਲ | ਮਨਪ੍ਰੀਤ ਬਾਦਲ | ਨੱਥੂ ਰਾਮ | ਨਵਜੋਤ ਸਿੱਧੂ | ਨਵਜੇਤ ਚੀਮਾ | ਨਿਰਮਲ ਸਿੰਘ | ਓ.ਪੀ. ਸੋਨੀ | ਪ੍ਰਗਟ ਸਿੰਘ | ਪਰਮਿੰਦਰ ਪਿੰਕੀ | ਪਵਨ ਅਦੀਆ | ਪ੍ਰੀਤਮ ਕੋਟਭਾਈ | ਰਾਜਕੁਮਾਰ ਵੇਰਕਾ |
| ਘਨੌਰ | ਬਠਿੰਡਾ | ਬੱਲੂਆਣਾ | ਅੰਮ੍ਰਿਤਸਰ ਪੂਰਬੀ | ਸੁਲਤਾਨਪੁਰ ਲੋਧੀ | ਸ਼ੁਤਰਾਣਾ | ਅੰਮ੍ਰਿਤਸਰ ਕੇਂਦਰੀ | ਜਲੰਧਰ ਛਾਉਣੀ | ਫਿਰੋਜ਼ਪੁਰ | ਸ਼ਾਮ ਚੁਰਾਸੀ | ਭੁੱਚੋ ਮੰਡੀ | ਅੰਮ੍ਰਿਤਸਰ ਪੱਛਮੀ |



| | | | | | | | | | | | |
|---|---|---|---|---|---|---|---|---|---|---|---|
| ਅਮਰਿੰਦਰ ਰਾਜਾ | ਰਜਿੰਦਰ ਬੇਰੀ | ਤ੍ਰਿਪਤ ਰ. ਬਾਜਵਾ | ਰਜਿੰਦਰ ਸਿੰਘ | ਰਜਨੀਸ਼ ਬੱਬੀ | ਰਾਕੇਸ਼ ਪਾਂਡੇ | ਰਮਨਜੀਤ ਸਿੱਕੀ | ਰਾਣਾ ਗੁਰਜੀਤ | ਗੁਰਮੀਤ ਸੋਢੀ | ਕੇ.ਪੀ. ਸਿੰਘ | ਰਣਦੀਪ ਨਾਭਾ | ਰਜ਼ੀਆ ਸੁਲਤਾਨਾ |
| ਵੜਿੰਗ, ਗਿਦੜਬਾਹਾ | ਜਲੰਧਰ ਕੇਂਦਰੀ | ਫਹਿਤਗੜ੍ਹ ਚੂੜੀਆਂ | ਸਮਾਣਾ | ਮੁਕੇਰੀਆਂ | ਲੁਧਿਆਣਾ ਉਤਰੀ | ਖਡੂਰ ਸਾਹਿਬ | ਕਪੂਰਥਲਾ | ਗੁਰੂਹਰਸਾਏ | ਅਨੰਦਪੁਰ ਸਾਹਿਬ | ਅਮਲੋਹ | ਮਲੇਰਕੋਟਲਾ |



| | | | | | | | | | | | |
|---|---|---|---|---|---|---|---|---|---|---|---|
| ਸਾਧੂ ਸਿੰਘ | ਸੰਗਤ ਗਿਲਜੀਆਂ | ਸੰਜੀਵ ਤਲਵਾਰ | ਸੰਤੋਖ ਭਲਾਈਪੁਰ | ਸਤਿਕਾਰ ਕੌਰ | ਸੁਸ਼ੀਲ ਕੁਮਾਰ | ਸੁਖ ਸਰਕਾਰੀਆ | ਸੁਖਜਿੰਦਰ ਰੰਧਾਵਾ | ਸੁਖਜੀਤ ਸਿੰਘ | ਸੁਖਪਾਲ ਭੁੱਲਰ | ਸੁਖਵਿੰਦਰ ਸਿੰਘ | ਸੁੰਦਰਸ਼ਾਮ ਅਰੋੜਾ |
| ਧਰਮਸੋਤ, ਨਾਭਾ | ਉੜਮੁੜ | ਲੁਧਿਆਣਾ ਪੂਰਬੀ | ਬਾਬਾ ਬਕਾਲਾ | ਫਿਰੋਜ਼ਪੁਰ ਦਿਹਾਤੀ | ਜਲੰਧਰ ਪੱਛਮੀ | ਰਾਜਾਸਾਂਸੀ | ਡੇਰਾ ਬਾਬਾ ਨਾਨਕ | ਕਾਕਾ, ਧਰਮਕੋਟ | ਖੇਮਕਰਨ | ਜੰਡਿਆਲਾ | ਹੁਸ਼ਿਆਰਪੁਰ |



| | | | | | |
|---|---|---|---|---|---|
| ਸੁਨੀਲ ਦੱਤੀ | ਸੁਰਿੰਦਰ ਸਿੰਘ | ਸੁਰਿੰਦਰ ਡਾਬਰ | ਸੁਰਜੀਤ ਧੀਮਾਨ | ਤਰਸੇਮ ਸਿੰਘ | ਵਿਜੇਇੰਦਰ |
| ਅੰਮ੍ਰਿਤਸਰ ਉਤਰੀ | ਕਰਤਾਰਪੁਰ | ਲੁਧਿਆਣਾ ਕੇਂਦਰੀ | ਅਮਰਗੜ੍ਹ | ਅਟਾਰੀ | ਸਿੰਗਲਾ, ਸੰਗਰੂਰ |

## 'ਆਪ' ਤੇ ਹੋਰ →

| | | | | |
|---|---|---|---|---|
| ਅਮਨ ਅਰੋੜਾ | ਅਮਰਜੀਤ ਸਿੰਘ | ਬੁੱਧਰਾਮ ਪ੍ਰਿੰਸੀਪਲ | ਹਰਪਾਲ ਚੀਮਾ | ਐਚ.ਐਸ. ਫੂਲਕਾ |
| ਸੁਨਾਮ | ਰੂਪਨਗਰ | ਬੁਢਲਾਡਾ | ਦਿੜ੍ਹਬਾ | ਦਾਖਾ |



| | | | | | | | | | | | |
|---|---|---|---|---|---|---|---|---|---|---|---|
| ਜਗਦੇਵ ਕਮਾਲੂ | ਜਗਤਾਰ ਜੱਗਾ | ਜੈ ਕਿਸ਼ਨ ਰੋੜੀ | ਕੰਵਰ ਸੰਧੂ | ਕੁਲਤਾਰ ਸੰਧਵਾਂ | ਕੁਲਵੰਤ ਪੰਡੋਰੀ | ਮਨਜੀਤ ਬਿਲਾਸਪੁਰ | ਮਾਸਟਰ ਬਲਦੇਵ | ਜੀਤ ਹੇਅਰ | ਨਾਜ਼ਰ ਮਾਨਸ਼ਾਹੀਆ | ਪਰੀਮਲ ਸਿੰਘ | ਬਲਜਿੰਦਰ ਕੌਰ |
| ਮੌੜ | ਰਾਏਕੋਟ | ਗੜ੍ਹਸ਼ੰਕਰ | ਖਰੜ | ਕੋਟਕਪੂਰਾ | ਮਹਿਲ ਕਲਾਂ | ਨਿਹਾਲਸਿੰਘ ਵਾਲਾ | ਸਿੰਘ, ਜੈਤੋ | ਬਰਨਾਲਾ | ਮਾਨਸਾ | ਭਦੌੜ | ਤਲਵੰਡੀ ਸਾਬੋ |



| | | | | |
|---|---|---|---|---|
| ਰੁਪਿੰਦਰ ਕੌਰ | ਸਰਬਜੀਤ ਕੌਰ | ਸੁਖਪਾਲ ਖਹਿਰਾ | ਬਲਵਿੰਦਰ ਬੈਂਸ | ਸਿਮਰਜੀਤ ਬੈਂਸ |
| ਬਠਿੰਡਾ ਦਿਹਾਤੀ | ਮਾਣੂਕੇ, ਜਗਰਾਓਂ | ਭੁਲੱਥ | ਲੁਧਿਆਣਾ ਦੱਖਣੀ | ਆਤਮ ਨਗਰ |

## ਅਕਾਲੀ ਭਾਜਪਾ →

| | | | | | |
|---|---|---|---|---|---|
| ਬਿਕਰਮ ਮਜੀਠੀਆ | ਦਿਲਰਾਜ ਭੂੰਦੜ | ਗੁਰਪ੍ਰਤਾਪ ਵਡਾਲਾ | ਹਰਿੰਦਰ ਚੰਦੂਮਾਜਰਾ | ਕੰਵਰਜੀਤ ਰੋਜ਼ੀ | ਐਲ.ਐਸ. ਲੋਧੀ |
| ਮਜੀਠੀਆ | ਸਰਦੂਲਗੜ੍ਹ | ਨਕੋਦਰ | ਸਨੌਰ | ਮੁਕਤਸਰ | ਨੰਗਲ, ਬਟਾਲਾ |



| | | | | | | | | | | | |
|---|---|---|---|---|---|---|---|---|---|---|---|
| ਐਨ.ਕੇ. ਸ਼ਰਮਾ | ਪ੍ਰਕਾਸ਼ ਸਿੰਘ | ਪਰਮਿੰਦਰ ਢੀਂਡਸਾ | ਪਵਨ ਟੀਨੂ | ਸ਼ਰਨਜੀਤ ਢਿੱਲੋਂ | ਸੁਖਬੀਰ ਬਾਦਲ | ਸੁਖਵਿੰਦਰ ਸੁੱਖੀ | ਅਜੀਤ ਕੋਹਾੜ | ਬਲਦੇਵ ਖਹਿਰਾ | ਅਰੁਣ ਨਾਰੰਗ | ਦਿਨੇਸ਼ ਬੱਬੂ | ਸੋਮ ਪ੍ਰਕਾਸ਼ |
| ਡੇਰਾਬਸੀ | ਬਾਦਲ, ਲੰਬੀ | ਲਹਿਰਾ | ਆਦਮਪੁਰ | ਸਾਹਨੇਵਾਲ | ਜਲਾਲਾਬਾਦ | ਬੰਗਾ | ਸ਼ਾਹਕੋਟ | ਫਿਲੌਰ | ਅਬੋਹਰ | ਸੁਜਾਨਪੁਰ | ਫਗਵਾੜਾ |

# ਪੰਜਾਬ ਦੇ ਲੋਕਾਂ ਦਾ ਧੰਨਵਾਦ

## ਨਵੀਂ ਸਿਆਸਤ ਦੇ ਆਗਾਜ਼ ਲਈ ਪੰਜਾਬ ਵਾਸੀਆਂ ਵੱਲੋਂ

# ਆਮ ਆਦਮੀ ਪਾਰਟੀ

## ਨੂੰ ਭਰੇ ਹੁੰਗਾਰੇ ਲਈ ਧੰਨਵਾਦ

ਐਤਕੀਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਾਸੀਆਂ ਨੇ ਆਮ ਆਦਮੀ ਪਾਰਟੀ ਨੂੰ ਵਿਰੋਧੀ ਧਿਰ ਬਣਨ ਦਾ ਮਾਣ ਬਖਸ਼ਿਆ ਹੈ। ਪਾਰਟੀ ਦੇ 20 ਅਤੇ ਪਾਰਟੀ ਨਾਲ ਗਠਜੋੜ ਕਰਨ ਵਾਲੀ ਲੋਕ ਇਨਸਾਫ ਪਾਰਟੀ ਦੇ ਦੋ ਆਗੂ ਵਿਧਾਨ ਸਭਾ ਅੰਦਰ ਪੁੱਜਣ ਵਿਚ ਸਫਲ ਹੋਏ ਹਨ।

ਆਪ
ਆਮ ਆਦਮੀ ਪਾਰਟੀ

ਆਮ ਆਦਮੀ ਪਾਰਟੀ ਨੇ ਭ੍ਰਿਸ਼ਟ ਸਿਆਸਤ ਖਿਲਾਫ ਪਿਛਲੇ ਕੁਝ ਸਾਲਾਂ ਤੋਂ ਲੜਾਈ ਵਿੱਢੀ ਹੋਈ ਹੈ। ਇਹ ਲੜਾਈ ਵਿਧਾਨ ਸਭਾ ਵਿਚ ਡਟ ਕੇ ਜਾਰੀ ਰੱਖੀ ਜਾਵੇਗੀ ਅਤੇ ਨਾਲ ਹੀ ਲੋਕ ਪਿੜਾਂ ਵਿਚ ਬਦਲਵੀਂ ਸਿਆਸਤ ਦਾ ਝੰਡਾ ਗੱਡਣ ਲਈ ਸਰਗਰਮੀ ਵਿੱਢੀ ਜਾਵੇਗੀ।

*ਪੰਜਾਬ ਦੀ ਸਿਆਸਤ ਨੂੰ ਲੀਹ ਉਤੇ ਪਾਉਣ ਲਈ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਆਗੂ ਜੋ ਹੁਣ ਪੰਜਾਬ ਵਿਧਾਨ ਸਭਾ ਲੋਕਾਂ ਦੀ ਆਵਾਜ਼ ਬਣਨਗੇ:*



ਅਮਨ ਅਰੋੜਾ ਸੁਨਾਮ | ਅਮਰਜੀਤ ਸਿੰਘ, ਰੂਪਨਗਰ | ਬੁੱਧ ਰਾਮ ਬੁਢਲਾਡਾ | ਹਰਪਾਲ ਚੀਮਾ ਦ੍ਰਿੜ੍ਹਬਾ | ਐਚ.ਐਸ.ਫੂਲਕਾ ਦਾਖਾ | ਜਗਦੇਵ ਕਮਾਲੂ ਮੌੜ | ਜਗਤਾਰ ਜੱਗਾ ਰਾਏਕੋਟ | ਜੈ ਕਿਸ਼ਨ ਰੋੜੀ ਗੜ੍ਹਸ਼ੰਕਰ | ਕੰਵਰ ਸੰਧੂ ਖਰੜ | ਕੁਲਤਾਰ ਸੰਧਵਾਂ ਕੋਟਕਪੂਰਾ | ਕੁਲਵੰਤ ਪੰਡੋਰੀ ਮਹਿਲ ਕਲਾਂ



ਮਨਜੀਤ ਬਿਲਾਸਪੁਰ ਨਿਹਾਲਸਿੰਘ ਵਾਲਾ | ਬਲਦੇਵ ਸਿੰਘ ਜੈਤੋ | ਜੀਤ ਹੇਅਰ ਬਰਨਾਲਾ | ਐਨ. ਮਾਨਸ਼ਾਹੀਆ ਮਾਨਸਾ | ਪਰੀਮਲ ਸਿੰਘ ਭਦੌੜ | ਬਲਜਿੰਦਰ ਕੌਰ ਤਲਵੰਡੀ ਸਾਬੋ | ਰੁਪਿੰਦਰ ਕੌਰ ਬਠਿੰਡਾ ਦਿਹਾਤੀ | ਸਰਬਜੀਤ ਮਾਣੂਕੇ ਜਗਰਾਓਂ | ਸੁਖਪਾਲ ਖਹਿਰਾ ਭੁਲੱਥ | ਬਲਵਿੰਦਰ ਬੈਂਸ ਲੁਧਿਆਣਾ ਦੱਖਣੀ | ਸਿਮਰਜੀਤ ਬੈਂਸ ਆਤਮ ਨਗਰ

## ਹੁਣ ਨਵੀਂ ਲੜਾਈ ਲਈ ਕਮਰ ਕੱਸੇ

### ਆਓ ! ਸਾਰੇ ਰਲ ਕੇ ਪੰਜਾਬ ਲਈ ਵਾਰ ਵਾਰ ਹੰਭਲੇ ਮਾਰੀਏ...

ਵੱਲੋਂ

# ਹਮਾਇਤੀ ਆਮ ਆਦਮੀ ਪਾਰਟੀ, ਯੂ.ਐਸ.ਏ.

## Supporters: Aam Admi Party, USA



**Ad Sponsored by: Jassi Gill**

# ਸ਼ਹੀਦ ਊਧਮ ਸਿੰਘ ਨਮਿਤ ਸ਼ਹੀਦੀ ਸਮਾਗਮ 30 ਜੁਲਾਈ ਨੂੰ

**ਸੈਕਰਾਮੈਂਟੋ (ਬਿਊਰੋ):** ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ ਵਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਸਮਾਗਮ 30 ਜੁਲਾਈ 2017, ਐਤਵਾਰ ਨੂੰ ਗਦਰ ਮੈਮੋਰੀਅਲ ਹਾਲ (5 ਵੁਡ ਸਟਰੀਟ), ਸੈਨ ਫਰਾਂਸਿਸਕੋ ਵਿਖੇ ਮਨਾਇਆ ਜਾਵੇਗਾ।



ਵਾਨੀ ਰਾਓ ਨਾਲ ਵਫਦ ਦੇ ਮੈਂਬਰ

ਇਸ ਸਬੰਧੀ ਫੈਸਲਾ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ ਦੇ ਪ੍ਰਧਾਨ ਗੁਲਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਲੰਘੀ 9 ਮਾਰਚ ਨੂੰ ਬਲਵਿੰਦਰ ਸਿੰਘ ਡੁਲਕੂ ਦੇ ਘਰ 'ਤੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਜਥੇਬੰਦੀ ਦੇ ਸਕੱਤਰ ਜਨਕ ਰਾਜ ਸਿਧਰਾ ਨੇ ਸਮਾਗਮ ਬਾਰੇ ਏਜੰਡਾ ਪੇਸ਼ ਕੀਤਾ ਜਿਸ 'ਤੇ ਮੈਂਬਰਾਂ ਨੇ ਤਫਸੀਲ ਵਿਚ ਵਿਚਾਰ-ਚਰਚਾ ਕੀਤੀ।

ਮੀਟਿੰਗ ਦੇ ਫੈਸਲਿਆਂ ਬਾਰੇ ਗੁਰਦੀਪ ਸਿੰਘ ਗਿੱਲ ਅਤੇ ਮਦਨ ਲਾਲ ਸ਼ਰਮਾ ਨੇ ਦੱਸਿਆ ਕਿ ਪ੍ਰੋਗਰਾਮ ਦੇ ਸ਼ੁਰੂ ਵਿਚ ਦੇਸ਼ ਭਗਤੀ ਦੇ ਗੀਤ ਗਾਏ ਜਾਣਗੇ। ਸੈਮੀਨਾਰ ਵਿਚ ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਮਦਨ ਲਾਲ ਢੀਂਗਰਾ ਦੀਆਂ ਲਾਸਾਨੀ ਕੁਰਬਾਨੀਆਂ 'ਤੇ ਵਿਦਵਾਨਾਂ ਵਲੋਂ ਪੇਪਰ ਪੜ੍ਹੇ ਜਾਣਗੇ, ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਕਵੀ ਸੱਜਣ ਆਪਣੀਆਂ ਇਨਕਲਾਬੀ ਕਵਿਤਾਵਾਂ ਨਾਲ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਲਾਮ ਕਰਨਗੇ। ਚਾਹ-ਪਾਣੀ ਅਤੇ ਲੰਗਰ ਦਾ ਪੂਰਾ ਪੂਰਾ ਪ੍ਰਬੰਧ ਹੋਵੇਗਾ। ਇਸ ਵਾਰ ਬੇ-ਏਰੀਏ ਦੀਆਂ ਸਾਰੀਆਂ ਹੀ ਜਥੇਬੰਦੀਆਂ ਨੂੰ ਉਚੇਚੇ ਤੌਰ 'ਤੇ ਸੱਦਿਆ ਜਾਵੇਗਾ।

ਇਸੇ ਦੌਰਾਨ ਗਦਰ ਹਾਲ ਸੈਨ ਫਰਾਂਸਿਸਕੋ ਦੀ ਨਵੀਂ ਬਿਲਡਿੰਗ ਸਬੰਧੀ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ ਨੇ ਇਕ ਤਿੰਨ ਮੈਂਬਰੀ ਵਫਦ ਨੂੰ ਦਿੱਲੀ ਭੇਜਿਆ, ਜਿਸ ਵਿਚ ਚਰਨ ਸਿੰਘ ਜੱਜ, ਜੌਹਨ ਬੰਗਾ ਅਤੇ ਡਾ. ਹਰੀਸ਼ ਪਾਇਲ ਸ਼ਾਮਲ ਸਨ। ਵਫਦ ਦੇ ਮੈਂਬਰਾਂ ਨੇ 12 ਫਰਵਰੀ ਨੂੰ ਕੇਂਦਰੀ ਮੰਤਰੀ ਵਿਜੇ ਸਾਂਪਲਾ ਨਾਲ ਗਦਰ ਹਾਲ ਦੀ ਨਵੀਂ ਬਿਲਡਿੰਗ ਬਾਰੇ ਗੱਲਬਾਤ ਕੀਤੀ। ਮੰਤਰੀ ਨੇ ਇਸ ਬਿਲਡਿੰਗ ਦੀ ਨਵੀਂ ਉਸਾਰੀ ਵਿਚ ਕਾਫੀ ਰੁਚੀ ਦਿਖਾਈ।

13 ਫਰਵਰੀ 2017 ਨੂੰ ਚਰਨ ਸਿੰਘ ਜੱਜ ਦੀ ਅਗਵਾਈ ਵਿਚ ਵਫਦ ਨੇ ਵਿਦੇਸ਼ ਵਿਭਾਗ ਦੇ ਜੁਆਇੰਟ ਸਕੱਤਰ ਮੈਡਮ ਵਾਨੀ ਰਾਓ ਨਾਲ ਅਕਬਰ ਭਵਨ ਵਿਚ ਮੁਲਾਕਾਤ ਕੀਤੀ। ਸ੍ਰੀਮਤੀ ਵਾਨੀ ਰਾਓ ਨੇ ਗਦਰੀ ਬਾਬਿਆਂ ਅਤੇ ਗਦਰ ਹਾਲ ਦੀ ਨਵੀਂ ਬਿਲਡਿੰਗ ਬਾਰੇ ਜਾਣਕਾਰੀ ਸਾਂਝੀ ਕੀਤੀ। ਵਿਚਾਰ-ਚਰਚਾ ਦੌਰਾਨ ਮੈਡਮ ਵਾਨੀ ਨੇ ਦੱਸਿਆ ਕਿ ਬਿਲਡਿੰਗ ਦਾ ਕੰਟਰੈਕਟ ਹੋਣ ਹੀ ਵਾਲਾ ਹੈ ਅਤੇ ਨਵੀਂ ਉਸਾਰੀ ਇਸ ਤੋਂ ਬਾਅਦ ਜਲਦ ਹੀ ਸ਼ੁਰੂ ਕਰ ਦਿੱਤੀ ਜਾਵੇਗੀ।

# 'ਮੇਲਾ ਗਦਰੀ ਬਾਬਿਆਂ ਦਾ' 2 ਅਪਰੈਲ ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਆਪਣਾ 17ਵਾਂ 'ਮੇਲਾ ਗਦਰੀ ਬਾਬਿਆਂ ਦਾ' ਆਉਂਦੀ 2 ਅਪਰੈਲ ਨੂੰ ਇਸ ਵਾਰ ਸੈਂਟਰਲ ਹਾਈ ਸਕੂਲ (ਈਸਟ), ਜਿਮਨੇਜ਼ੀਅਮ 3535 ਨਾਰਥ ਕਰਨੀਲੀਆ ਐਵੀਨਿਊ, ਫਰਿਜ਼ਨੋ ਵਿਚ ਕਰਵਾਇਆ ਜਾਵੇਗਾ।

ਪ੍ਰਬੰਧਕਾਂ ਅਨੁਸਾਰ ਇਹ ਮੇਲਾ ਸੰਨ 1917 ਦੇ ਗਦਰੀ ਸ਼ਹੀਦਾਂ-ਡਾ. ਅਰੂੜ ਸਿੰਘ, ਹਰਨਾਮ ਸਿੰਘ ਸੈਣੀ, ਬਲਵੰਤ ਸਿੰਘ ਖੁਰਦਪੁਰ, ਡਾ. ਮਥਰਾ ਸਿੰਘ, ਹਾਫਿਜ਼ ਅਬਦੁਲਾ, ਜਵੰਦ ਸਿੰਘ ਨੰਗਲ ਕਲਾਂ ਅਤੇ ਹੋਰ ਗਦਰੀਆਂ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ। ਮੇਲੇ ਦੇ ਮੁੱਖ ਮਹਿਮਾਨ ਤੇ ਬੁਲਾਰੇ ਖਾਲਸਾ ਕਾਲਜ ਜਲੰਧਰ ਦੇ ਸਾਬਕਾ ਅਧਿਆਪਕ ਪ੍ਰੋ. ਨਿਰੰਜਣ ਸਿੰਘ ਢੇਸੀ ਹੋਣਗੇ।

ਮੇਲੇ ਵਿਚ ਬੱਚਿਆਂ ਵਲੋਂ ਗਿੱਧੇ ਤੇ ਭੰਗੜੇ ਦੀਆਂ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਗਾਇਕਾ ਜੋਤ ਰਣਜੀਤ, ਧਰਮਵੀਰ ਥਾਂਦੀ, ਜੀਤਾ ਗਿੱਲ, ਹਰਜੀਤ ਸਿੰਘ ਮਰਸਿਡ ਅਤੇ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਗਦਰੀ ਬਾਬਿਆਂ ਬਾਰੇ ਇਨਕਲਾਬੀ ਗੀਤ ਪੇਸ਼ ਕਰਨਗੇ। ਮੰਚ ਸੰਚਾਲਨ ਆਸ਼ਾ ਸ਼ਰਮਾ ਦੇ ਹੱਥ ਹੋਵੇਗਾ।



*ਗਿਆਨੀ ਕੁਲਜੀਤ ਸਿੰਘ ਦਿਲਬਰ ਨਵਾਂ ਸ਼ਹਿਰ ਵਾਲਿਆਂ ਦਾ ਪ੍ਰਸਿਧ ਢਾਡੀ ਜਥਾ ਵਿਸਾਖੀ ਦੇ ਪੁਰਬ 'ਤੇ ਗੁਰਦੁਆਰਾ ਬਿਊਨਾ ਪਾਰਕ ਪਹੁੰਚ ਰਿਹਾ ਹੈ। ਜਥੇ ਨਾਲ ਸੰਪਰਕ ਫੋਨ: 714-785-7476 ਰਾਹੀਂ ਕੀਤਾ ਜਾ ਸਕਦਾ ਹੈ। (ਤਸਵੀਰ ਤੇ ਵੇਰਵਾ: ਤਰਲੋਚਨ ਸਿੰਘ ਦੁਪਾਲਪੁਰ)*

# ਜੀ.ਐਚ.ਜੀ. ਅਕੈਡਮੀ ਦਾ ਵਿਰਾਸਤੀ ਖੇਡ ਮੇਲਾ 18 ਨੂੰ



**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਜੀ.ਐਚ.ਜੀ. ਅਕੈਡਮੀ ਦਾ 6ਵਾਂ ਵਿਰਾਸਤੀ ਖੇਡ ਮੇਲਾ 18 ਮਾਰਚ ਨੂੰ ਇਥੇ ਰੋਇਡਿੰਗ ਪਾਰਕ ਵਿਚ ਹੋਵੇਗਾ। ਖੇਡ ਮੇਲੇ ਵਿਚ ਗੁੱਲੀ ਡੰਡਾ, ਬਾਂਦਰ ਕੀਲਾ, ਬੰਟੇ, ਘੋੜਾ ਕਬੱਡੀ, ਪਿੱਠੂ, ਖੋ ਖੋ, ਕੋਟਲਾ ਛਪਾਕੀ, ਕਬੱਡੀ, ਰੁਮਾਲ ਚੁੱਕਣਾ ਆਦਿ ਵਿਰਾਸਤੀ ਖੇਡਾਂ ਹੋਣਗੀਆਂ।

ਸੰਸਥਾ ਦੀ ਇਥੇ ਵਿਕਟੋਰੀਆ ਪਾਰਕ ਵਿਚ ਹੋਈ ਇਕ ਮੀਟਿੰਗ ਦੌਰਾਨ ਖੇਡ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਪ੍ਰਬੰਧਕਾਂ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ। ਪ੍ਰਬੰਧਕਾਂ ਅਨੁਸਾਰ ਇਸ ਖੇਡ ਮੇਲੇ ਲਈ ਕੋਈ ਸੌ ਬੱਚੇ ਪਿਛਲੇ ਦੋ ਮਹੀਨੇ ਤੋਂ ਅਭਿਆਸ ਕਰ ਰਹੇ ਹਨ। ਮੇਲੇ ਵਿਚ ਖੇਡਾਂ ਤੋਂ ਇਲਾਵਾ ਗਿੱਧਾ-ਭੰਗੜਾ ਤਾਂ ਹੋਵੇਗਾ ਹੀ, ਗੀਤ-ਸੰਗੀਤ ਦਾ ਰੰਗ ਵੀ ਬੱਝੇਗਾ। ਹੋਰ ਜਾਣਕਾਰੀ ਲਈ ਪਰਮਜੀਤ ਧਾਲੀਵਾਲ (ਫੋਨ: 559-351-9465) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਲੜਕੀਆਂ ਫਸਾਉਣ ਦੇ ਚੱਕਰ ਵਿਚ ਭਾਰਤੀ ਯੁਵਕ ਗ੍ਰਿਫਤਾਰ

**ਸੈਂਟਾ ਕਲਾਰਾ, ਕੈਲੀਫੋਰਨੀਆ (ਬਿਊਰੋ):** ਸੈਂਟਾ ਕਲਾਰਾ ਕਾਊਂਟੀ ਪੁਲਿਸ ਨੇ ਇਕ ਭਾਰਤੀ ਲੜਕੇ ਰਾਜੀਵ ਸਾਨੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਉਤੇ 19 ਲੜਕੀਆਂ ਨਾਲ ਛੇੜਛਾੜ ਕਰਨ ਅਤੇ ਉਨ੍ਹਾਂ ਨੂੰ ਆਪਣੇ ਚੱਕਰ ਵਿਚ ਫਸਾਉਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਹਨ। ਪੁਲਿਸ ਅਨੁਸਾਰ 35 ਸਾਲਾ ਰਾਜੀਵ ਨੇ ਲੰਘੇ ਬੁਧਵਾਰ ਨੂੰ ਚਾਰ ਨਾਬਾਲਗ ਲੜਕੀਆਂ ਨਾਲ ਛੇੜਛਾੜ ਕੀਤੀ। ਪੁਲਿਸ ਨੂੰ ਸ਼ੱਕ ਹੈ ਕਿ ਉਹ ਹੁਣ ਤਕ ਪਿਛਲੇ ਕੁਝ ਸਾਲਾਂ ਦੌਰਾਨ ਘੱਟੋਘੱਟ 19 ਲੜਕੀਆਂ ਨਾਲ ਛੇੜਛਾੜ ਕਰ ਚੁਕਾ ਹੈ। ਪੁਲਿਸ ਨੇ ਤਫਤੀਸ਼ ਉਦੋਂ ਸ਼ੁਰੂ ਕੀਤੀ ਜਦੋਂ ਇਕ 14 ਸਾਲਾ ਲੜਕੀ ਨੇ ਸ਼ਿਕਾਇਤ ਕੀਤੀ ਕਿ ਰਾਜੀਵ ਨੇ ਉਸ ਨੂੰ ਆਪਣੇ ਚੱਕਰ ਵਿਚ ਫਸਾਉਣ ਲਈ ਕਈ ਵਾਰ ਕੋਸ਼ਿਸ਼ ਕੀਤੀ। ਪੁਲਿਸ ਅਨੁਸਾਰ ਉਹ ਲੜਕੀਆਂ ਨੂੰ ਫਸਾਉਣ ਲਈ ਫਿਲਮਾਂ ਦੀਆਂ ਟਿਕਟਾਂ, ਗਿਫਟ ਅਤੇ ਕਈ ਵਾਰ ਪੈਸੇ ਵੀ ਦੇਣ ਦਾ ਲਾਲਚ ਦਿੰਦਾ।

ਸ਼ੈਰਿਫ ਪੁਲਿਸ ਅਨੁਸਾਰ ਪਿਛਲੇ ਮਹੀਨੇ ਦੀ ਲਾਸ ਆਲਟੋਸ, ਸੈਨ ਹੋਜੇ, ਲਾਸ ਗੈਟੋਸ ਅਤੇ ਲਾਸ ਏਂਜਲਸ ਆਦਿ ਸ਼ਹਿਰਾਂ ਵਿਚ ਵੀ ਅਜਿਹੀਆਂ ਕਾਰਵਾਈਆਂ ਕੀਤੀਆਂ। ਪੁਲਿਸ ਨੇ ਉਸ ਨੂੰ ਲੰਘੇ ਬੁਧਵਾਰ ਉਸ ਦੇ ਘਰੋਂ ਗ੍ਰਿਫਤਾਰ ਕਰ ਲਿਆ ਅਤੇ ਹੁਣ ਉਹ ਸੈਂਟਾ ਕਲਾਰਾ ਜੇਲ੍ਹ ਵਿਚ ਹੈ। ਪੁਲਿਸ ਅਨੁਸਾਰ ਉਹ ਲੜਕੀਆਂ ਨੂੰ ਬਿਜ਼ਨਸ ਕਾਰਡ ਦਿੰਦਾ, ਜਿਸ ਵਿਚ ਉਸ ਦਾ ਵੈਬਸਾਈਟ ਐਡਰੈਸ: jcmakeover.com ਲਿਖਿਆ ਹੁੰਦਾ।

# ਭਾਰਤੀਆਂ ਪ੍ਰਤੀ ਨਫ਼ਰਤ ਦੀ ਮੁੱਖ ਵਜ੍ਹਾ ਐਚ 1 ਵੀਜ਼ਾ ਪ੍ਰਣਾਲੀ: ਬਿਸਵਾਲ

**ਵਾਸ਼ਿੰਗਟਨ:** ਓਬਾਮਾ ਪ੍ਰਸ਼ਾਸਨ ਦੀ ਇਕ ਸੀਨੀਅਰ ਨੀਤੀਵਾਨ ਨੇ ਕਿਹਾ ਕਿ ਅਮਰੀਕਾ ਵਿਚ ਭਾਰਤੀਆਂ ਤੇ ਅਮਰੀਕੀਆਂ ਵਿਚ ਸਬੰਧਾਂ ਵਿਚ ਤਣਾਅ ਦਾ ਮੁੱਖ ਕਾਰਨ ਐਚ-1 ਵਰਕ



ਵੀਜ਼ਾ ਪ੍ਰਣਾਲੀ ਹੈ। ਇਸ ਕਰ ਕੇ ਭਾਰਤੀਆਂ ਦੀ ਜਾਨ ਨੂੰ ਖਤਰਾ ਵਧ ਗਿਆ ਹੈ। ਟਰੰਪ ਪ੍ਰਸ਼ਾਸਨ ਨੂੰ ਇਸ ਪ੍ਰਣਾਲੀ ਬਾਰੇ ਖੁੱਲ੍ਹ ਕੇ ਪੁਨਰਵਿਚਾਰ ਕਰਨੀ ਚਾਹੀਦੀ ਹੈ।

ਦੱਖਣੀ ਅਤੇ ਕੇਂਦਰੀ ਏਸ਼ੀਆ ਸਬੰਧੀ ਸਾਬਕਾ ਸਹਾਇਕ ਵਿਦੇਸ਼ ਮੰਤਰੀ ਨਿਸ਼ਾ ਦੇਸਾਈ ਬਿਸਵਾਲ ਨੇ ਏਜੰਸੀ ਨੂੰ ਦੱਸਿਆ ਕਿ ਉਨ੍ਹਾਂ ਦਾ ਤਰਕ ਹੈ ਕਿ ਐਚ- 1 ਵਰਕ ਵੀਜ਼ਾ ਪ੍ਰਣਾਲੀ ਹੀ ਅਮਰੀਕੀਆਂ ਅਤੇ ਭਾਰਤੀਆਂ ਵਿਚ ਤਣਾਅ ਦੀ ਮੁੱਖ ਵਜ੍ਹਾ ਹੈ। ਇਸ ਕਰ ਕੇ ਹੀ ਨਫਰਤ ਦਾ ਮਾਹੌਲ ਬਣਿਆ ਹੋਇਆ ਹੈ।

ਬਿਸਵਾਲ ਦੀ ਟਿੱਪਣੀ ਉਦੋਂ ਆਈ ਹੈ ਜਦੋਂ ਇਹ ਖਬਰਾਂ ਹਨ ਕਿ ਟਰੰਪ ਪ੍ਰਸ਼ਾਸਨ ਐਚ 1 ਵਰਕ ਵੀਜ਼ਾ ਪ੍ਰਣਾਲੀ ਵਿਚ ਸੋਧ ਕਰਨ ਲਈ ਕਈ ਬਿੱਲ ਲਿਆ ਰਿਹਾ ਹੈ। ਉਨ੍ਹਾਂ ਕਿਹਾ ਕਿ ਐਚ-1 ਵਰਕ ਵੀਜ਼ਾ ਅਮਰੀਕੀ ਅਤੇ ਵਿਦੇਸ਼ੀ ਕੰਪਨੀਆਂ ਦੇ ਲਈ ਅਤਿ ਅਹਿਮ ਹੈ ਅਤੇ ਇਸ ਉਤੇ ਚਰਚਾ ਹੋਣੀ ਚਾਹੀਦੀ ਹੈ।

# ਸਿੱਖ ਕੈਦੀਆਂ ਦੀ ਰਿਹਾਈ ਲਈ ਕੇਂਦਰ ਕੋਲ ਪਹੁੰਚ

**ਅੰਮ੍ਰਿਤਸਰ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਲੰਮੇ ਸਮੇਂ ਤੋਂ ਬੰਦ ਸਿੱਖ ਬੰਦੀਆਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕੇਂਦਰੀ ਗ੍ਰਿਹ ਮੰਤਰੀ ਰਾਜਨਾਥ ਸਿੰਘ ਨੂੰ ਇਕ ਪੱਤਰ ਲਿਖਿਆ ਹੈ। ਇਸ ਵਿਚ ਉਨ੍ਹਾਂ ਕਿਹਾ ਹੈ ਕਿ ਪਿਛਲੇ 20 ਸਾਲਾਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਮੁੜ ਵਿਚਾਰ ਕਰਨੀ ਚਾਹੀਦੀ ਹੈ। ਪੱਤਰ ਵਿਚ ਇਸ ਮਾਮਲੇ ਉਤੇ ਗੱਲਬਾਤ ਲਈ ਉਨ੍ਹਾਂ ਰਾਜਨਾਥ ਸਿੰਘ ਪਾਸੋਂ ਮਿਲਣ ਲਈ ਸਮੇਂ ਦੀ ਮੰਗ ਵੀ ਕੀਤੀ ਹੈ।

ਪ੍ਰੋ. ਬਡੂੰਗਰ ਨੇ ਚਿੱਠੀ ਵਿਚ ਲਿਖਿਆ ਹੈ ਕਿ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾਵਾਂ ਭੁਗਤ ਰਹੇ ਸਿੱਖਾਂ ਦੀ ਉਮਰ ਦਾ ਵੱਡਾ ਹਿੱਸਾ ਉਥੇ ਹੀ ਗੁਜ਼ਰ ਚੁੱਕਾ ਹੈ, ਜਿਸ ਨੂੰ ਮੁੱਖ ਰੱਖਦਿਆਂ ਮਨੁੱਖੀ ਹਮਦਰਦੀ ਵਜੋਂ ਇਨ੍ਹਾਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਲੋਕ ਸਰੀਰਕ ਤੇ ਮਾਨਸਿਕ ਤੌਰ ਉਤੇ ਪ੍ਰਭਾਵਿਤ ਹੋ ਚੁੱਕੇ ਹਨ। ਇਸ ਲਈ ਇਹ ਮਾਮਲਾ ਉਚੇਚੇ ਵਿਚਾਰ ਦੀ ਮੰਗ ਕਰਦਾ ਹੈ। ਉਨ੍ਹਾਂ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਰਾਜਨਾਥ ਸਿੰਘ ਪਾਸੋਂ ਇਸ ਮਾਮਲੇ ਸਬੰਧੀ ਚੰਗੇ ਹੁੰਗਾਰੇ ਦੀ ਆਸ ਪ੍ਰਗਟ ਕੀਤੀ ਹੈ।

# ਅਮਿਤਾਭ ਤੇ ਆਲੀਆ ਭੱਟ ਸਰਬੋਤਮ ਅਭਿਨੇਤਾ ਤੇ ਅਭਿਨੇਤਰੀ

**ਮੁੰਬਈ:** ਜ਼ੀ ਸਿਨੇ ਐਵਾਰਡਜ਼ 2017 ਵਿਚ ਜਿਥੇ ਅਭਿਨੇਤਰੀ ਆਲਿਆ ਭੱਟ ਨੂੰ 'ਫਿਲਮ ਉਡਤਾ' ਪੰਜਾਬ ਲਈ ਸਰਵਸ੍ਰੇਸ਼ਠ ਅਭਿਨੇਤਰੀ ਅਤੇ ਅਮਿਤਾਭ ਬਚਨ ਨੂੰ 'ਪਿੰਕ' ਵਿਚ ਉਨ੍ਹਾਂ ਦੇ ਜਬਰਦਸਤ ਅਭਿਨੈ ਲਈ ਸਰਵਸ੍ਰੇਸ਼ਠ ਅਭਿਨੇਤਾ ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਇਥੇ ਕਰੀਨਾ ਨੇ ਵੀ ਬੱਚੇ ਦੇ ਜਨਮ ਤੋਂ ਬਾਅਦ ਪਹਿਲੀ ਵਾਰ ਪੇਸ਼ਕਾਰੀ ਦਿੱਤੀ।

ਮੁੰਬਈ 'ਚ ਕਰਵਾਏ ਗਏ ਪ੍ਰੋਗਰਾਮ 'ਚ ਸਲਮਾਨ ਖਾਨ, ਵਰੁਣ ਧਵਨ, ਅਤੇ ਆਲਿਆ ਭੱਟ ਵਰਗੇ ਕਲਾਕਾਰਾਂ ਨੇ ਆਪਣੀਆਂ ਪੇਸ਼ਕਾਰੀਆਂ ਨਾਲ ਖੂਬ ਸਮਾਂ ਬੰਨ੍ਹਿਆ। ਫਿਲਮ 'ਉਡਤਾ ਪੰਜਾਬ' ਵਿਚ ਆਪਣੀ ਵਧੀਆ ਅਦਾਕਾਰੀ ਬਦਲੇ ਆਲਿਆ ਭੱਟ ਨੂੰ ਸਰਵਸ੍ਰੇਸ਼ਠ ਅਭਿਨੇਤਰੀ ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਅਮਿਤਾਭ ਨੇ ਇਕ ਵਾਰ ਫਿਰ





ਸਾਬਤ ਕਰ ਦਿੱਤਾ ਕਿ ਕਿ ਉਹ ਬਾਲੀਵੁੱਡ ਦੇ ਮਹਾਂਨਾਇਕ ਹਨ ਕਿਉਂਕਿ ਇਸ ਵਾਰ ਫਿਰ ਉਨ੍ਹਾਂ ਨੂੰ ਫਿਲਮ 'ਪਿੰਕ' ਲਈ ਸਰਵਸ੍ਰੇਸ਼ਠ ਅਭਿਨੇਤਾ ਲਈ ਸਨਮਾਨਤ ਕੀਤਾ ਗਿਆ। ਆਰ. ਮਾਧਵਨ ਦੇ ਨਾਲ 'ਸਾਲਾ ਖੜੂਸ' ਵਿਚ ਨਜ਼ਰ ਆਈ ਰਿਤਿਕਾ ਸਿੰਘ ਨੇ ਸਰਵਸ੍ਰੇਸ਼ਟ ਨਵੋਦਿਤ ਅਭਿਨੇਤਰੀ ਦਾ ਪੁਰਸਕਾਰ ਜਿੱਤਣ ਦੇ ਬਾਅਦ ਟਵੀਟ ਕੀਤਾ ਅਤੇ ਪੁਰਸਕਾਰ ਆਪਣੇ ਮਾਤਾ-ਪਿਤਾ ਨੂੰ ਸਮਰਪਤ ਕੀਤਾ।

ਅਭਿਨੇਤਰੀ ਅਨੁਸ਼ਕਾ ਸ਼ਰਮਾ ਨੂੰ 'ਸੁਲਤਾਨ' ਫਿਲਮ ਲਈ 'ਦ ਵਿਊਅਰਸ ਚੁਆਇਸ ਬੈਸਟ ਐਕਟਰਸ ਫੀਮੇਲ' ਨਾਲ ਨਿਵਾਜਿਆ ਗਿਆ ਜਦਕਿ ਉਨ੍ਹਾਂ ਦੇ ਸਹਿ ਕਲਾਕਾਰ ਸਲਮਾਨ ਖਾਨ ਨੇ ਇਸ ਫਿਲਮ ਲਈ ਇਹ ਪੁਰਸਕਾਰ ਪੁਰਸ਼ ਵਰਗ 'ਚ ਜਿੱਤਿਆ। ਇਸ ਪੁਰਸਕਾਰ ਸਮਾਰੋਹ 'ਚ ਕੁਣਾਲ ਕਪੂਰ, ਇਰਫਾਨ ਖਾਨ, ਉਰਵਸ਼ੀ ਰੌਤੇਲਾ, ਸੋਫੀ ਚੌਧਰੀ, ਰਾਹੁਲ ਬੋਸ, ਜਾਵੇਦ ਅਖਤਰ, ਟਾਈਗਰ ਸ਼ਰਾਫ, ਗੌਹਰ ਖਾਨ, ਪ੍ਰੀਤਮ, ਸੋਨਾਲੀ ਬੇਂਦਰੇ ਅਤੇ ਦਿਸ਼ ਪਟਨੀ ਵਰਗੇ ਕਲਾਕਾਰ ਹਾਜ਼ਰ ਹੋਏ।

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org or facebook "San Jose Gurdwara"



# ਹੋਲਾ ਮਹੱਲਾ

## ਸੰਗਤਾਂ ਨੂੰ ਹੋਲੇ ਮਹੱਲੇ ਦੀ ਲੱਖ ਲੱਖ ਵਧਾਈ

**ਖੇਡ ਮੇਲਾ** **ਐਤਵਾਰ 19 ਮਾਰਚ 2017** *ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ*

ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਹੋਲਾ ਮਹੱਲਾ ਗੁਰਦੁਆਰਾ ਸੈਨ ਹੋਜ਼ੇ ਵਿਖੇ ਖਾਲਸਾਈ ਰਵਾਇਤ ਅਨੁਸਾਰ ਐਤਵਾਰ 19 ਮਾਰਚ 2017 ਨੂੰ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਕੀਰਤਨ ਦੀਵਾਨ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ, ਵਿਆਖਿਆਕਾਰ ਅਤੇ ਕਵੀਸ਼ਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਤੇ ਸਿੱਖੀ ਇਤਿਹਾਸ ਸਰਵਣ ਕਰਵਾਉਣਗੇ। ਗੁਰਦੁਆਰਾ ਪ੍ਰਬੰਧਕਾਂ ਵਲੋਂ ਖੇਡਾਂ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਰੱਸਾਕਸ਼ੀ, ਬਾਸਕਿਟਬਾਲ, ਗਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।




**General Info:** Sukhdev Singh Bainiwal 408-421-9463
**Langer Seva:** Harjinder Singh Ladhar 408-904-9158
**Stall Reservations:** Khushvinder P. Singh 408-507-1290

*Parking available at Point Church (3695 Rose Terrace Cir. San Jose). See Map for details.*

*Do not park on streets with "No Parking" signs.*




**Call For Registration:**
(Volleyball) Charan Singh Bhandal 408-482-1372
(Basketball) Jaswinder Singh Sohal 408-391-7013
Harjinder Singh Purewal 408-824-8762
Bhupinder Singh Dhillon 408-926-6650

*ਵਿਸ਼ੇਸ਼ ਲੰਗਰ:* ਇਸ ਮੌਕੇ ਛੱਲੀਆਂ, ਛੋਲੇ-ਭਠੂਰੇ, ਗੰਨੇ ਦਾ ਰਸ, ਪਕੌੜੇ, ਤਾਜਾ ਫਲ, ਫਰਾਈਆਂ ਤੇ ਬਰੈਡ ਪਕੌੜਿਆਂ ਦਾ ਵਿਸ਼ੇਸ਼ ਬੰਦੋਬਸਤ ਹੋਵੇਗਾ

# ਧੁੱਪ ਦੀ ਮਹਿਫਿਲ

## ਕਲਾ ਪਰਿਕਰਮਾ

ਸੰਜਮ ਪ੍ਰੀਤ ਸਿੰਘ
ਫੋਨ: +91-98720-21979



ਸਦੀ 20ਵੀਂ ਸੀ ਅਤੇ ਦਹਾਕਾ 40ਵਿਆਂ ਵਾਲਾ। ਪੰਜਾਬੀ ਪ੍ਰਕਾਸ਼ਨ ਨਾਲ ਜੁੜੀ ਇਕ ਘਟਨਾ ਅਣਗੌਲੀ ਰਹਿ ਗਈ। ਪਹਿਲੀ ਵਾਰ 10 ਪੋਥੀਆਂ ਦਾ ਸੈੱਟ ਛਪਿਆ ਸੀ। ਇਨ੍ਹਾਂ ਪੋਥੀਆਂ ਦੀ ਲੜੀ ਵਿਚ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਲੇਖ ਪਰੋਏ ਹੋਏ ਸਨ; ਤੇ ਦਸ ਪੋਥੀਆਂ ਇੱਕੋ ਹੱਲੇ ਤਿਆਰ ਕਰਨ ਵਾਲੀ ਖਿਆਲ-ਉਡਾਰੀ ਭਾਪਾ ਪ੍ਰੀਤਮ ਸਿੰਘ ਦੀ ਸੀ! ਕਿਤਾਬ ਪ੍ਰਕਾਸ਼ਨ ਦੀ ਦੁਨੀਆਂ ਦਾ ਇਹ ਸੁਪਨਸਾਜ਼ ਜੋ ਆਪਣੇ ਨੇੜਲਿਆਂ ਲਈ ਭਾਪਾ ਜੀ ਸੀ, ਹਲਵਾਈ ਦਾ ਪੁੱਤਰ ਸੀ। ਜਨਮ ਸਿਆਲਕੋਟ (ਹੁਣ ਪਾਕਿਸਤਾਨ) ਵਿਚ ਹੋਇਆ। ਬਾਪ ਕੋਲ ਆਪਣੇ ਇਸ ਪੁੱਤਰ ਨੂੰ ਪੜ੍ਹਾਉਣ ਦੀ ਪੁੱਜਤ ਨਹੀਂ ਸੀ, ਸੋ ਉਹਨੇ ਉਸ ਨੂੰ ਗ੍ਰੰਥੀ ਬਣਾ ਦਿੱਤਾ... ਇਉਂ ਘੱਟੋ ਘੱਟ ਕੁੱਲੀ, ਗੁੱਲੀ ਤੇ ਜੁੱਲੀ ਦਾ ਬੰਨ੍ਹ-ਸੁਬ ਤਾਂ ਹੋ ਜਾਣਾ ਸੀ!

ਪਰ ਪ੍ਰੀਤਮ ਸਿੰਘ ਨੂੰ ਪੋਥੀਆਂ ਨਾਲ ਪਿਆਰ ਬੜਾ ਸੀ, ਕੋਈ ਵੀ ਅੜਿੱਕੇ ਜਾਂ ਔਕੜਾਂ ਇਸ ਮੁਹੱਬਤ ਦੇ ਰਾਹ ਵਿਚ ਨਾ ਆ ਸਕੇ। ਇਸ ਗ੍ਰੰਥੀ ਨੇ ਤਾਂ ਪਿੰਡ ਦੇ ਗੁਰਦੁਆਰੇ ਅੰਦਰ ਬਾਬੇ ਵਾਰਿਸ ਸ਼ਾਹ ਦੀ ਹੀਰ ਵੀ ਗਾ ਛੱਡੀ। ਪੋਥੀਆਂ ਵਾਲੇ ਪਿਆਰ ਲਈ ਬਾਪੂ ਨੇ ਉਸ ਦੀ ਬਥੇਰੀ ਝਾੜ-ਝੰਬ ਕੀਤੀ, ਪਰ ਉਹਦਾ ਇਹ ਇਸ਼ਕ ਤੇ ਮੁਹੱਬਤ, ਅਮੋੜ ਤੇ ਅਮੁੱਕ ਸੀ। ਗੱਲ ਇਥੋਂ ਤੱਕ ਪੁੱਜੀ ਕਿ 1932 ਵਿਚ ਉਹ ਘਰੋਂ ਭੱਜ ਨਿਕਲਿਆ ਅਤੇ ਅੰਮ੍ਰਿਤਸਰ ਜਾ ਡੇਰੇ ਲਾਏ। ਅੱਠ ਰੁਪਏ ਮਾਹ ਦੇ ਹਿਸਾਬ ਕਿਸੇ ਪੰਜਾਬੀ ਛਾਪੇਖਾਨੇ ਅੰਦਰ ਬਤੌਰ ਕੰਪੋਜ਼ੀਟਰ ਜੁਗਾੜ ਬਣ ਗਿਆ। ਫਿਰ ਛਾਪੇਖਾਨੇ ਦਾ ਇਹ ਸਫਰ ਸਦਾ ਉਸ ਦੇ ਨਾਲ ਨਾਲ ਚੱਲਿਆ- ਅੰਮ੍ਰਿਤਸਰ ਤੋਂ ਲਾਹੌਰ ਤੋਂ ਪ੍ਰੀਤ ਨਗਰ ਅਤੇ ਅਖੀਰ ਵਿਚ ਦਿੱਲੀ। ਉਥੇ ਉਹਦੇ ਇਕ ਅਫਸਰ ਮਿੱਤਰ ਨੇ ਸੰਤਾਲੀ ਵੇਲੇ ਉਜੜੇ ਕਿਸੇ ਮੁਸਲਮਾਨ ਦਾ ਘਰ ਅਲਾਟ ਕਰਵਾ ਦਿੱਤਾ ਅਤੇ ਚਾਂਦਨੀ ਚੌਕ ਵਿਚ ਦੋ ਦੁਕਾਨਾਂ ਦਿਵਾ ਦਿੱਤੀਆਂ। ਫਿਰ ਭਾਪਾ ਜੀ ਨੇ ਦਿੱਲੀ ਵਿਚ ਨਵਯੁੱਗ ਪ੍ਰੈਸ ਦਾ ਝੰਡਾ ਗੱਡ ਲਿਆ ਅਤੇ ਮਾਹਵਾਰ ਪੰਜਾਬੀ ਪਰਚਾ 'ਆਰਸੀ' ਅਰੰਭਿਆ।

ਭਾਪਾ ਜੀ ਬਾਰੇ ਰੇਖਾ-ਚਿੱਤਰ 'ਤਕੀਏ ਦਾ ਪੀਰ' ਵਿਚ ਉਘੀ ਕਹਾਣੀਕਾਰ ਅਜੀਤ ਕੌਰ ਨੇ ਲਿਖਿਆ ਹੈ, "ਭਾਪਾ ਪ੍ਰੀਤਮ ਸਿੰਘ ਮਹਿਜ਼ ਪਬਲਿਸ਼ਰ ਨਹੀਂ; ਤੁਰਦਾ ਫਿਰਦਾ, ਸਾਹ ਲੈਂਦਾ ਇਤਿਹਾਸ ਹੈ... ਉਹ ਮਹਿਜ ਕੋਈ ਬੰਦਾ ਨਹੀਂ, ਪੂਰੀ ਸੰਸਥਾ ਹੈ ਜਿਸ ਦਾ ਨਾਂ ਲੈਣ ਤੋਂ ਬਿਨਾ ਪੰਜਾਬੀ ਸਾਹਿਤ ਦਾ ਕੋਈ ਵਜੂਦ ਇਤਿਹਾਸ ਦੇ ਪੰਨਿਆਂ ਵਿਚੋਂ ਨਹੀਂ ਲੱਭਿਆ ਜਾ ਸਕੇਗਾ।"

ਲਿਖਾਰੀ ਅਤੇ ਪ੍ਰਕਾਸ਼ਕ ਭਾਪਾ ਜੀ ਦਾ ਨਾਂ ਬੜੇ ਮਾਣ ਨਾਲ ਲੈਂਦੇ ਹਨ। ਉਨ੍ਹਾਂ ਵੱਲੋਂ ਅਰੰਭੀ ਨਵਯੁੱਗ ਪ੍ਰੈਸ ਪੰਜਾਬੀ ਛਾਪੇਖਾਨੇ ਦਾ ਯੁੱਗ ਹੋ ਨਿਬੜੀ ਹੈ। ਮਸ਼ਹੂਰ ਲਿਖਾਰੀ ਅਤੇ ਕਾਲਮਨਵੀਸ ਖੁਸ਼ਵੰਤ ਸਿੰਘ ਨੇ ਆਪਣੇ ਕਾਲਮ ਵਿਚ ਉਨ੍ਹਾਂ ਦਾ ਜ਼ਿਕਰ ਇਉਂ ਕੀਤਾ, "ਉਹਦੀ ਅੱਖ ਅੰਦਰ ਸੁਹੱਪਣ ਖਿੜਿਆ ਹੋਇਐ; ਉਹਨੇ ਸੋਹਣੀ ਪੋਥੀ ਛਾਪਣ ਦਾ ਕੌਮੀ ਪੱਧਰ ਦਾ ਇਨਾਮ ਉਨ੍ਹਾਂ ਜੱਜਾਂ ਕੋਲੋਂ ਹਾਸਲ ਕੀਤਾ ਜਿਹੜੇ ਗੁਰਮੁਖੀ ਦਾ ਅੱਖਰ ਤੱਕ ਨਹੀਂ ਸਨ ਜਾਣਦੇ, ਤੇ ਇਹ ਕ੍ਰਿਸ਼ਮਾ 21 ਵਾਰ ਹੋਇਆ!"



ਭਾਪਾ ਪ੍ਰੀਤਮ ਸਿੰਘ

1980ਵਿਆਂ ਅਤੇ 90ਵਿਆਂ ਦੌਰਾਨ ਉਹ ਦਿੱਲੀ ਵਿਚ ਸਾਹਿਤਕ ਸਰਗਰਮੀਆਂ ਦਾ ਧੁਰਾ ਸਨ। ਜਸਵੰਤ ਸਿੰਘ ਕੰਵਲ, ਬਲਵੰਤ ਗਾਰਗੀ, ਦਵਿੰਦਰ ਸਤਿਆਰਥੀ, ਕੁਲਵੰਤ ਸਿੰਘ ਵਿਰਕ, ਸੰਤ ਸਿੰਘ ਸੇਖੋਂ ਅਤੇ ਹੋਰ ਕਹਿੰਦੇ-ਕਹਾਉਂਦੇ ਲਿਖਾਰੀ ਚਾਂਦਨੀ ਚੌਕ ਵਿਚ ਨਵਯੁੱਗ ਪਬਲਿਸ਼ਰਜ਼ ਅਤੇ 'ਆਰਸੀ' ਦੇ ਦਫਤਰ ਜ਼ਿਆਰਤ ਕਰਦੇ। ਅਜੀਤ ਕੌਰ ਦੀ ਪੁੱਛਣਾ ਸੀ ਕਿ ਇਨ੍ਹਾਂ ਸਾਰਿਆਂ ਨਾਲ ਕੀ ਆਖਰ ਗੱਲਾਂ ਕਰਦੇ ਰਹਿੰਦੇ ਹੋ? ਜਵਾਬ ਮਿਲਿਆ, "ਬੱਸ, ਕੁਝ ਸਾਹਿਤ ਦੀਆਂ ਗੱਲਾਂ, ਤੇ ਬਾਕੀ ਸਿਆਸੀ ਤੇ ਸਾਹਿਤਕ ਚੁਟਕਲੇ। ਕੁਝ ਲੋਕ ਆਪਣੀਆਂ ਲਿਖਤਾਂ ਛਪਵਾਉਣ ਲਈ ਤਰਲੇ ਕਰਦੇ ਨੇ, ਤੇ ਮੈਂ ਨਹੀਂ ਛਾਪਦਾ। ਕੁਝ ਲੋਕਾਂ ਦੇ ਮੈਂ ਤਰਲੇ ਕਰਦਾ ਹਾਂ, ਕਿ ਲਿਖੋ ਤੇ ਮੈਂ ਛਾਪਾਂਗਾ।"




ਧੁੱਪ ਦੀ ਮਹਿਫ਼ਿਲ ਵਿਚ ਕਿਰਪਾਲ ਕਜ਼ਾਕ ਦਾ ਸਨਮਾਨ।

ਚਾਂਦਨੀ ਚੌਕ ਦੇ ਦਫਤਰ ਵਾਲੀ ਇਹ ਮਹਿਫਿਲ 1990 ਵਿਚ ਮਹਿਰੌਲੀ ਵਾਲੇ ਨਵਯੁੱਗ ਫਾਰਮਜ਼ 'ਤੇ ਚਲੀ ਗਈ। ਇਹੀ ਉਹ ਵਕਤ ਸੀ ਜਦੋਂ 'ਧੁੱਪ ਦੀ ਮਹਿਫਿਲ' ਖਿੜਨੀ ਸ਼ੁਰੂ ਹੋਈ। ਉਦੋਂ ਤੋਂ ਹੀ ਸਾਲਾਨਾ ਉਤਸਵ ਚੱਲ ਰਿਹਾ ਹੈ। ਨਿਰਵਿਘਨ। ਇਸ ਸਾਲ ਇਹ ਮਹਿਫਿਲ 29 ਜਨਵਰੀ ਨੂੰ ਜੁੜੀ ਸੀ। ਦਲਿਤਾਂ ਦੇ ਜੀਵਨ ਬਾਰੇ 'ਵਿਚਾਂਗਿਆ ਰੁੱਖ' ਵਰਗੀ ਰਚਨਾ ਕਰਨ ਵਾਲਾ ਲਿਖਾਰੀ ਬਲਬੀਰ ਮਾਧੋਪੁਰੀ ਯਾਦਾਂ ਦੀ ਚੂੰਡੀ ਇਉਂ ਭਰਦਾ ਹੈ, "ਇਸ ਮਹਿਫਿਲ ਲਈ ਭਾਪਾ ਜੀ ਬਹੁਤ ਉਤਸ਼ਾਹ ਵਿਚ ਰਹਿੰਦੇ ਸਨ। ਉਹ ਚਾਹੁੰਦੇ ਸਨ ਕਿ ਨਵਯੁੱਗ ਫਾਰਮਜ਼ ਲਿਖਾਰੀਆਂ ਦਾ ਸਮਾਨ-ਅਰਥਕ ਬਣ ਜਾਵੇ। ਹਰ ਸਾਲ ਜੁੜਦੀ ਮਹਿਫਿਲ ਹੁਣ ਇਹੀ ਕੁਝ ਆਖਦੀ ਹੈ।"

ਕਲਮਕਾਰ ਗੁਰਬਚਨ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਦਿੱਲੀ ਵੱਸਦੇ ਲਿਖਾਰੀਆਂ ਦੇ ਬਸੇਰੇ ਬੜੀ ਦੂਰ ਦੂਰ ਹਨ, 'ਧੁੱਪ ਦੀ ਮਹਿਫਿਲ' ਇਨ੍ਹਾਂ ਦੀ ਭਰਪੂਰ ਮਿਲਣੀ ਦਾ ਸਬੱਬ ਬਣਾਉਂਦੀ ਹੈ। ਹਰ ਸਾਲ ਸਾਰੇ ਲਿਖਾਰੀ ਇਸ ਦਿਵਸ ਦੀ ਉਡੀਕ ਕਰਦੇ ਹਨ।

'ਧੁੱਪ ਦੀ ਮਹਿਫਿਲ' ਦਾ ਖਰਚਾ-ਪਾਣੀ 1995 ਤੱਕ ਭਾਪਾ ਜੀ ਨੇ ਚਲਾਇਆ, ਹੁਣ ਇਹ ਕਾਰਜ ਨਵੀਂ ਦਿੱਲੀ ਦੀ ਪੰਜਾਬੀ ਸਾਹਿਤ ਸਭਾ ਨੇ ਓਟਿਆ ਹੋਇਆ ਹੈ। ਇਸ ਮਹਿਫਿਲ ਵਿਚ ਦਵਿੰਦਰ ਸਤਿਆਰਥੀ, ਡਾ. ਕਰਮਜੀਤ ਸਿੰਘ, ਗੁਰਬਚਨ ਭੁੱਲਰ, ਜਸਵੰਤ ਕੰਵਲ, ਦਲੀਪ ਕੌਰ ਟਿਵਾਣਾ, ਸੁਰਜੀਤ ਪਾਤਰ, ਇਮਰੋਜ਼ ਅਤੇ ਹੋਰ ਲਿਖਾਰੀਆਂ ਦਾ ਮਾਣ-ਤਾਣ ਕੀਤਾ ਜਾ ਚੁਕਾ ਹੈ। ਐਤਕੀਂ ਇਹ ਮਾਣ-ਤਾਣ ਹਾਸਲ ਕਰਨ ਦੀ ਵਾਰੀ ਕਿਰਪਾਲ ਕਜ਼ਾਕ ਅਤੇ ਨਿੰਦਰ ਘੁਗਿਆਣਵੀ ਦੀ ਸੀ।

ਸੁਰਜੀਤ ਪਾਤਰ ਪੰਜਾਬੀ ਸਾਹਿਤ ਸਭਾ ਵੱਲੋਂ ਲਾਈ ਜਾਂਦੀ ਇਸ ਮਹਿਫਿਲ ਦੀਆਂ ਸਿਫਤਾਂ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਮਹਿਫਿਲ ਉਨ੍ਹਾਂ ਵਕਤਾਂ ਅੰਦਰ ਲਾਈ ਜਾ ਰਹੀ ਹੈ ਜਦੋਂ ਲੋਕ ਆਪੋ-ਆਪਣੇ ਖੋਲਾਂ ਅੰਦਰ ਦੁਬਕੀ ਬੈਠੇ ਹਨ। ਭਾਪਾ ਜੀ ਦੀ ਧੀ ਰੇਣੂਕਾ ਸਿੰਘ ਜੋ ਜੇ.ਐਨ.ਯੂ. ਵਿਚ ਸੋਸ਼ਿਆਲੌਜੀ ਦੀ ਪ੍ਰੋਫੈਸਰ ਹੈ, ਦਾ ਦਾਅਵਾ ਹੈ ਕਿ ਲੋਕਪ੍ਰਿਯਤਾ ਪੱਖੋਂ ਇਹ ਮਹਿਫਿਲ ਬਹੁਤ ਮੌਲੀ ਹੈ, ਹਰ ਸਾਲ ਇਸ ਵਿਚ ਸ਼ਿਰਕਤ ਕਰਨ ਦੀ ਤਾਦਾਦ ਵਧ ਰਹੀ ਹੈ। ਇਸ ਵਾਰ ਇਸ ਮਹਿਫਿਲ ਵਿਚ ਕੋਈ 300 ਜਿਊੜੇ ਜੁੜੇ।

ਬਿਨਾ ਸ਼ੱਕ ਢਾਈ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਜੁੜ ਰਹੀ ਇਸ ਮਹਿਫਿਲ ਦੀ ਤਾਰੀਫ ਕਰਨੀ ਤਾਂ ਬਣਦੀ ਹੀ ਹੈ, ਪਰ ਇਸ ਮਹਿਫਿਲ ਵਿਚ ਸ਼ਿਰਕਤ ਕਰਦਿਆਂ ਦਿਲ ਵਿਚ ਆਉਂਦਾ ਹੈ ਕਿ ਇਹ ਲਿਖਾਰੀਆਂ ਦਾ ਮੇਲਾ ਤਾਂ ਜ਼ਰੂਰ ਹੈ, ਪਰ ਸਾਹਿਤ ਨਾਲ ਸਾਂਝ ਤੇ ਸਰੋਕਾਰ ਇਸ ਵਿਚੋਂ ਨਦਾਰਦ ਜਾਪਦੇ ਹਨ। ਦਿੱਲੀ ਵੱਸਦੇ ਪ੍ਰੋਫੈਸਰ ਇੰਦੇ ਮੁਤਾਬਕ ਪਹਿਲਾਂ-ਪਹਿਲ ਲਿਖਾਰੀਆਂ ਦਾ ਸਨਮਾਨ ਨਹੀਂ ਸੀ ਕੀਤਾ ਜਾਂਦਾ, ਸਾਰਾ ਧਿਆਨ ਬਹਿਸ ਅਤੇ ਵਿਚਾਰ-ਵਟਾਂਦਰੇ ਵੱਲ ਰਹਿੰਦਾ ਸੀ। ਹੁਣ ਵਕਤ ਦਾ ਪਹੀਆ ਸ਼ਾਇਦ ਗਿੜ ਗਿਆ ਹੈ। ਹੁਣ ਠਾਠ-ਬਾਠ ਸਜ-ਧਜ ਤਾਂ ਬਥੇਰੀ ਹੈ, ਪਰ ਸਾਹਿਤਕ-ਸੰਤੋਖ ਵਾਲਾ ਪਾਸਾ ਡਿਗਦਾ ਭਾਸਦਾ ਹੈ।

ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਗੁਲਜ਼ਾਰ ਸਿੰਘ ਸੰਧੂ ਇਸ ਬਾਰੇ ਐਨ ਸਪਸ਼ਟ ਹਨ, 'ਧੁੱਪ ਦੀ ਮਹਿਫਿਲ' ਲਿਖਾਰੀਆਂ ਦਾ ਮੇਲਾ ਹੈ ਅਤੇ ਮਿਲਣ ਦਾ ਸਬੱਬ ਹੈ। ਇਹ ਕੋਈ ਸਾਹਿਤਕ ਸਮਾਗਮ ਨਹੀਂ ਹੁੰਦਾ।

ਲਿਖਾਰੀਆਂ ਦੇ ਇਸ ਮੇਲੇ ਦੀ ਅਗਲੀ ਉਡਾਣ ਭਲਾ ਕੀ ਹੋਵੇਗੀ? ਕੀ ਕੋਈ ਸੋਚ ਸਕਦਾ ਹੈ ਕਿ ਅਜਿਹੀ ਕੋਈ ਪੰਜਾਬੀ ਮਹਿਫਿਲ, ਜੈਪੁਰ ਸਾਹਿਤ ਮੇਲੇ ਵਾਲੀ ਉਡਾਣ ਭਰੇ? 'ਧੁੱਪ ਦੀ ਮਹਿਫਿਲ' ਵਾਲਿਆਂ ਲਈ ਇਹ ਸਵਾਲ ਖਬਰੇ ਕੋਈ ਸੰਕੇਤ ਬਣ ਸਕਦਾ ਹੋਵੇ!





ਖੱਬਿਓਂ: ਗੁਰਬਚਨ ਸਿੰਘ ਭੁੱਲਰ, ਅਜੀਤ ਕੌਰ ਅਤੇ ਸੁਰਜੀਤ ਪਾਤਰ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਮਾਰਚ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-265



*ਕੰਮ-ਕਾਰ ਤੋਂ ਵਿਹਲੀ ਹੋ ਭੂਆ ਦੁਪਹਿਰ ਵੇਲੇ ਸੁਸਤਾਉਂਦੀ।*
*ਰੱਖ ਸਿਰਹਾਣੇ ਗਲਾਸ ਪਾਣੀ ਦਾ, ਆਣ ਵਿਹੜੇ ਮੰਜਾ ਡਾਹੁੰਦੀ।*
*ਮਾਰ ਪੰਜਾ ਦੁੱਧ ਰੋੜ੍ਹ'ਤਾ ਸਾਰਾ, ਸੀ ਜੋ ਹਾਰੇ ਵਿਚ ਧਰਿਆ।*
*'ਮੈਨੂੰ ਵੀ ਨੀਂਦਰ ਚੜ੍ਹ'ਗੀ' ਆਖ ਕੇ, ਡੱਬੂ ਮੰਜੇ ਥੱਲੇ ਵੜਿਆ।*

## ਕੈਪਸ਼ਨ ਮੁਕਾਬਲਾ-263



ਦ੍ਰਿੜ ਇਰਾਦਾ ਹੋਵੇ ਜੇਕਰ
ਫੇਰ ਨਿਰਾਸ਼ਾ ਨੇੜ ਨਾ ਆਵੇ।
ਇੱਛਾ ਸ਼ਕਤੀ ਕਰੇ ਕਮਾਲਾਂ
ਅਨੇਕਾਂ ਜੀਵਨ-ਢੰਗ ਸਿਖਾਵੇ।
**-ਜਗਜੀਤ ਸਿੰਘ ਪੰਧੇਰ**
**ਫੋਨ: 91-98783-37222**

---

ਦਿਲ ਪਸੀਜਣ ਵਾਲਾ ਦ੍ਰਿਸ਼ ਦੇਖ ਕੇ
ਬੰਤ ਝੱਬਰ 'ਤੇ ਜਬਰ ਦੀ ਆਈ ਯਾਦ।
ਗੁਰੂ ਵੀ ਜਿਨ੍ਹਾਂ ਦੀ ਕਿਰਪਾ ਸੀ ਕਬੂਲਦੇ
ਉਨ੍ਹਾਂ ਦੀ ਵੀ ਨਾ ਸੁਣੀ ਗਈ ਫਰਿਆਦ।
ਧੰਨ ਹਨ ਅਜਿਹੇ ਲੋਕ ਜਿਨ੍ਹਾਂ ਦਾ
ਰੱਬ ਨਾਲੋਂ ਵੀ ਵੱਡਾ ਜੇਰਾ।
ਨਿਤਾਣੇ ਬਣ ਕੇ ਤਾਂ ਝੱਟ ਨਹੀਂ ਲੰਘਣਾ
ਜੀਵਨ ਬਸਰ ਤਾਂ ਕਰਨਾ ਪਊਗਾ ਸ਼ੇਰਾ।
ਚਿੰਤਾ ਲਾ ਕੇ ਤਾਂ ਚਿਤਾ ਸਮਾਨ ਹੋਣਾ
ਸੰਘਰਸ਼ ਕਰਕੇ ਹੀ ਆਉਣਾ ਸਵੇਰਾ।
**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਉਚੀ-ਸੁੱਚੀ ਸੋਚ ਦਾ ਹੈ
ਇਹ ਪਹਿਰੇਦਾਰ।
ਰੋਜੀ ਰੋਟੀ ਕਮਾਉਣ ਦੀ,
ਮਨ ਵਿਚ ਲਈ ਹੈ ਧਾਰ।
ਬਾਹੋਂ ਆਝਾ ਹੋ ਕੇ ਵੀ,
ਨਹੀਂ ਬਣਨਾ ਕਿਸੇ 'ਤੇ ਭਾਰ।
**-ਦਵਿੰਦਰ ਕੌਰ**

---

ਸਿਰੜ, ਦ੍ਰਿੜਤਾ ਅਤੇ ਜੇਰਾ
ਤਿੰਨੇ ਅਸੂਲ ਹਨ ਲੋੜੀਂਦੇ
ਮਰੇਗਾ ਨਹੀਂ ਭੁੱਖਾ ਕਦੇ
ਜੋ ਕਰੇਗਾ ਅਮਲ ਇਸ 'ਤੇ।
ਬਾਹਾਂ ਤੋਂ ਆਰੀ ਹੈ ਭਾਵੇਂ
ਲਗਨ ਤੋਂ ਆਰੀ ਨਹੀਂ,
ਬਿਨ ਬਾਹਾਂ ਤੋਂ ਜੁਗਤ ਲੜਾਈ
ਬੰਨ ਰੱਸੀਆਂ ਦਵੱਲੀ
ਮੋਢੇ ਤੋਂ ਹੱਥੀ ਨਾਲ ਗੰਢ ਪਾਈ।
ਡਾਹ ਲੱਤ ਦੀ ਲਾ ਧੱਕੇ ਰੇਹੜੀ
ਕਰ ਮਜਦੂਰੀ ਇਸ ਤਰ੍ਹਾਂ ਦਿਨ ਭਰ
ਜ਼ਿੰਦਗੀ ਦੀ ਗੱਡੀ ਚਲਾਵੇ।
ਨਹੀਂ ਡੋਲਦੇ ਸਾਥੀ
ਜਿਨ੍ਹਾਂ ਮੰਜ਼ਿਲ ਤੀਕ ਪਹੁੰਚਣ ਲਈ
ਸੰਘਰਸ਼ ਨੂੰ ਰਸਤਾ ਅਪਨਾਇਆ।
**-ਦਰਸ਼ਨਪਾਲ ਦੋਸਾਂਝ**

---

ਜੇ ਕਿਧਰੇ ਵਿਚ ਭਾਰਤ ਜੰਮਦਾ
ਮੰਗਣਾ ਸੀ ਕਿਤੇ ਸੜਕ 'ਤੇ ਬਹਿ ਕੇ।
ਸ਼ਰਮ ਨਾ ਜਿੱਥੇ ਸਾਬਤ-ਸੂਰਤਾਂ ਨੂੰ
ਦੋ ਹੱਥ ਅੱਡਦੇ ਰੱਬ ਦਾ ਨਾਂ ਲੈ ਕੇ।
ਭਾਵੇਂ ਜਨਮ ਤੋਂ ਅੰਗਹੀਣ ਜਾਪਦੈਂ
ਪਰ ਰੱਖੀ ਮੁਸ਼ੱਕਤ ਦੀ ਉਚੀ ਸ਼ਾਨ।
ਵਾਹ ਓਏ ਸੇਰਾ! ਹਿੰਮਤ ਤੇਰੀ ਤੋਂ
ਸ਼ਾਇਦ ਰੱਬ ਵੀ ਜਾਂਦਾ ਹੋਊ ਕੁਰਬਾਨ।
**-ਸੇਵਾ ਸਿੰਘ ਨੂਰਪੁਰੀ**
**ਫੋਨ: 408-912-3438**

---

ਜੇ ਕੁਦਰਤ ਨੇ ਕੀਤਾ
ਇਸ ਇਨਸਾਨ ਨਾਲ ਧੋਖਾ।
ਕਰਕੇ ਮਿਹਨਤ ਇਸ ਨੇ ਵੀ
ਹੱਥੋਂ ਜਾਣ ਨਾ ਦਿੱਤਾ ਮੌਕਾ।
ਹਿੱਕ ਤਾਣ ਕੇ ਤੁਰਦਾ ਹੋਵੇਗਾ
ਤੇ ਉਚੀ ਕਰਕੇ ਧੌਣ।
ਸੱਚ ਸਿਆਣੇ ਆਖਦੇ
ਹਿੰਮਤ ਅੱਗੇ ਲੱਛਮੀ, ਪੱਖੇ ਅੱਗੇ ਪੌਣ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

# ਬੁਲੰਦ ਆਵਾਜ਼ ਅਤੇ ਸੁਰ ਦਾ ਧਨੀ-ਤਾਰਾ ਮੁਲਤਾਨੀ

"ਮੈਂ ਸਾਫ ਸੁਥਰੀ ਗਾਇਕੀ ਦਾ ਹਾਮੀ ਹਾਂ। ਲਚਰਤਾ ਤੋਂ ਦੂਰ, ਨਵੀਂ ਸੇਧ ਦੇਣ ਵਾਲੇ ਮਿਆਰੀ ਗੀਤ ਗਾਉਣੇ ਹੀ ਚੰਗੇ ਲਗਦੇ ਹਨ।" ਇਹ ਵਿਚਾਰ ਸ਼ਿਕਾਗੋ ਵਸਦੇ ਲੋਕ ਗਾਇਕ ਤਾਰਾ ਮੁਲਤਾਨੀ ਨੇ ਇਕ ਮੁਲਾਕਾਤ ਦੌਰਾਨ ਸਾਂਝੇ ਕੀਤੇ। ਇਥੇ ਦੱਸਣਯੋਗ ਹੈ ਕਿ ਤਾਰਾ ਮੁਲਤਾਨੀ ਨੇ ਮਿਡਵੈਸਟ (ਅਮਰੀਕਾ) ਦੇ ਕਰੀਬ ਸਾਰੇ ਸੱਭਿਆਚਾਰਕ ਮੇਲਿਆਂ ਵਿਚ ਹਾਜ਼ਰੀ ਭਰ ਕੇ ਆਪਣੀ ਗਾਇਕੀ ਦਾ ਲੋਹਾ ਮੰਨਵਾਇਆ ਹੈ। ਪ੍ਰਤਿਭਾਸ਼ਾਲੀ ਗਾਇਕ ਤਾਰਾ ਆਪਣੀ ਸੁਰੀਲੀ ਤੇ ਬੁਲੰਦ ਆਵਾਜ਼ ਨਾਲ

**ਸੁਰਿੰਦਰ ਸਿੰਘ ਭਾਟੀਆ**
ਫੋਨ: 224-829-1437

ਦਰਸ਼ਕਾਂ ਦੇ ਦਿਲਾਂ 'ਤੇ ਗਹਿਰੀ ਛਾਪ ਛੱਡ ਜਾਂਦਾ ਹੈ। ਉਹ ਵਧੀਆ ਗਾਇਕ ਦੇ ਨਾਲ ਨਾਲ ਇਕ ਵਧੀਆ ਇਨਸਾਨ ਵੀ ਹੈ ਤੇ ਆਪਣੇ ਮਿਲਾਪੜੇ ਸੁਭਾਅ ਨਾਲ ਸਾਰਿਆਂ ਦਾ ਮਨ ਮੋਹ ਲੈਂਦਾ ਹੈ।

ਤਾਰੇ ਮੁਲਤਾਨੀ ਦਾ ਜਨਮ ਜਿਲਾ ਕਪੂਰਥਲਾ ਦੇ ਪਿੰਡ ਹਬੀਬਵਾਲ ਵਿਚ ਪਿਤਾ ਮੁਖਤਿਆਰ ਸਿੰਘ ਦੇ ਘਰ ਮਾਤਾ ਨਰਿੰਦਰ ਕੌਰ ਦੀ ਕੁੱਖੋਂ 1982 ਵਿਚ ਹੋਇਆ। ਉਸ ਨੇ ਆਪਣੀ ਪੜ੍ਹਾਈ ਗੌਰਮਿੰਟ ਇੰਸਟੀਚਿਊਟ ਇਬਰਾਮਵਲ ਤੋਂ ਕੀਤੀ। ਗਾਉਣ ਦੀ ਚੇਟਕ ਉਸ ਨੂੰ ਸਕੂਲ ਸਮੇਂ ਤੋਂ ਹੀ ਲੱਗ ਗਈ ਸੀ ਅਤੇ ਪੜ੍ਹਾਈ ਦੌਰਾਨ ਛੋਟੀ ਉਮਰੇ ਹੀ ਸੱਭਿਆਚਾਰਕ ਤੇ ਸਮਾਜਕ ਸਮਾਗਮਾਂ ਵਿਚ ਗਾਇਕੀ ਰਾਹੀਂ ਚੰਗਾ ਜਸ ਖਟਿਆ। ਸਕੂਲ-ਕਾਲਜ ਦੇ ਸਮਾਗਮਾਂ ਤੇ ਹੋਰ ਜਿਲਾ ਪੱਧਰੀ ਸਮਾਗਮਾਂ ਵਿਚ ਆਪਣੀ ਸੁਰੀਲੀ ਗਾਇਕੀ ਸਦਕਾ ਕਈ ਇਨਾਮ ਹਾਸਿਲ ਕੀਤੇ।

ਕੀ ਗਾਇਕੀ ਵਿਚ ਤੁਹਾਡਾ ਸ਼ੁਰੂ ਤੋਂ ਹੀ ਰੁਝਾਨ ਸੀ? ਇਹ ਪੁਛੇ ਜਾਣ 'ਤੇ ਤਾਰਾ ਮੁਲਤਾਨੀ ਨੇ ਗਾਇਕੀ ਦੇ ਆਪਣੇ ਸਫਰ ਬਾਰੇ ਦਸਿਆ ਕਿ ਸਕੂਲ ਵਿਚ ਨੌਵੀਂ ਜਮਾਤ ਵਿਚ ਪੜ੍ਹਦਿਆਂ ਵਿਹਲੇ ਸਮੇਂ ਦੋਸਤ-ਮਿੱਤਰ ਇੱਕਠੇ ਹੁੰਦੇ ਤਾਂ ਮੈਂ ਲਾਲ ਚੰਦ ਯਮਲਾ ਜੱਟ ਦਾ ਗੀਤ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ' ਗਾਉਂਦਾ ਤੇ ਭਰਵੀਂ ਦਾਦ ਮਿਲਦੀ। ਸਕੂਲ ਦੇ ਸਮਾਗਮਾਂ ਵਿਚ ਜ਼ਿਆਦਾਤਰ ਯਮਲਾ ਜੱਟ ਤੇ ਗੁਰਦਾਸ ਮਾਨ ਦੇ ਗੀਤ ਗਾਉਂਦਾ। ਮੈਂ ਗੁਰਦਾਸ ਮਾਨ ਦੇ ਗੀਤਾਂ ਤੋਂ ਬਹੁਤ ਪ੍ਰਭਾਵਿਤ ਸੀ ਤੇ ਅਜੇ ਵੀ ਹਾਂ। ਪੜ੍ਹਾਈ ਦੇ ਨਾਲ ਨਾਲ ਗਾਇਕੀ ਵੀ ਚਲਦੀ ਰਹੀ।

ਤਾਰੇ ਨੇ ਦੱਸਿਆ ਕਿ ਇਕ ਵਾਰੀ ਸਕੂਲ ਦੇ 26 ਜਨਵਰੀ ਦੇ ਪ੍ਰੋਗਰਾਮ ਵਿਚ ਉਸ ਨੇ ਯਮਲੇ ਜੱਟ ਦੇ ਕਈ ਗੀਤ ਪੇਸ਼ ਕੀਤੇ। ਆਵਾਜ਼ ਸੁਣ ਕੇ ਸਕੂਲ ਦੇ ਪ੍ਰਿੰਸੀਪਲ ਮਲਕੀਅਤ ਸਿੰਘ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਦੀ ਹੌਸਲਾ ਅਫਜ਼ਾਈ ਨਾਲ ਸਕੂਲਾਂ-ਕਾਲਜਾਂ ਤੇ ਹੋਰ ਜਿਲਾ ਪੱਧਰੀ ਸਮਾਗਮਾਂ ਵਿਚ ਹਿੱਸਾ ਲਿਆ ਤੇ ਤਰਕੀਬਨ ਸਾਰੇ ਹੀ ਪ੍ਰੋਗਰਾਮਾਂ ਵਿਚ ਪਹਿਲੇ ਨੰਬਰ 'ਤੇ ਰਿਹਾ। ਉਦੋਂ ਬਹੁਤਾ ਯਮਲੇ ਜੱਟ ਤੇ ਗੁਰਦਾਸ ਮਾਨ ਦੇ ਗੀਤ ਹੀ ਗਾਉਂਦਾ।

ਗਾਇਕੀ ਦੇ ਸਫਰ ਦੀ ਗੱਲ ਨੂੰ ਅਗੇ ਤੋਰਦਿਆਂ ਤਾਰੇ ਨੇ ਦੱਸਿਆ ਕਿ ਉਨ੍ਹਾਂ ਦੇ ਗੁਆਂਢ ਇਕ ਢੋਲਕ ਮਾਸਟਰ ਵਜਿੰਦਰ ਸਿੰਘ ਮੱਟੀ ਤੇ ਕੀ-ਬੋਰਡ ਮਾਸਟਰ ਮਦਨ ਕੰਡਿਆਲੀ ਅਕਸਰ ਸਥਾਨਕ ਗਾਇਕਾਂ ਨਾਲ ਅਭਿਆਸ ਕਰਦੇ। ਜਦੋਂ ਉਨ੍ਹਾਂ ਦੇ ਰਿਆਜ਼ ਦੀ ਆਵਾਜ਼ ਕੰਨੀ ਪੈਂਦੀ ਤਾਂ ਮਨ ਵਿਚ ਸੰਗੀਤਕ ਤਰੰਗਾਂ ਉਠਨ ਲਗਦੀਆਂ, ਗੀਤ ਦੇ ਬੋਲ ਬੁੱਲਾਂ 'ਤੇ ਥਿਰਕਣ ਲੱਗਦੇ, ਕਦਮ ਆਪ ਮੁਹਾਰੇ ਉਸ ਚੁਬਾਰੇ ਵਲ ਵੱਧ ਜਾਂਦੇ ਤੇ ਸ਼ੁਰੂ ਹੋ ਜਾਂਦੀ ਮੈਰਾਥਨ ਦੌੜ ਵਰਗੀ ਲੰਬੀ ਸੰਗੀਤਕ ਮਹਿਫਿਲ। ਸਮਾਂ ਕਦੋਂ ਸਵੇਰ ਤੋਂ ਸ਼ਾਮ ਵਿਚ ਬਦਲ ਜਾਂਦਾ, ਪਤਾ ਹੀ ਨਾ ਲਗਦਾ। ਉਦੋਂ ਸੰਗੀਤ ਦਾ ਸਿਰ 'ਤੇ ਇੰਨਾ ਜਨੂੰਨ ਸਵਾਰ ਸੀ ਕਿ ਇਨ੍ਹਾਂ ਸਾਥੀਆਂ ਨਾਲ ਮਿਲ ਕੇ ਇਕ ਮਿਊਜ਼ਿਕ ਗਰੁਪ ਬਣਾ ਲਿਆ ਤੇ ਸੱਭਿਆਚਾਰਕ ਪ੍ਰੋਗਰਾਮ ਦੇਣੇ ਅਰੰਭ ਦਿਤੇ। ਇਥੇ ਹੀ ਅਧਿਆਪਕ ਰਾਜਿੰਦਰ ਜੀ ਕੋਲੋਂ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ।

ਗਾਇਕੀ ਦੇ ਅਗਲੇ ਮੁਕਾਮ...! ਦੇ ਜਵਾਬ ਵਿਚ ਤਾਰੇ ਨੇ ਭਾਵੁਕ ਹੁੰਦਿਆਂ ਦੱਸਿਆ, "ਜ਼ਿੰਦਗੀ ਵਿਚ ਸਾਰਾ ਸਮਾਂ ਇਕੋ ਜਿਹਾ ਨਹੀਂ ਹੁੰਦਾ। 2005-2006 ਵਿਚ ਪਿਤਾ ਜੀ ਬਿਮਾਰ ਹੋ ਗਏ। ਉਨ੍ਹਾਂ ਨੂੰ ਅਧਰੰਗ ਹੋ ਗਿਆ ਤੇ ਕੁਝ ਸਮੇਂ ਬਾਅਦ ਮਾਤਾ ਜੀ ਵੀ ਗੰਭੀਰ ਬਿਮਾਰ ਹੋ ਗਏ। ਮਾਤਾ-ਪਿਤਾ ਪ੍ਰਤੀ ਆਪਣਾ ਫਰਜ਼ ਸਮਝਦਿਆਂ ਉਨ੍ਹਾਂ ਦੀ ਸੇਵਾ ਵਿਚ ਜੁਟ ਗਿਆ। ਸੰਗੀਤ ਪਿਛੇ ਰਹਿ ਗਿਆ।" ਮਾਂ-ਪਿਓ ਨੂੰ ਯਾਦ ਕਰਦਿਆਂ ਅੱਖਾਂ ਵਿਚ ਆਏ ਹੰਝੂ ਪੂੰਝਦਿਆਂ ਤਾਰੇ ਨੇ ਦਸਿਆ, "ਬਿਮਾਰ ਮਾਤਾ-ਪਿਤਾ ਦੋਵੇਂ ਚਲਾਣਾ ਕਰ ਗਏ। ਘਰ ਦੇ ਹਾਲਾਤ ਠੀਕ ਨਾ ਹੋਣ ਕਰਕੇ ਗਾਇਕੀ ਨੂੰ ਇਕ ਪੇਸ਼ੇ ਵਜੋਂ ਨਾ ਅਪਨਾ ਸਕਿਆ। ਭਰੇ ਮਨ ਨਾਲ ਕੁਝ ਸਮੇਂ ਲਈ ਗਾਇਕੀ ਨੂੰ ਅਲਵਿਦਾ ਕਹਿਣਾ ਪਿਆ।"

ਆਪਣੀ ਗੱਲ ਜਾਰੀ ਰਖਦਿਆਂ ਤਾਰੇ ਨੇ ਦੱਸਿਆ ਕਿ 2009 ਵਿਚ ਉਹ ਅਮਰੀਕਾ ਆ ਗਿਆ ਅਤੇ ਸ਼ਿਕਾਗੋ ਸੈਟ ਹੋ ਗਿਆ। ਕੁਝ ਸਮਾਂ ਤਾਂ ਪੈਰ ਜਮਾਉਣ ਵਿਚ ਲੰਘ ਗਿਆ। ਅਸਲ ਵਿਚ ਵਿਦੇਸ਼ ਆ ਕੇ ਵੀ ਗਾਇਕੀ ਪ੍ਰਤੀ ਉਸ ਦੀ ਰੁਚੀ ਘਟੀ ਨਹੀਂ। ਸੰਗੀਤ ਪ੍ਰਤੀ ਜਨੂੰਨ ਨੇ ਫਿਰ ਸਿਰ ਚੁਕ ਲਿਆ। ਜਦ ਕਦੇ ਵੀ ਸੰਗੀਤ ਦੀਆਂ ਧੁਨਾਂ, ਗੀਤਾਂ ਦੀ ਲੈਅ ਸੁਣਦਾ ਤਾਂ ਮਨ ਮਚਲਣ ਲਗਦਾ, ਦਿਲ 'ਚ ਤਰੰਗਾਂ ਉਠਦੀਆਂ ਤੇ ਅੰਦਰ ਦਾ ਗਾਇਕ ਹੁਨਰ ਅੰਗੜਾਈ ਲੈਣ ਲਗਦਾ।

ਉਸ ਦੱਸਿਆ ਕਿ ਸ਼ਿਕਾਗੋ ਦੇ ਨਜ਼ਦੀਕ ਇੰਡੀਅਨਐਪੋਲਿਸ ਵਿਚ ਹੋਏ ਇਕ ਕਬੱਡੀ ਮੇਲੇ 'ਤੇ ਕੁਝ ਗੀਤ ਪੇਸ਼ ਕੀਤੇ। ਦਰਸ਼ਕਾਂ ਤੋਂ ਚੰਗੀ ਵਾਹ ਵਾਹ ਮਿਲੀ। ਯਾਰਾਂ-ਬੇਲੀਆਂ ਨੇ ਹੱਲਾਸ਼ੇਰੀ ਦਿੱਤੀ। ਇਸ ਹੌਸਲਾ ਅਫਜ਼ਾਈ ਨਾਲ ਆਤਮ ਵਿਸ਼ਵਾਸ਼ ਵਧਿਆ। ਮਿਡਵੈਸਟ ਦੇ ਕਬੱਡੀ ਮੇਲਿਆਂ-ਪੰਜਾਬੀ ਕਲਰਲ ਸੁਸਾਇਟੀ ਸ਼ਿਕਾਗੋ ਦੇ 'ਰੰਗਲਾ ਪੰਜਾਬ' ਤੇ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਦੇ ਪ੍ਰੋਗਰਾਮਾਂ ਤੋਂ ਇਲਾਵਾ 'ਐਫ ਆਈ ਏ' ਦੇ ਸਮਾਗਮਾਂ ਵਿਚ ਗਾਉਣ ਦਾ ਮੌਕਾ ਮਿਲਿਆ। ਤਾਰੇ ਨੇ ਦੱਸਿਆ



ਕਿ ਹੁਣ ਗਾਇਕੀ ਨੂੰ ਹੋਰ ਨਿਖਾਰਨ ਲਈ ਉਹ ਸ਼ਿੱਦਤ ਨਾਲ ਰਿਆਜ਼ ਵਲ ਧਿਆਨ ਦੇ ਰਿਹਾ ਹੈ।

ਢੁਕਵੀਂ ਕੁਮੈਂਟਰੀ ਤੇ ਸ਼ੇਅਰੋ-ਸ਼ਾਇਰੀ ਨਾਲ ਦਰਸ਼ਕਾਂ ਦਾ ਮਨੋਰੰਜਨ ਤਾਂ ਕਰਦੇ ਹੀ ਹੋ, ਲਿਖਣ ਦਾ ਵੀ ਸ਼ੌਕ ਹੈ? ਇਸ ਸਵਾਲ ਦੇ ਜਵਾਬ ਵਿਚ ਤਾਰੇ ਨੇ ਕਿਹਾ, "ਮੈਂ ਖੁਦ ਵੀ ਲਿਖ ਲੈਂਦਾ ਹਾਂ ਤੇ ਕੁਝ ਸ਼ੇਅਰ ਮੇਰਾ ਜਰਮਨੀ ਰਹਿੰਦਾ ਦੋਸਤ 'ਸ਼ਾਇਰ ਨਿਊਮਤੀ' ਮੈਨੂੰ ਭੇਜ ਦਿੰਦਾ ਹੈ। ਮੈਂ ਮੌਕੇ ਮੁਤਾਬਕ ਵਰਤ ਲੈਂਦਾ ਹਾਂ। ਇਸ ਨਾਲ ਸਰੋਤਿਆਂ ਅਤੇ ਮੇਰੇ ਦਰਮਿਆਨ ਰਾਬਤਾ ਤੇ ਸਾਂਝ ਹੋਰ ਸ਼ਿੱਦਤ ਭਰੇ ਹੋ ਜਾਂਦੇ ਹਨ, ਤੇ ਦਰਸ਼ਕਾਂ ਦਾ ਮਨੋਰੰਜਨ ਵੀ ਹੋ ਜਾਂਦਾ ਹੈ।"

ਤਾਰੇ ਨੇ ਹੋਰ ਦੱਸਿਆ, "ਅਕਸਰ ਮੇਰੇ ਪ੍ਰਸ਼ੰਸਕ ਕਹਿੰਦੇ ਹਨ ਕਿ ਉਸ ਦੀ ਆਵਾਜ਼ ਕਮਲ ਹੀਰ ਨਾਲ ਮਿਲਦੀ ਹੈ ਤੇ ਸਟੇਜ 'ਤੇ ਪੇਸ਼ਕਾਰੀ ਨਛੱਤਰ ਗਿੱਲ ਵਰਗੀ ਹੈ। ਇਹ ਕੁਮੈਂਟ ਸੁਣ ਕੇ ਚੰਗਾ ਤਾਂ ਲਗਦਾ ਹੈ ਪਰ ਮੈਂ ਆਪਣੀ ਵੱਖਰੀ ਪਛਾਣ ਬਣਾਉਣੀ ਚਾਹੁੰਦਾ ਹਾਂ, ਜੋ ਸਿਰਫ ਤਾਰਾ ਮੁਲਤਾਨੀ ਦੇ ਨਾਂ ਨਾਲ ਜਾਣੀ ਜਾਏ। ਇਸ ਲਈ ਵੀ ਮੈਂ ਸ਼ੇਅਰੋ-ਸ਼ਾਇਰੀ ਦਾ ਆਪਣਾ ਇਕ ਵੱਖਰਾ ਅੰਦਾਜ਼ ਅਪਨਾਇਆ ਹੈ।"

ਐਲਬਮ ਤੇ ਕੈਸੇਟ ਰਿਕਾਡਿੰਗ ਬਾਰੇ ਪੁਛੇ ਜਾਣ 'ਤੇ ਤਾਰੇ ਨੇ ਕਿਹਾ ਕਿ ਮੇਰੀ ਨਵੀਂ ਐਲਬਮ ਤਿਆਰ ਹੋ ਰਹੀ ਹੈ। ਸੰਗੀਤਕਾਰ ਰਾਜ ਅਜਨਾਲਵੀ ਦੇ ਸੰਗੀਤ ਨਾਲ ਚਾਰ ਗਾਣੇ ਰਿਕਾਰਡ ਹੋ ਚੁਕੇ ਹਨ। ਮਾਰਕੀਟ ਵਿਚ ਜਲਦ ਆ ਰਹੀ ਇਸ ਕੈਸੇਟ ਤੋਂ ਮੈਨੂੰ ਬਹੁਤ ਉਮੀਦਾਂ ਹਨ। ਇਸ ਤੋਂ ਇਲਾਵਾ 'ਜਲਵੇ ਜੱਗੀ ਦੇ' ਵਾਲਾ ਜਗਤਾਰ ਜੱਗੀ ਵੀ ਮੇਰੀ ਗਾਇਕੀ ਤੋਂ ਪ੍ਰਭਾਵਿਤ ਹੈ। ਉਸ ਨਾਲ ਗੱਲਬਾਤ ਚਲ ਰਹੀ ਹੈ। ਹੋ ਸਕਦਾ ਹੈ, ਭਵਿਖ ਵਿਚ ਉਨ੍ਹਾਂ ਨਾਲ ਮਿਲ ਕੇ ਵਡੇ ਪੱਧਰ 'ਤੇ ਕੋਈ ਪ੍ਰੋਗਰਾਮ ਉਲੀਕਿਆ ਜਾਵੇ।

ਗੀਤਾਂ ਦੀ ਚੋਣ ਕਿਵੇਂ ਕਰਦੇ ਹੋ? ਦੇ ਜੁਆਬ ਵਿਚ ਤਾਰੇ ਨੇ ਦੱਸਿਆ ਕਿ ਉਸ ਦੇ ਸੰਪਰਕ ਵਿਚ 10-12 ਗੀਤਕਾਰ ਹਨ, ਜੋ ਸਮੇਂ ਸਮੇਂ ਗੀਤ ਭੇਜਦੇ ਰਹਿੰਦੇ ਹਨ ਪਰ ਮੈਂ ਸਿਰਫ ਸਾਫ ਸੁਥਰੀ ਗਾਇਕੀ ਦਾ ਧਾਰਨੀ ਹਾਂ। ਉਹ ਗੀਤ ਹੀ ਚੁਣਦਾ ਹਾਂ, ਜੋ ਸਰੋਤੇ ਪਰਿਵਾਰ ਵਿਚ ਬੈਠ ਕੇ ਸੁਣ ਸਕਣ। ਫੋਹਸ਼ ਗਾਇਕੀ ਤੇ ਗੀਤਕਾਰੀ ਨਾਲ ਕੋਈ ਸਮਝੌਤਾ ਨਹੀਂ ਕਰਨਾ।

ਯਾਦਗਾਰੀ ਪਲਾਂ ਬਾਰੇ ਪੁਛੇ ਜਾਣ 'ਤੇ ਉਸ ਦੱਸਿਆ, ਮਿਨੀਸੋਟਾ ਵਿਚ ਹੋਏ ਕਬੱਡੀ ਮੇਲੇ ਵਿਚ ਸਰਬਜੀਤ ਚੀਮਾ ਤੇ ਸ਼ਿਕਾਗੋ ਵਿਚ ਬਲਜੀਤ ਮਾਲਵਾ ਨਾਲ ਮੰਚ ਸਾਂਝਾ ਕਰਨਾ, ਬਹੁਤ ਵਧੀਆ ਲੱਗਾ। ਇਨ੍ਹਾਂ ਗਾਇਕਾਂ ਦੇ ਮੂੰਹੋਂ ਤਾਰੀਫ ਦੇ ਸ਼ਬਦ ਸੁਣ ਕੇ ਬੜਾ ਹੌਸਲਾ ਵਧਿਆ। ਇਸ ਤੋਂ ਇਲਾਵਾ 'ਪੰਜਾਬ ਟਾਈਮਜ਼' ਅਖਬਾਰ ਦਾ ਬਹੁਤ ਬਹੁਤ ਧੰਨਵਾਦ ਜਿਸ ਨੇ ਪਿਛਲੇ ਸਾਲ 'ਪੰਜਾਬ ਟਾਈਮਜ਼ ਨਾਈਟ' ਵਰਗੇ ਅਹਿਮ ਮੰਚ 'ਤੇ ਗਾਉਣ ਦਾ ਮੌਕਾ ਦਿੱਤਾ। ਇਸ ਨਾਲ ਕੈਲੀਫੋਰਨੀਆ, ਨਿਊ ਯਾਰਕ ਤੇ ਹੋਰਨਾਂ ਸਟੇਟਾਂ ਤੋਂ ਆਏ ਦਰਸ਼ਕਾਂ ਨੇ ਮੈਨੂੰ ਸੁਣਿਆ ਤੇ ਸਲਾਹਿਆ। ਇਸ ਅਖਬਾਰ ਰਾਹੀਂ ਅਮਰੀਕਾ ਹੀ ਨਹੀਂ, ਦੁਨੀਆਂ ਵਿਚ ਦੂਰ-ਦੂਰ ਤਕ ਮੇਰੀ ਪਛਾਣ ਬਣ ਗਈ। ਖੁਸ਼ਕਿਸਮਤ ਹਾਂ ਕਿ ਇਸ ਸਾਲ ਵੀ 25 ਮਾਰਚ 2017 ਨੂੰ ਹੋ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਮੈਨੂੰ ਗਾਉਣ ਦਾ ਮੌਕਾ ਮਿਲ ਰਿਹਾ ਹੈ।

ਹੁਣ ਤਕ ਕਿਹੜੇ ਕਿਹੜੇ ਮਾਣ-ਸਨਮਾਨ ਮਿਲੇ ਹਨ? ਤਾਰੇ ਨੇ ਦੱਸਿਆ ਕਿ ਮਿਡਵੈਸਟ ਦੀਆਂ ਲਗਭਗ ਸਾਰੀਆਂ ਸਮਾਜਕ ਤੇ ਸੱਭਿਆਚਾਰਕ ਸੰਸਥਾਵਾਂ ਤੋਂ ਮਾਣ-ਸਨਮਾਨ ਮਿਲ ਚੁਕਾ ਹੈ। ਇਹ ਸਨਮਾਨ ਬਹੁਤ ਕੀਮਤੀ ਹਨ। ਇਸ ਨਾਲ ਹੌਸਲਾ ਵਧਦਾ ਹੈ। ਪਰ ਮੈਂ ਇਹ ਵੀ ਮੰਨਦਾ ਹਾਂ ਅਸਲੀ ਅਵਾਰਡ ਤਾਂ ਸਰੋਤਿਆਂ ਦੀਆਂ ਤਾੜੀਆਂ ਹਨ। ਉਨ੍ਹਾਂ ਨੂੰ ਗੀਤ ਪਸੰਦ ਆ ਜਾਏ, ਇਹੋ ਵੱਡਾ ਇਨਾਮ ਹੈ।

ਹੋਰ ਕੀ ਸ਼ੌਕ ਹਨ? ਜਵਾਬ ਵਿਚ ਉਸ ਦੱਸਿਆ, ਮੈਨੂੰ ਕਬੱਡੀ ਦੀ ਖੇਡ ਬਹੁਤ ਪਸੰਦ ਹੈ। ਇਹ ਖੇਡ ਪੰਜਾਬੀਆਂ ਦੇ ਸੁਭਾਅ ਦੇ ਬਹੁਤ ਅਨੁਕੂਲ ਹੈ। ਹੋਰ ਗਾਇਕਾਂ ਪ੍ਰਤੀ ਆਪਣੀ ਪਸੰਦ ਬਾਰੇ ਤਾਰੇ ਨੇ ਦੱਸਿਆ ਕਿ ਜਨਾਬ ਨੁਸਰਤ ਅਲੀ ਸਾਹਿਬ ਤੇ ਰਾਹਤ ਫਤਿਹ ਅਲੀ ਖਾਂ ਦੇ ਸੂਫੀਆਨਾ ਤੇ ਪੰਜਾਬੀ ਫੋਕ ਗਾਇਕੀ ਦੇ ਰੰਗ ਵਿਚ ਰੰਗੇ ਗੀਤ ਬਹੁਤ ਸੁਣਦਾ ਹਾਂ।

ਅਖੀਰ ਵਿਚ ਇਕ ਵਾਰ ਫਿਰ ਉਸ ਜ਼ੋਰ ਦੇ ਕੇ ਕਿਹਾ ਕਿ ਮੈਨੂੰ ਸਿਰਫ ਸਾਫ ਸੁਥਰੇ ਸਾਹਿਤਕ, ਸੱਭਿਆਚਾਰਕ ਤੇ ਆਪਣੇ ਵਿਰਸੇ ਨਾਲ ਜੁੜੇ ਲੋਕ-ਗੀਤ ਹੀ ਗਾਉਣੇ ਚੰਗੇ ਲਗਦੇ ਹਨ। ਗਾਇਕੀ ਮੇਰੇ ਲਈ ਸਿਰਫ ਪੈਸਾ ਕਮਾਉਣ ਦਾ ਜ਼ਰੀਆ ਨਾ ਬਣੇ, ਗਾਇਕੀ ਲਈ ਸਿਰਫ ਵਪਾਰਕ ਨਜ਼ਰੀਆ ਨਾ ਹੋਵੇ। ਮੇਰੀ ਤਾਂ ਇਹੋ ਤਵੱਕੋ ਹੈ। ਮੇਰਾ ਤਾਂ ਵੈਸੇ ਵੀ ਉਪਰ ਵਾਲੇ ਦੀ ਕਿਰਪਾ ਨਾਲ ਆਪਣਾ ਚੰਗਾ ਬਿਜਨਸ ਹੈ। ਮੇਰੇ ਧੰਨਭਾਗ ਜੇ ਕਿਤੇ ਮੈਂ ਆਪਣੇ ਵਿਰਸੇ ਤੇ ਆਪਣੀ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਸਕਾਂ। ਤਾਰਾ ਮੁਲਤਾਨੀ ਨਾਲ ਸੰਪਰਕ ਫੋਨ: 347-923-1124 ਰਾਹੀਂ ਕੀਤਾ ਜਾ ਸਕਦਾ ਹੈ।

# ਪਰਗਟ ਫਿਰ ਪਰਗਟ

ਪਿਛਲੇ ਸਾਲ ਪਰਗਟ ਸਿੰਘ ਨੂੰ ਮੁੱਖ ਸੰਸਦੀ ਸਕੱਤਰੀ ਦਾ ਚੋਗਾ ਪਾਇਆ ਗਿਆ ਸੀ ਜੋ ਉਸ ਨੇ ਨਹੀਂ ਸੀ ਚੁਗਿਆ। ਉਦੋਂ ਦੋਸਤਾਂ ਮਿੱਤਰਾਂ ਨੇ ਉਹਨੂੰ ਸੁਚੇਤ ਕਰਦਿਆਂ ਕਿਹਾ ਸੀ, ਪਰਗਟ, ਤੂੰ ਪਰਗਟ ਈ ਰਹੀਂ! ਅਤੇ ਪਰਗਟ, ਪਰਗਟ ਹੀ ਰਿਹਾ! ਹੁਣ ਪਰਗਟ ਫਿਰ ਪਰਗਟ ਹੋ ਗਿਐ। ਬਾਦਲਾਂ ਨੇ ਉਸ ਨੂੰ ਬਿਨਾ ਵਜ੍ਹਾ ਪਾਰਟੀ 'ਚੋਂ ਕੱਢ ਦਿੱਤਾ ਸੀ। ਫਿਰ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇਣ ਵਾਲੇ ਕ੍ਰਿਕਟਰ

**ਪ੍ਰਿੰ. ਸਰਵਣ ਸਿੰਘ**

ਨਵਜੋਤ ਸਿੰਘ ਸਿੱਧੂ ਦੀ ਅਗਵਾਈ ਵਿਚ ਪਰਗਟ ਤੇ ਬੈਂਸ ਭਰਾਵਾਂ ਨੇ ਪੰਜਾਬ ਮੋਰਚੇ ਦੀ ਨੀਂਹ ਰੱਖੀ ਪਰ ਉਸ ਉਤੇ ਕੋਈ ਉਸਾਰੀ ਨਾ ਹੋਈ। ਸਗੋਂ ਨੀਂਹਾਂ ਹੀ ਪੂਰ ਦਿੱਤੀਆਂ ਗਈਆਂ ਤੇ ਬੈਂਸ ਭਰਾਵਾਂ ਨੇ ਲੋਕ ਇਨਸਾਫ ਪਾਰਟੀ ਬਣਾ ਕੇ ਆਮ ਆਦਮੀ ਪਾਰਟੀ ਨਾਲ ਗੱਠਜੋੜ ਕਰ ਲਿਆ।

ਨਵਜੋਤ ਸਿੱਧੂ ਤੇ ਪਰਗਟ ਕਾਫੀ ਦੇਰ ਦਲੀਲਾਂ ਵਿਚ ਪਏ ਰਹੇ ਪਈ 'ਆਪ' ਤੇ ਕਾਂਗਰਸ ਦੀਆਂ ਟੀਮਾਂ 'ਚੋਂ ਕੀਹਦੇ ਵੱਲੋਂ ਖੇਡੀਏ? ਟੀਮ ਦਾ ਕਪਤਾਨ/ਉਪ ਕਪਤਾਨ ਬਣਾਉਣ ਦੀ ਸੌਦੇਬਾਜ਼ੀ ਹੁੰਦੀ ਰਹੀ। ਜਿਵੇਂ ਅੱਜ ਕੱਲ੍ਹ ਲੀਗਾਂ ਲਈ ਕ੍ਰਿਕਟ ਤੇ ਹਾਕੀ ਦੇ ਖਿਡਾਰੀ ਖਰੀਦੇ ਜਾਂਦੇ ਹਨ, ਉਵੇਂ ਨਵਜੋਤ ਤੇ ਪਰਗਟ ਵੀ ਕਾਂਗਰਸ ਦੀ ਟੀਮ ਵਿਚ ਪਾ ਲਏ ਗਏ। ਫਿਰ ਉਨ੍ਹਾਂ ਨੇ ਉਹੀ ਕੁਝ ਕਰ ਵਿਖਾਇਆ ਜਿਸ ਦੀ ਆਸ ਰੱਖੀ ਸੀ। ਨਵਜੋਤ ਦੇ ਛੱਕੇ ਤੇ ਪਰਗਟ ਦੇ ਪੈਨਲਟੀ ਕਾਰਨਰ ਨੇ ਕਾਂਗਰਸ ਦੀ ਟੀਮ ਨੂੰ ਤਕੜੀ ਜਿੱਤ ਦਿਵਾਈ। ਵੇਖਦੇ ਹਾਂ ਹੁਣ ਇਨਾਮ ਕੀ ਮਿਲਦੈ?

ਪਰਗਟ ਨੇ ਹਾਕੀ ਦੇ 313 ਕੌਮਾਂਤਰੀ ਮੈਚ ਖੇਡੇ ਹਨ ਜਿਨ੍ਹਾਂ 'ਚੋਂ 168 ਮੈਚਾਂ ਵਿਚ ਉਹ ਭਾਰਤੀ ਟੀਮਾਂ ਦਾ ਕਪਤਾਨ ਬਣਿਆ। ਉਹ ਏਸ਼ੀਅਨ ਆਲ ਸਟਾਰਜ਼ ਇਲੈਵਨ ਦਾ ਵੀ ਕਪਤਾਨ ਰਿਹਾ। ਉਹ ਅਰਜਨਾ ਅਵਾਰਡੀ ਅਤੇ ਰਾਜੀਵ ਗਾਂਧੀ ਖੇਲ ਰਤਨ ਅਵਾਰਡੀ ਹੈ ਤੇ ਉਸ ਨੂੰ ਪਦਮਸ੍ਰੀ ਦਾ ਪੁਰਸਕਾਰ ਵੀ ਮਿਲਿਆ ਹੋਇਐ। ਉਹ ਪੰਜਾਬ ਦਾ ਸਪੋਰਟਸ ਡਾਇਰੈਕਟਰ ਵੀ ਰਿਹਾ ਅਤੇ ਲਗਾਤਾਰ ਹਾਕੀ ਦੀ ਖੇਡ ਨਾਲ ਜੁੜਿਆ ਆ ਰਿਹੈ। ਨਵਜੋਤ ਦੀਆਂ ਖੇਡ ਪ੍ਰਾਪਤੀਆਂ ਵੀ ਬਹੁਤ ਹਨ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 2012 ਵਿਚ ਜਲੰਧਰ ਛਾਉਣੀ ਦੀ ਸੀਟ ਜਿੱਤਣ ਲਈ ਹੀ ਉਹਤੋਂ ਖੇਡਾਂ ਦੀ ਡਾਇਰੈਕਟਰੀ ਛੁਡਾਈ ਸੀ। ਉਦੋਂ ਉਹ ਈਮਾਨਦਾਰੀ ਨਾਲ ਖੇਡਾਂ ਦੀ ਸੇਵਾ ਕਰ ਰਿਹਾ ਸੀ ਪਰ ਉਸ ਨੂੰ ਸਿਆਸਤ ਵਿਚ ਆਉਣ ਲਈ ਮਜਬੂਰ ਕੀਤਾ ਗਿਆ। ਜਲੰਧਰ ਛਾਉਣੀ ਦੀ ਸੀਟ ਕਾਂਗਰਸ ਦੀ ਪੱਕੀ ਸੀਟ ਸਮਝੀ ਜਾਂਦੀ ਸੀ। ਉਦੋਂ ਪਰਗਟ ਵਰਗਾ ਹਰਮਨ ਪਿਆਰਾ ਖਿਡਾਰੀ ਹੀ ਇਹ ਸੀਟ ਅਕਾਲੀ ਦਲ ਨੂੰ ਜਿਤਾ ਸਕਦਾ ਸੀ। ਜਿਹੜੇ ਕਹਿੰਦੇ ਸਨ ਕਿ ਅਕਾਲੀ ਦਲ ਨੇ ਪਰਗਟ



ਨੂੰ ਟਿਕਟ ਦੇ ਕੇ ਅਹਿਸਾਨ ਕੀਤਾ ਹੈ, ਉਨ੍ਹਾਂ ਨੂੰ ਹੁਣ ਪਤਾ ਲੱਗ ਗਿਆ ਹੋਊ ਕਿ ਡਾਇਰੈਕਟਰੀ ਤਿਆਗ ਕੇ ਉਲਟਾ ਪਰਗਟ ਸਿੰਘ ਨੇ ਅਹਿਸਾਨ ਕੀਤਾ ਸੀ।

5 ਮਾਰਚ 1965 ਨੂੰ ਪਿੰਡ ਮਿੱਠਾਪੁਰ ਵਿਚ ਉਹਦਾ ਜਨਮ ਹੋਇਆ। 2005 ਵਿਚ ਉਹ ਪੁਲਿਸ ਕਪਤਾਨੀ ਛੱਡ ਕੇ ਪੰਜਾਬ ਦਾ ਖੇਡ ਡਾਇਰੈਕਟਰ ਬਣਿਆ। ਪੁਲਿਸ ਵਿਚ ਰਹਿੰਦਾ ਤਾਂ ਹੁਣ ਨੂੰ ਆਈ.ਜੀ. ਹੁੰਦਾ। 2010 ਵਿਚ ਕਬੱਡੀ ਦਾ ਪਹਿਲਾ ਵਿਸ਼ਵ ਕੱਪ ਹੋਇਆ ਤਾਂ ਮੈਨੂੰ ਉਸ ਨਾਲ ਵਿਚਰਨ ਦਾ ਮੌਕਾ ਮਿਲਿਆ। ਉਦੋਂ ਮੈਂ ਉਸ ਨੂੰ ਨੇੜਿਓਂ ਜਾਣਿਆਂ। ਉਹ ਡਿਸਿਪਲਿਨ ਦਾ ਪੱਕਾ ਸੀ। ਕਬੱਡੀ ਦਾ ਸੁਧਾਰ ਕਰਨ ਲਈ ਉਸ ਨੇ ਖਿਡਾਰੀਆਂ ਦੇ ਡੋਪ ਟੈਸਟ ਕਰਾਉਣ ਦੀ ਸਲਾਹੁਣਯੋਗ ਭੂਮਿਕਾ ਨਿਭਾਈ। ਸਾਡੀ ਕੁਮੈਂਟੇਟਰਾਂ ਦੀ ਟੀਮ ਵਿਚ ਭਗਵੰਤ ਮਾਨ ਵੀ ਸ਼ਾਮਲ ਸੀ। ਭਗਵੰਤ ਮਾਨ ਤੋਂ ਲੈ ਕੇ ਨਵਜੋਤ ਸਿੱਧੂ ਤਕ ਸਾਰੇ ਹੀ ਪਰਗਟ ਦੀ ਕਦਰ ਕਰਦੇ ਹਨ।

ਪਰਗਟ ਦੀ ਪਤਨੀ ਬੀਬੀ ਬਰਿੰਦਰਜੀਤ ਕੌਰ ਸਾਬਕਾ ਗਵਰਨਰ ਦਰਬਾਰਾ ਸਿੰਘ ਦੀ ਧੀ ਹੈ। ਕੈਸੀ ਵਿਡੰਬਣਾ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਐਮ. ਐਲ. ਏ. ਬਣੇ ਪਰਗਟ ਸਿੰਘ ਤੋਂ ਖੇਡਾਂ ਦਾ ਕੋਈ ਕੰਮ ਨਾ ਲਿਆ ਜਿਸ ਵਿਚ ਉਹ ਮਾਹਿਰ ਸੀ। ਖੇਡ ਪ੍ਰੇਮੀਆਂ ਨੂੰ ਆਸ ਸੀ ਕਿ ਉਸ ਨੂੰ ਪੰਜਾਬ ਵਿਚ ਖੇਡਾਂ ਦਾ ਪੱਧਰ ਉਪਰ ਚੁੱਕਣ ਲਈ ਕੋਈ ਵਿਸ਼ੇਸ਼ ਜ਼ਿੰਮੇਵਾਰੀ ਦਿੱਤੀ ਜਾਵੇਗੀ ਜੋ ਬਿਲਕੁਲ ਨਹੀਂ ਦਿੱਤੀ ਗਈ। ਸਗੋਂ ਪਰਗਟ ਨੇ ਖੇਡ ਡਾਇਰੈਕਟਰ ਹੁੰਦਿਆਂ ਜਿੰਨੀ ਕੁ ਜਾਨ ਖੇਡ ਵਿਭਾਗ 'ਚ ਪਾਈ ਸੀ, ਉਹ ਵੀ ਕੱਢ ਲਈ ਗਈ। ਖੇਡ ਵਿਭਾਗ ਨੂੰ ਸਸਤੀ ਸਿਆਸੀ ਸ਼ੁਹਰਤ ਲਈ ਲੋਕ ਸੰਪਰਕ ਵਿਭਾਗ ਹੀ ਬਣਾ ਲਿਆ ਗਿਆ।

ਸਿਆਸਤ ਵਿਚ ਭਾਵੇਂ ਉਹਨੂੰ ਮਜਬੂਰੀ ਵਸ ਆਉਣਾ ਪਿਆ ਸੀ ਪਰ ਹੁਣ ਉਹ ਸਿਆਸਤ ਦਾ ਵੀ ਤਕੜਾ ਖਿਡਾਰੀ ਬਣ ਗਿਆ ਹੈ। ਜਲੰਧਰ ਛਾਉਣੀ ਤੋਂ ਰਿਕਾਰਡ ਤੋੜ ਵੋਟਾਂ ਨਾਲ ਜਿੱਤਿਆ ਹੈ। ਅਕਾਲੀ ਦਲ ਵਾਲੇ ਨੌਜਆਨਾਂ ਨੂੰ ਨਸ਼ੇ ਛੁਡਾ ਕੇ ਵਧੀਆ ਖਿਡਾਰੀ ਬਣਾਉਣ ਦਾ ਉਹਤੋਂ ਕੋਈ ਕੰਮ ਨਹੀਂ ਲੈ ਸਕੇ। ਕੀ ਕਾਂਗਰਸ ਵਾਲੇ ਪਰਗਟ ਨੂੰ ਕੋਈ ਅਜਿਹੀ ਜ਼ਿੰਮੇਵਾਰੀ ਦੇਣਗੇ ਜਿਸ ਨਾਲ ਪੰਜਾਬ ਦੀ ਜੁਆਨੀ ਮੁੜ ਭਾਰਤ ਦੇ ਨਕਸ਼ੇ ਉਤੇ ਛਾ ਜਾਵੇ। ਹਾਲ ਦੀ ਘੜੀ ਤਾਂ ਹਰਿਆਣਾ ਹੀ ਖੇਡਾਂ ਵਿਚ ਪੰਜਾਬ ਨੂੰ ਅੱਗੇ ਨਹੀਂ ਲੰਘਣ ਦੇ ਰਿਹਾ। ਨਸ਼ਿਆਂ ਦੇ ਖਾਤਮੇ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਚੰਗੀ ਸਿੱਖਿਆ ਤੇ ਚੰਗੀਆਂ ਸਿਹਤ ਸਹੂਲਤਾਂ ਦੇ ਨਾਲ ਖੇਡਾਂ ਦੀ ਵੀ ਬੜੀ ਅਹਿਮੀਅਤ ਹੈ। ਕੀ ਕੈਪਟਨ ਸਰਕਾਰ ਪਰਗਟ ਨੂੰ ਖੇਡ ਮੰਤਰੀ ਬਣਾਏਗੀ ਜਾਂ ਅਕਾਲੀ ਦਲ ਵਾਂਗ ਹੀ ਟਰਕਾਏਗੀ? ਕਦੇ ਅਸੀਂ ਕਿਹਾ ਸੀ, ਪਰਗਟ, ਤੂੰ ਪਰਗਟ ਹੀ ਰਹੀਂ। ਫਿਰ ਕਿਹਾ, ਪਰਗਟ, ਤੂੰ ਪਰਗਟ ਹੀ ਰਿਹਾ! ਹੁਣ ਕਹਿੰਦੇ ਹਾਂ, ਪਰਗਟ ਫਿਰ ਪਰਗਟ। ਅਤੇ ਟੀਮ ਦੇ ਕੈਪਟਨ ਅਮਰਿੰਦਰ ਸਿੰਘ ਨੂੰ ਕਹਿੰਦੇ ਹਾਂ, ਪਰਗਟ ਨੂੰ ਹੋਰ ਪਰਗਟ ਕਰੋ!

# ਕਿਸਾਨਾਂ ਨੂੰ ਮਹਿੰਗਾ ਪਿਆ ਫਸਲੀ ਵੰਨ-ਸੁਵੰਨਤਾ ਦਾ ਨਾਅਰਾ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਦਾ ਕਣਕ-ਝੋਨਾ ਫਸਲੀ ਚੱਕਰ ਤੋੜਨ ਲਈ ਕੇਂਦਰ ਸਰਕਾਰ ਵੱਲੋਂ ਸੂਬਾ ਸਰਕਾਰ ਨਾਲ ਮਿਲ ਕੇ ਫਸਲੀ ਵਿਭਿੰਨਤਾ ਸਕੀਮ ਲਿਆਂਦੀ ਸੀ, ਜਿਸ ਵਿਚ ਲੋੜੀਂਦੇ ਆਰਥਿਕ ਫੰਡਾਂ ਲਈ 60.40 ਦਾ ਹਿੱਸਾ ਕ੍ਰਮਵਾਰ ਕੇਂਦਰ ਤੇ ਪੰਜਾਬ ਨੇ ਪਾਉਣਾ ਸੀ। ਕਿਸਾਨਾਂ ਨੇ ਖੇਤੀ ਮਾਹਰਾਂ ਦੀ ਸਲਾਹ ਨਾਲ 8 ਲੱਖ ਹੈਕਟੇਅਰ ਦੇ ਕਰੀਬ ਰਕਬਾ ਸਮੇਤ ਸਬਜ਼ੀਆਂ ਤੇ ਬਾਗਬਾਨੀ ਫਸਲੀ ਵਿਭਿੰਨਤਾ ਹੇਠ ਕਣਕ-ਝੋਨੇ ਨੂੰ ਤੋੜ ਕੇ ਲਿਆਂਦਾ, ਪਰ ਕਿਸਾਨਾਂ ਨੂੰ ਇਹ ਪ੍ਰੋਗਰਾਮ ਕੋਈ ਬਹੁਤਾ ਰਾਸ ਨਹੀਂ ਆਇਆ।

ਖੇਤੀਬਾੜੀ ਵਿਭਾਗ ਸਿਰਫ ਕਾਗਜ਼ਾਂ ਵਿਚ ਹੀ ਹਰ ਸਾਲ ਰਕਬਾ ਵਧਣ ਘਟਣ ਦੇ ਅੰਕੜਿਆਂ ਦਾ ਖੇਡ ਬਣ ਕੇ ਰਹਿ ਗਿਆ ਜਦਕਿ ਕਿਸਾਨਾਂ ਨੂੰ ਇਸ ਸਾਲ ਕਰੋੜਾਂ ਰੁਪਏ ਦਾ ਘਾਟਾ ਪੈਣ ਦਾ ਅਨੁਮਾਨ ਹੈ। ਕਿਸਾਨਾਂ ਨੇ ਫਸਲੀ ਵਿਭਿੰਨਤਾ ਅਪਣਾਉਂਦਿਆਂ ਨਰਮਾ, ਗੰਨਾ, ਸਬਜ਼ੀਆਂ (ਆਲੂ, ਗੋਭੀ, ਮਟਰ, ਖੀਰਾ ਆਦਿ), ਮੱਕੀ ਆਦਿ ਫਸਲਾਂ ਦੀ ਕਾਸ਼ਤ ਕੀਤੀ, ਪਰ ਉਕਤ ਫਸਲਾਂ ਬੀਜਣ ਵਾਲੇ ਕਿਸਾਨਾਂ ਨੇ ਇਸ ਸਾਲ ਵੱਡਾ ਆਰਥਿਕ ਘਾਟਾ ਝੱਲਿਆ। ਫਸਲੀ ਵਿਭਿੰਨਤਾ ਅਪਣਾਉਣ ਵਾਲੇ ਕਿਸਾਨਾਂ ਦਾ ਕਹਿਣਾ ਹੈ ਕਿ ਇਸ ਸਾਲ ਸਬਜ਼ੀਆਂ 'ਤੇ ਵੱਡੀ ਮਾਰ ਪਈ ਹੈ। ਮੰਡੀਆਂ ਵਿਚ ਆਲੂ, ਮਟਰ, ਗੋਭੀ ਆਦਿ ਦੀ ਵੱਟਤ ਨਾਲ ਲਾਗਤ ਖਰਚਾ ਵੀ ਨਹੀਂ ਮੁੜਿਆ, ਉਪਰੋਂ ਮਹਿੰਗੀ ਲੇਬਰ ਦੇ ਖਰਚੇ ਕੇ ਸਬਜ਼ੀ ਕਾਸ਼ਤਕਾਰਾਂ ਦਾ ਲੱਕ ਤੋੜਿਆ। ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਨਾ ਤੈਅ ਹੋਣ ਕਾਰਨ ਕਿਸਾਨਾਂ ਦੀ ਮੰਡੀਆਂ ਵਿਚ ਲੁੱਟ ਹੋ ਰਹੀ ਹੈ। ਨਰਮਾ ਉਪਰ ਰਹੱਸਮਈ ਬਿਮਾਰੀਆਂ ਦਾ ਹਮਲਾ ਤੇ ਗੰਨੇ ਦੀ ਸੁਚਾਰੂ ਅਦਾਇਗੀ ਨਾ ਮਿਲਣ ਕਾਰਨ ਕਿਸਾਨਾਂ ਦੇ ਪੱਲੇ ਵੀ ਹਰ ਸਾਲ ਘਾਟਾ ਹੀ ਪੈ ਰਿਹਾ ਹੈ।

ਬਾਸਮਤੀ ਦੀ ਕਾਸ਼ਤ ਵਾਲੇ ਕਿਸਾਨ ਵੀ ਆਪਣੇ ਆਪ ਨੂੰ ਲੁੱਟਿਆ ਮਹਿਸੂਸ ਕਰ ਰਹੇ ਹਨ, ਕਿਉਂਕਿ ਜਿਹੜੀ ਬਾਸਮਤੀ ਕਿਸਾਨਾਂ ਤੋਂ ਔਨੇ ਬੌਨੇ ਭਾਅ 'ਤੇ ਖ਼ਰੀਦੀ ਸੀ, ਹੁਣ ਉਹ ਬਾਸਮਤੀ ਮਹਿੰਗੇ ਮੁੱਲ ਵੇਚੀ ਜਾ ਰਹੀ ਹੈ। ਇਸ ਆਰਥਿਕ ਮੰਦਵਾੜੇ ਦੇ ਚੱਲਦਿਆਂ ਆਉਣ ਵਾਲੇ ਸਮੇਂ ਵਿਚ ਕਿਸਾਨ ਕਣਕ-ਝੋਨੇ ਥੱਲੇ ਰਕਬਾ ਵਧਾ ਸਕਦੇ ਹਨ। ਪੰਜਾਬ ਦੇ 42 ਲੱਖ ਹੈਕਟੇਅਰ ਦੇ ਕਰੀਬ ਰਕਬੇ ਉਪਰ ਖੇਤੀ ਕੀਤੀ ਜਾਂਦੀ ਹੈ। ਪੰਜਾਬ ਵਿਚ 35 ਲੱਖ ਹੈਕਟੇਅਰ ਕਣਕ ਤੇ 29 ਲੱਖ ਹੈਕਟੇਅਰ ਦੇ ਕਰੀਬ ਝੋਨੇ ਦੀ ਕਾਸ਼ਤ ਹੁੰਦੀ ਹੈ, ਜਿਸ ਕਾਰਨ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਦਾ ਧਰਤੀ ਹੇਠਲਾ ਪਾਣੀ ਖਤਰਨਾਕ ਪੱਧਰ (ਜ਼ਿਆਦਾ ਨੀਵਾਂ) ਜਾ ਚੁੱਕਾ ਹੈ, ਕਿਉਂਕਿ ਝੋਨੇ ਵਿਚ ਪਾਣੀ ਦੀ ਖਪਤ ਬੇਸ਼ੁਮਾਰ ਹੁੰਦੀ ਹੈ ਤੇ ਮਿੱਟੀ ਦੀ ਸਿਹਤ ਵੀ ਲਗਾਤਾਰ ਖਰਾਬ ਹੋ ਰਹੀ ਹੈ।

### ਸਰਕਾਰੀ ਬੇਰੁਖੀ ਕਾਰਨ ਰਵਾਇਤੀ ਫਸਲਾਂ ਵੱਲ ਮੁੜੇ ਕਿਸਾਨ



### ਮੀਂਹ ਦੀ ਮਾਰ: ਅੱਠ ਫੀਸਦੀ ਤੱਕ ਫਸਲ ਨੁਕਸਾਨੀ

**ਚੰਡੀਗੜ੍ਹ:** ਬੇਮੌਸਮਾ ਮੀਂਹ ਕਿਸਾਨਾਂ ਲਈ ਘਾਟੇ ਦਾ ਸੌਦਾ ਬਣ ਗਿਆ ਹੈ। ਤੇਜ਼ ਹਵਾ ਨਾਲ ਹਜ਼ਾਰਾਂ ਏਕੜ ਫਸਲ ਵਿਛ ਗਈ ਹੈ ਅਤੇ ਪਾਣੀ ਭਰਨ ਕਾਰਨ ਫਸਲ ਪੀਲੀ ਪੈਣ ਲੱਗੀ ਹੈ। ਖੇਤਾਂ ਵਿਚ ਖੜ੍ਹੀ ਫਸਲ ਨੂੰ ਚਾਰ ਤੋਂ ਅੱਠ ਫੀਸਦੀ ਨੁਕਸਾਨ ਪੁੱਜਾ ਹੈ। ਹੋਰ ਮੀਂਹ ਪੈਣ ਨਾਲ ਨੁਕਸਾਨ ਵਧਣ ਦਾ ਖਦਸ਼ਾ ਹੈ। ਖੇਤੀਬਾੜੀ ਵਿਭਾਗ ਕੋਲ ਵੱਖ-ਵੱਖ ਜ਼ਿਲ੍ਹਿਆਂ ਤੋਂ ਪੁੱਜੀਆਂ ਰਿਪੋਰਟਾਂ ਅਨੁਸਾਰ ਲੁਧਿਆਣਾ, ਬਰਨਾਲਾ, ਰੋਪੜ, ਨਵਾਂ ਸ਼ਹਿਰ ਤੇ ਜਲੰਧਰ ਵਿਚ ਗੜ੍ਹਿਆਂ ਨਾਲ ਵਧੇਰੇ ਨੁਕਸਾਨ ਹੋਇਆ ਹੈ। ਬਰਨਾਲਾ ਜ਼ਿਲ੍ਹੇ ਦੇ ਬਲਾਕ ਸ਼ਹਿਣਾ ਦੇ ਪਿੰਡ ਭੋਤਨਾ ਅਤੇ ਬਲਾਕ ਮਹਿਲ ਕਲਾਂ ਦੇ ਪੰਜ ਪਿੰਡਾਂ ਦੀ ਤਿੰਨ ਹਜ਼ਾਰ ਏਕੜ ਫਸਲ ਗੜ੍ਹਿਆਂ ਨੇ ਕੁੱਟ ਦਿੱਤੀ ਹੈ। ਦੂਜੇ ਜ਼ਿਲ੍ਹਿਆਂ ਵਿਚ ਹਜ਼ਾਰਾਂ ਏਕੜ ਨੀਵੇਂ ਖੇਤਾਂ ਵਿਚ ਪਾਣੀ ਭਰ ਗਿਆ ਹੈ।

## ਡੋਡਾ ਦੇ ਫਾਰਮ ਹਾਊਸ ਉਤੇ ਕੀਤੀ ਗਈ ਸੀ ਭੀਮ ਟਾਂਕ ਦੀ ਹੱਤਿਆ

### ਮੁੱਖ ਗਵਾਹ ਨੇ ਅਦਾਲਤ ਵਿਚ ਕੀਤਾ ਦਾਅਵਾ

**ਅਬੋਹਰ:** ਭੀਮ ਟਾਂਕ ਕਤਲ ਕਾਂਡ ਦੀ ਸੁਣਵਾਈ ਦੌਰਾਨ ਇਕ ਪਾਸੇ ਮੁੱਖ ਗਵਾਹ ਅਜੈ ਕੁਮਾਰ ਨੇ ਗੁਰਜੰਟ ਸਿੰਘ ਜੰਟਾ, ਉਸ ਦੇ ਭਰਾ ਰੰਜੀਤ ਸਿੰਘ ਰਾਣਾ ਤੇ ਮਾਮਾ ਜਸਪਾਲ ਸਿੰਘ ਭੋਲਾ ਵੱਲੋਂ ਹਾਲ ਹੀ ਵਿਚ ਕੀਤੇ ਇਸ ਦਾਅਵੇ ਨੂੰ ਝੁਠਲਾਇਆ ਕਿ 11 ਦਸੰਬਰ 2015 ਨੂੰ ਕਤਲ ਕਾਂਡ ਸ਼ਰਾਬ ਦੇ ਵਪਾਰੀ ਸ਼ਿਵ ਲਾਲ ਡੋਡਾ ਦੇ ਰਾਮਸਰਾ ਪਿੰਡ ਸਥਿਤ ਫਾਰਮ ਹਾਊਸ ਵਿਚ ਨਹੀਂ, ਬਲਕਿ ਨੇੜੇ ਸਥਿਤ ਅਹਾਤੇ ਵਿਚ ਹੋਇਆ ਸੀ।



ਅਜੈ ਕੁਮਾਰ ਨੇ ਆਪਣੀ ਗਵਾਹੀ ਵਿਚ ਕਿਹਾ ਕਿ ਜੰਟਾ ਨੇ ਜਾਣਕਾਰੀ ਦਿੱਤੀ ਸੀ ਕਿ ਹਰਪ੍ਰੀਤ ਸਿੰਘ ਹੈਰੀ ਨੇ ਫੋਨ 'ਤੇ ਦੱਸਿਆ ਹੈ ਕਿ ਇਕ ਝਗੜਾ ਨਿਪਟਾਉਣ ਲਈ ਸ਼ਿਵ ਲਾਲ ਡੋਡਾ ਤੇ ਅਮਿਤ ਡੋਡਾ ਨੇ ਭੀਮ ਟਾਂਕ ਨੂੰ ਰਾਮਸਰਾ ਪਿੰਡ ਸਥਿਤ ਆਪਣੇ ਫਾਰਮ ਹਾਊਸ ਵਿਚ ਬੁਲਾਇਆ ਹੈ। ਉਥੇ ਜਦੋਂ ਭੀਮ, ਜੰਟਾ, ਰਾਣਾ, ਜਸਪਾਲ ਸਿੰਘ ਤੇ ਅਜੈ ਦੋ ਕਾਰਾਂ ਰਾਹੀਂ ਪੁੱਜੇ ਤਾਂ ਭੀਮ ਤੇ ਜੰਟਾ ਵਾਲੀ ਕਾਰ ਫਾਰਮ ਹਾਊਸ ਦੇ ਵੱਡੇ ਦਰਵਾਜ਼ੇ ਤੋਂ ਅੰਦਰ ਦਾਖ਼ਲ ਹੋ ਗਈ, ਜਦਕਿ ਦੂਜੀ ਕਾਰ ਬਾਹਰ ਖੜ੍ਹੀ ਰਹੀ। ਕੁਝ ਮਿੰਟਾਂ ਬਾਅਦ ਜਦੋਂ ਉਹ ਛੋਟੇ ਦਰਵਾਜ਼ੇ ਤੋਂ ਪੈਦਲ ਫਾਰਮ ਹਾਊਸ ਵਿਚ ਦਾਖਲ ਹੋਏ ਤਾਂ ਕੁਝ ਦੂਰੀ 'ਤੇ ਭੀਮ ਅਤੇ ਜੰਟਾ ਨੂੰ ਜ਼ਮੀਨ ਉਤੇ ਪਟਕਿਆ ਹੋਇਆ ਸੀ ਅਤੇ ਹੈਰੀ ਤੇ ਉਸ ਦੇ ਸਾਥੀ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਰਹੇ ਸਨ। ਇਹ ਦੇਖ ਕੇ ਉਹ ਬਾਹਰ ਭੱਜ ਆਏ ਅਤੇ ਰੌਲਾ ਪਾਇਆ।

ਅਜੇ ਕੁਮਾਰ ਨੇ ਇਹ ਵੀ ਦੱਸਿਆ ਕਿ ਉਸ ਦੇ ਅਤੇ ਰੰਜੀਤ ਸਿੰਘ ਰਾਣਾ ਦੇ ਬਿਆਨਾਂ 'ਤੇ ਥਾਣਾ ਬਹਾਵਵਾਲਾ ਦੇ ਮੁਖੀ ਹਰਿੰਦਰ ਸਿੰਘ ਨੇ 12 ਦਸੰਬਰ ਨੂੰ ਇਸ ਘਟਨਾ ਦੀ ਰਿਪੋਰਟ ਦਰਜ ਕੀਤੀ ਅਤੇ ਅਸੀਂ ਦੋਵਾਂ ਨੂੰ ਇਹ ਬਿਆਨ ਪੜ੍ਹ ਕੇ ਸੁਣਾ ਵੀ ਦਿੱਤੇ ਸਨ। ਉਸ ਨੇ ਕਿਹਾ ਕਿ ਪੁਲਿਸ ਨੇ ਉਨ੍ਹਾਂ ਦੀ ਮੌਜੂਦਗੀ ਵਿਚ ਫਾਰਮ ਹਾਊਸ ਵਿਚ ਜਾ ਕੇ ਕਤਲ ਕਾਂਡ ਕਾਰਨ ਜਮ੍ਹਾਂ ਹੋਏ ਖ਼ੂਨ ਦੇ ਨਮੂਨੇ ਵੀ ਲਏ ਸਨ।

## ਪਾਕਿਸਤਾਨ ਵਿਚ ਸਾਫ ਪਾਣੀ 84 ਫੀਸਦੀ ਲੋਕਾਂ ਦੀ ਪਹੁੰਚ ਤੋਂ ਬਾਹਰ

**ਇਸਲਾਮਾਬਾਦ:** ਪਾਕਿਸਤਾਨ ਦੇ 84 ਫੀਸਦੀ ਲੋਕਾਂ ਲਈ ਪੀਣ ਯੋਗ ਸੁਰੱਖਿਅਤ ਪਾਣੀ ਅਜੇ ਵੀ ਪਹੁੰਚ ਤੋਂ ਬਾਹਰ ਹੈ। ਰੋਜ਼ਨਾਮਚਾ 'ਡਾਅਨ' ਮੁਤਾਬਕ ਅਚੰਭੇ ਤੇ ਡਰਾ ਦੇਣ ਵਾਲਾ ਇਹ ਖੁਲਾਸਾ ਵਿਗਿਆਨ ਤੇ ਤਕਨਾਲੋਜੀ ਬਾਰੇ ਮੰਤਰੀ ਰਾਣਾ ਤਨਵੀਰ ਹੁਸੈਨ ਨੇ ਸੰਸਦ ਦੇ ਉਪਰਲੇ ਸਦਨ (ਸੈਨੇਟ) ਵਿਚ ਕੀਤਾ ਹੈ। ਹੁਸੈਨ ਨੇ ਕਿਹਾ ਕਿ ਜਲ ਸਰੋਤਾਂ ਦੀ ਖੋਜ ਬਾਰੇ ਪਾਕਿਸਤਾਨ ਕੌਂਸਲ ਵੱਲੋਂ ਕੀਤੇ ਅਧਿਐਨ ਮੁਤਾਬਕ ਮੁਲਕ ਵਿਚ 72 ਫੀਸਦੀ ਪਾਣੀ ਦੀ ਸਪਲਾਈ ਨਾਲ ਸਬੰਧਤ ਸਕੀਮਾਂ ਚਾਲੂ ਹਨ ਤੇ ਇਨ੍ਹਾਂ ਵਿਚੋਂ 84 ਫੀਸਦੀ ਅਜਿਹੀਆਂ ਹਨ, ਜਿਨ੍ਹਾਂ ਵਿਚੋਂ ਸਪਲਾਈ ਹੁੰਦਾ ਪਾਣੀ ਪੀਣਯੋਗ ਨਹੀਂ।ਅਧਿਐਨ ਮੁਤਾਬਕ ਮੁਲਕ ਦੀ ਕੁੱਲ 19.5 ਕਰੋੜ ਦੀ ਆਬਾਦੀ 'ਚੋਂ 84 ਫੀਸਦੀ ਨੂੰ ਅਜੇ ਤੱਕ ਸਾਫ ਪੀਣਯੋਗ ਪਾਣੀ ਨਸੀਬ ਨਹੀਂ ਹੁੰਦਾ। ਮੰਤਰੀ ਨੇ ਕਿਹਾ ਕਿ ਮੁਲਕ ਦੇ ਸਿੰਧ ਤੇ ਪੰਜਾਬ ਸੂਬਿਆਂ ਨੂੰ ਸਪਲਾਈ ਹੁੰਦੇ ਪਾਣੀ ਦੇ ਸਰੋਤਾਂ 'ਚੋਂ 14 ਫੀਸਦੀ ਵਿਚ ਆਰਸੈਨਿਕ ਜਿਹੇ ਜ਼ਹਿਰੀਲੇ ਰਸਾਇਣਕ ਤੱਤ ਦੀ ਮਾਤਰਾ ਮਨਜ਼ੂਰਸ਼ੁਦਾ ਹੱਦ ਤੋਂ 50 ਪੀ.ਪੀ.ਬੀ. ਵੱਧ ਹੈ।



## ਵਿਸਤਾਰਾ ਵੱਲੋਂ ਅੰਮ੍ਰਿਤਸਰ ਤੇ ਮੁੰਬਈ ਵਿਚਾਲੇ ਉਡਾਣ ਸ਼ੁਰੂ

**ਅੰਮ੍ਰਿਤਸਰ:** ਵਿਸਤਾਰਾ ਹਵਾਈ ਕੰਪਨੀ ਵੱਲੋਂ ਕੌਮਾਂਤਰੀ ਮਹਿਲਾ ਦਿਵਸ ਮੌਕੇ ਮੁੰਬਈ-ਅੰਮ੍ਰਿਤਸਰ-ਮੁੰਬਈ ਨਵੀਂ ਹਵਾਈ ਉਡਾਣ ਸ਼ੁਰੂ ਕੀਤੀ ਹੈ। ਇਸ ਲਈ ਸਿਰਫ ਔਰਤ ਅਮਲੇ ਦੀ ਹੀ ਵਰਤੋਂ ਕੀਤੀ ਗਈ। ਇਸ ਹਵਾਈ ਕੰਪਨੀ ਨੇ ਪਹਿਲੀ ਮਾਰਚ ਨੂੰ ਦਿੱਲੀ-ਅੰਮ੍ਰਿਤਸਰ-ਦਿੱਲੀ ਉਡਾਣ ਵੀ ਸ਼ੁਰੂ ਕੀਤੀ ਸੀ।

ਮੁੰਬਈ-ਅੰਮ੍ਰਿਤਸਰ-ਮੁੰਬਈ ਉਡਾਣ ਤਹਿਤ ਬਾਅਦ ਦੁਪਹਿਰ ਲਗਭਗ 3.50 ਵਜੇ ਜਹਾਜ਼ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੁੱਜਿਆ। ਮੁੜ 4.25 ਵਜੇ ਇਹ ਜਹਾਜ਼ ਮੁੰਬਈ ਲਈ ਰਵਾਨਾ ਹੋਇਆ। ਪਲੇਠੀ ਉਡਾਣ ਵਿਚ ਮੁੰਬਈ ਤੋਂ ਲਗਭਗ 155 ਯਾਤਰੂ ਅੰਮ੍ਰਿਤਸਰ ਪੁੱਜੇ ਤੇ ਵਾਪਸੀ ਵੇਲੇ ਲਗਭਗ 137 ਯਾਤਰੂ ਮੁੰਬਈ ਗਏ। ਦੇਸ਼ ਦੀ ਵਿੱਤੀ ਰਾਜਧਾਨੀ ਮੁੰਬਈ ਵਾਸਤੇ ਅੰਮ੍ਰਿਤਸਰ ਤੋਂ ਇਹ ਦੂਜੀ ਹਵਾਈ ਉਡਾਣ ਹੈ। ਇਸ ਤੋਂ ਪਹਿਲਾਂ ਵੀ ਇਕ ਹੋਰ ਉਡਾਣ ਮੁੰਬਈ ਵਾਸਤੇ ਚੱਲ ਰਹੀ ਹੈ।

ਹਵਾਈ ਕੰਪਨੀ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਪਲੇਠੀ ਉਡਾਣ ਵਿਚ ਮੁਕੰਮਲ ਮਹਿਲਾ ਕਰਮਚਾਰੀ ਸ਼ਾਮਲ ਸਨ। ਇਸ ਨੂੰ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਤ ਕੀਤਾ ਗਿਆ ਸੀ। ਮਹਿਲਾ ਕਰਮਚਾਰੀਆਂ ਵਿਚ ਛੇ ਏਅਰ ਹੋਸਟਸ ਅਤੇ ਦੋ ਪਾਇਲਟ ਤੇ ਕੋ-ਪਾਇਲਟ ਸ਼ਾਮਲ ਸਨ। ਇਸ ਤੋਂ ਪਹਿਲਾਂ ਅੰਮ੍ਰਿਤਸਰ-ਦਿੱਲੀ ਵਿਚਾਲੇ 8 ਹਵਾਈ ਉਡਾਣਾਂ ਚੱਲ ਰਹੀਆਂ ਸਨ ਤੇ ਵਿਸਤਾਰਾ ਹਵਾਈ ਕੰਪਨੀ ਦੀ ਨਵੀਂ ਉਡਾਣ ਨਾਲ ਉਡਾਣਾਂ ਦੀ ਗਿਣਤੀ 9 ਹੋ ਗਈ ਹੈ। ਇਸ ਤੋਂ ਇਲਾਵਾ ਹੁਣ ਇੰਡੀਗੋ ਵੱਲੋਂ 16 ਮਾਰਚ ਤੋਂ ਅੰਮ੍ਰਿਤਸਰ-ਦਿੱਲੀ ਅਤੇ ਅੰਮ੍ਰਿਤਸਰ-ਮੁੰਬਈ ਵਿਚਾਲੇ ਦੋ ਨਵੀਆਂ ਘਰੇਲੂ ਉਡਾਣਾਂ ਸ਼ੁਰੂ ਕਰਨ ਦੀ ਯੋਜਨਾ ਹੈ। ਇੰਡੀਗੋ ਵੱਲੋਂ ਹੀ ਇਕ ਮਈ ਤੋਂ ਅੰਮ੍ਰਿਤਸਰ-ਦਿੱਲੀ ਵਿਚਾਲੇ ਇਕ ਹੋਰ ਉਡਾਣ ਸ਼ੁਰੂ ਕਰਨ ਦੀ ਯੋਜਨਾ ਹੈ।




# ਅਕਾਲ ਤਖਤ ਦੇ ਜਥੇਦਾਰ ਵੱਲੋਂ 2017-18 ਲਈ ਨਾਨਕਸ਼ਾਹੀ ਕੈਲੰਡਰ ਜਾਰੀ

**ਅੰਮ੍ਰਿਤਸਰ:** 2010 ਵਿਚ ਸੋਧ ਕੇ ਮੁੜ ਬਿਕਰਮੀਕਰਨ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਨੂੰ ਨਾਨਕਸ਼ਾਹੀ ਸੰਮਤ 549 ਅਤੇ ਵਰ੍ਹਾ 2017-18 ਵਾਸਤੇ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੇ ਅਧਿਕਾਰੀਆਂ ਵੱਲੋਂ ਜਾਰੀ ਕੀਤਾ ਗਿਆ।



ਕੈਲੰਡਰ ਜਾਰੀ ਕਰਨ ਪਿੱਛੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਇਸ ਕੈਲੰਡਰ ਵਿਚ ਗੁਰੂ ਸਾਹਿਬਾਨ ਨਾਲ ਸਬੰਧਤ ਗੁਰਪੁਰਬ ਤੇ ਸਿੱਖ ਧਰਮ ਨਾਲ ਸਬੰਧਤ ਹੋਰ ਇਤਿਹਾਸਕ ਦਿਹਾੜਿਆਂ ਦੀਆਂ ਤਰੀਕਾਂ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਦੇਸ਼-ਵਿਦੇਸ਼ ਦੀ ਸਮੂਹ ਸਿੱਖ ਸੰਗਤ ਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਇਸ ਕੈਲੰਡਰ ਅਨੁਸਾਰ ਹੀ ਸਮੁੱਚੇ ਦਿਹਾੜੇ ਮਨਾਉਣ ਲਈ ਕਿਹਾ ਤਾਂ ਕਿ ਕੌਮ ਵਿਚ ਇਕਸੁਰਤਾ ਬਣੀ ਰਹੇ। ਉਨ੍ਹਾਂ ਵੱਖਰੇ ਕੈਲੰਡਰ ਮੁਤਾਬਕ ਦਿਨ ਤਿਉਹਾਰ ਮਨਾਉਣ ਵਾਲੀਆਂ ਸੰਗਤਾਂ ਨੂੰ ਵੀ ਇਹ ਕੈਲੰਡਰ ਅਪਨਾਉਣ ਲਈ ਕਿਹਾ।

ਮੂਲ ਨਾਨਕਸ਼ਾਹੀ ਕੈਲੰਡਰ 2003 ਵਿਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਰੀ ਕੀਤਾ ਗਿਆ ਸੀ, ਪਰ 2010 ਵਿਚ ਇਸ ਵਿਚ ਸੋਧ ਕੀਤੀ ਗਈ ਸੀ ਅਤੇ ਮਗਰੋਂ ਸੰਤ ਸਮਾਜ ਤੇ ਡੇਰੇਦਾਰਾਂ ਦੇ ਪ੍ਰਭਾਵ ਹੇਠ ਮੁੜ ਸੋਧ ਕਰਦਿਆਂ ਇਸ ਦਾ ਬਿਕਰਮੀਕਰਨ ਕਰ ਦਿੱਤਾ ਗਿਆ ਸੀ, ਜਿਸ ਨਾਲ ਇਹ ਨਾਨਕਸ਼ਾਹੀ ਕੈਲੰਡਰ ਬਿਕਰਮੀ ਅਤੇ ਨਾਨਕਸ਼ਾਹੀ ਦਾ ਮਿਲਗੋਭਾ ਬਣ ਗਿਆ। ਉਸ ਵੇਲੇ ਤੋਂ ਹੀ ਸਿੱਖ ਕੌਮ ਵਿਚ ਇਹ ਕੈਲੰਡਰ ਵਿਵਾਦ ਦਾ ਮੁੱਦਾ ਬਣਿਆ ਹੋਇਆ ਹੈ। ਕਈ ਗੁਰਪੁਰਬ ਦੋ ਦੋ ਵਾਰ ਵੱਖ-ਵੱਖ ਤਰੀਕਾਂ ਉਤੇ ਮਨਾਏ ਜਾ ਰਹੇ ਹਨ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵਾਰ-ਵਾਰ ਆਦੇਸ਼ ਦਿੱਤੇ ਗਏ ਹਨ ਕਿ ਗੁਰਦੁਆਰਾ ਕਮੇਟੀਆਂ ਗੁਰੂ-ਘਰਾਂ ਦੀ ਪਹਿਰੇਦਾਰੀ ਯਕੀਨੀ ਬਣਾਉਣ, ਪਰ ਫਿਰ ਵੀ ਕੁਝ ਥਾਵਾਂ 'ਤੇ ਅਣਗਹਿਲੀ ਦੇ ਮਾਮਲੇ ਸਾਹਮਣੇ ਆ ਰਹੇ ਹਨ। ਉਨ੍ਹਾਂ ਗੁਰਦੁਆਰਾ ਕਮੇਟੀਆਂ ਨੂੰ ਸਮੁੱਚੇ ਗੁਰੂ-ਘਰਾਂ ਵਿਚ ਹਰ ਸਮੇਂ ਸੇਵਾਦਾਰ ਦੀ ਹਾਜ਼ਰੀ ਲਾਜ਼ਮੀ ਕਰਨ ਲਈ ਕਿਹਾ। ਵਿਦੇਸ਼ਾਂ ਵਿਚ ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ ਨੂੰ ਠੱਲ੍ਹਣ ਲਈ ਉਨ੍ਹਾਂ ਭਾਰਤ ਸਰਕਾਰ ਨੂੰ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨਾਲ ਗੱਲਬਾਤ ਕਰ ਕੇ ਹਰ ਧਰਮ ਦੇ ਬਾਸ਼ਿੰਦਿਆਂ ਦੀ ਜਾਨ-ਮਾਲ ਦੀ ਰਖਵਾਲੀ ਲਈ ਢੁਕਵੇਂ ਕਦਮ ਚੁੱਕਣ ਦੀ ਅਪੀਲ ਕੀਤੀ।

## ਹੁਨਰਮੰਦ ਕਾਮਿਆਂ ਲਈ ਰਾਹ ਖੋਲ੍ਹੇਗੀ ਕੈਨੇਡਾ ਸਰਕਾਰ

**ਟਰਾਂਟੋ:** ਕੈਨੇਡਾ ਸਰਕਾਰ ਹੁਣ ਬਾਹਰੋਂ ਆਉਣ ਵਾਲੇ ਹੁਨਰਮੰਦ ਕਾਮਿਆਂ ਨੂੰ ਉਤਸ਼ਾਹਤ ਕਰਨ ਵਾਸਤੇ ਆਪਣੀਆਂ ਨਵੀਆਂ ਨੀਤੀਆਂ ਘੜ ਰਹੀ ਹੈ। ਹਾਲ ਹੀ ਵਿਚ ਮਹਿਕਮੇ ਨੇ 'ਆਰਜ਼ੀ ਵਿਦੇਸ਼ੀ ਕਾਮਾ ਪ੍ਰੋਗਰਾਮ' ਦੀ ਇਕ ਨਵੀਂ ਲੜੀ ਦੀ ਸ਼ੁਰੂਆਤ ਕੀਤੀ ਹੈ।

ਮੁਲਕ ਦੇ ਸਾਇੰਸ ਤੇ ਆਰਥਿਕ ਵਿਕਾਸ ਮੰਤਰੀ ਨਵਦੀਪ ਬੈਂਸ ਅਤੇ ਰੋਜ਼ਗਾਰ ਮੰਤਰੀ ਪੈਟੀ ਹੈਦਜੂ ਨੇ ਸਾਂਝੇ ਤੌਰ ਉਤੇ ਇਸ ਫਾਸਟ ਟਰੈਕ 'ਲੋ ਰਿਸਕ-ਹਾਈ ਟੇਲੈਂਟ' ਪ੍ਰੋਗਰਾਮ ਦਾ ਐਲਾਨ ਕਰਦਿਆਂ ਆਖਿਆ ਕਿ ਕੈਨੇਡਾ ਨੂੰ ਦੁਨੀਆਂ ਵਿਚ ਬਿਹਤਰ ਅਤੇ ਕਾਮਯਾਬ ਸਾਬਤ ਕਰਨ ਲਈ ਅਜਿਹੇ ਕਦਮ ਜ਼ਰੂਰੀ ਹਨ। ਸੂਤਰਾਂ ਮੁਤਾਬਕ ਇਹ 'ਗਲੋਬਲ ਸਕਿੱਲ ਸਟਰੈਟਿਜੀ ਪ੍ਰੋਗਰਾਮ' 12 ਜੂਨ ਤੋਂ ਚੱਲੇਗਾ ਜਿਸ ਦੌਰਾਨ ਕੰਪਨੀਆਂ 10 ਦਿਨਾਂ ਵਿਚ 'ਐਲ.ਐਮ.ਆਈ.ਏ.' ਪ੍ਰੋਗਰਾਮ ਦੀ ਵਿਉਂਤਬੰਦੀ ਪੇਸ਼ ਕਰਨਗੀਆਂ। ਸ੍ਰੀ ਬੈਂਸ ਨੇ ਦੱਸਿਆ ਕਿ ਉਨ੍ਹਾਂ ਦਾ ਧਿਆਨ ਮੁਲਕ ਨੂੰ ਦਰਪੇਸ਼ ਚੁਣੌਤੀਆਂ ਵੱਲ ਹੈ। ਨਵੇਂ ਹੁਨਰਮੰਦ ਕਾਮਿਆਂ ਦੀ ਭਰਤੀ ਦਾ ਕੰਮ ਚਾਲੂ ਹੋਣ ਵਿਚ ਸਾਲ ਕੁ ਲੱਗ ਸਕਦਾ ਹੈ।

ਆਵਾਸ ਮਹਿਕਮੇ ਦੇ ਬੁਲਾਰੇ ਮੁਤਾਬਕ ਇਸ ਬਾਰੇ ਵੇਰਵੇ ਅਜੇ ਤਿਆਰ ਹੋ ਰਹੇ ਹਨ, ਜੋ ਆਉਣ ਵਾਲੇ ਦਿਨਾਂ ਵਿਚ ਨਸ਼ਰ ਕੀਤੇ ਜਾਣੇ ਹਨ। ਸੂਤਰਾਂ ਮੁਤਾਬਕ 2019 ਤੱਕ ਕੈਨੇਡਾ ਨੂੰ 182000 ਕਾਮਿਆਂ ਦੀ ਲੋੜ ਪਵੇਗੀ। ਇਸ ਪ੍ਰੋਗਰਾਮ ਰਾਹੀਂ ਆਉਣ ਵਾਲੇ ਕਾਮੇ ਕੈਨੇਡਾ ਦੀ ਪੀ.ਆਰ. ਦੇ ਵੀ ਯੋਗ ਹੋ ਸਕਦੇ ਹਨ। ਮੁਲਕ ਦੀ ਬੁੱਢੀ ਹੋ ਰਹੀ ਆਬਾਦੀ ਅਤੇ ਘੱਟ ਰਹੀ ਜਨਮ ਦਰ ਕਾਰਨ ਭਵਿੱਖ ਵਿਚ ਕੈਨੇਡਾ ਨੂੰ ਆਪਣੇ ਮਜ਼ਦੂਰ ਵਰਗ ਨੂੰ ਮਜ਼ਬੂਤ ਕਰਨ ਲਈ ਆਵਾਸ ਢਾਂਚੇ 'ਚ ਸੋਧਾਂ ਕਰਨੀਆਂ ਲਾਜ਼ਮੀ ਹਨ।

# ਸੌੜੀ ਸਿਆਸਤ: ਹਿੰਦੂ ਵੋਟ ਬੈਂਕ ਦੀ ਗੱਦੀਨਸ਼ੀਨੀ

ਇਕ ਆਸਾਨ ਜਿਹਾ ਸਵਾਲ: ਮੋਦੀ ਦਾ ਜਿਹੜਾ ਜਾਦੂ ਪੁਰਾਣੇ ਉਤਰ ਪ੍ਰਦੇਸ਼ ਵਿਚ ਪੂਰੇ ਸ਼ਾਹਾਨਾ ਢੰਗ ਨਾਲ ਚੱਲਿਆ, ਉਹ ਪੰਜਾਬ, ਗੋਆ ਅਤੇ ਮਨੀਪੁਰ ਦੇ ਲੋਕਾਂ ਨੂੰ ਮੋਹਿਤ ਕਰਨ ਵਿਚ ਨਾਕਾਮ ਕਿਉਂ ਰਿਹਾ? ਜੇ ਭਾਰਤੀ ਜਨਤਾ ਪਾਰਟੀ ਸੱਚਮੁੱਚ ਹੀ ਨਵੀਂ ਸਰਬ-ਭਾਰਤੀ ਪਾਰਟੀ ਹੈ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਕੋ-ਇਕ ਸਰਬ-ਭਾਰਤੀ ਲੀਡਰ ਹੈ, ਜਿਵੇਂ ਮਹਾਰਾਸ਼ਟਰ ਦੀਆਂ ਸ਼ਹਿਰੀ ਚੋਣਾਂ ਮਗਰੋਂ ਕਈਆਂ ਨੇ ਜ਼ੋਰ-ਸ਼ੋਰ ਨਾਲ ਦਾਅਵਾ ਕੀਤਾ, ਤਾਂ ਇਹ ਪਾਰਟੀ ਅਤੇ

**ਹਰੀਸ਼ ਖਰੇ**

ਇਸ ਦਾ ਨੇਤਾ ਪੁਰਾਣੇ ਯੂ.ਪੀ. ਤੋਂ ਅਗਾਂਹ ਕਿਉਂ ਨਹੀਂ ਵੋਟਰਾਂ ਨੂੰ ਆਕਰਸ਼ਿਤ ਕਰ ਸਕੇ?

ਜਵਾਬ ਬਹੁਤ ਆਸਾਨ ਹੈ: ਪੁਰਾਣੇ ਉਤਰ ਪ੍ਰਦੇਸ਼ (ਯੂ.ਪੀ.+ਉਤਰਾਖੰਡ) ਵਿਚ ਹਿੰਦੂ ਵੋਟ ਬੈਂਕ ਨੂੰ ਸੰਗਠਿਤ ਕੀਤਾ ਗਿਆ ਹੈ ਅਤੇ ਅਜਿਹਾ ਇਸ ਕਰ ਕੇ ਸੰਭਵ ਹੋਇਆ ਕਿ ਉਥੇ ਮੁਸਲਮਾਨ ਵਸੋਂ ਕਾਫੀ ਵੱਡੀ ਗਿਣਤੀ ਵਿਚ ਹੈ। ਇਸੇ ਕਾਰਨ ਇਸ ਵਸੋਂ ਦੇ ਖਿਲਾਫ ਪੁਰਾਣੇ ਪੱਖਪਾਤਾਂ ਅਤੇ ਨਵੇਂ ਰੋਸਿਆਂ ਨੂੰ ਹਵਾ ਦਿੱਤੀ ਜਾ ਸਕਦੀ ਹੈ।

ਮੋਦੀ-ਪੱਖੀ ਹਜੂਮ ਹਿੰਦੂ ਵੋਟ ਬੈਂਕ ਵਾਲੇ ਕਿਸੇ ਵੀ ਸੁਝਾਅ ਨੂੰ ਰੱਦ ਕਰ ਸਕਦਾ ਹੈ। ਸੈਕੂਲਰ ਪਾਰਟੀਆਂ ਅਤੇ ਇਨ੍ਹਾਂ ਦੇ ਨੇਤਾ ਵੀ ਇਸ ਦੇ ਵਜੂਦ ਨੂੰ ਤਸਲੀਮ ਕਰਨ ਤੋਂ ਇਨਕਾਰੀ ਹੋ ਸਕਦੇ ਹਨ, ਪਰ ਉਤਰ ਪ੍ਰਦੇਸ਼ ਵਿਚ ਜਿਸ ਢੰਗ ਨਾਲ ਵੋਟ ਫਤਵਾ ਮਿਲਿਆ ਹੈ, ਉਸ ਨੂੰ ਸਿਰਫ ਇਸੇ ਢੰਗ ਨਾਲ ਪੜ੍ਹਿਆ ਅਤੇ ਦੱਸਿਆ ਜਾ ਸਕਦਾ ਹੈ। ਉਥੇ ਹਿੰਦੂ ਵੋਟ ਬੈਂਕ ਦੀ ਗੱਦੀਨਸ਼ੀਨੀ ਹੋਈ ਹੈ। ਜਿਹੜਾ ਅਮਲ 2014 ਦੀਆਂ ਲੋਕ ਸਭਾ ਚੋਣਾਂ ਵੇਲੇ ਸ਼ੁਰੂ ਕੀਤਾ ਗਿਆ ਸੀ, ਉਸ ਨੂੰ ਫਿਰ ਮੱਧਮ ਨਹੀਂ ਪੈਣ ਦਿੱਤਾ ਗਿਆ। ਮੁਜ਼ੱਫਰਨਗਰ ਦੀ ਹਿੰਸਾ ਅਤੇ ਇਸ ਦੀਆਂ ਯਾਦਾਂ ਨੂੰ ਪੂਰੀ ਮੁਸ਼ੱਕਤ ਨਾਲ ਸਜੀਵ ਬਣਾਈ ਰੱਖਿਆ ਗਿਆ। ਯੂ.ਪੀ. ਦੇ ਪਿੰਡਾਂ ਵਿਚ ਹਿੰਦੂਆਂ-ਮੁਸਲਮਾਨਾਂ ਦੇ ਸਬੰਧ ਕਿੰਨੇ ਗਹਿਰੇ ਸਨ, ਇਸ ਦੀ ਯਾਦ ਕਰਵਾਉਣ ਵਾਸਤੇ ਰਹੀਮ ਦੇ ਮਸ਼ਹੂਰ ਦੋਹੇ 'ਰਹਿਮਨ ਧਾਗਾ ਪ੍ਰੇਮ ਕਾ' ਦੀ ਵਰਤੋਂ ਕਰਨੀ ਇਥੇ ਜਾਇਜ਼ ਜਾਪਦੀ ਹੈ, ਪਰ ਇਨ੍ਹਾਂ ਤੰਦਾਂ ਉਤੇ ਲਗਾਤਾਰ ਵਾਰ ਕੀਤੇ ਗਏ।

ਇਥੇ ਇਹ ਚੇਤੇ ਕਰਵਾਉਣਾ ਬਹੁਤ ਜਾਇਜ਼ ਜਾਪਦਾ ਹੈ ਕਿ ਭਾਜਪਾ ਤੇ ਇਸ ਦੇ ਸਹਿਯੋਗੀਆਂ ਨੇ ਉਤਰ ਪ੍ਰਦੇਸ਼ ਵਿਚ ਇਕ ਵੀ ਮੁਸਲਮਾਨ ਉਮੀਦਵਾਰ ਖੜ੍ਹਾ ਨਹੀਂ ਕੀਤਾ। ਭਾਜਪਾ ਨੇ 380 ਸੀਟਾਂ 'ਤੇ ਚੋਣ ਲੜੀ ਅਤੇ 23 ਆਪਣੇ ਸਹਿਯੋਗੀਆਂ ਲਈ ਛੱਡੀਆਂ। ਇਕ ਵੀ ਮੁਸਲਮਾਨ ਉਮੀਦਵਾਰ ਨਾ ਬਣਾਉਣਾ ਬੜੀ ਚੇਤੰਨ ਚੋਣ ਸੀ, ਇਹ ਗੈਰ-ਜਜ਼ਬਾਤੀ ਤੇ ਸਪਸ਼ਟ ਰਣਨੀਤੀ ਦਾ ਹਿੱਸਾ ਸੀ।

ਅਜਿਹੀ ਰਣਨੀਤੀ 2014 ਵਿਚ ਏਨੀ ਕਾਰਗਰ ਸਾਬਤ ਹੋਈ ਸੀ ਕਿ ਉਤਰ ਪ੍ਰਦੇਸ਼ ਵਿਚੋਂ ਇਕ ਵੀ ਮੁਸਲਮਾਨ, ਲੋਕ ਸਭਾ ਵਿਚ ਨਹੀਂ ਸੀ ਪਹੁੰਚ ਸਕਿਆ। 1952 ਤੋਂ ਬਾਅਦ ਪਹਿਲੀ ਵਾਰ ਅਜਿਹਾ ਹੋਇਆ ਸੀ। 2014 ਵਿਚ ਭਾਜਪਾ ਇਹ ਸੁਨੇਹਾ ਬੜੀ ਕਾਮਯਾਬੀ ਨਾਲ ਦੇਣ ਵਿਚ ਸਫਲ ਰਹੀ ਕਿ ਬਹੁਗਿਣਤੀ ਫਿਰਕੇ ਦੀ ਘੇਰਾਬੰਦੀ ਹੋ ਚੁੱਕੀ ਹੈ ਅਤੇ ਮੋਦੀ ਦੀ ਅਗਵਾਈ ਹੇਠ ਭਾਜਪਾ ਇਕੋ-ਇਕ ਅਜਿਹੀ ਪਾਰਟੀ ਹੈ ਜੋ ਬਹੁਗਿਣਤੀ ਫਿਰਕੇ ਦੇ ਹਿੱਤਾਂ ਦੀ ਰਾਖੀ ਕਰ ਸਕਦੀ ਹੈ ਅਤੇ ਇਸ ਦੀਆਂ ਕਦਰਾਂ-ਕੀਮਤਾਂ ਦੀ ਸੰਭਾਲ ਕਰ ਸਕਦੀ ਹੈ।

ਇਹ ਸੁਝਾਇਆ ਜਾ ਰਿਹਾ ਹੈ ਕਿ ਯੂ.ਪੀ. ਵਾਲਾ ਲੋਕ ਫਤਵਾ ਨੋਟਬੰਦੀ ਦੇ ਹੱਕ ਵਿਚ ਹੈ ਅਤੇ ਨਾਲ ਹੀ 'ਸਰਜੀਕਲ ਸਟਰਾਈਕਸ' ਦੀ ਤਾਈਦ ਹੈ। ਇਸ ਸੁਝਾਅ ਦਾ ਤੱਤ-ਸਾਰ ਇਹ ਹੈ ਕਿ ਵੋਟਰ ਨੋਟਬੰਦੀ ਤੋਂ ਉਪਜੀਆਂ ਦੁਸ਼ਵਾਰੀਆਂ ਅਤੇ ਔਕੜਾਂ ਦੇ ਬਾਵਜੂਦ ਖੁਸ਼ ਸਨ, ਕਿਉਂਕਿ ਇਸ ਨੇ ਦਹਿਸ਼ਤਗਰਦਾਂ ਦਾ 'ਕਾਰੋਬਾਰ' ਠੱਪ ਕਰ ਦਿੱਤਾ ਅਤੇ ਪਾਕਿਸਤਾਨ ਦੇ ਬੁਰੇ ਇਰਾਦਿਆਂ ਤੇ ਸਾਜ਼ਿਸ਼ਾਂ ਨੂੰ ਬਰੇਕਾਂ ਲਾ ਦਿੱਤੀਆਂ! ਜੇ ਇੱਦਾਂ ਹੀ ਸੀ ਤਾਂ ਇਹ ਵਤਨਪ੍ਰਸਤ ਸੁਨੇਹਾ ਸਿਰਫ ਪੁਰਾਣੀ ਯੂ.ਪੀ. ਤਕ ਹੀ ਕਿਉਂ ਸੀਮਤ ਰਿਹਾ? ਕੋਈ ਵੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਪੰਜਾਬ, ਗੋਆ ਜਾਂ ਮਨੀਪੁਰ ਦੇ ਵੋਟਰ ਘੱਟ ਦੇਸ਼ ਭਗਤ ਹਨ; ਪੰਜਾਬ ਤਾਂ ਸਰਹੱਦੀ ਰਾਜ ਹੋਣ ਦੇ ਨਾਤੇ ਪਾਕਿਸਤਾਨ-ਵਿਰੋਧੀ ਹਰ ਕਾਰਵਾਈ ਨੂੰ ਹੁੰਗਾਰਾ ਦੇਣ ਵਾਲਾ ਹੋਣਾ ਚਾਹੀਦਾ ਹੈ। ਇਸ ਦੇ ਬਾਵਜੂਦ ਭਾਜਪਾ ਤਾਂ ਪਠਾਨਕੋਟ ਅਤੇ ਦੀਨਾਨਗਰ ਵਿਚ ਵੀ ਨਹੀਂ ਜਿੱਤ ਸਕੀ, ਤੇ ਗੁਰਦਾਸਪੁਰ ਜ਼ਿਲ੍ਹੇ ਦੀਆਂ ਹੋਰ ਵਿਧਾਨ ਸਭਾ ਸੀਟਾਂ ਹਾਰ ਗਈ। ਇਹ ਉਹ ਸਾਰਾ ਇਲਾਕਾ ਹੈ ਜਿਥੇ ਮੋਦੀ ਦੇ ਪ੍ਰਧਾਨ ਮੰਤਰੀ ਕਾਲ ਦੌਰਾਨ ਦਹਿਸ਼ਤੀ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਹਨ। ਇਸੇ ਤਰ੍ਹਾਂ ਗੋਆ ਤਾਂ ਸਾਡੇ ਮਾਣਯੋਗ (ਹੁਣ ਸਾਬਕਾ) ਰੱਖਿਆ ਮੰਤਰੀ ਦਾ ਰਾਜ ਹੈ, ਉਹ ਰੱਖਿਆ ਮੰਤਰੀ ਜੋ ਪਾਕਿਸਤਾਨ ਨਾਲ ਕਰੜੇ ਹੱਥੀਂ ਸਿਝਣ ਦੇ ਕਥਾਕ੍ਰਮ ਨੂੰ ਇਕੱਲਿਆਂ ਹੀ ਦਿਸ਼ਾ ਅਤੇ ਤਾਕਤ ਬਖਸ਼ਣ ਦਾ ਦਾਅਵਾ ਕਰਦਾ ਆਇਆ ਸੀ। ਮੋਦੀ ਨੇ ਇਨ੍ਹਾਂ ਤਿੰਨਾਂ ਰਾਜਾਂ ਵਿਚ ਵੀ ਪ੍ਰਚਾਰ ਕੀਤਾ, ਭਾਵੇਂ ਉਹ ਇਨ੍ਹਾਂ ਰਾਜਾਂ ਵਿਚ ਪੂਰਬੀ ਯੂ.ਪੀ. ਵਾਂਗ ਹਰ ਗਲੀ ਵਿਚ ਵੋਟਾਂ ਲੈਣ ਲਈ ਨਹੀਂ ਗਏ। ਇਸ ਦੇ ਬਾਵਜੂਦ ਇਨ੍ਹਾਂ ਰਾਜਾਂ ਦਾ ਵੋਟਰ ਮੋਦੀ ਦੇ ਆਕਰਸ਼ਣ, ਜਾਂ ਉਨ੍ਹਾਂ ਦੀ ਲੀਡਰਸ਼ਿਪ ਨਾਲ ਜੁੜੀਆਂ ਰੋਗ-



*ਨਰੇਂਦਰ ਮੋਦੀ*

ਨਿਰੋਧਕ ਸ਼ਕਤੀਆਂ ਦੇ ਮਹੱਤਵ ਨੂੰ ਸਮਝਣ ਪ੍ਰਤੀ ਉਦਾਸੀਨ ਹੀ ਰਿਹਾ।

ਉਤਰ ਪ੍ਰਦੇਸ਼ ਵਿਚ ਮੋਦੀ ਦਾ ਜਾਦੂ ਇਸ ਲਈ ਚੱਲਿਆ ਕਿਉਂਕਿ ਉਸ ਖੇਤਰ ਵਿਚ ਮੁਸਲਮਾਨਾਂ ਦੀ ਵੱਡ-ਆਕਾਰੀ ਮੌਜੂਦਗੀ ਹੈ, ਤੇ ਇਸੇ ਮੌਜੂਦਗੀ ਕਾਰਨ ਚੋਣ ਤਕਰੀਰਾਂ ਵਿਚ ਵਿਸ਼ੇਸ਼ ਕਿਸਮ ਦੀ ਉਪਭਾਵੁਕਤਾ ਭਰਨੀ ਆਸਾਨ ਸੀ। ਇਹ ਪਹਿਲੀ ਵਾਰ ਨਹੀਂ ਜਦੋਂ ਹਿੰਦੂ ਵੋਟਾਂ ਦੀ 'ਚੱਕਬੰਦੀ' ਦੀ ਕੋਸ਼ਿਸ਼ ਕੀਤੀ ਗਈ। ਅਜਿਹੇ ਯਤਨ ਪਹਿਲਾਂ ਹੀ ਜਾਰੀ ਸਨ। ਗੁਜਰਾਤ ਵਿਚ ਇਸ ਕਿਸਮ ਦੀ ਸਫਬੰਦੀ 2002 ਤੋਂ ਕਾਮਯਾਬ ਸਾਬਤ ਹੁੰਦੀ ਆ ਰਹੀ ਹੈ। 2017 ਵਿਚ ਇਹ ਯੂ.ਪੀ. ਵਿਚ ਵੀ ਕਾਮਯਾਬ ਹੋਈ, ਤੇ ਇਹ ਕਾਮਯਾਬੀ ਤਿੰਨ ਸਮਾਨਤਾਵਾਂ ਕਾਰਨ ਸੰਭਵ ਹੋਈ। ਪਹਿਲੀ ਇਹ ਕਿ ਹਿੰਦੂਆਂ ਨੂੰ ਪੀੜਿਤ ਹੋਣ ਦਾ ਅਹਿਸਾਸ ਕਰਵਾਇਆ ਜਾ ਸਕਦਾ ਹੈ।

ਯੂ.ਪੀ. ਭਾਜਪਾ ਦੀਆਂ ਦੋ ਮੁੱਖ ਵਿਰੋਧੀ ਧਿਰਾਂ-ਬਹੁਜਨ ਸਮਾਜ ਪਾਰਟੀ (ਬਸਪਾ) ਤੇ ਸਮਾਜਵਾਦੀ ਪਾਰਟੀ ਨੂੰ ਮੁਸਲਮਾਨ ਵੋਟਰ ਨੂੰ ਖੁਸ਼ ਕਰਨ ਦੇ ਲੋੜੋਂ ਵੱਧ ਰਾਹ ਪੈਣ ਅਤੇ ਉਸ ਦਾ ਬੇਲੋੜਾ ਧਿਆਨ ਰੱਖਣ ਦੀਆਂ 'ਦੋਸ਼ੀ' ਦਰਸਾਇਆ ਜਾ ਸਕਦਾ ਸੀ ਅਤੇ ਅਜਿਹਾ ਕੀਤਾ ਵੀ ਗਿਆ। ਹਿੰਦੂਆਂ ਦੀ ਪੀੜਿਤ ਹੋਣ ਦੀ ਭਾਵਨਾ ਦੇ ਦੁਆਲੇ ਇਸ ਰਾਹੀਂ ਇਖਲਾਕੀ ਦਰੁਸਤੀ ਜੋੜ ਦਿੱਤੀ ਗਈ। ਖਾਸ ਤੌਰ 'ਤੇ 'ਉਚ' ਜਾਤੀਆਂ ਤੇ ਗੈਰ-ਯਾਦਵ ਪਛੜੀਆਂ ਸ਼੍ਰੇਣੀਆਂ ਦੇ ਅੰਦਰ ਇਹ ਅਹਿਸਾਸ ਬੁਲੰਦ ਕੀਤਾ ਗਿਆ ਕਿ ਬਸਪਾ ਤੇ ਸਮਾਜਵਾਦੀ ਪਾਰਟੀ (ਨਾਲ ਹੀ ਸਭ ਤੋਂ ਪੁਰਾਣੀ 'ਮੁਜਰਿਮ' ਕਾਂਗਰਸ ਪਾਰਟੀ) ਵੱਲੋਂ ਮੁਸਲਮਾਨਾਂ ਨੂੰ ਪਲੋਸੇ ਜਾਣ ਕਾਰਨ ਇਨ੍ਹਾਂ ਸ਼੍ਰੇਣੀਆਂ ਨੂੰ ਹਕੂਮਤੀ ਪ੍ਰਬੰਧ ਵਿਚਲੇ ਜਾਇਜ਼ ਹਿੱਸੇ ਤੋਂ ਵੀ ਮਹਿਰੂਮ ਕੀਤਾ ਜਾ ਰਿਹਾ ਹੈ। ਭੈਣ ਮਾਇਆਵਤੀ ਦੀ ਬਸਪਾ ਕਿਉਂਕਿ ਖੁੱਲ੍ਹੇਆਮ ਆਪਣੀ ਚੋਣ ਮੁਹਿੰਮ ਦਲਿਤ-ਮੁਸਲਮਾਨ ਗੱਠਜੋੜ 'ਤੇ ਕੇਂਦ੍ਰਿਤ ਕਰ ਰਹੀ ਸੀ, ਇਸ ਲਈ ਭਾਜਪਾ ਦੀ ਬੋਲ-ਬਾਣੀ ਤੇ ਪੈਂਤੜੇਬਾਜ਼ੀ 'ਉਚ' ਜਾਤੀਆਂ ਨੂੰ ਇਖਲਾਕੀ ਤੌਰ 'ਤੇ ਸਹੀ ਜਾਪੀ। ਹਿੰਦੂਆਂ ਦੇ ਹੱਕਾਂ ਬਾਰੇ ਬੋਲਣ ਵਾਸਤੇ ਨੈਤਿਕ ਸਮਤੋਲ ਤੇ ਸੰਤੁਲਨ ਖੁਦ-ਬਖੁਦ ਤਿਆਰ ਹੋ ਗਿਆ।

ਦੂਜਾ, ਯੂ.ਪੀ. ਵਿਚ ਹਿੰਦੂਆਂ ਨੂੰ ਇਕਮੁੱਠਤਾ ਦੇ ਬੰਧਨ ਵਿਚ ਬੰਨ੍ਹਿਆ ਜਾ ਸਕਦਾ ਸੀ, ਕਿਉਂਕਿ ਮੁਸਲਮਾਨ-ਵਿਰੋਧੀ ਭਾਵਨਾ ਨੂੰ 'ਪਾਕਿਸਤਾਨ-ਵਿਰੋਧੀ ਲਬਾਦੇ' ਵਿਚ ਪੇਸ਼ ਕੀਤਾ ਗਿਆ ਸੀ। ਕਾਨਪੁਰ ਰੇਲ ਹਾਦਸੇ ਅਤੇ ਸਰਹੱਦ ਪਾਰ ਬੈਠੇ ਸਾਜ਼ਿਸ਼ੀਆਂ ਬਾਰੇ ਪ੍ਰਧਾਨ ਮੰਤਰੀ ਵੱਲੋਂ ਦਿੱਤਾ ਗਿਆ ਹਵਾਲਾ ਐਵੇਂ ਭੋਲੇ-ਭਾਅ ਆਖੀ ਗਈ ਗੱਲ ਹਰਗਿਜ਼ ਨਹੀਂ ਸੀ। ਹਮੇਸ਼ਾ ਇਹੀ ਜੁਗਤ ਵਰਤੀ ਜਾਂਦੀ ਰਹੀ ਹੈ ਕਿ ਹਿੰਦੂਆਂ ਨੂੰ ਮੁਸਲਮਾਨਾਂ ਅਤੇ ਪਾਕਿਸਤਾਨ ਦਰਮਿਆਨ ਰਿਸ਼ਤੇ ਦੇ 'ਦਰਸ਼ਨ' ਕਰਾਏ ਜਾਣ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ 'ਕਸਾਬ' ਵਾਲਾ ਨੁਕਤਾ ਵਰਤ ਕੇ ਇਹ 'ਸਬੰਧ' ਦਰਸਾਏ ਸਨ।

ਤੀਜਾ, ਨਰੇਂਦਰ ਮੋਦੀ 'ਹਿੰਦੂਤਵ' ਦਾ ਪ੍ਰਮਾਣਿਕ ਚਿਹਰਾ ਹਨ। 2002 ਤੋਂ ਮੋਦੀ ਵਿਚ ਉਹ ਸਿਆਸੀ ਸ਼ਖਸ ਬੋਲ ਰਿਹਾ ਹੈ ਜੋ ਬਿਨਾ ਕਿਸੇ ਪਛਤਾਵੇ ਦੇ ਬਹੁਗਿਣਤੀ ਭਾਈਚਾਰੇ ਦੇ ਹਿੱਤਾਂ ਦੀ ਸੁਰੱਖਿਆ ਲਈ ਪ੍ਰਤੀਬੱਧ ਹੈ। ਉਹ ਕਿਸੇ ਤਰ੍ਹਾਂ ਦੀ ਧਰਮ ਨਿਰਪੱਖ 'ਨਾਜ਼ੁਕਮਿਜ਼ਾਜੀ' ਤੋਂ ਪੀੜਿਤ ਨਹੀਂ ਹਨ। 23 ਫਰਵਰੀ ਨੂੰ ਉਨ੍ਹਾਂ ਦਾ ਫਤਹਿਪੁਰ ਵਾਲਾ ਭਾਸ਼ਣ ਇਸ ਰਣਨੀਤੀ ਦੀ 'ਕਲਾਸਿਕ' ਮਿਸਾਲ ਸੀ, "ਜੇ ਤੁਸੀਂ ਪਿੰਡ ਵਿਚ ਕਬਰਸਤਾਨ ਬਣਾਉਂਦੇ ਹੋ ਤਾਂ ਸ਼ਮਸ਼ਾਨ ਵੀ ਬਣਾਉਣਾ ਚਾਹੀਦਾ ਹੈ। ਜੇ ਰਮਜ਼ਾਨ ਮੌਕੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਂਦੀ ਹੈ ਤਾਂ ਦੀਵਾਲੀ ਮੌਕੇ ਵੀ ਇਹ ਨਿਰਵਿਘਨ ਦਿੱਤੀ ਜਾਣੀ ਚਾਹੀਦੀ ਹੈ। ਭੇਦਭਾਵ ਨਹੀਂ ਹੋਣਾ ਚਾਹੀਦਾ।"

ਕਮਾਲ ਦਾ ਹੈ ਅੰਦਾਜ਼-ਏ-ਬਿਆਨ! ਮੋਦੀ ਦੀ ਭਾਜਪਾ ਨੇ ਉਤਰ ਪ੍ਰਦੇਸ਼ ਵਿਚ ਵੱਡੀ ਤੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ ਜੋ ਅਟਲ ਬਿਹਾਰੀ ਵਾਜਪਾਈ ਦੇ ਸਿਖਰਲੇ ਦੌਰ ਵਿਚ ਵੀ ਪਾਰਟੀ ਨੂੰ ਹਾਸਲ ਨਹੀਂ ਸੀ ਹੋਈ। 'ਮੋਦੀ ਲਹਿਰ' ਨੇ 1990ਵਿਆਂ ਦੀ 'ਰਾਮ ਲਹਿਰ' ਨੂੰ ਵੀ ਮਾਤ ਦੇ ਦਿੱਤੀ। ਹੁਣ ਤਾਂ ਕਾਰਪੋਰੇਟ ਭਾਰਤ ਤੋਂ ਵੀ ਨਿਵੇਸ਼ਕਾਰੀ ਵਿਚ ਦਿਖਾਈ ਜਾਂਦੀ ਝਿਜਕ ਛੱਡਣ ਦੀ ਉਮੀਦ ਕੀਤੀ ਜਾਵੇਗੀ ਅਤੇ ਵਿਦੇਸ਼ੀ ਨਿਵੇਸ਼ਕ ਵੀ ਥੋੜ੍ਹਾ ਖਤਰਾ ਮੁੱਲ ਲੈਣ ਦਾ ਉਤਸ਼ਾਹ ਦਿਖਾਉਣਗੇ।

ਪਰ ਭਾਰਤੀ ਸਿਆਸੀ ਪ੍ਰਬੰਧ ਵਿਚ ਤਬਦੀਲੀ ਆਈ ਹੈ। ਪਹਿਲਾਂ 2014 ਅਤੇ ਹੁਣ 2017 ਮਗਰੋਂ ਸੁਨੇਹਾ ਸਪਸ਼ਟ ਹੈ: ਭਾਰਤ ਵਿਚ ਸੱਤਾ 'ਤੇ ਕਾਬਜ਼ ਹੋਣ ਲਈ ਮੁਸਲਮਾਨ ਵੋਟਾਂ ਦੀ ਜ਼ਰੂਰਤ ਨਹੀਂ ਰਹੀ, ਕਿਉਂਕਿ ਹਿੰਦੂ ਵੋਟ ਬੈਂਕ ਹੋਂਦ ਵਿਚ ਆ ਗਿਆ ਹੈ ਅਤੇ ਇਸ ਨੂੰ ਖੇਰੂੰ ਖੇਰੂੰ ਨਹੀਂ ਹੋਣ ਦਿੱਤਾ ਜਾਵੇਗਾ। ਇਕ ਤਰ੍ਹਾਂ ਦੀ ਅਲਹਿਦਗੀ ਦੀ ਸਿਆਸਤ ਲਾਜ਼ਮੀ ਤੌਰ 'ਤੇ ਸਥਾਪਿਤ ਹੋ ਜਾਵੇਗੀ ਤੇ ਆਪਣੀ ਹੋਂਦ ਵੀ ਜਤਾਏਗੀ।

ਵੋਟਾਂ ਦੀ ਗਿਣਤੀ ਹੋ ਚੁੱਕੀ ਹੈ, ਸੱਤਾ ਹਾਸਲ ਕਰ ਲਈ ਗਈ ਹੈ ਅਤੇ ਨਰੇਂਦਰ ਮੋਦੀ ਦੀ ਗੈਰ-ਚੁਣੌਤੀਪੂਰਨ ਲੀਡਰਸ਼ਿਪ ਸਥਾਪਿਤ ਹੋ ਗਈ ਹੈ। ਅੱਗੇ ਕੀ ਹੋਵੇਗਾ? ਕੀ ਬਦਲੇ ਹੋਏ ਮੋਦੀ ਸਾਡੇ ਕੌਮੀ ਹਿੱਤਾਂ ਦੀ ਰੱਖਿਆ ਹਿੱਤ ਬਿਹਤਰ ਕਾਰਗੁਜ਼ਾਰੀ ਦਿਖਾਉਣਗੇ? ਦਰਅਸਲ ਕਿਤੇ ਵੀ, ਕਿਸੇ ਵੀ ਸਮਾਜ ਵਿਚ, ਕਿਸੇ ਵੀ ਦੌਰ ਵਿਚ ਭਾਈਚਾਰਿਆਂ ਅਤੇ ਨਾਗਰਿਕਾਂ ਦਰਮਿਆਨ ਇਕਸੁਰਤਾ ਅਤੇ ਵਿਸ਼ਵਾਸ ਪੈਦਾ ਕਰਨਾ ਤੇ ਇਸ ਨੂੰ ਗਹਿਰਾ ਕਰਨਾ ਕਿਸੇ ਨੇਤਾ ਦੀ ਮੁਢਲੀ ਜ਼ਿੰਮੇਵਾਰੀ ਹੁੰਦੀ ਹੈ। ਉਹ ਕੰਮ ਹੁਣ ਥੋੜ੍ਹਾ ਪੇਚੀਦਾ ਹੋ ਗਿਆ ਹੈ। ਆਪਣੀ ਜ਼ਬਰਦਸਤ ਕਾਮਯਾਬੀ ਦੀ ਘੜੀ ਵਿਚ ਮੋਦੀ ਨੇ ਭਾਰਤੀ ਸਟੇਟ ਲਈ ਨੁਕਸ ਵੀ ਸਹੇੜ ਲਿਆ ਹੈ।

# ਦਿੱਲੀ ਗੁਰਦੁਆਰਾ ਕਮੇਟੀ ਤੇ ਸਿਆਸਤ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੋਂ ਬਾਅਦ ਜੋ ਪ੍ਰਤੀਕਰਮ ਅਖ਼ਬਾਰਾਂ ਵਿਚ ਆ ਰਿਹਾ ਹੈ, ਉਹ ਡੂੰਘੀ ਸੋਚ ਮੰਗਦਾ ਹੈ। ਕਈ ਕਿਸਮਾਂ ਦੀ ਰਾਇ ਪੜ੍ਹ ਕੇ ਇਸ ਤਰ੍ਹਾਂ ਲੱਗਦਾ ਹੈ, ਇਹ ਗੁਰਦੁਆਰਾ ਚੋਣਾਂ ਨਹੀਂ, ਬਲਕਿ ਜ਼ਿਮਨੀ ਚੋਣਾਂ ਹੋਣ। ਇਸ ਵਿਚ ਇਹ ਕਹਿਣਾ ਕਿ ਇਸ ਵਿਚ ਕਾਂਗਰਸ ਦੀ ਹਾਰ ਹੋਈ, ਇਸ ਦਾ ਭਾਵ

**ਅਸ਼ੋਕ ਸਿੰਘ ਬਾਗੜੀਆਂ**
**ਫੋਨ: +91-98140-95308**

ਇਹ ਕੱਢਿਆ ਜਾ ਸਕਦਾ ਹੈ ਕਿ ਜਿੱਤ ਭਾਜਪਾ ਦੀ ਹੋਈ ਹੈ, ਜਾਂ ਇਨ੍ਹਾਂ ਦੋਵਾਂ ਵਿਚ ਜਿੱਤਣ-ਹਾਰਨ ਵਾਲੇ ਦੋ ਧੜੇ ਕਾਂਗਰਸ ਜਾਂ ਭਾਜਪਾ ਨੁਮਾਇੰਦਗੀ ਕਰਦੇ ਸਨ? ਸਿਆਣੇ ਵੋਟਰ ਹਮੇਸ਼ਾ ਜ਼ਿਮਨੀ ਚੋਣਾਂ ਵਿਚ ਸੱਤਾਧਾਰੀ ਪਾਰਟੀ ਨੂੰ ਵੋਟ ਪਾਉਂਦੇ ਹਨ, ਕਿਉਂਕਿ ਲਾਭ ਪ੍ਰਾਪਤੀ ਇਸੇ ਵਿਚ ਹੈ। ਆਮ ਦੇਖਿਆ ਹੈ ਕਿ ਜਿਸ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਸੱਤਾਧਾਰੀ ਪਾਰਟੀ ਦੀ ਵਿਰੋਧੀ ਪਾਰਟੀ ਜਿੱਤ ਜਾਏ, ਉਹ ਹਲਕਾ ਸਰਕਾਰ ਦੀ ਮਿਹਰ ਤੋਂ ਸੱਖਣਾ ਰਹਿ ਜਾਂਦਾ ਹੈ। ਦਿੱਲੀ ਵਾਲੇ ਤਾਂ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰਤੀ, ਕੇਂਦਰ ਸਰਕਾਰ ਪ੍ਰਤੀ ਕੇਂਦਰੀ ਸਰਕਾਰ ਦਾ ਮਤਰੇਈ ਮਾਂ ਵਾਲਾ ਵਤੀਰਾ ਦੇਖ ਹੀ ਰਹੇ ਹਨ।

ਸਿੱਖ ਜਗਤ ਲਈ ਵਿਚਾਰਨ ਦਾ ਮੌਕਾ ਹੈ ਕਿ, ਕੀ ਅਸੀਂ ਵੱਡੀਆਂ ਪਾਰਟੀਆਂ ਦੇ ਮੋਹਰੇ ਬਣ ਕੇ ਹੀ ਚਲਦੇ ਰਹਿਣਾ ਹੈ ਜਾਂ ਆਪਣੀ ਸਿੱਖ ਭਾਈਚਾਰੇ ਦੀ ਏਕਤਾ ਦੀ ਹੋਂਦ ਨੂੰ ਬਰਕਰਾਰ ਰੱਖਣਾ ਹੈ। ਲੰਬੀ ਵਿਧਾਨ ਸਭਾ ਹਲਕੇ ਦੀ ਚੋਣ ਵਿਚ ਜੋ ਤਿੰਨ ਸਿੱਖ ਉਮੀਦਵਾਰ ਸਨ, ਉਨ੍ਹਾਂ ਦੇ ਸਿੱਖ ਹੋਣ ਸਬੰਧੀ ਕੋਈ ਸਵਾਲ ਨਹੀਂ ਉਠਾਇਆ ਜਾ ਸਕਦਾ, ਪਰ ਜੇ ਦਿੱਲੀ ਦੀਆਂ ਗੁਰਦੁਆਰਾ ਚੋਣਾਂ ਨੂੰ ਕਾਂਗਰਸ ਦੀ ਹਾਰ ਵਜੋਂ ਦੇਖਿਆ ਜਾਂਦਾ ਹੈ, ਤਾਂ ਜੇ ਲੰਬੀ ਹਲਕੇ ਦਾ ਨਤੀਜਾ ਭਾਜਪਾ, ਕਾਂਗਰਸ ਜਾਂ 'ਆਪ' ਪਾਰਟੀ ਵਿਚੋਂ ਕਿਸੇ ਇਕ ਦੇ ਹੱਕ ਵਿਚ ਜਾਵੇਗਾ, ਤਾਂ ਹਾਰ ਤਾਂ ਸਿੱਖ ਜਾਂ ਸਿੱਖੀ ਦੀ ਹੀ ਹੋਵੇਗੀ।

ਸਾਡੇ ਆਗੂਆਂ ਨੂੰ ਸਿਆਸੀ ਕਦਮ ਚੁੱਕਣ ਵਕਤ ਇਹ ਜ਼ਰੂਰ ਮਨ ਵਿਚ ਰੱਖਣਾ ਚਾਹੀਦਾ ਹੈ ਕਿ ਨਾ ਸਾਰਾ ਸਿੱਖ ਸਮਾਜ ਫਟੇ, ਨਾ ਹੀ ਸਾਡੇ ਕਿਸੇ ਕਿਸਮ ਦੀ ਧਰਮ ਮਰਿਯਾਦਾ ਦੀ ਅਵੱਗਿਆ ਹੋਵੇ। ਗੁਰਦੁਆਰੇ ਦੇ ਅੰਦਰ ਅਸੀਂ ਜਦੋਂ ਵੀ ਜਾਈਏ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੋ ਕੇ ਜਾਈਏ। ਉਥੇ ਜਾ ਕੇ ਆਪਣੀ ਸਿਆਸੀ ਪਛਾਣ ਨੂੰ ਆਪਣੇ ਅੰਦਰ ਹੀ ਰੱਖਣਾ ਬਣਦਾ ਹੈ। ਉਥੇ ਅਸੀਂ ਗੁਰੂ ਦੇ ਸਿੱਖ ਹਾਂ, ਨਾ ਕਿ ਕਾਂਗਰਸੀ, ਭਾਜਪਾਈ, 'ਆਪ' ਜਾਂ ਅਕਾਲੀ ਦਲ ਜਾਂ ਕਿਸੇ ਹੋਰ ਲੇਬਲ ਵਾਲੇ। ਸਾਡਾ ਸਾਂਝਾ ਸੰਵਿਧਾਨ ਗੁਰੂ ਗ੍ਰੰਥ ਸਾਹਿਬ ਦੀ ਸੇਧ 'ਤੇ ਬਣੀ ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਹੈ ਜਿਸ ਨੂੰ ਦੋ ਦਰਜਨ ਤੋਂ ਵੱਧ ਉਚ ਪੱਧਰੀ ਦਾਨਿਸ਼ਮੰਦ ਸਿੱਖ ਬਜ਼ੁਰਗਾਂ ਨੇ 14 ਸਾਲ ਦੀ ਮਿਹਨਤ ਤੋਂ ਬਾਅਦ ਤਿਆਰ ਕੀਤਾ ਹੈ। ਇਹ ਜਗਤ ਪ੍ਰਸਿੱਧ ਹੈ ਕਿ ਧਰਮ ਮਨੁੱਖਤਾ ਨੂੰ ਜੋੜਦਾ ਹੈ ਅਤੇ ਸਿਆਸਤ ਸਮਾਜ ਨੂੰ ਪਾੜਦੀ ਹੈ। ਸਿੱਖਾਂ ਦੀ ਸਾਂਝ ਅਤੇ ਅਸੂਲ ਉਪਰ ਪਹਿਰਾ ਦੇਣ ਦੀ ਮਿਸਾਲ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਦੀ ਬੀਬੀ ਗੁਰਮਿਹਰ ਕੌਰ ਦੀ ਹਮਾਇਤ ਤੋਂ ਸਿੱਧ ਹੁੰਦੀ ਹੈ। ਠੀਕ ਨੂੰ ਠੀਕ ਕਹਿਣਾ ਸਿੱਖ ਦਾ ਕਿਰਦਾਰ ਹੈ ਅਤੇ ਅੱਗੇ ਵੀ ਹੋਣਾ ਚਾਹੀਦਾ ਹੈ- 'ਸਚ ਸੁਣਾਈਸੀ ਸਚ ਕੀ ਬੇਲਾ'। ਉਂਜ, ਵੀ ਜੋ ਬੀਬੀ ਗੁਰਮਿਹਰ ਕੌਰ ਦਾ ਬਿਆਨ ਹੈ, ਉਸ ਦੀ ਗਹਿਰਾਈ ਨੂੰ ਸਿਆਸਤਦਾਨ ਨਹੀਂ ਸਮਝ ਸਕਦੇ। ਇਹ ਫ਼ਲਸਫ਼ਾਨਾ ਕਥਨ ਹੈ ਕਿ 'ਜੰਗ' ਮੌਤਾਂ ਅਤੇ ਤਬਾਹੀ ਦਾ ਕਾਰਨ ਬਣਦੀ ਹੈ।

ਅੱਜ ਬੜੀ ਅਜੀਬ ਹਾਲਤ ਬਣੀ ਹੋਈ ਹੈ ਕਿ ਕੋਈ ਵੀ ਸਰਕਾਰ, ਨਰਮਪੰਥੀ ਜਾਂ ਸਿਆਣੇ ਆਗੂਆਂ ਜੋ ਬਾਦਲੀਲ ਗੱਲ ਕਰਦੇ ਹਨ, ਨੂੰ ਨਹੀਂ ਗੌਲ਼ਦੀ। ਇਸੇ ਕਰ ਕੇ ਉਹ ਨਿਰਾਸ਼ ਹੋ ਜਾਂਦੇ ਹਨ। ਇਨ੍ਹਾਂ ਹਾਲਤਾਂ ਵਿਚ ਕੱਟੜਪੰਥੀ ਸਿਆਸੀ ਸਟੇਜ ਸਾਂਭ ਲੈਂਦੇ ਹਨ ਅਤੇ ਕੱਟੜਵਾਦ ਨੂੰ ਜਨਮ ਦੇਣ ਵਾਲੇ ਸਿਆਸਤਦਾਨ ਬਣ ਜਾਂਦੇ ਹਨ। ਸਿੱਖ ਪੰਥ ਵਿਚ ਜੋ ਮੀਰੀ ਪੀਰੀ ਦਾ ਸੰਕਲਪ ਹੈ, ਉਹ ਵਕਤ ਦੇ ਮੁਤਾਬਿਕ ਢਲਿਆ ਹੋਣਾ ਚਾਹੀਦਾ ਹੈ। ਧਰਮ ਦੀ ਰੱਖਿਆ ਲਈ ਸਿੱਖ ਗੁਰੂ ਸਾਹਿਬਾਨ ਨੇ ਸ਼ਕਤੀ ਦਾ ਪ੍ਰਯੋਗ ਦੱਸਿਆ ਹੈ ਜੋ ਹਾਲਾਤ ਦੇ ਮੁਤਾਬਿਕ ਹੋਣਾ ਚਾਹੀਦਾ ਹੈ। ਜੋ ਸ਼ਕਤੀ ਹੈ, ਇਸ ਉਪਰ ਧਰਮ ਦਾ ਅੰਕੁਸ਼ ਹੋਣਾ ਲਾਜ਼ਮੀ ਹੈ। ਧਰਮ ਵਾਸਤੇ ਕੁਰਬਾਨੀ ਹੋਵੇ, ਨਾ ਕਿ ਸਿਆਸੀ ਪ੍ਰਾਪਤੀ ਲਈ ਧਾਰਮਿਕ ਅਸੂਲਾਂ ਦੀ ਬਲੀ। ਗੁਰਦੁਆਰਿਆਂ ਦੀਆਂ ਚੋਣਾਂ ਕਿਸੇ ਸਿਆਸੀ ਲੇਬਲ ਦੇ ਅਧੀਨ ਨਹੀਂ ਹੋਣੀਆਂ ਚਾਹੀਦੀਆਂ ਅਤੇ ਨਾ ਹੀ ਗੁਰਦੁਆਰਾ ਪ੍ਰਬੰਧ ਵਿਚ ਗ਼ੈਰ ਸਿੱਖ ਦੀ ਸਿੱਧੀ ਜਾਂ ਅਸਿੱਧੀ ਦਖ਼ਲਅੰਦਾਜ਼ੀ ਹੋਵੇ।

ਧਰਮ ਅਤੇ ਸਿਆਸਤ ਨੂੰ ਕਿਸ ਤਰੀਕੇ ਨਾਲ ਸਮਾਜ ਦੀ ਭਲਾਈ ਲਈ ਵਰਤਣਾ ਹੈ, ਇਸ ਦੀ ਸੇਧ ਸਾਨੂੰ ਵੰਡ ਤੋਂ ਪਹਿਲਾਂ ਪੰਜਾਬ 'ਚ ਸਰ ਸਿਕੰਦਰ ਹਯਾਤ ਦੀ ਲੀਡਰਸ਼ਿਪ ਵਿਚ ਬਣੀ ਸਰਕਾਰ ਤੋਂ ਲੈਣੀ ਚਾਹੀਦੀ ਹੈ। ਉਦੋਂ ਪੰਜਾਬ ਅਸੈਂਬਲੀ ਵਿਚ 175 ਸੀਟਾਂ ਵਿਚੋਂ ਯੂਨੀਅਨਿਸਟ ਪਾਰਟੀ ਦੇ ਸਿਰਫ਼ 18 ਐਮ.ਐਲ.ਏ. ਸਨ ਜਿਨ੍ਹਾਂ ਨੂੰ ਕਾਂਗਰਸ ਤੇ ਅਕਾਲੀ ਦਲ, ਦੋਵਾਂ ਨੇ ਹਮਾਇਤ ਦੇ ਕੇ ਕੱਟੜਪੰਥੀਆਂ ਨੂੰ ਬਾਹਰ ਰੱਖਿਆ ਸੀ। ਇਤਿਹਾਸ ਤੋਂ ਸਬਕ ਲੈਣਾ ਦਾਨਿਸ਼ਮੰਦੀ ਹੁੰਦੀ ਹੈ।

# ਸਤਲੁਜ-ਯਮੁਨਾ ਲਿੰਕ ਨਹਿਰ ਵਿਵਾਦ

## ਪਾਠਕਾਂ ਦੀ ਗੱਲ

ਸਤਲੁਜ-ਯਮੁਨਾ ਲਿੰਕ ਨਹਿਰ ਵਿਵਾਦ ਉਤੇ ਪੰਜਾਬ ਅਤੇ ਹਰਿਆਣਾ ਵਿਚਕਾਰ ਚੱਲ ਰਹੇ ਝਗੜੇ ਬਾਰੇ ਇਹ ਤੱਥ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਪਹਿਲੀ ਨਵੰਬਰ 1966 ਤੋਂ ਬਾਅਦ ਹਰਿਆਣਾ ਰੀਪੇਰੀਅਨ ਸਟੇਟ ਹੋਣ ਦਾ ਪੂਰਾ ਹੱਕ ਗੁਆ ਚੁਕਾ ਹੈ। ਕੇਵਲ ਉਤਰ ਪ੍ਰਦੇਸ਼ ਨਾਲ ਹੀ ਰੀਪੇਰੀਅਨ ਹੱਕ ਰੱਖਦਾ ਹੈ ਅਤੇ ਉਸੇ ਬਿਨਾ 'ਤੇ ਜਮਨਾ ਦਰਿਆ ਦਾ ਪਾਣੀ ਤਿੰਨ ਨਹਿਰਾਂ ਰਾਹੀਂ ਲੈ ਰਿਹਾ ਹੈ। ਦੋ ਨਹਿਰਾਂ ਕਰਨਾਲ ਲਾਗੇ ਹਨ ਅਤੇ ਤੀਜੀ ਓਖਲਾ ਤੋਂ ਗੁੜਗਾਉਂ ਏਰੀਏ ਨੂੰ ਜਾਂਦੀ ਹੈ। ਜੇ ਜਾਇਦਾਦ ਦੀ ਵੰਡ ਵਿਚ ਦਰਿਆਈ ਪਾਣੀਆਂ ਨੂੰ ਵੀ ਸ਼ਾਮਲ ਕੀਤਾ ਜਾਵੇ, ਉਸ ਹਾਲਤ ਵਿਚ ਵੀ ਪੰਜਾਬ ਦੇ ਹਿੱਸੇ 60% ਪਾਣੀ ਆਉਂਦਾ ਹੈ ਅਤੇ 40% ਹਿੱਸਾ ਹਰਿਆਣਾ ਦਾ ਬਣਦਾ ਹੈ, ਜਮਨਾ ਦਰਿਆ ਦਾ ਪਾਣੀ ਵਿਚ ਮਿਲਾ ਕੇ।

ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਇਹ ਮਦ ਸ਼ਾਮਲ ਹੈ ਕਿ ਜੋ ਪਾਣੀ ਅਗਸਤ 1985 ਨੂੰ ਪੰਜਾਬ ਵਰਤ ਰਿਹਾ ਹੈ, ਉਸ ਨੂੰ ਘਟਾਇਆ ਨਹੀਂ ਜਾਵੇਗਾ। ਧਾਰਾ 98, 99 ਅਤੇ 100 ਗੈਰ ਕਾਨੂੰਨੀ ਤੌਰ 'ਤੇ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਰੱਦ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਧਾਰਾਵਾਂ ਨੂੰ ਹਟਾਉਣ ਵਾਸਤੇ ਸੁਪਰੀਮ ਕੋਰਟ ਵਿਚ ਪੰਜਾਬ ਵਲੋਂ ਇਕ ਰਿਟ ਪਟੀਸ਼ਨ ਪਾਈ ਜਾਣੀ ਚਾਹੀਦੀ ਹੈ।

ਸ਼ਾਰਦਾ ਦਰਿਆ ਦਾ ਪਾਣੀ ਜਮਨਾ ਵਿਚ ਸਤਲੁਜ ਯਮੁਨਾ ਲਿੰਕ ਨਹਿਰ ਰਾਹੀਂ ਪਾ ਕੇ ਹਰਿਆਣਾ ਨੂੰ ਦਿੱਤਾ ਜਾ ਸਕਦਾ ਹੈ। ਇਸ ਤਜਵੀਜ਼ ਰਾਹੀਂ ਪੰਜਾਬ ਅਤੇ ਹਰਿਆਣਾ ਵਿਚਕਾਰ ਜਲ ਵਿਵਾਦ ਖਤਮ ਹੋ ਜਾਵੇਗਾ ਅਤੇ ਦੋਵੇਂ ਸੂਬੇ ਅਮਨ ਪੂਰਬਕ ਗੁਆਂਢੀਆਂ ਵਾਂਗ ਰਹਿਣ ਲੱਗਣਗੇ।

ਘੱਗਰ ਦਰਿਆ ਦਾ ਬਰਸਾਤੀ ਪਾਣੀ ਦੋਹਾਂ ਸੂਬਿਆਂ ਦੀਆਂ ਫਸਲਾਂ ਨੂੰ ਬਰਬਾਦ ਕਰਦਾ ਹੈ ਜਿਸ ਕਰਕੇ ਦੋਹਾਂ ਨੂੰ ਕਾਫੀ ਮਾਲੀ ਨੁਕਸਾਨ ਸਹਿਣਾ ਪੈਂਦਾ ਹੈ। ਜੇ ਘੱਗਰ ਦਰਿਆ 'ਤੇ ਬੰਨ੍ਹ ਲਾ ਕੇ ਪਾਣੀ ਦੇ ਵਹਾ ਨੂੰ ਕੰਟਰੋਲ ਕੀਤਾ ਜਾਵੇ ਤਾਂ ਦੋਹੇਂ ਧਿਰਾਂ ਸਿੰਜਾਈ ਦਾ ਕੰਮ ਲੈ ਕੇ ਫਾਇਦਾ ਲੈ ਸਕਦੀਆਂ ਹਨ। ਇਸ ਪ੍ਰਾਜੈਕਟ ਵਿਚ ਰਾਜਸਥਾਨ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

**-ਅਜਾਇਬ ਸਿੰਘ**
**ਮਨਟੀਕਾ, ਕੈਲੀਫੋਰਨੀਆ।**
**ਫੋਨ: 209-825-2130**

# 'ਆਪ' ਦੀ ਹਾਰ, ਇਹ ਕੀ ਹੋਇਆ ਯਾਰ!

***ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਹਾਰ ਨੇ ਬਹੁਤਿਆਂ ਨੂੰ ਹੈਰਾਨ-ਪ੍ਰੇਸ਼ਾਨ ਕੀਤਾ ਹੈ। ਇਹ ਤਾਂ 'ਜੰਗ ਹਿੰਦ ਪੰਜਾਬ' ਬਾਰੇ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ' ਵਿਚ ਵਾਪਰੀ 'ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ' ਵਾਲੀ ਗੱਲ ਹੋਈ ਹੈ, ਪਰ ਉਹ ਕਿਹੜੇ ਕਾਰਨ ਸਨ ਜੋ ਇਸ ਪਾਰਟੀ ਦੀਆਂ ਜੜ੍ਹਾਂ ਵਿਚ ਬੈਠ ਗਏ? ਇਹ ਚਰਚਾ ਕਾਫੀ ਦੇਰ ਚਲਦੀ ਰਹਿਣੀ ਹੈ ਅਤੇ ਗਾਹੇ-ਬ-ਗਾਹੇ ਤੱਥ ਸਾਹਮਣੇ ਆਈ ਜਾਣਗੇ। 'ਪੰਜਾਬ ਟਾਈਮਜ਼' ਦੇ ਸਹਿਯੋਗੀ ਅਤੇ ਕੈਨੇਡਾ ਵੱਸਦੇ ਸੀਨੀਅਰ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਇਸ ਲੇਖ ਵਿਚ ਕੁਝ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦਾ ਹੀਲਾ ਕੀਤਾ ਹੈ। -ਸੰਪਾਦਕ***



**ਗੁਰਦਿਆਲ ਸਿੰਘ ਬੱਲ**
ਫੋਨ: 647-982-6091

ਪੰਜਾਬ ਅਸੈਂਬਲੀ ਚੋਣਾਂ ਦੇ ਨਤੀਜੇ ਆਉਣ ਪਿਛੋਂ ਲੋਕਾਂ ਦੀ ਹੈਰਾਨੀ ਮੁੱਕ ਨਹੀਂ ਰਹੀ। ਲੋਕ ਇਕ ਦੂਜੇ ਤੋਂ ਪੁੱਛੀ ਜਾ ਰਹੇ ਹਨ ਕਿ ਇਹ ਹੋਇਆ ਕੀ! ਬਹੁਤੇ ਲੋਕਾਂ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਇਮੇਜ ਠੀਕ ਸੀ; ਕਾਂਗਰਸ ਬਹੁਗਿਣਤੀ ਲਿਜਾ ਸਕਦੀ ਸੀ, ਪਰ ਜਿੱਤ 75 ਸੀਟਾਂ ਦਾ ਅੰਕੜਾ ਪਾਰ ਕਰ ਜਾਵੇਗੀ, ਇਹ ਤਾਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ। ਹੋਰ ਤਾਂ ਹੋਰ, ਕਾਂਗਰਸ ਦੇ ਕਿਸੇ ਕੱਟੜ ਸਮੱਰਥਕ ਨੂੰ ਵੀ ਇਹ ਆਸ ਨਹੀਂ ਸੀ। ਇਹ ਸਵਾਲ ਬੁਝਾਰਤ ਬਣਿਆ ਹੋਇਆ ਹੈ!

ਆਜ਼ਾਦ ਭਾਰਤ ਦੇ ਪਿਛਲੇ 70 ਵਰ੍ਹਿਆਂ ਦੇ ਇਤਿਹਾਸ 'ਚ ਚੋਣਾਂ ਦੌਰਾਨ ਹੈਰਾਨੀਜਨਕ ਤਰੀਕੇ ਨਾਲ ਹੇਠਲੀ ਉਤਾਂਹ ਤਾਂ ਪਹਿਲਾਂ ਵੀ ਆਉਂਦੀ ਰਹੀ ਹੈ; ਮਸਲਨ ਐਮਰਜੈਂਸੀ ਪਿੱਛੋਂ 1977 ਦੀਆਂ ਚੋਣਾਂ ਸਮੇਂ ਕਸ਼ਮੀਰ ਤੋਂ ਸ਼ਿਲਾਂਗ ਤੱਕ ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਹੇਠਾਂ ਕਾਂਗਰਸ ਪੂਰੀ ਤਰ੍ਹਾਂ ਸਾਫ ਹੀ ਹੋ ਗਈ ਸੀ। ਪੰਜਾਬ ਵਿਚ 1989 ਦੀਆਂ ਚੋਣਾਂ ਦੇ ਨਤੀਜੇ ਵੀ ਚਕ੍ਰਿਤ ਕਰਨ ਵਾਲੇ ਸਨ ਅਤੇ ਦਲਿਤ ਆਗੂ ਮਾਇਆਵਤੀ ਦੀ ਅਗਵਾਈ ਵਾਲੀ ਬਹੁਜਨ ਸਮਾਜ ਪਾਰਟੀ (ਬਸਪਾ) ਨੇ ਭਾਰਤ ਦੀ ਧੁੰਨੀ ਤੇ ਕਥਿਤ ਬ੍ਰਾਹਮਣੀ ਧੌਂਸ ਵਾਲੀ ਤਹਿਜ਼ੀਬ ਦੇ ਗੜ੍ਹ ਵਜੋਂ ਜਾਣੇ ਜਾਂਦੇ ਉਤਰ ਪ੍ਰਦੇਸ਼ ਵਿਚ ਜਦੋਂ ਫਤਿਹ ਦਾ ਪਰਚਮ ਲਹਿਰਾਇਆ, ਤਾਂ ਉਹ ਵੀ ਕੋਈ ਛੋਟੀ ਗੱਲ ਨਹੀਂ ਸੀ, ਪਰ ਸ਼ਾਇਦ ਇਕ ਅੰਤਰ ਸੀ, ਤੇ ਉਹ ਸੀ, ਚੋਣ ਨਤੀਜਿਆਂ ਦਾ ਰਹੱਸ ਪਲਾਂ ਵਿਚ ਹੀ ਪਾਟ ਜਾਂਦਾ ਰਿਹਾ ਸੀ, ਪਰ ਪੰਜਾਬ ਦੀਆਂ ਹਾਲੀਆ ਚੋਣਾਂ ਬਾਰੇ ਵੀ ਕਹਿਣ ਨੂੰ ਤਾਂ ਬਥੇਰੇ ਫਤਵੇਬਾਜ਼ਾਂ ਨੇ ਸਾਰਾ ਭਾਂਡਾ ਦੁਰਗੇਸ਼ ਪਾਠਕ ਅਤੇ ਅਰਵਿੰਦ ਕੇਜਰੀਵਾਲ ਦੇ ਪੰਜਾਬ ਵਿਚ ਆਏ ਹੋਰ ਅਹਿਲਕਾਰਾਂ ਦੇ ਸਿਰ ਭੰਨ ਕੇ ਚੰਦ ਲਫਜ਼ਾਂ ਵਿਚ ਸਾਰੀ ਗੱਲ ਪੈਂਦੀ ਸੱਟੇ ਹੀ ਮੁਕਾਈ ਹੋਈ ਹੈ, ਪਰ ਇਹ ਗੱਲ ਪੂਰੀ ਤਰ੍ਹਾਂ ਪਚਦੀ ਨਹੀਂ।

ਸਾਡਾ ਮਿੱਤਰ ਹਰਮੀਤ ਧਾਲੀਵਾਲ ਪਿਛਲੇ ਹਫਤੇ ਪਟਿਆਲੇ ਤੋਂ ਬਰੈਂਪਟਨ ਆਇਆ ਹੈ। ਆਉਂਦਿਆਂ ਹੀ ਉਹਨੇ ਮੈਨੂੰ ਅਤੇ ਬਲਦੇਵ ਦੂਹੜੇ ਨੂੰ ਸ਼ੁਕਰਵਾਰ ਵਾਲੀ ਸ਼ਾਮ ਰਾਖਵੀਂ ਰੱਖਣ ਲਈ ਆਖ ਦਿੱਤਾ। ਮੇਰੇ ਵਾਂਗ ਹਰਮੀਤ ਵੀ ਕੈਪਟਨ ਅਮਰਿੰਦਰ ਸਿੰਘ ਦਾ ਪੱਕਾ ਪ੍ਰਸ਼ੰਸਕ ਸੀ। ਉਸ ਦੇ ਤਾਂ ਦਾਦਿਆਂ ਦੇ ਵਕਤਾਂ ਤੋਂ ਮਹਾਰਾਜੇ ਨਾਲ ਨਿਕਟ ਪਰਿਵਾਰਕ ਸਬੰਧ ਵੀ ਸਨ, ਪਰ ਉਸ ਦਿਨ ਉਹਨੇ ਪਹਿਲਾ ਗੋਲਾ ਇਹ ਦਾਗਿਆ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੇ ਹੱਕ 'ਚ ਹਨੇਰੀ ਆਈ ਹੋਈ ਸੀ ਅਤੇ ਬੜੀ ਗੱਲ ਨਹੀਂ ਕਿ ਪਟਿਆਲਾ ਸ਼ਹਿਰੀ ਹਲਕੇ ਤੋਂ ਕੈਪਟਨ ਦੀ ਸੀਟ ਵੀ ਜਾਂਦੀ ਰਹੇ। ਮਾਲਵੇ ਦੇ ਕਈ ਪਿੰਡਾਂ ਵਿਚੋਂ ਘੁੰਮ ਕੇ ਉਹ ਆਇਆ ਸੀ ਅਤੇ ਉਸ ਦਾ ਦਾਅਵਾ ਸੀ ਕਿ ਮਾਲਵੇ ਦੀਆਂ 69 ਸੀਟਾਂ ਵਿਚੋਂ 'ਆਪ' ਦੇ ਉਮੀਦਵਾਰਾਂ ਨੇ 50 ਦਾ ਅੰਕੜਾ ਹਰ ਹਾਲਤ ਪਾਰ ਕਰ ਜਾਣਾ ਸੀ। ਕੋਈ ਰੌਲਾ ਹੀ ਨਹੀਂ ਸੀ। ਹਰਮੀਤ ਦਾ ਕਹਿਣਾ ਸੀ ਕਿ ਚੋਣਾਂ ਤੋਂ ਦੋ ਕੁ ਦਿਨ ਪਹਿਲਾਂ ਡੇਰੇ ਵਾਲਿਆਂ ਨੇ ਧੂੜ ਵਿਚ ਟੱਟੂ ਜ਼ਰੂਰ ਭਜਾਇਆ ਸੀ, ਪਰ ਉਹਦੀ ਜਾਚੇ 'ਆਪ' ਦੀ ਹਨੇਰੀ ਵਿਚ ਉਹਨੇ ਕਿਧਰੇ ਨਜ਼ਰ ਨਹੀਂ ਆਉਣਾ।

ਆਪਣੇ ਇਸ ਉਤਸ਼ਾਹੀ ਮਿੱਤਰ ਨੂੰ ਮੈਂ 'ਇੰਡੀਅਨ ਐਕਸਪ੍ਰੈਸ' ਵਾਲੇ ਜਗਤਾਰ ਸਿੰਘ, ਗੁਰਦਰਸ਼ਨ ਸਿੰਘ ਬਾਹੀਆ, ਅਮਰਜੀਤ ਸਿੰਘ ਪਰਾਗ ਅਤੇ ਸਭ ਤੋਂ ਵੱਧ ਰਜਿੰਦਰ ਸਿੰਘ ਚੀਮਾ ਵਰਗੇ ਦਾਨਿਸ਼ਵਰ ਸੱਜਣਾਂ ਦੀ ਨਾਪੀ-ਤੁਲੀ ਰਾਏ ਦੱਸੀ ਕਿ ਠੀਕ ਹੈ, 'ਆਪ' ਦਾ ਬੜਾ ਜ਼ੋਰ ਹੈ, ਪਰ ਪਹਿਲੇ ਨੰਬਰ 'ਤੇ ਕਾਂਗਰਸ ਨੇ ਹੀ ਆਉਣਾ ਸੀ। ਦਲੀਲਾਂ ਲਗਪਗ ਇਕੋ ਹੀ ਸਨ, ਪਹਿਲੀ ਗੱਲ ਤਾਂ ਮਝੈਲ, ਤੇ ਫਿਰ ਪੰਜਾਬ ਦੇ ਹਿੰਦੂ ਭਾਈਚਾਰੇ ਦੇ ਲੋਕ 'ਆਪ' ਨੂੰ ਵੋਟ ਪਾਉਂਦੇ ਕਿਧਰੇ ਵੀ ਨਹੀਂ ਦੀਂਹਦੇ ਸਨ, ਪਰ ਹਰਮੀਤ ਇਹ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਉਹਨੇ ਉਚੀ ਅਵਾਜ਼ ਵਿਚ ਠਹਾਕਾ ਮਾਰਦਿਆਂ ਸ਼ਰਤ ਲਾਈ ਅਤੇ ਨਾਲ ਹੀ ਕਿਹਾ ਕਿ ਘੰਟੇ ਦੋ ਜ਼ਰਾ ਠਹਿਰੋ, ਸਭ ਕੁਝ ਸਾਹਮਣੇ ਆ ਜਾਣਾ ਹੈ।

...ਤੇ ਠੀਕ ਦੋ ਘੰਟਿਆਂ ਪਿੱਛੋਂ ਹੋਰੂੰ ਹੀ ਸੰਕੇਤ ਆਉਣੇ ਸ਼ੁਰੂ ਹੋ ਗਏ ਅਤੇ ਹੋਰ ਅਗਲੇ ਦੋ ਘੰਟਿਆਂ ਵਿਚ ਸਥਿਤੀ ਸਾਰੀ ਨਿੱਤਰ ਕੇ ਸਾਹਵੇਂ ਆ ਗਈ। ਹੈਰਾਨ ਤਾਂ ਚਾਚੇ ਚੀਮਾ ਸਮੇਤ ਅਸੀਂ ਸਾਰੇ ਹੀ ਸਾਂ, ਪਰ ਹਰਮੀਤ ਦੀ 'ਬੇਚੈਨੀ' ਦੀ ਇੰਤਹਾ ਤਾਂ ਇਹ ਸੀ ਕਿ ਸੁੱਤਾ ਪਿਆ ਵੀ 'ਇਹ ਕੀ ਹੋਇਆ ਯਾਰ; ਇਹ ਕੀ ਹੋਇਆ ਯਾਰ!!' ਕਹਿੰਦਾ ਬੁੜ-ਬੁੜਾਈ ਗਿਆ।

ਅਗਲਾ ਪੂਰਾ ਦਿਨ ਲੰਬੀ ਵਿਚ ਵੱਡੇ ਤੇ ਜਲਾਲਾਬਾਦ ਵਿਚ ਨਿੱਕੇ ਬਾਦਲ ਦੀ ਜਿੱਤ, ਮਜੀਠੇ ਬਿਕਰਮ ਸਿੰਘ ਮਜੀਠੀਏ ਦੀ ਜਿੱਤ, ਲਹਿਰਗਾਗਾ ਵਿਚ ਬੀਬੀ ਭੱਠਲ ਦੀ ਬਰਬਾਦੀ, 'ਆਪ' ਦੇ ਦਿਗੰਬਰ ਉਮੀਦਵਾਰ ਜਰਨੈਲ ਸਿੰਘ ਦੀ ਤਬਾਹੀ, ਬਟਾਲਾ ਦੇ ਏਰੀਏ ਵਿਚ ਘੁੱਗੀ ਦੇ 'ਘਾਤ' ਅਤੇ ਬਾਬੂ ਕੇਜਰੀਵਾਲ ਦੇ ਇਕ ਹੋਰ ਅਹਿਮ ਵਿਸ਼ਵਾਸਪਾਤਰ ਹਿੰਮਤ ਸਿੰਘ ਸ਼ੇਰਗਿੱਲ ਦੀ ਨਮੋਸ਼ੀ ਭਰੀ ਹਾਰ ਸਣੇ ਭਾਂਤ ਭਾਂਤ ਦੇ ਉਮੀਦਵਾਰਾਂ ਬਾਰੇ ਦਿਲਚਸਪ ਗੱਲਾਂ ਚਲਦੀਆਂ ਰਹੀਆਂ। ਸਵੇਰੇ ਚਾਹ ਪੀਂਦਿਆਂ ਚੋਣ ਨਤੀਜਿਆਂ ਬਾਰੇ ਪ੍ਰੋ. ਸੁੱਚਾ ਸਿੰਘ ਗਿੱਲ ਵਰਗੇ ਕੁਝ ਸੱਜਣਾਂ ਨਾਲ ਜਦੋਂ ਗੱਲ ਕੀਤੀ ਤਾਂ ਉਹ ਇਸ ਅਕੀਦਤ ਨਾਲ ਪਹਿਲਾਂ ਹੀ ਭਾਣਾ ਮੰਨ ਚੁਕੇ ਸਨ ਕਿ ਜੋ ਵੀ ਹੋਇਆ ਚੰਗਾ ਹੀ ਹੋਇਆ, ਪੰਜਾਬ ਦੀ ਜਿਸ ਕਿਸਮ ਦੀ ਹਾਲਤ ਹੈ, ਉਹ 'ਆਪ' ਵਾਲਿਆਂ ਦੇ ਗੇੜ ਵਿਚ ਆਉਣੀ ਵੀ ਨਹੀਂ ਸੀ! ਅਖੇ, ਪੰਜਾਬ ਨੂੰ ਦ੍ਰਿੜ ਆਗੂ ਦੀ ਲੋੜ ਸੀ, ਤੇ ਉਨ੍ਹਾਂ ਦੀ ਜਾਚੇ ਕੈਪਟਨ ਅਮਰਿੰਦਰ ਸਿੰਘ ਦੇ ਰੂਪ ਵਿਚ ਉਸ ਕਿਸਮ ਦਾ ਆਗੂ ਲੋਕਾਂ ਨੇ ਉਤਸ਼ਾਹ ਨਾਲ ਜਿਤਾ ਕੇ ਸਾਹਮਣੇ ਲੈ ਆਂਦਾ। ਇਸ ਜਵਾਬ ਨਾਲ ਸਾਡੀ ਆਪਣੀ ਤਾਂ 'ਤਸੱਲੀ' ਹੋ ਗਈ, ਪਰ ਇਰਦ ਗਿਰਦ ਦੇ ਹਿਤੈਸ਼ੀਆਂ ਵੱਲੋਂ ਪੁਛੋ-ਡ੍ਰਿਕੀ ਅਜੇ ਵੀ ਜਾਰੀ ਹੈ। ਆਉ, ਜਾਣਨ ਦੀ ਕੋਸ਼ਿਸ਼ ਕਰੀਏ ਕਿ 'ਆਪ' ਦੀ ਮੁਹਿੰਮ ਨੂੰ ਡੱਕਾ ਕਿਉਂ ਲੱਗਾ? ਉਸ ਦੇ ਰਹਿਨੁਮਾਵਾਂ ਅਤੇ ਲਾਕੜੀਆਂ ਦੀਆਂ ਉਮੀਦਾਂ 'ਤੇ ਪਾਣੀ ਕਿੰਝ ਫਿਰਿਆ? ਜਾਂ ਕਹੋ ਕਿ ਲੋਕਾਂ ਦੀ ਹਮਾਇਤ ਦੇ ਬਾਵਜੂਦ 'ਆਪ' ਤੋਂ ਚੋਣ ਮੁਹਿੰਮ ਦੌਰਾਨ ਕੀ ਕੁਤਾਹੀਆਂ ਹੋਈਆਂ!

ਸਭ ਜਾਣਦੇ ਹਨ ਕਿ ਆਮ ਆਦਮੀ ਪਾਰਟੀ 2010-11 ਵਿਚ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੀ ਪੈਦਾਵਾਰ ਸੀ। ਅਰਵਿੰਦ ਕੇਜਰੀਵਾਲ, ਪ੍ਰਸ਼ਾਂਤ ਭੂਸ਼ਨ ਤੇ ਯੋਗੇਂਦਰ ਯਾਦਵ ਵਰਗੇ ਸੱਜਣਾਂ ਨਾਲ ਇਸ ਮੁਹਿੰਮ ਦਾ ਮੋਹਰੀ ਆਗੂ ਸੀ। ਉਸ ਦੀ ਸਮਾਜਕ ਪ੍ਰਤੀਬਧਤਾ ਦਾ ਸਬੂਤ ਇਹ ਵੀ ਹੈ ਕਿ ਅਜਿਹੇ ਉਦੇਸ਼ ਲਈ 'ਪਰਿਵਰਤਨ' ਨਾਂ ਦੀ ਐਨ.ਜੀ.ਓ. ਸੰਸਥਾ ਉਹਨੇ ਖੁਦ 10 ਵਰ੍ਹੇ ਪਹਿਲਾਂ, ਸਾਲ 2000 ਤੋਂ ਹੀ ਬਣਾਈ ਹੋਈ ਸੀ। ਸੂਚਨਾ ਅਧਿਕਾਰ ਕਾਨੂੰਨ ਲਈ ਮੁਹਿੰਮ ਦਾ ਉਹ ਮੋਹਰੀ ਸੀ ਅਤੇ ਉਸ ਵਰਗੇ ਲੋਕਾਂ ਦੀ ਮੁਸ਼ੱਕਤ ਸਦਕਾ ਹੀ ਸੀ ਕਿ 2007 ਵਿਚ ਇਹ ਕਾਨੂੰਨ ਹੋਂਦ ਵਿਚ ਆਇਆ। ਸਮਾਜਿਕ ਪਾਰਦਰਸ਼ਤਾ ਦੀ ਇਸੇ ਮੁਹਿੰਮ ਵਿਚ ਪ੍ਰਸ਼ਾਂਤ ਭੂਸ਼ਨ ਉਸ ਤੋਂ ਵੀ ਅੱਗੇ ਸੀ। ਸਿਰਲੱਥ ਅੰਦਾਜ਼ ਵਿਚ ਇਹ ਮੁਹਿੰਮ ਅਸਲ ਵਿਚ ਉਸ ਦੇ ਬਾਪੂ, ਉਘੇ ਵਕੀਲ ਸ਼ਾਂਤੀ ਭੂਸ਼ਨ ਨੇ ਐਮਰਜੈਂਸੀ ਦੌਰਾਨ ਸ੍ਰੀਮਤੀ ਇੰਦਰਾ ਗਾਂਧੀ ਖਿਲਾਫ ਬੇਕਿਰਕ ਲੜਾਈ ਤੋਂ ਹੀ ਅਰੰਭੀ ਹੋਈ ਸੀ। ਪ੍ਰਸ਼ਾਂਤ ਨੇ ਆਪਣੇ ਪਿਉ ਦੀ ਪ੍ਰੇਰਨਾ ਨਾਲ ਉਸੇ ਤਰ੍ਹਾਂ ਦੀ ਮੁਹਿੰਮ ਰਾਜੀਵ ਗਾਂਧੀ ਸਰਕਾਰ ਖਿਲਾਫ ਹੋਰ ਵੀ ਜ਼ੋਰ-ਸ਼ੋਰ ਨਾਲ ਵਿੱਢੀ। ਸਾਲ 1990 ਵਿਚ ਉਨ੍ਹਾਂ ਬੋਫੋਰਜ਼ ਤੋਪ ਘੁਟਾਲੇ ਨੂੰ ਬੇਪਰਦ ਕਰਨ ਲਈ 'ਦਿ ਸੈਲਿੰਗ ਆਫ ਨੇਸ਼ਨ' ਨਾਂ ਦੀ ਚਰਚਿਤ ਕਿਤਾਬ ਲਿਖੀ। 2010-11 ਵਿਚ 'ਓਪਰੇਸ਼ਨ ਗਰੀਨ ਹੰਟ' ਖਿਲਾਫ ਆਵਾਜ਼ ਤਾਂ ਉਠਾਈ ਹੀ, ਸਰਕਾਰ ਦੀ ਮਿਲੀਭੁਗਤ ਨਾਲ ਅਰਬਾਂ ਰੁਪਿਆਂ ਦੀ ਚੋਰੀ ਦੇ ਕੋਇਲਾ ਘੁਟਾਲੇ ਦਾ ਪਰਦਾ ਵੀ ਫਾਸ਼ ਕੀਤਾ। ਅਜਿਹੇ ਕੌਤਿਕ ਉਹਨੇ ਅਨੇਕ ਕੀਤੇ। ਉਸ ਦੀ ਬੇਖੌਫ ਪ੍ਰਤੀਬਧਤਾ ਦਾ ਕੋਈ ਲੇਖਾ ਨਹੀਂ ਹੈ। ਅੱਗੇ ਆ ਜਾਂਦਾ ਹੈ, ਯੋਗੇਂਦਰ ਯਾਦਵ। ਉਹ ਵੀ ਕਮਾਲ ਦਾ ਸਮਾਜ ਸੇਵੀ ਹੋਣ ਦੇ ਨਾਲ ਬਹੁਤ ਪ੍ਰਬੁਧ ਰਾਜਨੀਤਕ ਸ਼ਾਸਤਰੀ ਵੀ ਹੈ। 'ਰਾਜਨੀਤਕ ਪ੍ਰਤੀਨਿਧਤਾ ਤੇ ਵਿਰੋਧਾਭਾਸ ਅਤੇ ਸਮਾਜਕ ਇਨਸਾਫ ਦੇ ਸਵਾਲ ਨੂੰ ਨਵੇਂ ਸਿਰਿਓਂ ਵਿਚਾਰਦਿਆਂ' ਉਹਨੇ ਕਈ ਵਿਦਵਤਾ ਭਰਪੂਰ ਲੇਖ ਲਿਖੇ। ਦੋ ਜਿਲਦਾਂ ਵਿਚ 'ਜਮੂਹਰੀ ਰਾਜਨੀਤੀ' ਨਾਂ ਦੀ ਕਿਤਾਬ ਤੋਂ ਬਿਨਾ ਆਪਣੇ ਦੋ ਹੋਰ ਸਾਥੀਆਂ ਨਾਲ ਮਿਲ ਕੇ 'ਬਹੁ ਕੌਮੀ ਰਾਜਾਂ ਵਿਚ ਜਮੂਹਰੀਅਤ ਦੇ ਮਸਲੇ' ਸਿਰਲੇਖ ਹੇਠ ਉਹਨੇ ਜੋ ਪੁਸਤਕ ਤਿਆਰ ਕੀਤੀ, ਉਹ ਸਾਡੇ ਸਮੇਂ ਦੀ ਰਾਜਨੀਤੀ ਦੇ ਹਰ ਸੂਝਵਾਨ ਵਿਦਿਆਰਥੀ ਨੂੰ ਲਾਜ਼ਮੀ ਪੜ੍ਹਨੀ ਬਣਦੀ ਹੈ। ਪੰਜਾਬ ਦੇ ਮਸਲਿਆਂ ਦੀ ਯਾਦਵ ਨੂੰ ਨਿਸਚੇ ਹੀ ਕਾਫੀ ਸੂਝ ਹੈ। ਸਾਲ 1985 ਤੋਂ ਲਗਾਤਾਰ 8-10 ਸਾਲ ਉਹਨੇ ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ 'ਚ ਅਧਿਆਪਕ ਵਜੋਂ ਸੇਵਾ ਨਿਭਾਈ ਹੋਈ ਹੈ।



***ਦਿੱਲੀ 'ਚ ਅਸੀਂ ਕਮਾਲ ਕੀਤੀ ਤੇ ਪੰਜਾਬ ਵਿਚ ਕਾਂਗਰਸ ਕਰ ਗਈ....ਅਰਵਿੰਦ ਕੇਜਰੀਵਾਲ***

ਸੋ, ਇਨ੍ਹਾਂ ਵਰਗੇ ਹੀ ਕੁਝ ਹੋਰ ਲੋਕਾਂ ਦੇ ਸਹਿਯੋਗ ਨਾਲ ਬਾਬੂ ਕੇਜਰੀਵਾਲ ਨੇ 2013 ਵਿਚ ਆਮ ਆਦਮੀ ਪਾਰਟੀ ਬਣਾਈ ਅਤੇ ਦਿੱਲੀ ਅਸੈਂਬਲੀ ਦੀਆਂ ਚੋਣਾਂ ਲੜੀਆਂ। ਇਨ੍ਹਾਂ ਦੇ ਸਹਿਯੋਗ ਨਾਲ ਹੀ ਉਹਨੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਸਜ-ਧਜ ਨਾਲ ਸੁਮੇਲ ਸਿੰਘ ਸਿੱਧੂ ਜਹੇ ਕੋਹਿਨੂਰ ਹੀਰੇ ਵਰਗੇ ਲੋਕਾਂ ਦੇ ਸੱਚੇ ਸੁੱਚੇ ਸਪੂਤ ਨੂੰ ਪਾਰਟੀ ਦਾ ਕਨਵੀਨਰ ਬਣਾ ਕੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਆਮਦ ਦਾ ਪਰਚਮ ਲਹਿਰਾਇਆ। ਪਾਰਟੀ ਦੀ ਇਹ ਸੁਨਹਿਰੀ ਸ਼ੁਰੂਆਤ ਸੀ ਅਤੇ ਇਸੇ ਦੌਰ ਦਾ ਹਾਸਲ ਸੀ, ਪਾਰਟੀ ਅੰਦਰ ਡਾ. ਧਰਮਵੀਰ ਗਾਂਧੀ ਅਤੇ ਪਦਮਸ੍ਰੀ ਡਾ. ਦਲਜੀਤ ਸਿੰਘ ਵਰਗੇ ਸਿੱਕੇਬੰਦ ਸਮਾਜ ਸੇਵੀ ਸੱਜਣਾਂ ਦੀ ਆਮਦ।

ਸੋਚਣ ਵਾਲੀ ਗੱਲ ਹੈ ਕਿ ਕੇਜਰੀਵਾਲ ਜੇ ਸੱਚ ਮੁੱਚ ਹੀ ਦੇਸ਼ 'ਚ ਯੁੱਗ ਪਲਟਾਊ ਇਤਿਹਾਸਕ ਭੂਮਿਕਾ ਲਈ ਦ੍ਰਿੜ ਸੀ, ਤਾਂ ਉਸ ਨੂੰ ਨਿਜੀ ਹਉਮੈ ਤੋਂ ਉਪਰ ਉਠ ਕੇ ਅਜਿਹੇ ਸੱਜਣਾਂ ਨਾਲ ਮਿਲ ਕੇ ਕੰਮ ਕਰਨ ਵਿਚ ਭਲਾ ਕੀ ਦਿੱਕਤ ਸੀ? ਪਰ ਉਸ ਦੀ ਕਿਸਮਤ ਵਿਚ ਸ਼ਾਇਦ ਇਹ ਮਾਣ ਨਹੀਂ ਸੀ! 2014 ਦੀਆਂ ਚੋਣਾਂ ਦੌਰਾਨ ਹੀ ਉਹਨੇ ਸਭ ਤੋਂ ਪਹਿਲਾਂ ਸ਼ਾਇਦ ਯੋਗੇਂਦਰ ਯਾਦਵ ਨੂੰ ਜਿੱਚ ਕਰਨ ਲਈ ਸੁਮੇਲ ਸਿੰਘ ਸਿੱਧੂ ਨੂੰ ਬਿਲਾ ਵਜ੍ਹਾ ਪਾਸੇ ਹਟਾਇਆ। ਗੜਬੜ ਇਥੋਂ ਹੀ ਸ਼ੁਰੂ ਹੋ ਗਈ, ਫਿਰ ਵੀ 2015 ਦੀਆਂ ਦਿੱਲੀ ਅਸੈਂਬਲੀ ਚੋਣਾਂ ਦੌਰਾਨ ਪ੍ਰਸ਼ਾਂਤ ਭੂਸ਼ਨ ਅਤੇ ਯੋਗੇਂਦਰ ਯਾਦਵ ਅਜੇ ਉਸ ਦੇ ਨਾਲ ਹੀ ਸਨ। ਅਸੈਂਬਲੀ ਦੀਆਂ 70 ਸੀਟਾਂ ਵਿਚੋਂ 67 ਸੀਟਾਂ ਉਸ ਦੇ ਉਮੀਦਵਾਰਾਂ ਨੇ ਜਿੱਤੀਆਂ ਅਤੇ ਹਾਕਮ ਧਿਰਾਂ ਨੂੰ ਕਾਂਬੇ ਛੇੜ ਦਿਤੇ। ਇਹ ਜਿੱਤ ਨਰੇਂਦਰ ਮੋਦੀ ਤੇ ਉਸ ਦੀ ਭਾਜਪਾ ਸਰਕਾਰ ਲਈ 'ਕਹਿਰ ਸੀ, ਕਹਿਰ'; ਪਰ ਬਾਬੂ ਕੇਜਰੀਵਾਲ ਕੋਲੋਂ ਸੰਭਲਿਆ ਨਾ ਜਾ ਸਕਿਆ। ਪ੍ਰਸ਼ਾਂਤ ਭੂਸ਼ਨ ਨੇ ਉਮੀਦਵਾਰਾਂ ਦੀ ਚੋਣ 'ਤੇ ਕੁਝ ਕਿੰਤੂ-ਪ੍ਰੰਤੂ ਕੀਤੇ ਹੀ ਸਨ ਕਿ ਬਾਬੂ ਦੇ ਖੁਸ਼ਾਮਦੀਆਂ ਨੇ 2015 ਮਾਰਚ ਮਹੀਨੇ ਦੇ ਅਖ਼ੀਰ ਵਿਚ ਕੌਮੀ ਅਗਜ਼ੈਕਟਿਵ ਦੀ ਹੰਗਾਮੀ ਮੀਟਿੰਗ ਵਿਚ ਪ੍ਰਸ਼ਾਂਤ ਭੂਸ਼ਨ ਅਤੇ ਯੋਗੇਂਦਰ ਯਾਦਵ ਨੂੰ ਧੌਲ-ਧੱਫਾ ਕੀਤਾ। ਧਰਮਵੀਰ ਗਾਂਧੀ ਨੇ ਇਸ ਜ਼ਾਰਿਹਾਨਾ ਧੱਕੇ ਖਿਲਾਫ ਆਵਾਜ਼ ਉਠਾਈ ਤਾਂ ਬਾਬੂ ਨੇ ਉਸ ਦਾ ਵੀ ਵਰਕਾ ਪਾੜ ਦਿੱਤਾ। ਪ੍ਰਸ਼ਾਂਤ ਅਤੇ ਯਾਦਵ ਨੂੰ ਪਾਰਟੀ ਵਿਚੋਂ ਬਹੁਤ ਹੀ ਕੋਝੇ ਅੰਦਾਜ਼ ਵਿਚ ਬਾਹਰ ਧੱਕ ਦਿਤਾ ਗਿਆ।

ਇਹ ਸੀ ਉਹ ਪਿਛੋਕੜ, ਜਦੋਂ ਅਗਲੇ ਕੁਝ ਮਹੀਨਿਆਂ ਦੌਰਾਨ ਪੰਜਾਬ ਵਿਚ ਸੁੱਚਾ ਸਿੰਘ ਛੋਟੇਪੁਰ ਦੀ ਚੜ੍ਹਾਈ ਹੋਈ। ਇਸ ਅਰਸੇ ਦੌਰਾਨ ਪਾਰਟੀ ਜ਼ਾਬਤਾ ਕਮੇਟੀ ਦੇ ਚੇਅਰਮੈਨ ਡਾ. ਦਲਜੀਤ ਸਿੰਘ ਸਨ। ਪਾਰਟੀ ਦਾ ਜਥੇਬੰਦਕ ਢਾਂਚਾ ਬਣ ਰਿਹਾ ਸੀ। ਅਹੁਦੇਦਾਰਾਂ ਦੀ ਨਿਯੁਕਤੀਆਂ ਹੋ ਰਹੀਆਂ ਸਨ। ਅਸਲ ਵਿਚ ਇਹੋ ਦੌਰ ਸੀ ਜਿਸ ਵਿਚ ਪਾਰਟੀ ਦੇ ਭਵਿਖ ਦੀ ਹੋਣੀ ਤੈਅ ਹੋਣੀ ਸੀ। ਡਾ. ਦਲਜੀਤ ਸਿੰਘ ਨੂੰ ਇਹੋ ਫਿਕਰ ਸੀ, ਤੇ ਉਹੋ ਗੁਸਤਾਖੀ ਉਨ੍ਹਾਂ ਕੋਲੋਂ ਵੀ ਹੋ ਗਈ ਜਿਸ ਬਦਲੇ ਪ੍ਰਸ਼ਾਂਤ ਭੂਸ਼ਨ ਵਰਗਾ ਦਿਓ ਕੱਦ ਦਾਨਿਸ਼ਵਰ ਛਾਂਗਿਆ ਜਾ ਚੁੱਕਾ ਸੀ। ਸੋ, ਜ਼ਾਬਤਾ ਕਮੇਟੀ ਚੇਅਰਮੈਨ ਨੇ ਪੰਜਾਬ ਵਿਚ ਜ਼ਾਬਤੇ ਦੀ ਜਦੋਂ ਗੱਲ ਕੀਤੀ ਤਾਂ ਕੇਂਦਰੀ ਜ਼ਾਬਤਾ ਕਮੇਟੀ ਦੇ ਮੁਖੀ ਪੰਕਜ ਗੁਪਤਾ ਨੇ ਚੇਅਰਮੈਨ ਉਤੇ ਹੀ 'ਜ਼ਾਬਤਾ ਸ਼ਿਕਨੀ' ਦਾ ਫਤਵਾ ਚਾੜ੍ਹ ਦਿਤਾ।

ਚੋਣ ਨਤੀਜਿਆਂ ਵਾਲੀ ਰਾਤ ਸਾਡਾ ਸਾਥੀ ਹਰਮੀਤ ਧਾਲੀਵਾਲ ਜਦੋਂ 'ਇਹ ਕੀ ਹੋਇਆ! ਇਹ ਕੀ ਹੋਇਆ!' ਕਹਿੰਦਾ ਬੁੜ-ਬੁੜਾ ਰਿਹਾ ਸੀ ਤਾਂ ਮੈਨੂੰ ਲਗਦਾ ਸੀ, ਜੋ ਹੋਣਾ ਸੀ, ਉਹ ਤਾਂ ਉਸ ਦਿਨ ਹੀ ਹੋ ਗਿਆ ਸੀ ਜਦੋਂ ਕੇਜਰੀਵਾਲ ਨੇ ਪ੍ਰਸ਼ਾਂਤ ਭੂਸ਼ਨ, ਯੋਗੇਂਦਰ ਯਾਦਵ, ਡਾ. ਧਰਮਵੀਰ ਗਾਂਧੀ ਅਤੇ ਸੁਮੇਲ ਸਿੰਘ ਸਿਧੂ ਨੂੰ ਪਾਰਟੀ ਵਿਚੋਂ ਛਾਂਗਣ ਪਿੱਛੋਂ ਡਾ. ਦਲਜੀਤ ਸਿੰਘ ਜਿਹੇ ਨਿਸ਼ਕਾਮ ਬਜ਼ੁਰਗ ਦੀ ਗੱਲ ਸੁਣਨੀ ਛੱਡ ਦਿਤੀ ਸੀ!



***ਇਹ ਕੀ ਹੋਇਆ...ਭਗਵੰਤ ਮਾਨ***

ਖੈਰ! ਪਾਰਟੀ ਨੇ ਆਪਣਾ ਇਕ ਹੋਰ ਨੁਕਸਾਨ ਗੁਰਲਾਲ ਸਿੰਘ ਨਾਂ ਦੇ ਅਨਾੜੀ ਵਕੀਲ ਵੱਲੋਂ ਆਪਣੇ 'ਬਦਨਸੀਬ' ਕਨਵੀਨਰ ਸੁੱਚਾ ਸਿੰਘ ਛੋਟੇਪੁਰ ਵਾਲਾ ਗਲਤ ਉਪਰੇਸ਼ਨ ਕਰ ਕੇ ਕਰ ਲਿਆ। ਇਸ ਦੀ ਕੋਈ ਲੋੜ ਨਹੀਂ ਸੀ, ਖਾਸ ਕਰ ਉਸ ਹਾਲਤ ਵਿਚ ਜਦੋਂ ਚੋਣਾਂ ਮੌਕੇ ਉਮੀਦਵਾਰਾਂ ਦੀ ਚੋਣ ਐਕਸਪੀਡੈਂਸੀ ਦੇ ਸੌੜੇ ਤਕਾਜ਼ਿਆਂ ਤਹਿਤ ਉਸੇ ਹੀ ਬੇਅਸੂਲੇ ਅੰਦਾਜ਼ ਵਿਚ ਕਰਨੀ ਸੀ ਜਿਸ ਵਿਚ 'ਆਪ' ਦੀ ਹਾਈ ਕਮਾਂਡ ਨੇ ਕੀਤੀ।

ਪਿਛੇ ਨਜ਼ਰ ਮਾਰਦਿਆਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚ 'ਆਪ' ਦੀ ਚੜ੍ਹਤ ਦੀ ਸਿਖਰ ਇਸ ਦੇ ਸ਼ੁਰੂਆਤੀ ਦੌਰ ਵਿਚ ਸੀ। ਮਸਲਨ 2014 ਦੀਆਂ ਲੋਕ ਸਭਾ ਚੋਣਾਂ ਸਮੇਂ ਪਾਰਟੀ ਦੇ ਚਾਰ ਉਮੀਦਵਾਰ ਜੇ ਜਿੱਤੇ ਤਾਂ ਨਾਲ ਤਿੰਨ ਹੋਰਨਾਂ ਨੇ 2-2 ਲੱਖ ਤੋਂ ਵੀ ਵੱਧ ਵੋਟਾਂ ਲਈਆਂ। ਉਦੋਂ 39 ਅਸੈਂਬਲੀ ਹਲਕਿਆਂ ਵਿਚ ਪਾਰਟੀ ਉਮੀਦਵਾਰ ਆਪਣੇ ਵਿਰੋਧੀਆਂ ਤੋਂ ਸਪਸ਼ਟ ਜੇਤੂ ਪੁਜੀਸ਼ਨ ਵਿਚ ਸਨ। ਜ਼ਾਹਰ ਹੈ ਕਿ ਇਨ੍ਹਾਂ ਫੈਸਲਾਕੁਨ ਚੋਣਾਂ ਸਮੇਂ ਪਾਰਟੀ ਅੱਗੇ ਵਧਣ ਦੀ ਥਾਂ ਤਕੜੇ ਕਸਾਰੇ ਵਿਚ ਗਈ ਹੈ। ਪੰਜਾਬ ਦੇ ਲੋਕ 'ਉਤਰ ਕਾਟੋ, ਮੈਂ ਚੜ੍ਹਾਂ' ਦੀ ਕਵਾਇਦ ਕਰਦੀਆਂ ਆਉਂਦੀਆਂ ਰਵਾਇਤੀ ਪਾਰਟੀਆਂ ਤੋਂ ਬਦਜ਼ਨ ਸਨ। ਆਮ ਆਦਮੀ ਪਾਰਟੀ ਦੇ ਹੱਕ ਵਿਚ ਜ਼ਬਰਦਸਤ ਹਵਾ ਸੀ; ਆਮ ਪੇਂਡੂ ਲੋਕਾਂ 'ਚ ਪਾਰਟੀ ਦੀ ਬੜੀ ਹੀ ਤਕੜੀ 'ਗੁੱਡਵਿੱਲ' ਵੀ ਸੀ!

ਪਾਰਟੀ ਨੇ ਭਾਰਤੀ ਸਿਆਸਤ ਵਿਚ ਸਚਿਆਰ ਹੋਣ ਦਾ ਝੰਡਾ ਚੁੱਕਿਆ ਸੀ, ਪਰ ਉਮੀਦਵਾਰਾਂ ਦੀ ਚੋਣ ਕਰਦਿਆਂ ਭਲਾ ਲੀਡਰਸ਼ਿਪ ਨੇ ਕਿੰਨੇ ਕੁ ਸਚਿਆਰ ਪ੍ਰਤੀਮਾਨ ਅਪਨਾਏ? ਇਸ ਵਿਚ ਕੋਈ ਸੰਦੇਹ ਨਹੀਂ ਕਿ ਕੇਜਰੀਵਾਲ ਨੂੰ ਉਸੇ ਤਰ੍ਹਾਂ ਦੀ ਇਤਿਹਾਸਕ ਭੂਮਿਕਾ ਨਿਭਾਉਣ ਦਾ ਮੌਕਾ ਮਿਲਿਆ ਸੀ ਜਿਸ ਤਰ੍ਹਾਂ ਦੀ ਜੈ ਪ੍ਰਕਾਸ਼ ਨਰਾਇਣ ਨੇ 40 ਸਾਲ ਪਹਿਲਾਂ ਨਿਭਾਈ ਸੀ। ਉਸ ਦਾ ਕਮਾਲ ਇਹ ਸੀ ਕਿ ਉਹਨੇ ਸਭ ਵਿਚਾਰਧਾਰਕ ਵਖਰੇਵਿਆਂ ਨੂੰ ਇਕ ਪਲੇਟਫਾਰਮ 'ਤੇ ਲੈ ਆਂਦਾ। ਵੱਖਰੀ ਗੱਲ ਹੈ ਕਿ ਉਹ ਤਜਰਬਾ ਬੁਰੀ ਤਰ੍ਹਾਂ ਅਸਫਲ ਰਿਹਾ। ਲੋੜ ਤਾਂ ਉਸ ਤਜਰਬੇ ਤੋਂ ਸਬਕ ਸਿੱਖਣ ਦੀ ਸੀ, ਪਰ ਸਬਕ ਸਿੱਖਣ ਦੀ ਥਾਂ ਜੈ ਪ੍ਰਕਾਸ਼ ਨਰਾਇਣ ਦੇ ਉਲਟ ਕੇਜਰੀਵਾਲ ਆਪਣੇ ਵਿਚਾਰਧਾਰਕ ਸਾਥੀਆਂ ਨੂੰ ਵੀ ਖਾਹ-ਮਖਾਹ ਪਾਰਟੀ ਵਿਚੋਂ ਬਾਹਰ ਧੱਕੀ ਚਲੇ ਗਏ। ਪਾਰਟੀ ਉਮੀਦਵਾਰਾਂ ਨੂੰ ਟਿਕਟ ਦੇਣ ਸਮੇਂ ਕੋਈ ਵੱਖਰਾ ਪ੍ਰਤੀਮਾਨ ਨਹੀਂ ਸੀ; ਕੇਜਰੀਵਾਲ ਤੇ ਉਸ ਦੇ ਸਾਥੀਆਂ ਨੇ ਵੱਖ ਵੱਖ ਥਾਂਈਂ ਡੇਰਿਆਂ ਦੇ ਸਮਰਥਨ ਲਈ ਜਾਣ ਤੋਂ ਵੀ ਸੰਕੋਚ ਨਾ ਕੀਤਾ। ਵਿਰੋਧੀਆਂ ਨੇ ਉਸ 'ਤੇ ਤੱਤੀਆਂ ਧਿਰਾਂ ਨਾਲ ਨੇੜਤਾ ਰੱਖਣ ਦੇ ਦੋਸ਼ ਜਦੋਂ ਲਾਏ ਤਾਂ ਇਨ੍ਹਾਂ ਦੋਸ਼ਾਂ ਦੇ ਖੰਡਨ ਦਾ ਉਨ੍ਹਾਂ ਕੋਲ ਕੋਈ ਢੁਕਵਾਂ ਤੋੜ ਹੀ ਨਹੀਂ ਸੀ। ਫਿਰ ਮੌੜ ਵਿਚ ਹੋਏ ਬੰਬ ਧਮਾਕੇ ਪਿੱਛੇ ਉਦੇਸ਼ ਰੱਬ ਜਾਣੇ ਕਿਸੇ ਦਾ ਵੀ ਹੋਵੇ, ਰਹਿੰਦੀ ਕਸਰ ਉਸ ਧਮਾਕੇ ਨੇ ਪੂਰੀ ਕੀਤੀ, ਉਹ 'ਆਪ' ਦੀ ਜੇਤੂ ਮੁਹਿੰਮ ਨੂੰ ਲੱਕੋਂ ਲੈ ਬੈਠਾ।

ਭਗਵੰਤ ਮਾਨ ਨਿਸਚੇ ਹੀ ਭਗਤ ਆਦਮੀ ਹੈ। ਉਹਨੇ ਪਾਰਟੀ ਦਾ ਬੇੜਾ ਬੰਨੇ ਲਗਾਉਣ ਲਈ ਜਾਨ ਹੂਲਵੀਂ ਮੁਸ਼ੱਕਤ ਕੀਤੀ, ਪਰ ਆਪਣੇ ਆਗੂ ਦੀਆਂ ਵੱਡੀਆਂ ਖਾਮੀਆਂ 'ਤੇ ਉਹ ਭਲਾ ਕਿੰਨਾ ਕੁ ਪਾਰ ਪਾ ਸਕਦਾ ਸੀ! ਟਿਕਟਾਂ ਲਈ ਹਾਬੜੇ ਫਿਰਦੇ ਲੋਕਾਂ ਦੀ ਆਪਾ ਧਾਪੀ ਵਿਚ ਇਕੱਲਾ ਦਰਵੇਸ਼ ਪਾਠਕ ਵੀ ਕੀ ਕਰ ਸਕਦਾ ਸੀ!!

ਹਾਂ, ਇਸ ਵਿਚ ਸੰਦੇਹ ਨਹੀਂ ਕਿ ਭਗਵੰਤ ਨੂੰ ਆਪਣੇ ਲੋਕਾਂ ਦੇ ਦੁੱਖਾਂ ਦਾ ਦੁੱਖ ਹੈ ਅਤੇ ਉਹ ਇਸ ਤੋਂ ਨਿਜਾਤ ਹਾਸਲ ਕਰਨ ਲਈ ਉਨ੍ਹਾਂ ਦੇ ਕੰਮ ਆਉਣਾ ਚਾਹੁੰਦਾ ਹੋਵੇਗਾ ਜ਼ਰੂਰ; ਉਹ ਆਪਣੀ ਇਸ ਕੋਸ਼ਿਸ਼ ਨੂੰ ਜੰਗਲ ਦੀ ਅੱਗ ਨੂੰ ਆਪਣੀ ਚੁੰਝ ਰਾਹੀਂ ਪਾਣੀ ਲਿਆ ਕੇ ਅੱਗ 'ਤੇ ਸੁੱਟ ਰਹੀ ਚਿੜੀ ਨਾਲ ਤੁਲਨਾਉਂਦਾ ਹੈ ਤੇ ਚਿੜੀ ਆਪਣੇ ਨੁਕਤਾਚੀਨਾਂ ਨੂੰ ਕਹਿੰਦੀ ਹੈ ਕਿ ਜੰਗਲ ਦਾ ਇਤਿਹਾਸ ਜਦੋਂ ਕਦੀ ਲਿਖਿਆ ਜਾਵੇਗਾ ਤਾਂ ਉਸ ਦਾ ਨਾਂ ਜੰਗਲ ਨੂੰ ਬਚਾਉਣ ਲਈ ਕੋਸ਼ਿਸ਼ ਕਰ ਰਹੀਆਂ ਧਿਰਾਂ ਵਿਚ ਆਵੇਗਾ! ਉਹ ਸਾਦਾ ਦਿਲ ਇਨਸਾਨ ਹੈ, ਦਿਆਨਤਦਾਰ ਹੈ, ਮੁਹਿੰਮਬਾਜ਼ ਵੀ ਹੈ, ਪਰ ਇਨ੍ਹਾਂ ਯੋਗਤਾਵਾਂ ਦਾ ਲਾਹਾ ਚੁਕਣ ਲਈ ਹੇਠਾਂ ਸੰਗਠਨ ਕਿਥੋਂ ਆਉਂਦਾ...!

ਹਾਂ, ਸੁੱਚਾ ਸਿੰਘ ਛੋਟੇਪੁਰ ਦੇ ਦੌਰ ਪਿਛੋਂ ਦੁਰਗੇਸ਼ ਪਾਠਕ ਨੇ ਚੋਣਾਂ ਤੋਂ ਪਹਿਲਾਂ ਪਹਿਲਾਂ ਪਾਰਟੀ ਢਾਂਚਾ ਖੜ੍ਹਾ ਕਰਨ ਲਈ ਭਗਵੰਤ ਮਾਨ ਦੇ ਹਾਰ ਹੀ ਸਿਰ ਤੋੜ ਕੋਸ਼ਿਸ਼ ਕੀਤੀ। ਦੁਰਗੇਸ਼ ਪਾਠਕ ਦੀ ਸਮਰੱਥਾ ਜਾਂ ਨੀਅਤ 'ਤੇ ਸੰਦੇਹ ਕਰਨਾ ਮੈਨੂੰ ਜ਼ਰਾ ਕੁ ਬਦਜ਼ੌਕ ਕਹਾਣੀ ਲਗਦੀ ਹੈ। ਪਾਰਟੀ ਦੀ ਚੋਣ ਮੁਹਿੰਮ ਦੌਰਾਨ ਆਪਣੇ ਕਈ ਮਨਚਲੇ ਦੋਖੀਆਂ ਵੱਲੋਂ ਜਦੋਂ ਦੁਰਗੇਸ਼ ਉਪਰ ਬਾਹਰਲਾ ਆਦਮੀ ਹੋਣ ਦਾ ਹਵਾੜਾ ਉਡਾਇਆ ਗਿਆ, ਤਾਂ ਉਹ ਸਹੀ ਨਹੀਂ ਸੀ। ਦੁਰਗੇਸ਼ ਨੇ

***(ਬਾਕੀ ਅਗਲੇ ਸਫੇ 'ਤੇ)***

# ਇਰੋਮ ਨੇ ਲਿਖਿਆ ਲੋਕਤੰਤਰ ਦਾ ਚਾਰ-ਲਫ਼ਜ਼ੀ ਮਰਸੀਆ

ਮਨੁੱਖਤਾ ਦੇ ਇਤਿਹਾਸ ਵਿਚ ਤਮਾਮ ਦਰਦ ਕਹਾਣੀਆਂ ਅਣਕਹੀਆਂ ਰਹਿ ਗਈਆਂ ਹਨ। ਮਨੀਪੁਰ ਦੀ ਮੁਟਿਆਰ ਇਰੋਮ ਸ਼ਰਮੀਲਾ ਦਾ ਆਪਣੀ ਲਗਾਤਾਰ ਹਾਰ ਲਈ ਜਨਤਾ ਦਾ ਧੰਨਵਾਦ ਕਰਨਾ ਇਸੇ ਤਰ੍ਹਾਂ ਦੀ ਅਣਕਹੀ ਕਥਾ ਹੈ।...

... ਮਨੀਪੁਰ ਦਾ ਮਾਲੋਮ ਬੱਸ ਅੱਡਾ। ਤਰੀਕ ਸਾਲ 2000 ਦੀ 2 ਨਵੰਬਰ। ਇਕ ਕਵਿੱਤਰੀ ਬੱਸ ਅੱਡੇ ਉਪਰ ਖੜ੍ਹੀ ਹੈ। ਸੁਰੱਖਿਆ ਬਲਾਂ ਦੀ ਇਕ ਟੁਕੜੀ ਆਉਂਦਾ ਹੈ ਅਤੇ ਦਸ ਨੌਜਵਾਨਾਂ ਉਪਰ ਅੰਧਾਧੁੰਦ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਭੁੰਨ ਦਿੰਦੀ ਹੈ। ਕਵੀ ਦਿਲ ਰੋ ਉਠਦਾ ਹੈ। ਹਿੰਦੁਸਤਾਨੀ ਸੰਵਿਧਾਨ ਵਿਚ ਤਾਂ ਮੁਜਰਿਮ ਜਾਂ ਦਹਿਸ਼ਤਗਰਦ ਨੂੰ ਵੀ ਐਸੀ ਸਜ਼ਾ ਦੇਣ ਦੀ ਵਿਵਸਥਾ ਨਹੀਂ ਹੈ!

ਉਸ ਕਵਿੱਤਰੀ ਨੇ ਫ਼ੈਸਲਾ ਕੀਤਾ ਕਿ ਉਹ

**ਕਿਸ਼ਨ ਕਾਂਤ**
**ਅਨੁਵਾਦ: ਬੂਟਾ ਸਿੰਘ**

ਇਸ ਕਾਲੇ ਕਾਨੂੰਨ ਖ਼ਿਲਾਫ਼ ਲੜੇਗੀ। ਇੰਞ ਕਿਸੇ ਨੂੰ ਕਿਵੇਂ ਮਾਰਿਆ ਜਾ ਸਕਦਾ ਹੈ ਭਲਾ? ਇਹ ਕਿਹਤਾ ਕਾਨੂੰਨ ਹੈ? ਇਹ ਕਾਨੂੰਨ ਹਥਿਆਰਬੰਦ ਬਲਾਂ (ਵਿਸ਼ੇਸ਼ ਅਧਿਕਾਰ) ਐਕਟ ਯਾਨੀ ਅਫਸਪਾ ਜੋ ਉਤਰ-ਪੂਰਬ ਦੀਆਂ ਕੁਝ ਰਿਆਸਤਾਂ ਵਿਚ ਲਾਗੂ ਹੈ। ਇਹ ਕਾਨੂੰਨ ਸੁਰੱਖਿਆ ਬਲਾਂ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਕਿਸੇ ਨੂੰ ਵੀ ਸ਼ੱਕ ਦੇ ਆਧਾਰ 'ਤੇ ਗੋਲੀ ਮਾਰ ਸਕਦੇ ਹਨ।

ਉਸ ਕਵਿੱਤਰੀ ਦਾ ਨਾਮ ਹੈ ਇਰੋਮ ਸ਼ਰਮੀਲਾ ਚਾਨੂ। ਇਰੋਮ ਨੇ ਅਗਲੇ ਦਿਨ ਤੋਂ ਇਸ ਕਾਨੂੰਨ ਖ਼ਿਲਾਫ਼ ਮਰਨ ਵਰਤ ਸ਼ੁਰੂ ਕਰ ਦਿੱਤਾ। ਇਹ ਮਰਨ ਵਰਤ ਅੰਨੇ ਹਜ਼ਾਰੇ ਵਾਲਾ ਵਰਤ ਨਹੀਂ ਸੀ। ਉਹਨੇ 16 ਸਾਲ ਇਹ ਅਣਸੁਣਿਆ ਮਰਨ ਵਰਤ ਰੱਖਿਆ। ਅਦਾਲਤ ਦੇ ਆਦੇਸ਼ 'ਤੇ ਉਸ ਨੂੰ ਖ਼ੁਦਕੁਸ਼ੀ ਦੇ ਇਲਜ਼ਾਮ ਵਿਚ ਪੁਲਿਸ ਹਿਰਾਸਤ ਵਿਚ ਰੱਖ ਕੇ ਨੱਕ ਵਿਚ ਨਾਲੀ ਪਾ ਕੇ ਤਰਲ ਖਾਣਾ ਦਿੱਤਾ ਜਾਂਦਾ ਰਿਹਾ। ਉਸ ਦਾ ਮਰਨ ਵਰਤ ਜਾਰੀ ਰਿਹਾ ਅਤੇ ਉਹ ਲਗਾਤਾਰ ਹਾਰਦੀ ਰਹੀ।

ਦਿੱਲੀ ਦੀ ਇਕ ਅਦਾਲਤ ਵਿਚ ਇਰੋਮ ਨੇ ਪਿਛਲੇ ਸਾਲ ਹੰਝੂ ਭਰੀਆਂ ਅੱਖਾਂ ਨਾਲ ਕਿਹਾ ਸੀ, "ਮੈਂ ਜ਼ਿੰਦਾ ਰਹਿਣਾ ਚਾਹੁੰਦੀ ਹਾਂ। ਮੈਂ ਜਿਊਣਾ ਚਾਹੁੰਦੀ ਹਾਂ। ਵਿਆਹ ਕਰਨਾ ਚਾਹੁੰਦੀ ਹਾਂ, ਮੁਹੱਬਤ ਕਰਨਾ ਚਾਹੁੰਦੀ ਹਾਂ, ਲੇਕਿਨ ਉਸ ਤੋਂ ਪਹਿਲਾਂ ਚਾਹੁੰਦੀ ਹਾਂ ਕਿ ਸਾਡੇ ਰਾਜ ਵਿਚੋਂ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਐਕਟ ਹਟਾ ਲਿਆ ਜਾਵੇ।" ਉਹ 16 ਸਾਲ ਤਕ ਇਸ ਇਕੋ ਇੱਛਾ ਲਈ ਜੂਝਦੀ ਅਤੇ ਹਾਰਦੀ ਰਹੀ।

ਆਖਿਰਕਾਰ ਇਰੋਮ ਸ਼ਰਮੀਲਾ ਨੇ ਤੈਅ ਕੀਤਾ ਕਿ ਉਹ ਚੋਣਾਂ ਦੇ ਰਾਹ ਦੁਆਰਾ ਵਿਧਾਨ ਸਭਾ ਵਿਚ ਜਾਵੇਗੀ ਅਤੇ ਇਸ ਕਾਨੂੰਨ ਖ਼ਿਲਾਫ਼ ਲੜੇਗੀ। ਉਹ ਇਸ ਵਾਰ ਮਨੀਪੁਰ ਦੇ ਮੁੱਖ ਮੰਤਰੀ ਖ਼ਿਲਾਫ਼ ਚੋਣ ਲੜੀ ਅਤੇ 90 ਵੋਟਾਂ ਲੈ ਕੇ ਹਾਰ ਗਈ। ਜਿਸ ਰਾਜ ਦੀ ਜਨਤਾ ਦੇ ਜਿਊਣ ਦੇ ਅਧਿਕਾਰ ਲਈ ਉਹ 16 ਵਰ੍ਹਿਆਂ ਤਕ ਲੜਦੀ ਰਹੀ, ਉਸ ਜਨਤਾ ਨੇ ਉਸ ਦੇ ਸਿਆਸੀ ਸੁਪਨੇ ਨੂੰ ਬੇਰਹਿਮੀ ਨਾਲ ਮਾਰ ਦਿੱਤਾ। ਇਰੋਮ ਅੱਖਾਂ ਵਿਚ ਸੁਪਨਾ ਲੈ ਕੇ ਚੋਣ ਅਖਾੜੇ ਵਿਚ ਸ਼ਾਮਲ ਹੋਈ ਸੀ ਅਤੇ ਅੱਖਾਂ ਵਿਚ ਹੰਝੂਆਂ ਦਾ ਹੜ੍ਹ ਲੈ ਕੇ ਉਸ ਅਖਾੜੇ ਵਿਚੋਂ ਬਾਹਰ ਨਿਕਲੀ, ਇਹ ਕਹਿੰਦੀ ਹੋਈ- "ਮੁੜ ਕੇ ਇਸ ਪਾਸੇ ਕਦੇ ਨਹੀਂ ਆਊਣਾ।" ਉਸ ਨੇ ਸਿਆਸੀ ਜ਼ਿੰਦਗੀ ਜਿਊਣ ਤੋਂ ਬਿਨਾ ਹੀ ਸੰਨਿਆਸ ਦਾ ਐਲਾਨ ਕਰ ਦਿੱਤਾ।



'ਅਫ਼ਸਪਾ' ਨੂੰ ਲੈ ਕੇ 16 ਵਰ੍ਹਿਆਂ ਤਕ ਮਰਨ ਵਰਤ ਰੱਖਣ ਵਾਲੀ ਇਰੋਮ ਉਸੇ ਤਰ੍ਹਾਂ ਹਾਰ ਗਈ ਹੈ ਜਿਵੇਂ ਮਨੀਪੁਰ ਵਿਚ ਮਨੋਰਮਾ ਹਾਰ ਗਈ ਸੀ; ਜਿਵੇਂ ਮਨੋਰਮਾ ਕਾਂਡ ਵਿਚ ਨਿਆਂ ਹਾਸਲ ਕਰਨ ਲਈ ਨਿਰਵਸਤਰ ਹੋ ਕੇ ਪ੍ਰਦਰਸ਼ਨ ਕਰਨ ਵਾਲੀਆਂ ਮਨੀਪੁਰੀ ਔਰਤਾਂ ਹਾਰ ਗਈਆਂ ਸਨ; ਜਿਵੇਂ ਬਸਤਰ ਵਿਚ ਮੜਕਮ ਹਿੜਮੇ ਤੇ ਸੁਖਮਤੀ ਹਾਰ ਗਈ। ਇਸ ਹਾਰ ਦੇ ਬਦਲੇ ਅੱਜ ਇਰੋਮ ਨੇ ਫੇਸਬੁੱਕ ਉਪਰ ਲਿਖਿਆ- ਥੈਂਕਸ ਫਾਰ 90 ਵੋਟਸ।

ਇਰੋਮ 16 ਵਰ੍ਹਿਆਂ ਤੋਂ ਲੜ ਰਹੀ ਹੈ ਅਤੇ ਵਾਰ ਵਾਰ ਹਾਰ ਰਹੀ ਹੈ। ਉਹ ਕਹਿ ਰਹੀ ਸੀ ਕਿ ਫ਼ੌਜ ਨੂੰ ਉਹ ਅਧਿਕਾਰ ਨਾ ਦਿੱਤਾ ਜਾਵੇ ਜਿਸ ਤਹਿਤ ਇਸ ਨੂੰ ਕਿਸੇ ਨੂੰ ਵੀ ਸ਼ੱਕ ਦੇ ਆਧਾਰ 'ਤੇ ਗੋਲੀ ਮਾਰ ਦੇਣ ਦਾ ਅਧਿਕਾਰ ਹਾਸਲ ਹੈ।

ਉਹ ਚਾਹੁੰਦੀ ਹੈ ਕਿ ਫ਼ੌਜ ਨੂੰ ਐਨਾ ਅਧਿਕਾਰ ਨਾ ਹੋਵੇ ਕਿ ਉਹ ਕਿਸੇ ਮਨੋਰਮਾ ਨਾਲ ਜਬਰ ਜਨਾਹ ਕਰ ਕੇ ਜਾਂ ਚੌਰਾਹੇ ਉਪਰ ਖੜ੍ਹੇ ਨੌਜਵਾਨਾਂ ਨੂੰ ਬਿਨਾ ਵਜ੍ਹਾ ਗੋਲੀਆਂ ਵਰ੍ਹਾ ਕੇ ਭੁੰਨ ਦੇਵੇ, ਜਾਂ 12 ਸਾਲ ਦੇ ਕਿਸੇ ਬੱਚੇ ਨੂੰ ਪੇਸ਼ੇਵਰ ਦਹਿਸ਼ਤਗਰਦ ਐਲਾਨ ਕੇ ਉਸ ਦੀ ਮਾਂ ਦੀਆਂ ਅੱਖਾਂ ਸਾਹਮਣੇ ਹੀ ਉਸ ਦਾ 'ਮੁਕਾਬਲਾ' ਬਣਾ ਦੇਵੇ।



**ਇਰੋਮ ਸ਼ਰਮੀਲਾ ਚਾਨੂ ਆਪਣੀ ਚੋਣ ਮੁਹਿੰਮ ਦੌਰਾਨ ਪ੍ਰਚਾਰ ਕਰਦੀ ਹੋਈ।**

ਜਿਸ ਤਰ੍ਹਾਂ ਚੋਣਾਂ ਵਿਚ ਨੋਟਬੰਦੀ ਦੌਰਾਨ ਮਰੇ 150 ਦੇ ਕਰੀਬ ਲੋਕ ਕੋਈ ਮੁੱਦਾ ਨਹੀਂ ਸਨ; ਜਿਸ ਤਰ੍ਹਾਂ ਉਤਰ ਪ੍ਰਦੇਸ਼ ਵਿਚ ਕੁਪੋਸ਼ਣ ਦਾ ਸ਼ਿਕਾਰ ਔਰਤਾਂ ਦਾ ਅੱਧ ਕੋਈ ਮੁੱਦਾ ਨਹੀਂ ਸੀ; ਜਿਸ ਤਰ੍ਹਾਂ ਟੱਟੀਆਂ-ਉਲਟੀਆਂ ਜਾਂ ਦਿਮਾਗੀ ਬੁਖ਼ਾਰ ਨਾਲ ਮਰਨ ਵਾਲੇ ਲੱਖਾਂ ਬੱਚੇ ਕੋਈ ਮੁੱਦਾ ਨਹੀਂ ਹੁੰਦੇ; ਉਸੇ ਤਰ੍ਹਾਂ ਇਰੋਮ ਸ਼ਰਮੀਲਾ ਦਾ 16 ਵਰ੍ਹੇ ਤਕ ਸੰਘਰਸ਼ ਕਰ ਕੇ ਆਪਣੀ ਜ਼ਿੰਦਗੀ ਲਾ ਦੇਣਾ ਕੋਈ ਮੁੱਦਾ ਨਹੀਂ ਰਿਹਾ!

ਜਿਸ ਲੋਕਤੰਤਰ ਵਿਚ ਅਮਰਮਣੀ ਤ੍ਰਿਪਾਠੀ ਦਾ ਫਰਜ਼ੰਦ ਅਮਨਮਣੀ ਤ੍ਰਿਪਾਠੀ ਪਤਨੀ ਦੇ ਕਤਲ ਦੇ ਕੇਸ ਵਿਚ ਜੇਲ੍ਹ ਵਿਚ ਬੰਦ ਹੁੰਦੇ ਹੋਏ ਚੋਣਾਂ ਜਿੱਤ ਜਾਂਦਾ ਹੈ; ਮਾਫ਼ੀਆ ਮੁਖਤਾਰ ਅੰਸਾਰੀ ਜੇਲ੍ਹ ਵਿਚ ਰਹਿ ਕੇ ਚੋਣਾਂ ਜਿੱਤ ਜਾਂਦਾ ਹੈ; ਬਾਹੂਬਲੀ ਸੁਸ਼ੀਲ ਕੁਮਾਰ, ਰਘੂਰਾਜ ਪ੍ਰਤਾਪ ਸਿੰਘ ਤੇ ਵਿਜੈ ਮਿਸ਼ਰਾ ਵਗੈਰਾ ਚੋਣਾਂ ਜਿੱਤ ਜਾਂਦੇ ਹਨ; ਉਥੇ ਕਤਲਾਂ ਦੇ ਵਿਰੋਧ ਵਿਚ ਜ਼ਿੰਦਗੀ ਖਪਾ ਦੇਣ ਵਾਲੀ ਇਰੋਮ ਦੀ ਹਾਰ ਤਾਂ ਪਹਿਲਾਂ ਤੋਂ ਹੀ ਤੈਅ ਸੀ। ਤਮਾਮ ਬਾਹੂਬਲੀਆਂ ਨੂੰ ਭਾਰੀ ਬਹੁਮਤ ਨਾਲ ਜਿਤਾ ਦੇਣ ਵਾਲੀ ਜਨਤਾ ਨੇ ਹੰਝੂ ਭਿੱਜੀਆਂ ਅੱਖਾਂ ਵਾਲਾ, ਨੱਕ ਵਿਚ ਨਾਲੀ ਪਾਈ ਕਵਿੱਤਰੀ ਦਾ ਚਿਹਰਾ ਪਸੰਦ ਨਹੀਂ ਕੀਤਾ।

ਇਰੋਮ ਨੇ 16 ਵਰ੍ਹੇ ਬਾਅਦ ਆਪਣਾ ਮਰਨ ਵਰਤ ਤੋੜਿਆ ਅਤੇ ਚੋਣ ਸਿਆਸਤ ਵਿਚ ਕੁੱਦ ਕੇ ਤਬਦੀਲੀ ਲਿਆਉਣ ਦਾ ਫ਼ੈਸਲਾ ਕੀਤਾ ਸੀ। ਉਸ ਨੇ 'ਪੀਪਲਜ਼ ਰਿਸਰਜੈਂਸ ਐਂਡ ਜਸਟਿਸ ਅਲਾਇੰਸ' ਨਾਮ ਦੀ ਪਾਰਟੀ ਬਣਾ ਕੇ ਚੋਣ ਲੜੀ, ਲੇਕਿਨ ਮਨੀਪੁਰ ਦੇ ਵੋਟਰਾਂ ਨੇ ਇਰੋਮ ਨੂੰ 'ਨੋਟਾ' ਦਾ ਬਦਲ ਸਮਝਣਾ ਵੀ ਮੁਨਾਸਿਬ ਨਹੀਂ ਸਮਝਿਆ। ਉਸ ਨੂੰ ਮਹਿਜ਼ 90 ਵੋਟਾਂ ਪਈਆਂ। ਚੋਣ ਨਤੀਜੇ ਆਉਣ ਤੋਂ ਬਾਅਦ ਇਰੋਮ ਰੋਈ ਅਤੇ ਸਿਆਸਤ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ।

ਐਤਵਾਰ ਨੂੰ ਇਰੋਮ ਨੇ ਆਪਣੇ ਫੇਸਬੁੱਕ ਪੇਜ ਉਪਰ ਚਾਰ ਲਫ਼ਜ਼ਾਂ ਦਾ ਸਟੇਟਸ ਪਾਇਆ- 'ਥੈਂਕਸ ਫਾਰ 90 ਵੋਟਸ'।

ਇਰੋਮ ਦੇ ਸਟੇਟਸ 'ਤੇ ਤਮਾਮ ਲੋਕਾਂ ਨੇ ਹਮਦਰਦੀ ਭਰੇ ਕੁਮੈਂਟ ਕੀਤੇ ਹਨ। ਗਨੀਮਤ ਹੈ ਕਿ ਉਸ ਨੂੰ ਟਰੋਲ ਨਹੀਂ ਕੀਤਾ ਗਿਆ। ਇਮਰਾਨ ਪ੍ਰਤਾਪਗੜ੍ਹੀ ਨੇ ਆਪਣੇ ਫੇਸਬੁੱਕ ਪੇਜ ਉਪਰ ਇਹ ਸਟੇਟਸ ਸ਼ੇਅਰ ਕਰਦੇ ਹੋਏ ਲਿਖਿਆ, 'ਇਰੋਮ ਸ਼ਰਮੀਲਾ ਦਾ ਇਹ ਸਟੇਟਸ ਪੜ੍ਹ ਰਿਹਾ ਹਾਂ ਅਤੇ ਰੋਂਦਾ ਹੋਇਆ ਕੰਬ ਰਿਹਾ ਹਾਂ। ਕਿੰਨਾ ਹੌਸਲਾ ਜੁਟਾਇਆ ਹੋਵੇਗਾ, ਉਨ੍ਹਾਂ ਉਂਗਲੀਆਂ ਨੇ 'ਥੈਂਕਸ ਫਾਰ 90 ਵੋਟਸ' ਟਾਈਪ ਕਰਨ ਲਈ! ਮਨੀਪੁਰ ਦੇ ਲੋਕਾਂ ਲਈ 16 ਸਾਲ ਦਾ ਮਰਨ ਵਰਤ ਤੇ ਤੋਹਫੇ 'ਚ 90 ਵੋਟ! ਵਾਹ ਰੇ ਲੋਕਤੰਤਰ!'

ਅਦਿਤੀ ਨੇ ਆਪਣੀ ਵਾਲ ਉਪਰ ਲਿਖਿਆ, 'ਇਰੋਮ ਨੇ ਜਨਤਾ ਦਾ ਧੰਨਵਾਦ ਨਹੀਂ ਕੀਤਾ, ਚਾਰ ਲਫ਼ਜ਼ਾਂ ਵਿਚ ਲੋਕਤੰਤਰ ਦਾ ਮਰਸੀਆ ਲਿਖਿਆ ਹੈ।' ਰਵੀ ਜੋਸ਼ੀ ਨੇ ਲਿਖਿਆ, 'ਇਰੋਮ ਸ਼ਰਮੀਲਾ ਨੂੰ ਮਹਿਜ਼ 90 ਵੋਟ ਮਿਲਣਾ ਇਹ ਦਿਖਾਉਂਦਾ ਹੈ ਕਿ ਹਿੰਦੁਸਤਾਨ ਦੇ ਲੋਕਾਂ ਨੂੰ ਸਿਆਸਤ ਵਿਚ ਚੰਗੇ ਲੋਕਾਂ ਦੀ ਜ਼ਰੂਰਤ ਨਹੀਂ ਹੈ; ਉਨ੍ਹਾਂ ਨੂੰ ਗੁੰਡੇ, ਬਲਾਤਕਾਰੀ ਹੀ ਚੰਗੇ ਲੱਗਦੇ ਹਨ ਜਾਂ ਨੋਟ ਤੇ ਸ਼ਰਾਬ ਵੰਡਣ ਵਾਲੇ!'

ਅੰਸ਼ੂ ਰਾਜਪੂਤ ਨੇ ਲਿਖਿਆ, 'ਇਰੋਮ ਸ਼ਰਮੀਲਾ ਦੀ ਹਾਰ ਨਾਲ ਕਾਫ਼ੀ ਲੋਕ ਸਦਮੇ ਵਿਚ ਹਨ। ਇਰੋਮ ਨੂੰ ਸ਼ਾਇਦ 90 ਵੋਟ ਮਿਲੇ ਹਨ। ਦਰਅਸਲ, ਚੋਣਾਂ ਦਾ ਆਪਣਾ ਡਾਇਨਾਮਿਕਸ ਹੁੰਦਾ ਹੈ। ਜਨਤਾ ਆਪਣੇ ਤਰੀਕੇ ਨਾਲ ਸੋਚਦੀ ਹੈ। ਇਰੋਮ ਸ਼ਰਮੀਲਾ ਨੂੰ ਛੱਡੋ... ਜਿਸ ਸ਼ਖ਼ਸ ਨੇ 1950 ਵਿਚ ਮੁਲਕ ਨੂੰ ਐਨਾ ਸ਼ਾਨਦਾਰ ਸੰਵਿਧਾਨ ਦਿੱਤਾ, ਉਸ ਅੰਬੇਡਕਰ ਨੂੰ 1951-52 ਦੀਆਂ ਲੋਕ ਸਭਾ ਚੋਣਾਂ ਵਿਚ ਬੰਬਈ ਦੀ ਜਨਤਾ ਨੇ ਹਰਾ ਦਿੱਤਾ। ਅੰਬੇਡਕਰ ਚੌਥੇ ਨੰਬਰ 'ਤੇ ਆਏ। ਹੋਰ ਤਾਂ ਹੋਰ, 1954 ਵਿਚ ਉਹ ਭੰਡਾਰਾ ਦੀ ਜ਼ਿਮਨੀ ਚੋਣ ਵੀ ਨਹੀਂ ਜਿੱਤ ਸਕੇ। ਜਿਸ ਰਾਮ ਮਨੋਹਰ ਲੋਹੀਆ ਦੇ ਰਾਜਨੀਤਕ ਦਰਸ਼ਨ ਉਪਰ ਯੂ.ਪੀ. ਅਤੇ ਬਿਹਾਰ ਵਿਚ ਸਰਕਾਰਾਂ ਬਣਦੀਆਂ ਹਨ, ਉਸ ਲੋਹੀਆ ਜੀ ਨੂੰ ਯੂ.ਪੀ. ਵਿਚ ਚੰਦੌਲੀ ਦੇ ਲੋਕਾਂ ਨੇ ਹਰਾ ਦਿੱਤਾ। ਲੋਹੀਆ ਨਹਿਰੂ ਦੇ ਖ਼ਿਲਾਫ਼ ਵੀ ਚੋਣ ਹਾਰੇ।'

ਏ.ਕੇ. ਮਿਸ਼ਰਾ ਨੇ ਲਿਖਿਆ, 'ਇਰੋਮ ਸ਼ਰਮੀਲਾ ਦਾ 90 ਵੋਟ ਹਾਸਲ ਕਰਨਾ ਅਤੇ ਰਾਜਾ ਭਈਆ ਦਾ 1,30,000 ਵੋਟ ਹਾਸਲ ਕਰਨਾ ਹੀ ਲੋਕਤੰਤਰ ਹੈ। ਸਲਾਮ ਜਨਆਦੇਸ਼!' ਬਾਬੂਰਾਮ ਯਾਦਵ ਦਾ ਕਹਿਣਾ ਸੀ, 'ਬਹੁਤ ਦੁਖਦਾਈ। ਇਰੋਮ ਸ਼ਰਮੀਲਾ ਦੇ ਹਿੱਸੇ 90 ਵੋਟ, ਕਿਸ ਜਨਤਾ ਲਈ ਤੁਸੀਂ 16 ਸਾਲ ਮਰਨ ਵਰਤ ਰੱਖਿਆ?'

ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਨੇ ਲਿਖਿਆ, 'ਇਰੋਮ ਸ਼ਰਮੀਲਾ ਚੋਣ ਹਾਰ ਗਈ, ਸੋਨੀ ਸੋਰੀ ਚੋਣ ਹਾਰ ਗਈ। ਦਯਾਮਨੀ ਬਾਰਲਾ ਚੋਣ ਹਾਰ ਗਈ। ਮੇਧਾ ਪਾਟਕਰ ਚੋਣ ਹਾਰ ਗਈ। ਖ਼ਲੀਲ ਜਿਬਰਾਨ ਦੀ ਇਕ ਕਹਾਣੀ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਮੈਂ ਜੰਗਲ ਵਿਚ ਰਹਿਣ ਵਾਲੇ ਫ਼ਕੀਰ ਤੋਂ ਪੁੱਛਿਆ ਕਿ ਤੁਸੀਂ ਇਸ ਬਿਮਾਰ ਮਾਨਸਿਕਤਾ ਦਾ ਇਲਾਜ ਕਿਉਂ ਨਹੀਂ ਕਰਦੇ, ਤਾਂ ਉਸ ਫ਼ਕੀਰ ਨੇ ਕਿਹਾ ਕਿ ਤੁਹਾਡੀ ਇਹ ਮਨੁੱਖੀ ਤਹਿਜ਼ੀਬ ਉਸ ਬਿਮਾਰ ਵਾਂਗ ਹੈ ਜੋ ਚਾਦਰ ਤਾਣ ਕੇ ਦਰਦ ਨਾਲ ਕਰਾਹੁਣ ਦਾ ਅਭਿਨੈ ਤਾਂ ਕਰਦੀ ਹੈ, ਪਰ ਜਦੋਂ ਕੋਈ ਆ ਕੇ ਇਸ ਦਾ ਇਲਾਜ ਕਰਨ ਲਈ ਇਸ ਦੀ ਨਬਜ਼ ਦੇਖਦਾ ਹੈ ਤਾਂ ਇਹ ਚਾਦਰ ਦੇ ਹੇਠੋਂ ਦੂਜਾ ਹੱਥ ਕੱਢ ਕੇ ਆਪਣਾ ਇਲਾਜ ਕਰਨ ਵਾਲੇ ਦੀ ਗਰਦਨ ਮਰੋੜ ਕੇ ਆਪਣੇ ਵੈਦ ਨੂੰ ਮਾਰ ਸੁੱਟਦੀ ਹੈ, ਤੇ ਦੁਬਾਰਾ ਫਿਰ ਚਾਦਰ ਤਾਣ ਕੇ ਕਰਾਹੁਣ ਦਾ ਅਭਿਨੈ ਕਰਨ ਲੱਗਦੀ ਹੈ। ਧਾਰਮਿਕ, ਜਾਤਪਾਤੀ ਨਫ਼ਰਤ, ਰੰਗਭੇਦ ਅਤੇ ਨਸਲੀ ਵਿਤਕਰੇ ਨਾਲ ਬਿਮਾਰ ਇਸ ਮਨੁੱਖਤਾ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਪਹਿਲਾਂ ਤਾਂ ਅਸੀਂ ਮਾਰ ਸੁੱਟਦੇ ਹਾਂ, ਉਨ੍ਹਾਂ ਦੇ ਮਰਨ ਤੋਂ ਬਾਅਦ ਅਸੀਂ ਉਨ੍ਹਾਂ ਨੂੰ ਪੂਜਣ ਦਾ ਨਾਟਕ ਕਰਨ ਲੱਗਦੇ ਹਾਂ।'

ਚੋਣ ਹਾਰਨ ਤੋਂ ਬਾਅਦ ਇਰੋਮ ਨੇ ਬਿਆਨ ਦਿੱਤਾ, 'ਮੈਂ ਇਸ ਸਿਆਸੀ ਪ੍ਰਣਾਲੀ ਤੋਂ ਤੰਗ ਆ ਚੁੱਕੀ ਹਾਂ। ਮੈਂ ਸਰਗਰਮ ਸਿਆਸਤ ਛੱਡਣ ਦਾ ਫ਼ੈਸਲਾ ਕਰ ਲਿਆ ਹੈ। ਮੈਂ ਦੱਖਣੀ ਹਿੰਦੁਸਤਾਨ ਚਲੀ ਜਾਵਾਂਗੀ, ਕਿਉਂਕਿ ਮੈਨੂੰ ਮਾਨਸਿਕ ਸ਼ਾਂਤੀ ਚਾਹੀਦੀ ਹੈ। ਲੇਕਿਨ ਮੈਂ 'ਅਫ਼ਸਪਾ' ਖ਼ਿਲਾਫ਼ ਆਪਣੀ ਲੜਾਈ ਜਾਰੀ ਰੱਖਾਂਗੀ, ਜਦੋਂ ਤਕ ਇਹ ਹਟਾ ਨਹੀਂ ਲਿਆ ਜਾਂਦਾ, ਲੇਕਿਨ ਮੈਂ ਸਮਾਜਿਕ ਕਾਰਕੁਨ ਵਾਂਗ ਲੜਦੀ ਰਹਾਂਗੀ।'

... ਭਾਵ ਇਰੋਮ ਫਿਰ ਉਸੇ ਮਰਨ ਵਰਤ ਦੀ ਅੰਨ੍ਹੀ ਗਲੀ ਵਿਚ ਪਰਤ ਜਾਵੇਗੀ ਜਿਸ ਵਿਚ ਘੁੱਪ ਹਨੇਰਾ ਹੈ, ਡਰਾਉਣਾ ਸੰਨਾਟਾ ਹੈ ਅਤੇ ਇਰੋਮ ਇਕੱਲੀ ਹੈ।

# 'ਆਪ' ਦੀ ਹਾਰ, ਇਹ ਕੀ ਹੋਇਆ ਯਾਰ!

(ਪਿਛਲੇ ਸਫੇ ਦੀ ਬਾਕੀ)

ਵਾਰ ਵਾਰ ਕਿਹਾ ਕਿ ਉਮੀਦਵਾਰ ਉਹਨੇ ਆਪਣੇ ਜ਼ਿਲ੍ਹੇ ਗੋਰਖਪੁਰ ਤੋਂ ਤਾਂ ਲਿਆਉਣੇ ਨਹੀਂ, ਪੰਜਾਬ ਦੇ ਉਮੀਦਵਾਰਾਂ ਨੇ ਹੀ ਆਪੋ ਆਪਣੇ ਹਲਕਿਆਂ ਤੋਂ ਚੋਣ ਲੜਨੀ ਹੈ, ਪਰ ਕੀ ਕਰੀਏ, ਸੁਣਿਆ ਕਿ ਲੋਕ ਉਸ ਦੇ ਵੀ ਸਟਿੰਗ ਉਪਰੇਸ਼ਨ ਚੁਕੀ ਫਿਰਦੇ ਹਨ। ਖੈਰ! ਦੁਰਗੇਸ਼ ਪਾਠਕ ਜਾਂ ਭਗਵੰਤ ਮਾਨ ਦੀ ਸਾਰੀ ਜਦੋਜਹਿਦ ਅਤੇ ਸੁਹਿਰਦਤਾ ਉਨ੍ਹਾਂ ਖਾਮੀਆਂ ਤੇ ਕੁਤਾਹੀਆਂ ਉਤੇ ਪਾਰ ਪਾਉਣ ਲਈ ਕਾਫੀ ਨਹੀਂ ਸੀ, ਜੋ ਜਾਣੇ-ਅਣਜਾਣੇ ਕੇਜਰੀਵਾਲ ਕੋਲੋਂ 'ਆਪ' ਖੜ੍ਹੀ ਕਰਨ ਦੇ ਮੁਢਲੇ ਦਿਨਾਂ ਤੋਂ ਹੀ ਨਿਰੰਤਰ ਹੁੰਦੀਆਂ ਚਲੀਆਂ ਗਈਆਂ।

ਪੰਜਾਬ ਅੰਦਰ ਕਾਂਗਰਸ ਅਤੇ ਅਕਾਲੀ ਦਲ-ਦੋਹਾਂ ਰਵਾਇਤੀ ਪਾਰਟੀਆਂ ਦੇ ਰਾਜਨੀਤਕ ਕਲਚਰ ਵਿਚ ਕੋਈ ਬੁਨਿਆਦੀ ਅੰਤਰ ਹੈ ਨਹੀਂ। ਕਾਦੀਆਂ, ਪੱਟੀ, ਬਾਦਲ, ਸੁਨਾਮ, ਸਰਦੂਲਗੜ੍ਹ, ਦੁਆਬਾ ਕੋਈ ਵੀ ਖੇਤਰ ਹੋਵੇ, ਲੋਕਾਂ ਸਾਹਵੇਂ ਉਂਗਲਾਂ 'ਤੇ ਗਿਣਨ ਜੋਗੇ ਕੁਝ ਪਰਿਵਾਰਾਂ ਦੇ ਮੈਂਬਰ ਹੀ ਪੀੜ੍ਹੀ ਦਰ ਪੀੜ੍ਹੀ 'ਗੱਦੀ ਨਸ਼ੀਂ' ਹੋ ਰਹੇ ਸਨ। ਆਮ ਲੋਕਾਂ ਅੰਦਰ ਤਾਕਤ ਦੀ ਇਸ ਰਾਜਨੀਤੀ ਖ਼ਿਲਾਫ਼ ਅੰਤਾਂ ਦਾ ਰੋਹ ਸੀ। ਉਹ ਕਿਸੇ ਵੀ ਕੀਮਤ 'ਤੇ ਇਹ ਚੱਕਰ ਤੋੜਨ ਲਈ ਤਰੂ ਸਨ। ਕੇਜਰੀਵਾਲ ਅਤੇ ਉਸ ਦੇ ਹੋਣਹਾਰ ਨੌਜਵਾਨ ਸ਼ਾਗਿਰਦ ਦੁਰਗੇਸ਼ ਨੇ ਆਪਣੀ ਸਮਝ ਅਤੇ ਸਮਰੱਥਾ ਅਨੁਸਾਰ ਇਸ 'ਨਾਮੁਰਾਦ ਚੱਕਰਵਿਊ' ਤੋਂ ਬਾਹਰ ਕੱਢਣ ਲਈ ਪੰਜਾਬ ਦੇ ਆਮ ਲੋਕਾਂ ਦਾ ਹੱਥ ਫੜਨ ਦੀ ਕੋਸ਼ਿਸ਼ ਕੀਤੀ, ਉਹ ਅਸਫਲ ਰਹੇ, ਕੋਈ ਮਿਹਣਾ ਨਹੀਂ; ਮਿਹਣਾ ਇਹੀ ਹੈ ਕਿ ਪਹਿਲਾਂ ਪਾਰਟੀ 'ਚ ਕਿਸੇ ਵੀ ਕਿਸਮ ਦੇ ਵਖਰੇਵੇਂ ਨੂੰ ਸਤਿਕਾਰ ਦੇਣ ਅਤੇ ਫਿਰ ਉਮੀਦਵਾਰਾਂ ਦੀ ਚੋਣ ਦੇ ਮਾਮਲੇ ਵਿਚ ਉਨ੍ਹਾਂ ਕੋਲੋਂ ਉਕਾਈਆਂ ਹੋਈਆਂ; ਆਪਣੇ ਹੀ ਅਸੂਲਾਂ 'ਤੇ ਉਨ੍ਹਾਂ ਤੋਂ ਪੂਰਨ ਕਰਤਾਈ ਨਾਲ ਪਹਿਰਾ ਦਿਤਾ ਨਾ ਜਾ ਸਕਿਆ!

ਨਿਰਸੰਦੇਹ ਕੰਮ ਔਖਾ ਵੀ ਬੜਾ ਸੀ। ਪਿਛਲੇ ਕਈ ਵਰ੍ਹਿਆਂ ਤੋਂ ਭਾਰਤ ਹੋਵੇ ਜਾਂ ਪਾਕਿਸਤਾਨ; ਪੰਜਾਬ ਹੋਵੇ ਜਾਂ ਤਾਮਿਲ ਦੇਸ਼, ਰਾਜਨੀਤੀ ਦਾ ਮਿਆਰ ਨਿਰੰਤਰ ਨਿਘਰਦਾ ਗਿਆ ਹੈ। ਨਸ਼ਿਆਂ ਦਾ ਦਖਲ ਹੈ, ਪੈਸੇ ਦਾ ਦਖਲ ਹੈ; ਹਰ ਮਾੜੀ ਗੱਲ ਦਾ ਦਖਲ ਤੇਜ਼ੀ ਨਾਲ ਵਧ ਗਿਆ ਹੈ। ਵੋਟਾਂ ਪੈਣ ਤੋਂ ਮਹਿਜ਼ ਇਕ ਦਿਨ ਪਹਿਲਾਂ ਮਾਲਵੇ ਦਾ ਗੇੜਾ ਲਾ ਕੇ ਆਏ ਮੇਰੇ ਅਜ਼ੀਜ਼ ਹਰਵੀਰ ਢਿੱਲੋਂ ਨੇ ਦੱਸਿਆ ਕਿ ਹਾਲਤ ਮਾੜੀ ਹੈ, 'ਆਪ' ਦੀ ਗੱਲ ਬਣਨੀ ਨਹੀਂ। ਮੇਰੇ ਇਕ ਹੋਰ ਅਜ਼ੀਜ਼ ਪ੍ਰੋ. ਧਰਮਜੀਤ ਸਿੰਘ ਲਵਲੀ ਨਾਲ ਗੱਲ ਹੋਈ। ਉਹ ਤਲਵੰਡੀ ਸਾਬੋ ਹਲਕੇ ਵਿਚ ਆਪਣੀ ਭੈਣ ਦੇ ਸਹੁਰੇ ਘਰ ਪਿੰਡ ਤਿਓਣਾ ਪੁਜਾਰੀਆਂ ਪਹੁੰਚਾ। ਉਸ ਦਾ ਭਣੋਈਆ ਸਰਪੰਚ ਹੈ। ਉਤੇ ਮੁਖ ਰਵਾਇਤੀ ਪਾਰਟੀਆਂ ਵਿਚੋਂ ਇਕ ਦਾ ਲਾਕੜੀ 10 ਲੱਖ ਰੁਪਏ ਦੇ ਨੋਟਾਂ ਦੀਆਂ ਗੁੱਥੀਆਂ ਬੋਰੇ ਵਿਚ ਪਾਈ ਸਰਪੰਚ ਦੇ ਘਰੇ ਚਲਾ ਆਇਆ। ਸਰਪੰਚ ਨੇ ਪਵਿਤਰ ਬਾਣੀ ਦਾ ਗੁਟਕਾ ਲੈ ਆਂਦਾ। ਵਿੰਹਦਿਆਂ ਵਿੰਹਦਿਆਂ ਬਕੌਲ ਮਰਹੂਮ ਪੰਜਾਬੀ ਸ਼ਾਇਰ, ਐਸ. ਐਸ. ਮੀਸ਼ਾ 'ਫੇਰ ਗਰੀਬਾਂ ਦੀ ਬਸਤੀ ਦੇ ਬੇਬਸ ਬਾਲਗ' ਹੁੰਮ-ਹੁੰਮਾਂਦੇ ਭੈਣ ਦੇ ਘਰੇ ਚਲੇ ਆਏ। ਸਰਪੰਚ ਸਾਹਿਬ ਲੋੜਵੰਦ ਵੋਟਰਾਂ ਦੇ ਹੱਥ ਗੁਟਕੇ ਨਾਲ ਛੁਹਾ ਕੇ 12-12 ਸੌ ਰੁਪਏ ਦੀਆਂ ਗੁਥੀਆਂ ਤੇਜ਼ੀ ਨਾਲ ਉਨ੍ਹਾਂ ਨੂੰ ਪਕੜਾਈ ਚਲੇ ਗਏ। ਦੁਪਹਿਰੋਂ ਬਾਅਦ ਵੋਟਰਾਂ ਦਾ ਰੇਟ 2-2 ਹਜ਼ਾਰ ਹੋ ਗਿਆ। ਇਸੇ ਤਰ੍ਹਾਂ ਦੇ 'ਕੌਤਕ' ਦੇ ਮਾਨਸਾ ਹਲਕੇ ਵਿਚ, ਭੀਖੀ ਵਿਚ, ਮੌੜ ਹਲਕੇ ਵਿਚ, ਕਮਾਲੂ ਵਿਚ ਅਤੇ ਇਕ ਦੋ ਹੋਰ ਥਾਂਵਾਂ 'ਤੇ ਵੀ ਖੁਦ ਉਨ੍ਹਾਂ ਦਰਸ਼ਨ ਦੀਦਾਰੇ ਕਰੇ।

ਪ੍ਰੋ. ਧਰਮਜੀਤ ਲਵਲੀ ਅਤੇ ਹਰਵੀਰ ਢਿੱਲੋਂ ਦੀਆਂ ਗਵਾਹੀਆਂ ਪੁਆ ਕੇ ਮੇਰਾ ਪਾਠਕਾਂ ਦੇ ਹੱਥ 'ਆਪ' ਦੀ ਹਾਰ ਜਾਂ ਕਾਂਗਰਸ ਦੀ ਚੁੰਧਿਆ ਦੇਣ ਵਾਲੀ ਇਤਿਹਾਸਕ ਜਿੱਤ ਪਿਛੇ ਕੰਮ ਕਰਦੇ 'ਰਹੱਸ' ਜਾਂ ਪਹੇਲੀ ਦੇ ਹੱਲ ਦੀ ਕੁੰਜੀ ਫੜਾ ਦੇਣ ਦਾ ਕੋਈ ਦਾਅਵਾ ਨਹੀਂ, ਸਗੋਂ ਹਕੀਕਤ ਇਹ ਹੈ ਕਿ ਤਲਵੰਡੀ ਸਾਬੋ ਤੋਂ ਅਕਾਲੀ ਦਲ ਦੇ ਜੀਤ ਮੁਹਿੰਦਰ ਸਿੰਘ ਵਰਗੇ ਦਿਗੰਬਰ ਉਮੀਦਵਾਰ ਨੂੰ ਆਮ ਆਦਮੀ ਦੀ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਨੇ ਕਰੀਬ 20,000 ਵੋਟਾਂ ਦੇ ਠੋਸ ਫਰਕ ਨਾਲ ਹਰਾਇਆ। ਜੀਤ ਮੁਹਿੰਦਰ ਸਿੰਘ ਚੋਣ ਅਖਾੜੇ ਦਾ 'ਗੁਰਜਧਾਰੀ ਪਹਿਲਵਾਨ' ਸੀ। ਉਸ ਨੇ ਇਹ ਸੀਟ ਪਹਿਲਾਂ ਆਜ਼ਾਦ ਉਮੀਦਵਾਰ ਵਜੋਂ ਅਤੇ ਕਾਂਗਰਸੀ ਟਿਕਟ 'ਤੇ ਵੀ ਜਿੱਤੀ ਹੋਈ ਸੀ। ਮਾਨਸਾ ਹਲਕੇ ਵਿਚ 'ਆਪ' ਦਾ ਦਰਵੇਸ਼ ਉਮੀਦਵਾਰ ਨਾਜ਼ਰ ਸਿੰਘ ਮਾਨਸ਼ਾਹੀਆ ਜੇਤੂ ਰਿਹਾ। ਫਿਰ ਇਸੇ ਤਰ੍ਹਾਂ ਮੌੜ ਹਲਕੇ ਵਿਚ 'ਆਪ' ਦੇ ਜਗਦੇਵ ਸਿੰਘ ਨੇ ਅਕਾਲੀ ਉਮੀਦਵਾਰ ਜਨਮੇਜਾ ਸਿੰਘ ਸੇਖੋਂ ਅਤੇ ਕਾਂਗਰਸ ਦੇ ਜੱਸੀ ਨੂੰ ਹਰਾਇਆ ਜਦੋਂ ਕਿ ਬਰਨਾਲਾ ਦੇ ਵੱਕਾਰੀ ਹਲਕੇ ਵਿਚ 'ਆਪ' ਦਾ ਗੁਰਮੀਤ ਸਿੰਘ ਉਰਫ ਮੀਤ ਹੇਅਰ ਕਾਂਗਰਸ ਦੇ ਕੇਵਲ ਢਿੱਲੋਂ ਵਰਗੇ ਧਨੰਤਰ ਉਮੀਦਵਾਰ ਨੂੰ ਹਰਾਉਣ ਵਿਚ ਸਫਲ ਰਿਹਾ। ਸ਼ਿਕਾਗੋ ਤੋਂ ਸਾਡੇ ਇਕ ਅਜ਼ੀਜ਼ ਜੈਰਾਮ ਸਿੰਘ (ਨੀਟੂ) ਕਾਹਲੋਂ ਨੇ ਕਿਹਾ ਕਿ ਕੌਣ ਕਹਿੰਦਾ ਹੈ ਕਿ 'ਆਪ' ਹਾਰ ਗਈ, 'ਆਪ' ਤਾਂ ਸਗੋਂ ਜਿੱਤੀ ਹੈ, ਹਾਰੇ ਤਾਂ ਬਾਦਲ (ਅਕਾਲੀ-ਭਾਜਪਾ) ਹਨ ਜਿਨ੍ਹਾਂ ਦੀਆਂ ਸੀਟਾਂ ਘਟ ਕੇ ਸਿਰਫ 18 ਰਹਿ ਗਈਆਂ ਹਨ।

ਵੋਟਾਂ ਦੀ ਖਰੀਦੋ-ਫਰੋਖਤ ਜੇ ਇਕੋ ਇਕ ਫੈਸਲਾਕੁਨ ਫੈਕਟਰ ਹੁੰਦਾ ਤਾਂ 'ਆਪ' ਉਮੀਦਵਾਰ ਕਦੰਤ ਅਜਿਹੇ ਸਖਤ ਚੋਣ ਮੈਦਾਨਾਂ ਵਿਚ ਜਿੱਤ ਸਕਦੇ ਸਨ ਨਹੀਂ! ਬੁਢਲਾਡਾ ਵਿਚ ਮਾਸਟਰ ਬੁੱਧ ਰਾਮ ਵਰਗੇ ਦਰਵੇਸ਼ਾਂ ਨੂੰ ਫਿਰ ਕਿਹਨੇ ਪੁੱਛਣਾ ਸੀ!...ਤੇ ਜੇ ਇਹ ਉਮੀਦਵਾਰ ਜਿੱਤੇ ਤਾਂ ਯਕੀਨਨ ਹੋਰ ਥਾਂਵਾਂ 'ਤੇ ਵੀ ਇਹ ਸੰਭਵ ਸੀ ਬਸ਼ਰਤੇ ਟਿਕਟਾਂ ਪ੍ਰੋ. ਬਲਜਿੰਦਰ ਕੌਰ ਅਤੇ ਨਾਜ਼ਰ ਸਿੰਘ ਮਾਨਸ਼ਾਹੀਆ ਜਿਹੇ ਉਮੀਦਵਾਰਾਂ ਨੂੰ ਦਿਤੀਆਂ ਜਾਂਦੀਆਂ। ਪਾਰਟੀ ਦੇ ਸਿਰ ਪ੍ਰਸ਼ਾਂਤ ਭੂਸ਼ਨ ਅਤੇ ਡਾ. ਦਲਜੀਤ ਸਿੰਘ ਜਿਹੇ ਲੋਕਾਂ ਦਾ ਸਾਇਆ ਹੁੰਦਾ। ਦੁਰਗੇਸ਼ ਪਾਠਕ ਦੇ ਨਾਲ ਜੇ ਸੁਮੇਲ ਸਿੰਘ ਸਿੱਧੂ ਅਤੇ ਡਾ. ਧਰਮਵੀਰ ਗਾਂਧੀ ਵਰਗੇ ਸੱਜਣ ਹੁੰਦੇ ਤਾਂ ਸੰਭਵ ਸੀ ਕਿ ਪੰਜਾਬ ਵਿਚ ਅੱਜ ਗੱਲਾਂ ਹੋਰ ਹੀ ਲਹਿਜੇ ਵਿਚ ਹੁੰਦੀਆਂ ਅਤੇ ਹਰਮੀਤ ਧਾਲੀਵਾਲ ਵਰਗੇ ਇਕ ਨਹੀਂ, ਬਲਕਿ ਅਨੇਕਾਂ ਮਿੱਤਰਾਂ ਨੂੰ ਸੁਪਨੇ ਵਿਚ 'ਇਹ ਕੀ ਹੋਇਆ ਯਾਰ! ਇਹ ਕੀ ਹੋਇਆ ਯਾਰ!' ਕਹਿੰਦਿਆਂ ਨਾ ਬੁੜ-ਬੁੜਾਉਣਾ ਪੈਂਦਾ। ਅਫਸੋਸ ਕੇਜਰੀਵਾਲ ਦੀ ਹਾਰ ਦਾ ਨਹੀਂ, ਅਫਸੋਸ ਤਾਂ ਆਪਣੇ ਹੀ ਅਸੂਲਾਂ ਦੀ ਕੀਮਤ 'ਤੇ ਉਸ ਦੀਆਂ ਕੁਤਾਹੀਆਂ ਉਤੇ ਹੈ। ਉਹ ਕੁਤਾਹੀਆਂ ਨਾ ਹੁੰਦੀਆਂ ਤਾਂ ਇਸ ਹਾਰ ਦੀ ਵੀ ਬੜੀ ਵੱਡੀ ਸ਼ਾਨ ਹੋਣੀ ਸੀ!

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਪਰਉਪਕਾਰੀ ਗੁਰੂ ਪਿਆਰੇ

ਇਹ ਪੰਕਤੀ ਭਾਈ ਗੁਰਦਾਸ ਦੀ ਚੌਥੀ ਵਾਰ ਦੀ ਪਹਿਲੀ ਪਉੜੀ ਦੀ ਆਖਰੀ ਪੰਕਤੀ ਹੈ, ਜਿਸ ਵਿਚ ਭਾਈ ਗੁਰਦਾਸ ਇਸ ਪਉੜੀ ਦੇ ਵਿਚਾਰ ਦਾ ਸਿੱਟਾ ਇਹ ਦੱਸ ਰਹੇ ਹਨ ਕਿ ਪਰਉਪਕਾਰ ਰਾਹੀਂ ਵਿਅਕਤੀ/ਸਿੱਖ ਗੁਰੂ ਦੇ ਪ੍ਰੇਮ ਦਾ ਭਾਗੀ ਬਣਦਾ ਹੈ। ਸਿੱਖ ਧਰਮ-ਚਿੰਤਨ ਵਿਚ ਪਰਉਪਕਾਰ ਨੈਤਿਕ ਫਰਜ਼ ਦੇ ਰੂਪ ਵਿਚ ਅਤੇ ਅਧਿਆਤਮਕ ਪ੍ਰਾਪਤੀ ਦੇ ਅਮਲੀ ਪ੍ਰਕਾਸ਼ਨ ਦਾ ਬਹੁਤ ਜ਼ਰੂਰੀ ਲੱਛਣ ਹੈ ਜਿਸ ਬਾਰੇ ਗੁਰੂ ਅਰਜਨ ਦੇਵ ਨੇ ਫੁਰਮਾਇਆ ਹੈ, "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥"

ਭਾਈ ਗੁਰਦਾਸ ਇਸ ਵਾਰ ਦਾ ਅਰੰਭ ਅਕਾਲ ਪੁਰਖ ਵੱਲੋਂ ਇਸ ਸ੍ਰਿਸ਼ਟੀ ਦੀ ਰਚਨਾ ਦੇ ਹਵਾਲੇ ਨਾਲ ਕਰਦੇ ਹਨ। ਉਹ ਦੱਸਦੇ ਹਨ ਕਿ ਅਕਾਲ ਪੁਰਖ ਨੇ ਇਸ ਬ੍ਰਹਿਮੰਡ ਨੂੰ ਪਰਗਟ ਰੂਪ ਦੇ ਕੇ ਹਵਾ, ਪਾਣੀ ਅਤੇ ਅੱਗ ਪੈਦਾ ਕੀਤੇ। ਉਸ ਨੇ ਧਰਤੀ ਅਤੇ ਅਕਾਸ਼ ਨੂੰ ਅਲੱਗ ਅਲੱਗ ਕਰਕੇ ਉਸ ਵਿਚ ਰੌਸ਼ਨੀ ਕਰਨ ਲਈ ਚੰਦ ਅਤੇ ਸੂਰਜ ਜਗਾ ਕੇ ਰੱਖ ਦਿੱਤੇ। ਫਿਰ ਉਸ ਨੇ ਜੀਵਾਂ ਦੀਆਂ ਚਾਰ ਖਾਣੀਆਂ-ਅੰਡਜ, ਜੇਰਜ, ਸੇਤਜ ਤੇ ਉਤਭੁਜ ਤੋਂ ਜੀਵਾਂ ਦੀਆਂ ਅਨੇਕ ਕਿਸਮਾਂ ਪੈਦਾ ਕੀਤੀਆਂ ਅਤੇ ਉਨ੍ਹਾਂ ਦੇ ਨਿਯਮ ਬਣਾ ਕੇ ਚੁਰਾਸੀ ਲੱਖ ਜੂਨਾਂ ਪੈਦਾ ਕੀਤੀਆਂ। ਇਸ ਤਰ੍ਹਾਂ ਇੱਕ ਇੱਕ ਜੂਨ ਵਿਚ ਅਣਗਿਣਤ ਜੀਵ ਜੰਤੂ ਪੈਦਾ ਕੀਤੇ। ਇਨ੍ਹਾਂ ਚੁਰਾਸੀ ਲੱਖ ਜੂਨਾਂ ਵਿਚ ਮਨੁੱਖਾ ਜੂਨ ਨੂੰ ਦੁਰਲੱਭ ਮੰਨਿਆ ਗਿਆ ਹੈ ਜੋ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਮਨੁੱਖ ਦੇ ਜਨਮ ਵਿਚ ਆਉਣਾ ਤਾਂ ਹੀ ਸਫਲ ਹੁੰਦਾ ਹੈ ਜੇ ਮਨੁੱਖ ਆਪਣਾ ਆਪ ਗੁਰੂ ਨੂੰ ਸਮਰਪਿਤ ਕਰਕੇ ਆਪਣਾ ਉਧਾਰ ਕਰਦਾ ਹੈ ਭਾਵ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦਾ ਹੈ।

ਗੁਰੂ ਅਰਜਨ ਦੇਵ ਇਸੇ ਸਬੰਧ ਵਿਚ ਦੱਸਦੇ ਹਨ, ਹੇ ਮਨੁੱਖ ਤੈਨੂੰ ਇਹ ਮਨੁੱਖ ਦਾ ਜਨਮ ਮਿਲਿਆ ਹੈ, ਇਹ ਉਸ ਅਕਾਲ ਪੁਰਖ ਨਾਲ ਮੇਲ ਕਰਨ ਦਾ ਇੱਕੋ ਇੱਕ ਮੌਕਾ ਹੈ। ਇਸ ਲਈ ਸਾਧਸੰਗਤਿ ਵਿਚ ਜਾ ਕੇ ਅਕਾਲ ਪੁਰਖ ਦਾ ਨਾਮ ਸਿਮਰਨ ਕਰ ਤਾਂ ਕਿ ਇਸ ਸੰਸਾਰ 'ਤੇ ਆਉਣਾ ਸਫਲ ਹੋ ਜਾਵੇ, "ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥"

ਭਾਈ ਗੁਰਦਾਸ ਸਮਝਾਉਂਦੇ ਹਨ ਕਿ ਇਸ ਮਨੁੱਖਾ ਜਨਮ ਨੂੰ ਸਫਲ ਕਰਨ ਲਈ ਸਤਿਸੰਗਤਿ ਵਿਚ ਜਾ ਕੇ ਆਪਣੀ ਸੁਰਤਿ ਗੁਰੂ ਦੇ ਸ਼ਬਦ ਨਾਲ ਇਕਸੁਰ ਕਰਨੀ ਚਾਹੀਦੀ ਹੈ। ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜਨੀ ਚਾਹੀਦੀ ਹੈ ਜਿਸ ਨਾਲ ਮਨ ਵਿਚ ਉਸ ਅਕਾਲ ਪੁਰਖ ਦੀ ਪ੍ਰੇਮਾ ਭਗਤੀ ਪੈਦਾ ਹੁੰਦੀ ਹੈ ਅਤੇ ਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਗੁਰੂ ਦੇ ਦੱਸੇ ਰਸਤੇ 'ਤੇ ਚੱਲਣਾ ਚਾਹੀਦਾ ਹੈ ਜਿਸ 'ਤੇ ਚੱਲਦਿਆਂ ਮਨੁੱਖ ਪਰਉਪਕਾਰੀ ਬਣਨ ਦੀ ਜਾਚ ਸਿੱਖਦਾ ਹੈ ਅਤੇ ਪਰਉਪਕਾਰੀ ਮਨੁੱਖ ਗੁਰੂ ਦਾ ਪਿਆਰਾ ਹੁੰਦਾ ਹੈ:

ਓਅੰਕਾਰਿ ਅਕਾਰੁ ਕਰਿ
ਪਉਣ ਪਾਣੀ ਬੈਸੰਤਰੁ ਧਾਰੇ।
ਧਰਤਿ ਅਕਾਸ ਵਿਛੋੜਿਅਨੁ
ਚੰਦੁ ਸੂਰੁ ਦੇ ਜੋਤਿ ਸਵਾਰੇ।
ਖਾਣੀ ਚਾਰਿ ਬੰਧਾਨ ਕਰਿ
ਲਖ ਚਉਰਾਸੀਹ ਜੂਨਿ ਦੁਆਰੇ।
ਇਕਸ ਇਕਸ ਜੂਨਿ ਵਿਚਿ
ਜੀਅ ਜੰਤੁ ਅਣਗਣਤ ਅਪਾਰੇ।
ਮਾਣਸ ਜਨਮੁ ਦੁਲੰਭੁ ਹੈ
ਸਫਲ ਜਨਮੁ ਗੁਰ ਸਰਣਿ ਉਧਾਰੇ।
ਸਾਧਸੰਗਤਿ ਗੁਰ ਸਬਦਿ ਲਿਵ ਭਾਇ
ਭਗਤਿ ਗੁਰ ਗਿਆਨ ਵੀਚਾਰੇ।
ਪਰਉਪਕਾਰੀ ਗੁਰੂ ਪਿਆਰੇ॥੧॥

ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਹਾ ਗਿਆ ਹੈ ਕਿਉਂਕਿ ਭਾਈ ਗੁਰਦਾਸ ਗੁਰੂ ਸਾਹਿਬਾਨ ਵੱਲੋਂ ਪਰਗਟ ਕੀਤੇ ਫਲਸਫੇ ਨੂੰ ਦ੍ਰਿਸ਼ਟਾਂਤਾਂ ਰਾਹੀਂ ਸੌਖਿਆਂ ਕਰਕੇ ਅਤੇ ਵਿਸਥਾਰ ਵਿਚ ਸਮਝਾਉਂਦੇ ਹਨ। ਗੁਰੂ ਨਾਨਕ ਸਾਹਿਬ ਨੇ ਰਾਗ ਬਿਲਾਵਲੁ ਵਿਚ ਅਕਾਲ ਪੁਰਖ ਵੱਲੋਂ ਕੀਤੀ ਰਚਨਾ ਦਾ ਵਰਨਣ ਕੀਤਾ ਹੈ ਕਿ ਉਸ ਸੱਚੀ ਪਰਮ ਹਸਤੀ ਨੇ ਆਪ ਹੀ ਆਪਣੇ ਹੱਥ ਲਾ ਕੇ ਇਸ ਬ੍ਰਹਿਮੰਡ ਦੀ ਰਚਨਾ ਰਚੀ। ਅੰਡੇ ਵਰਗੇ ਸ੍ਰਿਸ਼ਟੀ ਦੇ ਇਸ ਗੋਲਾਕਾਰ ਨੂੰ ਉਸ ਪਰਵਦਗਾਰ ਨੇ ਤੋੜ ਕੇ ਵਿਛੋੜ ਦਿੱਤਾ ਅਤੇ ਵਿਚਕਾਰ ਫਿਰ ਪੁਲਾੜ ਦੀ ਰਚਨਾ ਕਰ ਦਿੱਤੀ ਅਰਥਾਤ ਧਰਤੀ ਅਤੇ ਅਕਾਸ਼ ਬਣਾ ਕੇ ਅਲੱਗ ਅਲੱਗ ਟਿਕਾ ਦਿੱਤੇ। ਇਸ ਤਰ੍ਹਾਂ ਧਰਤੀ ਤੇ ਅਸਮਾਨ ਜੀਵਾਂ ਦੇ ਰਹਿਣ ਦੀ ਥਾਂ ਬਣਾਏ; ਰਾਤ ਤੇ ਦਿਨ, ਭੈ ਤੇ ਭਾਉ ਅਰਥਾਤ ਡਰ ਤੇ ਪ੍ਰੇਮ ਦੀ ਰਚਨਾ ਕੀਤੀ। ਉਹ ਅਕਾਲ ਪੁਰਖ ਜਿਸ ਨੇ ਇਸ ਬ੍ਰਹਿਮੰਡ ਦੀ ਰਚਨਾ ਕੀਤੀ ਹੈ, ਉਹ ਹੀ ਇਸ ਨੂੰ ਦੇਖਣ ਵਾਲਾ ਅਤੇ ਇਸ ਦੀ ਸੰਭਾਲ ਕਰਨ ਵਾਲਾ ਹੈ। ਉਸ ਤੋਂ ਬਿਨਾ ਹੋਰ ਕੋਈ ਵੀ ਸਿਰਜਣਹਾਰ ਨਹੀਂ ਹੈ:

ਆਪੇ ਸਚੁ ਕੀਆ ਕਰ ਜੋੜਿ॥
ਅੰਡਜ ਫੋੜਿ ਜੋੜਿ ਵਿਛੋੜਿ॥
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ॥
ਰਾਤਿ ਦਿਨੰਤੁ ਕੀਏ ਭਉ ਭਾਉ॥
ਜਿਨਿ ਕੀਏ ਕਰਿ ਵੇਖਣਹਾਰਾ॥
ਅਵਰੁ ਨ ਦੂਜਾ ਸਿਰਜਣਹਾਰਾ॥੩॥
(ਪੰਨਾ ੮੩੯)

ਪਰਉਪਕਾਰ ਦੀ ਤਰ੍ਹਾਂ ਹੀ ਹਲੀਮੀ ਜਾਂ ਨਿਮਰਤਾ ਨੂੰ ਵੀ ਸਿੱਖ ਨੈਤਿਕ ਸ਼ਾਸਤਰ ਵਿਚ ਬਹੁਤ ਲਾਜ਼ਮ ਅਤੇ ਵੱਡਾ ਸਦਾਚਾਰਕ ਗੁਣ ਮੰਨਿਆ ਗਿਆ ਹੈ ਜਿਸ ਨੇ ਮਨੁੱਖ ਦੇ ਅਮਲਾਂ ਵਿਚੋਂ ਪਰਗਟ ਹੋਣਾ ਹੈ। ਹਲੀਮ ਹੋਣਾ ਅਧਿਆਤਮਕ ਵਿਅਕਤੀ ਦੀ ਨਿਸ਼ਾਨੀ ਹੈ। ਅਗਲੀ ਪਉੜੀ ਵਿਚ ਭਾਈ ਗੁਰਦਾਸ ਧਰਤੀ ਦੇ ਦ੍ਰਿਸ਼ਟਾਂਤ ਰਾਹੀਂ ਇਸ ਗੁਣ ਦੀ ਵਿਆਖਿਆ ਕਰਦਿਆਂ ਕਹਿੰਦੇ ਹਨ ਕਿ ਧਰਤੀ ਨੇ ਨੀਵੀਂ ਹੋ ਕੇ ਆਪਣੇ ਆਪ ਵਿਚੋਂ 'ਮੈਂ' ਜਾਂ ਹਉਮੈ ਦੀ ਭਾਵਨਾ ਨੂੰ ਖਤਮ ਕਰ ਦਿੱਤਾ ਹੈ, ਆਪਣੇ ਥਾਂ ਪੱਕੀ ਤੇ ਸਥਿਰ ਹੈ ਅਤੇ ਆਪ ਨਿਮਾਣੀ ਹੋ ਕੇ ਪਰਉਪਕਾਰ/ਸੇਵਾ ਕਰ ਰਹੀ ਹੈ। ਅੱਗੇ ਧਰਤੀ ਦੀ ਨਿਮਰਤਾ ਦੇ ਗੁਣ ਅਤੇ ਉਸ ਦੇ ਪਰਉਪਕਾਰ ਦੱਸਦੇ ਹਨ ਕਿ ਧਰਤੀ ਦੇ ਅੰਦਰ ਧੀਰਜ, ਸਹਿਣਸ਼ੀਲਤਾ, ਧਰਮ, ਸੰਤੋਖ, ਸਬਰ ਹੈ। ਉਹ ਸਭ ਦੇ ਪੈਰਾਂ ਹੇਠ ਆ ਕੇ, ਲਿਤਾੜੀ ਜਾ ਕੇ ਵੀ ਦ੍ਰਿੜ ਹੈ ਅਤੇ ਉਸ ਦੇ ਅੰਦਰ ਪ੍ਰੀਤ ਦੀ ਲਗਨ ਲੱਗੀ ਰਹਿੰਦੀ ਹੈ, ਉਹ ਲਿਵਲੀਨ ਰਹਿੰਦੀ ਹੈ। ਸੰਤ ਪੁਰਸ਼ਾਂ, ਗੁਰੂਆਂ ਦੀ ਚਰਨ ਛੂਹ ਪ੍ਰਾਪਤ ਕਰਕੇ ਉਹ ਕੌਡੀ ਦੀ ਹੋ ਕੇ ਵੀ ਬੇਸ਼ਕੀਮਤੀ ਹੋ ਜਾਂਦੀ ਹੈ। ਪ੍ਰੇਮ ਅੰਮ੍ਰਿਤ ਵਰਸਣ ਨਾਲ ਉਹ ਸਰਸ਼ਾਰ ਹੋ ਜਾਂਦੀ ਹੈ। ਇਸ ਤਰ੍ਹਾਂ ਉਸ ਨੂੰ ਨਿਮਾਣੀ ਹੋਣ 'ਤੇ ਵੀ ਅਕਾਲ ਪੁਰਖ ਦਾ ਪ੍ਰੇਮ ਪਾ ਕੇ ਮਾਣ-ਸਤਿਕਾਰ ਮਿਲਦਾ ਹੈ ਜਿਸ ਨਾਲ ਉਹ ਪਤੀਜ ਜਾਂਦੀ ਹੈ, ਭਰਪੂਰ ਹੋ ਜਾਂਦੀ ਹੈ। ਧਰਤੀ ਵਿਚ ਜੋ ਵੀ ਬੀਜਿਆ ਜਾਂਦਾ ਹੈ, ਬੂਟੇ, ਫੁੱਲ, ਮਿੱਠਾ, ਕੌੜਾ, ਵਿਭਿੰਨ ਰੰਗਾਂ ਦਾ, ਸਭ ਦਾ ਫਲ ਉਹੋ ਜਿਹਾ ਹੀ ਪ੍ਰਾਪਤ ਹੋ ਜਾਂਦਾ ਹੈ ਅਰਥਾਤ ਜਿਹੋ ਜਿਹਾ ਬੀਜ ਬੀਜਦੇ ਹਾਂ, ਉਸ ਦਾ ਉਹੋ ਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ। ਇਸੇ ਤਰ੍ਹਾਂ ਗੁਰਮੁਖ ਵੀ ਧਰਤੀ ਦੀ ਨਿਆਈਂ ਆਪਣੀ ਹਲੀਮੀ ਅਤੇ ਨਿਮਰਤਾ ਕਾਰਨ ਸੁਖ-ਫਲ, ਖੁਸ਼ੀ ਪ੍ਰਾਪਤ ਕਰਦੇ ਹਨ:

ਸਭ ਦੂੰ ਨੀਵੀ ਧਰਤਿ ਹੈ
ਆਪੁ ਗਵਾਇ ਹੋਈ ਓਡੀਣੀ।
ਧੀਰਜੁ ਧਰਮੁ ਸੰਤੋਖੁ ਦ੍ਰਿੜੁ
ਪੈਰਾ ਹੇਠਿ ਰਹੈ ਲਿਵ ਲੀਣੀ।
ਸਾਧ ਜਨਾਂ ਦੇ ਚਰਣ ਛੁਹਿ
ਆਢੀਣੀ ਹੋਈ ਲਾਖੀਣੀ।
ਅੰਮ੍ਰਿਤ ਬੂੰਦ ਸੁਹਾਵਣੀ
ਛਹਬਰ ਛਲਕ ਰੇਣੁ ਹੋਇ ਰੀਣੀ।
ਮਿਲਿਆ ਮਾਣੁ ਨਿਮਾਣੀਐ
ਪਿਰਮ ਪਿਆਲਾ ਪੀਇ ਪਤੀਣੀ।
ਜੋ ਬੀਜੈ ਸੋਈ ਲੁਣੈ
ਸਭ ਰਸ ਕਸ ਬਹੁ ਰੰਗ ਰੰਗੀਣੀ।
ਗੁਰਮੁਖਿ ਸੁਖ ਫਲੁ ਹੈ ਮਸਕੀਣੀ॥੨॥

ਹਲੀਮੀ ਅਤੇ ਨਿਮਰਤਾ ਦੇ ਇਸੇ ਗੁਣ ਨੂੰ ਦੱਸਣ ਲਈ ਭਾਈ ਗੁਰਦਾਸ ਅਗਲਾ ਦ੍ਰਿਸ਼ਟਾਂਤ ਚਰਨ ਅਰਥਾਤ ਪੈਰਾਂ ਦਾ ਲੈਂਦੇ ਹਨ। ਉਹ ਦੱਸਦੇ ਹਨ ਕਿ ਮਨੁੱਖ ਦਾ ਸਰੀਰ ਮਿੱਟੀ ਵਾਂਗ ਹੈ ਪ੍ਰੰਤੂ ਇਸ ਵਿਚ ਮਨੁੱਖ ਦੀ ਜੀਭ ਵਡਿਆਈ ਯੋਗ ਹੈ (ਜੀਭ ਦੀ ਵਡਿਆਈ ਆਪਣੇ ਚੰਗੇ ਗੁਣਾਂ ਕਰਕੇ ਹੈ ਅਰਥਾਤ ਇਸ ਨਾਲ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ, ਮਿੱਠੇ ਬੋਲ ਬੋਲ ਸਕੀਦੇ ਹਨ)। ਮਨੁੱਖ ਦੇ ਸਰੀਰ ਵਿਚ ਦੋ ਅੱਖਾਂ ਵੀ ਵਡਿਆਈ ਯੋਗ ਹਨ ਕਿਉਂਕਿ ਉਨ੍ਹਾਂ ਸਦਕਾ ਇਸ ਸੰਸਾਰ ਦੀ ਵਿਭਿੰਨਤਾ ਨੂੰ ਨਿਹਾਰ ਸਕੀਦਾ ਹੈ। ਇਸੇ ਤਰ੍ਹਾਂ ਕੰਨ ਰਾਗ, ਨਾਦ ਅਰਥਾਤ ਆਵਾਜ਼ਾਂ ਸੁਣਨ ਦਾ ਕੰਮ ਦਿੰਦੇ ਹਨ, ਸਪਰਸ਼ ਨਾਲ ਪਹਿਚਾਣ ਕਰ ਸਕੀਦੀ ਹੈ। ਨੱਕ ਮਨੁੱਖ ਦੇ ਸਾਹ ਲੈਣ ਦੇ ਕੰਮ ਆਉਂਦਾ ਹੈ, ਉਸ ਵਿਚ ਵੱਖ ਵੱਖ ਤਰ੍ਹਾਂ ਦੀ ਖੁਸ਼ਬੋ ਜਾਂ ਬੋਅ ਨੂੰ ਸੁੰਘਣ ਦੀ ਸ਼ਕਤੀ ਹੈ। ਇਹ ਪੰਜੇ ਗਿਆਨ ਇੰਦ੍ਰੇ ਆਪੋ ਆਪਣੇ ਢੰਗ ਨਾਲ ਬੁਰੇ ਤਰੀਕੇ ਨਾਲ ਦੁਨਿਆਵੀ ਐਸ਼ ਵਿਚ ਮਸਤ ਰਹਿੰਦੇ ਹਨ।

ਸਭ ਤੋਂ ਨੀਵੇਂ ਸਥਾਨ ਤੇ ਮਨੁੱਖ ਦੇ ਚਰਨ ਹਨ ਜੋ ਆਪਣਾ ਆਪ ਗੁਆ ਕੇ ਭਾਵ ਹਉਮੈ ਤਿਆਗ ਕੇ ਚੰਗੇ ਭਾਗਾਂ ਵਾਲੇ, ਚੰਗੇ ਨਸੀਬਾਂ ਵਾਲੇ ਬਣ ਜਾਂਦੇ ਹਨ। ਸੱਚਾ ਗੁਰੂ ਆਪਣੀ ਹਿਕਮਤ ਰਾਹੀਂ ਮਨੁੱਖ ਅੰਦਰੋਂ ਹਉਮੈ ਦਾ ਰੋਗ ਦੂਰ ਕਰ ਦਿੰਦਾ ਹੈ (ਪੂਰੇ ਸਤਿਗੁਰੂ ਦੀ ਇਹੋ ਨਿਸ਼ਾਨੀ ਹੈ ਕਿ ਉਹ ਮਨੁੱਖ ਦੇ ਅੰਦਰੋਂ ਹਉਮੈ ਰੋਗ ਨੂੰ ਨਸ਼ਟ ਕਰ ਦਿੰਦਾ ਹੈ)। ਪੂਰੇ ਗੁਰੂ ਵਾਂਗ ਪੂਰਾ ਸਿੱਖ ਵੀ ਉਹ ਹੈ ਜੋ ਗੁਰੂ ਦੇ ਚਰਨਾਂ ਅੱਗੇ ਨਿਵਦਾ ਹੈ, ਉਸ ਦੇ ਚਰਨ ਛੂੰਹਦਾ ਹੈ, ਸਤਿਕਾਰ ਕਰਦਾ ਹੈ ਅਤੇ ਫਿਰ ਗੁਰੂ ਦੀ ਸਿੱਖਿਆ ਨੂੰ ਪੂਰੀ ਤਰ੍ਹਾਂ ਅਪਨਾ ਕੇ ਉਸ 'ਤੇ ਅਮਲ ਕਰਦਾ ਹੈ। ਆਖਰੀ ਪੰਕਤੀ ਵਿਚ ਭਾਈ ਗੁਰਦਾਸ ਨਤੀਜਾ ਇਹ ਕੱਢਦੇ ਹਨ ਕਿ ਜੋ ਮਨੁੱਖ ਆਪਣੀਆਂ ਲਾਲਸਾਵਾਂ ਨੂੰ ਮਾਰ ਕੇ, ਹਉਮੈ ਖਤਮ ਕਰਕੇ ਗੁਰੂ ਦੇ ਲੜ ਲੱਗਦਾ ਹੈ, ਹਲੀਮੀ ਨੂੰ ਧਾਰਨ ਕਰਕੇ ਗੁਰੂ ਦੀ ਸਿੱਖਿਆ 'ਤੇ ਚੱਲਦਾ ਹੈ, ਉਹ ਅਸਲੀ ਸਿੱਖ ਹੈ:

ਮਾਣਸ ਦੇਹ ਸੁ ਖੇਹ ਹੈ
ਤਿਸੁ ਵਿਚਿ ਜੀਭੈ ਲਈ ਨਕੀਬੀ।
ਅਖੀ ਦੇਖਨਿ ਰੂਪ ਰੰਗ
ਰਾਗ ਨਾਦ ਕੰਨ ਕਰਨਿ ਰਕੀਬੀ।
ਨਕਿ ਸੁਵਾਸੁ ਨਿਵਾਸੁ ਹੈ
ਪੰਜੇ ਦੂਤ ਬੁਰੀ ਤਰਤੀਬੀ।
ਸਭ ਦੂੰ ਨੀਵੇ ਚਰਣ ਹੋਇ
ਆਪੁ ਗਵਾਇ ਨਸੀਬੁ ਨਸੀਬੀ।
ਹਉਮੈ ਰੋਗੁ ਮਿਟਾਇਦਾ
ਸਤਿਗੁਰ ਪੂਰਾ ਕਰੈ ਤਬੀਬੀ।
ਪੈਰੀ ਪੈ ਰਹਰਾਸਿ ਕਰਿ
ਗੁਰ ਸਿਖ ਸੁਣਿ ਗੁਰ ਸਿਖ ਮਨੀਬੀ।
ਮੁਰਦਾ ਹੋਇ ਮਰੀਦੁ ਗਰੀਬੀ॥੩॥

ਇਸ ਤੋਂ ਅਗਲੀ ਪਉੜੀ ਵਿਚ ਹੱਥ ਦੀ ਚੀਚੀ ਉਂਗਲ ਦਾ ਦ੍ਰਿਸ਼ਟਾਂਤ ਦਿੱਤਾ ਹੈ ਕਿ ਛੋਟੀ ਹੋਣ 'ਤੇ ਵੀ ਉਸ ਨੂੰ ਵਡਿਆਈ ਮਿਲਦੀ ਹੈ (ਛੋਟੇ ਹੋਣਾ ਕੋਈ ਗੁਨਾਹ ਨਹੀਂ ਹੈ, ਛੋਟੇ ਹੋ ਕੇ ਵੀ ਆਪਣੇ ਗੁਣਾਂ ਰਾਹੀਂ ਵਡਿਆਈ ਪ੍ਰਾਪਤ ਕੀਤੀ ਜਾ ਸਕੀਦੀ ਹੈ)। ਭਾਈ ਗੁਰਦਾਸ ਕਹਿੰਦੇ ਹਨ ਕਿ ਚੀਚੀ ਉਂਗਲ ਵਿਚ ਛਾਪ ਪਾ ਕੇ ਇਸ ਨੂੰ ਮਾਣ ਬਖਸ਼ਿਆ ਜਾਂਦਾ ਹੈ। ਇਸੇ ਤਰ੍ਹਾਂ ਬੱਦਲ ਦੀ ਨਿੱਕੀ ਜਿਹੀ ਬੂੰਦ ਸਮੁੰਦਰ ਵਿਚ ਜਦੋਂ ਸਿੱਪ ਦੇ ਮੂੰਹ ਵਿਚ ਪੈਂਦੀ ਹੈ ਤਾਂ ਮੋਤੀ ਦੇ ਰੂਪ ਵਿਚ ਪਰਗਟ ਹੁੰਦੀ ਹੈ ਅਰਥਾਤ ਨਿੱਕੀ ਜਿਹੀ ਬੂੰਦ ਜਦੋਂ ਚੰਗੀ ਕਿਸਮਤ ਨਾਲ ਸਿੱਪ ਦੇ ਮੂੰਹ ਵਿਚ ਚਲੀ ਜਾਂਦੀ ਹੈ ਤਾਂ ਉਹ ਮੋਤੀ ਬਣ ਜਾਂਦੀ ਹੈ ਅਤੇ ਕੀਮਤੀ ਹੋ ਜਾਂਦੀ ਹੈ, ਉਸ ਨੂੰ ਮਾਣ ਪ੍ਰਾਪਤ ਹੁੰਦਾ ਹੈ। ਕੇਸਰ ਦਾ ਪੌਦਾ ਛੋਟਾ ਜਿਹਾ ਹੁੰਦਾ ਹੈ ਪਰ ਨਿੱਕਾ ਹੋਣ 'ਤੇ ਵੀ ਉਸ ਨੂੰ ਮਾਣ ਮਿਲਦਾ ਹੈ ਕਿਉਂਕਿ ਸ਼ੁਭ ਕਾਰਜ ਕਰਨ ਵੇਲੇ ਜਿਵੇਂ ਸ਼ਾਦੀ ਆਦਿ ਦੇ ਮੌਕੇ ਕੇਸਰ ਦਾ ਟਿੱਕਾ ਮੱਥੇ 'ਤੇ ਲਾਇਆ ਜਾਂਦਾ ਹੈ।

ਅਗਲਾ ਦ੍ਰਿਸ਼ਟਾਂਤ ਪਾਰਸ ਦੀ ਨਿੱਕੀ ਜਿਹੀ ਪੱਥਰੀ ਦਾ ਦਿੱਤਾ ਗਿਆ ਹੈ ਜਿਸ ਵਿਚ ਕਿੱਡਾ ਵੱਡਾ ਗੁਣ ਹੈ ਕਿ ਉਹ ਅੱਠ ਧਾਤੂਆਂ ਵਿਚੋਂ ਜਿਸ ਨਾਲ ਵੀ ਛੂਹ ਲਵੇ ਉਸ ਨੂੰ ਸੋਨੇ ਦਾ ਰੂਪ ਦੇ ਦਿੰਦੀ ਹੈ ਭਾਵ ਨਿਗੂਣੇ ਧਾਤੂ ਤੋਂ ਉਹ ਕੀਮਤੀ ਧਾਤ ਦਾ ਰੂਪ ਧਾਰ ਲੈਂਦਾ ਹੈ। ਇਸੇ ਤਰ੍ਹਾਂ ਛੋਟੇ ਸੱਪ ਦੇ ਮੱਥੇ ਵਿਚ ਮਣੀ ਵਰਗੀ ਕੀਮਤੀ ਚੀਜ਼ ਹੁੰਦੀ ਹੈ ਜਿਸ ਨੂੰ ਲੋਕੀਂ ਛੁਪ ਛੁਪ ਕੇ ਹੈਰਾਨ ਹੋ ਕੇ ਦੇਖਦੇ ਹਨ (ਪੁਰਾਣੇ ਮਿੱਥ ਅਨੁਸਾਰ ਸੱਪਾਂ ਦੀ ਕੋਈ ਕਿਸਮ ਮੰਨੀ ਜਾਂਦੀ ਹੈ ਜਿਸ ਦੇ ਸਿਰ 'ਤੇ ਮਣੀ ਹੁੰਦੀ ਹੈ, ਜੋ ਚਮਕਦੀ ਹੈ)। ਪਾਰੇ ਤੋਂ ਜੋ ਰੱਤੀ ਬਣਦੀ ਹੈ, ਉਸ ਦਾ ਕੋਈ ਮੁੱਲ ਨਹੀਂ ਅਰਥਾਤ ਪਾਰੇ ਨੂੰ ਭਸਮ ਕਰਕੇ ਉਸ ਤੋਂ ਮਨੁੱਖ ਨੂੰ ਜੀਵਨ ਦੇਣ ਵਾਲੀ ਕੀਮਤੀ ਦਵਾਈ ਤਿਆਰ ਕੀਤੀ ਜਾਂਦੀ ਹੈ। ਭਾਈ ਸਾਹਿਬ ਨਤੀਜਾ ਇਹ ਕੱਢਦੇ ਹਨ ਕਿ ਜੋ ਮਨੁੱਖ ਆਪਣੇ ਅੰਦਰੋਂ ਹਉਮੈ ਨੂੰ ਦੂਰ ਕਰ ਦਿੰਦੇ ਹਨ ਉਹ ਆਪਣੇ ਆਪ ਨੂੰ ਜਣਾਉਂਦੇ ਨਹੀਂ ਕਿ ਅਸੀਂ ਹਉਮੈ ਦੂਰ ਕਰ ਲਈ ਹੈ, ਇਸ ਲਈ ਮਹਾਨ ਹੋ ਗਏ ਹਨ:

ਲਹੁੜੀ ਹੋਇ ਚੀਚੁੰਗਲੀ
ਪੈਧੀ ਛਾਪ ਮਿਲੀ ਵਡਿਆਈ।
ਲਹੁੜੀ ਘਨਹਰ ਬੂੰਦ ਹੁਇ
ਪਰਗਟੁ ਮੋਤੀ ਸਿਪ ਸਮਾਈ।
ਲਹੁੜੀ ਬੂਟੀ ਕੇਸਰੈ
ਮਥੈ ਟਿਕਾ ਸੋਭਾ ਪਾਈ।
ਲਹੁੜੀ ਪਾਰਸ ਪਥਰੀ
ਅਸਟ ਧਾਤੁ ਕੰਚਨੁ ਕਰਵਾਈ।
ਜਿਉ ਮਣਿ ਲਹੁੜੇ ਸਪ ਸਿਰਿ
ਦੇਖੈ ਲੁਕਿ ਲੁਕਿ ਲੋਕ ਲੁਕਾਈ।
ਜਾਣਿ ਰਸਾਇਣੁ ਪਾਰਿਅਹੁ
ਰਤੀ ਮੁਲਿ ਨ ਜਾਇ ਮੁਲਾਈ।
ਆਪੁ ਗਵਾਇ ਨ ਆਪੁ ਗਣਾਈ॥੪॥

ਗੁਰਮਤਿ ਚਿੰਤਨ ਵਿਚ ਹਲੀਮੀ/ਨਿਮਰਤਾ ਨੂੰ ਬਹੁਤ ਵੱਡਾ ਅਤੇ ਜ਼ਰੂਰੀ ਗੁਣ ਮੰਨਿਆ ਗਿਆ ਹੈ। ਹਉਮੈ ਨੂੰ ਸਚਿਆਰ ਹੋਣ ਦੇ ਰਸਤੇ ਦੀ ਸਭ ਤੋਂ ਵੱਡੀ ਅੜਿਚਣ ਮੰਨਿਆ ਗਿਆ ਹੈ, ਇਹ ਅਧਿਆਤਮਕ ਪ੍ਰਾਪਤੀ ਦੇ ਰਸਤੇ ਦਾ ਸਭ ਤੋਂ ਵੱਡਾ ਰੋੜਾ ਹੈ। ਜਦੋਂ ਮਨੁੱਖ ਆਪਣੇ ਅੰਦਰੋਂ ਹਉਮੈ ਨੂੰ ਪੂਰੀ ਤਰ੍ਹਾਂ ਕੱਢ ਦਿੰਦਾ ਹੈ ਤਾਂ ਉਸ ਦੀ ਥਾਂ ਹਲੀਮੀ, ਨਿਮਰਤਾ ਮਨੁੱਖ ਦੇ ਅੰਦਰ ਆਪਣੇ ਆਪ ਆ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਾਰ ਵਾਰ ਇਸ ਤੱਥ ਦਾ ਜ਼ਿਕਰ ਹੈ।

ਗੁਰੂ ਅਰਜਨ ਦੇਵ ਇਸੇ ਸਬੰਧ ਵਿਚ ਮਨੁੱਖ ਨੂੰ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹਨ ਜਿਸ ਨਾਲ ਮਨ ਅੰਦਰੋਂ ਦੁੱਖ, ਕਲੇਸ਼, ਲੋਭ, ਮੋਹ ਅਤੇ ਅਹੰਕਾਰ ਦਾ ਤਾਪ ਦੂਰ ਹੋ ਜਾਂਦਾ ਹੈ, ਸਾਰੇ ਵਿਕਾਰ ਨਸ਼ਟ ਹੋ ਜਾਂਦੇ ਹਨ। ਉਹ ਮਨੁੱਖ ਨੂੰ ਹਉਮੈ ਦਾ ਤਿਆਗ ਕਰਕੇ ਸੰਤ ਜਨਾ ਅਰਥਾਤ ਗੁਰੂ ਦੇ ਚਰਨਾਂ ਵਿਚ ਟਿਕੇ ਰਹਿਣ ਦਾ ਉਪਦੇਸ਼ ਕਰਦੇ ਹਨ। ਇਸ ਨਾਲ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਸਾਰੇ ਪਾਪ ਦੂਰ ਹੋ ਜਾਂਦੇ ਹਨ:

ਰਮ ਰਾਮ ਰਾਮ ਰਾਮ ਜਾਪ॥
ਕਲਿ ਕਲੇਸ ਲੋਭ ਮੋਹ
ਬਿਨਸਿ ਜਾਇ ਅਹੰ ਤਾਪ॥੧॥ਰਹਾਉ॥
ਆਪੁ ਤਿਆਗਿ ਸੰਤ ਚਰਨ ਲਾਗਿ
ਮਨੁ ਪਵਿਤੁ ਜਾਹਿ ਪਾਪ॥੧॥
(ਪੰਨਾ ੧੩੪੧)

## ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੩**

ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ॥
ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ॥
ਗੁਰਮਤਿ ਸਾਚੀ ਸਾਚਾ ਵੀਚਾਰੁ॥
ਆਪੇ ਬਖਸੇ ਦੇ ਵੀਚਾਰੁ॥੧॥
ਹਰਿ ਨਾਮੁ ਅਚਰਜੁ ਪ੍ਰਭੁ ਆਪਿ ਸੁਣਾਏ॥
ਕਲੀ ਕਾਲ ਵਿਚਿ ਗੁਰਮੁਖਿ ਪਾਏ॥੧॥ਰਹਾਉ॥
ਹਮ ਮੂਰਖ ਮੂਰਖ ਮਨ ਮਾਹਿ॥
ਹਉਮੈ ਵਿਚਿ ਸਭ ਕਾਰ ਕਮਾਹਿ॥
ਗੁਰ ਪਰਸਾਦੀ ਹੰਉਮੈ ਜਾਇ॥
ਆਪੇ ਬਖਸੇ ਲਏ ਮਿਲਾਇ॥੨॥
ਬਿਖਿਆ ਕਾ ਧਨੁ ਬਹੁਤੁ ਅਭਿਮਾਨੁ॥
ਅਹੰਕਾਰਿ ਡੂਬੈ ਨ ਪਾਵੈ ਮਾਨੁ॥
ਆਪੁ ਛੋਡਿ ਸਦਾ ਸੁਖੁ ਹੋਈ॥
ਗੁਰਮਤਿ ਸਾਲਾਹੀ ਸਚੁ ਸੋਈ॥੩॥
ਆਪੇ ਸਾਜੇ ਕਰਤਾ ਸੋਇ॥
ਤਿਸੁ ਬਿਨੁ ਦੂਜਾ ਅਵਰੁ ਨ ਕੋਇ॥
ਜਿਸੁ ਸਚਿ ਲਾਏ ਸੋਈ ਲਾਗੈ॥
ਨਾਨਕ ਨਾਮਿ ਸਦਾ ਸੁਖੁ ਆਗੈ॥੪॥

ਸਤਿਗੁਰੂ ਆਖਦੇ ਹਨ, ਹੇ ਭਾਈ! ਇਹ ਨਹੀਂ ਦੱਸਿਆ ਜਾ ਸਕਦਾ ਕਿ ਉਸ ਮਾਲਕ ਪ੍ਰਭੂ ਦਾ ਨਾਮ ਕਿਸ ਮੁੱਲ ਵੱਟੇ ਮਿਲ ਸਕਦਾ ਹੈ ਤੇ ਕਿੰਨਾ ਮਹਿੰਗਾ ਹੈ। ਹੇ ਭਾਈ! ਉਹ ਮਨੁੱਖ ਧੰਨ ਹਨ ਜਿਨ੍ਹਾਂ ਨੇ ਲਿਵ ਉਸ ਪ੍ਰਭੂ ਨਾਮ 'ਚ ਜੋੜੀ ਹੋਈ ਹੈ। ਜਿਹੜਾ ਮਨੁੱਖ ਸੱਚੇ ਗੁਰੂ ਦੀ ਸੱਚੀ ਮੱਤ ਪੱਲੇ ਬੰਨ੍ਹ ਲੈਂਦਾ ਹੈ, ਉਹ ਸੱਚੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਅੰਦਰ ਵਸਾ ਲੈਂਦਾ ਹੈ। ਇਹ ਵਿਚਾਰ ਵੀ ਪ੍ਰਭੂ ਕਿਰਪਾ ਨਾਲ ਹੀ ਮਿਲਦੀ ਹੈ।

ਗੁਰੂ ਅਮਰਦਾਸ ਸਮਝਾਉਂਦੇ ਹਨ, ਹੇ ਭਾਈ! ਪ੍ਰਭੂ ਦਾ ਨਾਮ ਹੈਰਾਨ ਕਰ ਦੇਣ ਵਾਲੀ ਤਾਕਤ ਰੱਖਦਾ ਹੈ, ਪਰ ਇਹ ਨਾਮ ਪ੍ਰਭੂ ਆਪ ਹੀ ਕਿਸੇ ਨੂੰ ਸੁਣਾਉਂਦਾ; ਇਸ ਕਲ੍ਹਾ ਤੇ ਕਲੇਸ਼ ਨਾਲ ਭਰੇ ਜੀਵਨ ਵਿਚ ਉਹੀ ਹਰੀ ਨਾਮ ਦੀ ਦਾਤ ਪਾ ਸਕਦਾ ਹੈ, ਜੋ ਗੁਰੂ ਦੇ ਸਨਮੁਖ ਰਹਿੰਦਾ ਹੈ।

ਹਮ ਮੂਰਖ ਮੂਰਖ ਮਨ ਮਾਹਿ॥
ਹਉਮੈ ਵਿਚਿ ਸਭ ਕਾਰ ਕਮਾਹਿ॥
ਗੁਰ ਪਰਸਾਦੀ ਹੰਉਮੈ ਜਾਇ॥
ਆਪੇ ਬਖਸੇ ਲਏ ਮਿਲਾਇ॥੨॥

ਸਤਿਗੁਰੂ ਆਖਦੇ ਹਨ, ਹੇ ਭਾਈ! ਅਸੀਂ ਜੀਵ ਤਾਂ ਆਪਣਾ ਹਰ ਕੰਮ ਹਉਮੈ ਦੇ ਆਸਰੇ ਹੀ ਕਰਦੇ ਹਾਂ; ਸੋ, ਜੇ ਅਸੀਂ ਜ਼ਰਾ ਸੋਚ ਕੇ ਵਿਚਾਰ ਕਰੀਏ ਤਾਂ ਇਸ ਹਉਮੈ ਕਾਰਨ ਅਸੀਂ ਤਾਂ ਨਿਰੋਲ ਮੂਰਖ ਹਾਂ। ਇਹ ਹਉਮੈ ਸਾਡੇ ਅੰਦਰੋਂ ਗੁਰੂ ਦੀ ਮਿਹਰ ਨਾਲ ਹੀ ਦੂਰ ਹੋ ਸਕਦੀ ਹੈ, ਪਰ ਉਹ ਪ੍ਰਭੂ ਗੁਰੂ ਵੀ ਉਸੇ ਜੀਵ ਨੂੰ ਮਿਲਾਉਂਦਾ ਹੈ ਜਿਸ ਉਤੇ ਆਪਣੀ ਕਿਰਪਾ ਕਰਦਾ ਹੈ।

ਗੁਰਦੇਵ ਪਿਤਾ ਆਖਦੇ ਹਨ, ਹੇ ਭਾਈ! ਇਹ ਜ਼ਹਿਰ ਰੂਪੀ ਜੋ ਦੁਨਿਆਵੀ ਧਨ ਹੈ, ਇਹ ਮਨੁੱਖ ਦੇ ਅੰਦਰ ਬਹੁਤ ਹੰਕਾਰ ਪੈਦਾ ਕਰਦਾ ਹੈ; ਤੇ ਜੋ ਮਨੁੱਖ ਸਦਾ ਹੀ ਹੰਕਾਰ 'ਚ ਡੁੱਬਾ ਰਹਿੰਦਾ ਹੈ, ਉਹ ਪ੍ਰਭੂ ਦੀ ਦਰਗਾਹ ਵਿਚ ਕਦੀ ਵੀ ਮਾਣ-ਸਤਿਕਾਰ ਨਹੀਂ ਪਾ ਸਕਦਾ। ਸੁਣੋ ਭਾਈ! ਆਪਾ ਤਿਆਗ ਕੇ ਹੀ ਆਤਮਿਕ ਅਨੰਦ ਮਿਲਦਾ ਹੈ, ਮੈਂ ਤਾਂ ਗੁਰੂ ਦੀ ਮੱਤ ਲੈ ਕੇ ਪ੍ਰਭੂ ਦੀ ਸਿਫਤ ਸਾਲਾਹ ਕਰਦਾ ਹਾਂ।

ਆਪੇ ਸਾਜੇ ਕਰਤਾ ਸੋਇ॥
ਤਿਸੁ ਬਿਨੁ ਦੂਜਾ ਅਵਰੁ ਨ ਕੋਇ॥
ਜਿਸੁ ਸਚਿ ਲਾਏ ਸੋਈ ਲਾਗੈ॥
ਨਾਨਕ ਨਾਮਿ ਸਦਾ ਸੁਖੁ ਆਗੈ॥੪॥

ਸਤਿਗੁਰੂ ਆਖਦੇ ਹਨ, ਹੇ ਭਾਈ! ਉਹ ਕਰਤਾ, ਭਾਵ ਸਭ ਕੁਝ ਕਰਨ ਵਾਲਾ ਕਰਤਾਰ ਆਪ ਹੀ ਸਾਰੀ ਸ੍ਰਿਸ਼ਟੀ ਨੂੰ ਸਾਜਦਾ ਹੈ; ਉਸ ਮਾਲਕ ਤੋਂ ਬਿਨਾ ਹੋਰ ਕੋਈ ਦੂਜਾ ਇੱਡੀ ਵੱਡੀ ਸਮਰਥਾ ਵਾਲਾ ਨਹੀਂ ਹੈ; ਉਹ ਕਰਤਾ ਪ੍ਰਭੂ ਜਿਸ ਜੀਵ ਨੂੰ ਸੱਚੇ ਨਾਮ ਵਿਚ ਲਾਉਂਦਾ ਹੈ, ਉਹੀ ਲੱਗਦਾ ਹੈ। ਨਾਨਕ, ਸੱਚੇ ਨਾਮ ਵਿਚ ਲੱਗਿਆਂ ਲੋਕ ਪਰਲੋਕ ਵਿਚ ਸੁੱਖ ਮਿਲਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਪੁਜਾਰੀ ਬਨਾਮ ਗਿਆਨ

ਜਦ ਵੀ ਬੰਦਾ ਗਿਆਨ ਵੱਲ ਨੂੰ ਆਇਆ ਹੈ।
ਤਦੇ ਪੁਜਾਰੀ ਚੀਕ-ਚਿਹਾੜਾ ਪਾਇਆ ਹੈ।
ਆਪਣੇ ਮਤਲਬ ਖਾਤਿਰ ਬੰਦਾ ਵਰਤਣ ਲਈ,
ਸੋਚ-ਵਿਹੂਣਾ ਰੱਖਣਾ ਹੀ ਉਸ ਚਾਹਿਆ ਹੈ।
ਖਲਕਤ ਕਾਬੂ ਕਰਨ ਲਈ ਵੰਡ ਕੇ ਜਾਤਾਂ ਵਿਚ,
ਖੁਦ ਨੂੰ ਸਭ ਤੋਂ ਉਚਾ ਵਰਗ ਸਦਾਇਆ ਹੈ।
ਉਸ ਨੇ ਖੁਦੀ ਖਿਲਾਫ ਬਗਾਵਤ ਕੁਚਲਣ ਲਈ,
ਸਰਕਾਰਾਂ ਨਾਲ ਸਦਾ ਯਾਰਾਨਾ ਲਾਇਆ ਹੈ।

ਅੰਧ-ਵਿਸ਼ਵਾਸੀ ਭਾਵਨਾਵਾਂ ਭੜਕਾਵਣ ਦਾ,
ਰਚ ਕੇ ਉਨ੍ਹਾਂ ਢੀਠ ਕਾਨੂੰਨ ਬਣਾਇਆ ਹੈ।
ਕੱਚੀ ਨੀਂਦ ਉਠਾਲ ਸੁੱਤੇ ਭਗਤਾਂ ਨੂੰ,
ਦੂਹਰਾ ਗੱਫਾ ਨਸ਼ਿਆਂ ਦਾ ਵਰਤਾਇਆ ਹੈ।

ਹਰ ਹੀਲੇ ਹੀ ਉਲੂ ਸਿੱਧਾ ਰੱਖਣ ਲਈ,
ਸ਼ਰਧਾ-ਉਲੂ ਦਾ ਸੰਕਲਪ ਚਲਾਇਆ ਹੈ।
ਲੁੱਟਣ-ਕੁੱਟਣ ਦੇ ਲਈ ਭੋਲੇ ਕਿਰਤੀ ਨੂੰ,
ਪੁੰਨ-ਪਾਪ ਦੇ ਚੱਕਰਾਂ ਵਿਚ ਉਲਝਾਇਆ ਹੈ।

ਪੁਸ਼ਤਾਂ ਤੱਕ ਦੀ ਰੋਜ਼ੀ ਪੱਕਿਆਂ ਕਰਨ ਲਈ,
ਪਾਠ-ਪੂਜਾ ਦਾ ਸਦਾ ਵਪਾਰ ਚਲਾਇਆ ਹੈ।
ਗੁਰੂਆਂ ਦੀ ਸਿੱਖਿਆ ਨਾ ਬੰਦਾ ਸਮਝ ਲਵੇ,
ਗੁਰ-ਉਪਦੇਸ਼ ਨੂੰ ਮੰਤਰ ਆਖ ਘੁਮਾਇਆ ਹੈ।
ਮਿਹਨਤਕਸ਼ ਦੀ ਕਿਰਤ ਤੇ ਸਦਾ ਪੁਜਾਰੀ ਨੇ,
ਮੁੱਢ-ਕਦੀਮੋਂ ਕਬਜ਼ਾ ਇੰਜ ਜਮਾਇਆ ਹੈ।
ਜਨਮ ਜਨਮ ਦੇ ਚੱਕਰਾਂ ਵਿਚ ਉਲਝਾ ਉਸ ਨੇ,
ਮਿਲਿਆ ਜਨਮ ਵੀ ਨਰਕੀਂ ਅੱਜ ਪੁਚਾਇਆ ਹੈ।

*-ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

# ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦਾ ਪੁਰਾਤਨ ਰੰਗ

*ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਜਿਥੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਸਾਜਿਆ ਅਤੇ ਲੋਕਾਈ ਨੂੰ ਜੀਵਨ ਜਾਚ ਦਾ ਇਕ ਰਾਹ ਦਿਖਾਇਆ, ਉਥੇ ਹੋਲੇ ਮਹੱਲੇ ਦਾ ਆਪਣਾ ਹੀ ਰੰਗ ਹੁੰਦਾ ਹੈ। ਸਿੱਖ ਤਿੰਨ ਸਦੀਆਂ ਤੋਂ ਹੋਲਾ ਮਹੱਲਾ ਪੂਰੇ ਜਲੌਅ ਨਾਲ ਮਨਾਉਂਦੇ ਆ ਰਹੇ ਹਨ। ਸਮੇਂ ਦੇ ਨਾਲ ਇਸ ਵਿਚ ਤਬਦੀਲੀ ਵੀ ਆਉਂਦੀ ਰਹੀ ਹੈ। ਇਸ ਲੇਖ ਵਿਚ ਡਾ. ਗੁਰਦੇਵ ਸਿੰਘ ਸਿੱਧੂ ਨੇ ਹੋਲੇ ਮਹੱਲੇ ਬਾਰੇ ਕੁਝ ਖਾਸ ਗੱਲਾਂ ਕੀਤੀਆਂ ਹਨ ਤੇ ਮੁੱਢ ਤੋਂ ਹੁਣ ਤੱਕ ਦੇ ਹੋਲੇ ਮਹੱਲੇ ਬਾਰੇ ਵਿਚਾਰ ਸਾਂਝੇ ਕੀਤੇ ਹਨ। -ਸੰਪਾਦਕ*

ਗੁਰੂ ਗੋਬਿੰਦ ਸਿੰਘ ਦੁਆਰਾ ਹੋਲੀ ਦੇ ਤਿਉਹਾਰ ਦੀਆਂ ਰੋਮਾਂਚਕ ਬਿਰਤੀਆਂ ਦੀ ਥਾਂ ਸੂਰਮਗਤੀ ਦੀਆਂ ਭਾਵਨਾਵਾਂ ਉਜਾਗਰ ਕਰਨ ਲਈ ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਮਨਾਉਣਾ ਸ਼ੁਰੂ ਕੀਤਾ ਗਿਆ। ਮਨਾਏ ਗਏ ਪਹਿਲੇ ਹੋਲੇ ਮਹੱਲੇ ਬਾਰੇ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਆਪਣੀ ਪੁਸਤਕ 'ਅਨੰਦਪੁਰ ਸਾਹਿਬ' ਵਿਚ ਲਿਖਿਆ ਹੈ, "24 ਫਰਵਰੀ ਤੋਂ 2 ਮਾਰਚ 1702 ਤਕ ਅਨੰਦਪੁਰ ਸਾਹਿਬ ਵਿਚ ਬਹੁਤ ਰੌਣਕਾਂ ਰਹੀਆਂ। ਇਨ੍ਹੀਂ ਦਿਨੀਂ ਹਿੰਦੂ ਹੋਲੀ ਦਾ ਤਿਉਹਾਰ ਮਨਾ ਰਹੇ ਸਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਇਸ ਬੇਮਾਅਨਾ ਰਸਮ ਤੋਂ ਬਚਣ ਵਾਸਤੇ ਸਿੱਖਿਆ ਦਿੱਤੀ। ਉਨ੍ਹਾਂ ਨੇ 3 ਮਾਰਚ 1702 ਦੇ

**ਡਾ. ਗੁਰਦੇਵ ਸਿੰਘ ਸਿੱਧੂ**
ਫੋਨ: +91-94170-49417

ਦਿਨ ਹੋਲਾ ਮਹੱਲਾ ਮਨਾਇਆ। ਇਸ ਦਿਨ ਸਾਰੇ ਸਿੱਖ ਕਿਲ੍ਹਾ ਅਨੰਦਗੜ੍ਹ ਆ ਪੁੱਜੇ। ਇਥੇ ਆ ਕੇ ਅਰਦਾਸ ਕਰਨ ਮਗਰੋਂ ਸ਼ਬਦ ਪੜ੍ਹਦੇ ਹੋਏ ਸਿੰਘ ਕਿਲ੍ਹਾ ਹੋਲਗੜ੍ਹ ਤਕ ਪੁੱਜੇ। ਸੁਰਮਈ ਦਸਤਾਰਾਂ ਦਾ ਜਲੂਸ ਕਾਲੀਆਂ ਘਟਾਵਾਂ ਵਾਂਗ ਸਜਿਆ ਹੋਇਆ ਜਾਪਦਾ ਸੀ। ਜਲੂਸ ਨੇ ਹੋਲਗੜ੍ਹ ਪਹੁੰਚ ਕੇ ਸ਼ਬਦ ਪੜ੍ਹੇ ਤੇ ਫੇਰ ਵਾਪਸੀ ਅਨੰਦਗੜ੍ਹ ਵੱਲ ਕੀਤੀ। ਉਸ ਦਿਨ ਘੋੜ ਸਵਾਰੀ, ਨੇਜੇਬਾਜ਼ੀ, ਤਲਵਾਰਬਾਜ਼ੀ, ਗਤਕਾ, ਗੁਰੀਲਾ ਲੜਾਈ ਅਤੇ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਉਸ ਦਿਨ ਤੋਂ ਸਿੱਖਾਂ ਨੇ ਹਰ ਸਾਲ ਹੋਲਾ ਮਹੱਲਾ ਮਨਾਉਣਾ ਸ਼ੁਰੂ ਕੀਤਾ ਜੋ ਅੱਜ ਤਕ ਜਾਰੀ ਹੈ।"

ਉਦੋਂ ਇਸ ਉਤਸਵ ਦਾ ਕੇਂਦਰੀ ਸਥਾਨ ਕਿਲ੍ਹਾ ਹੋਲਗੜ੍ਹ ਸੀ। ਸਰੂਪ ਸਿੰਘ ਕਸ਼ਿਸ਼ ਰਚਿਤ 'ਗੁਰੂ ਕੀਆਂ ਸਾਖੀਆਂ' ਵਿਚ ਹੋਲੇ ਮਹੱਲੇ ਬਾਰੇ ਦੱਸਿਆ ਗਿਆ ਹੈ, "ਇਸੀ ਵਰਖ ਪਿਛਲੇ ਸਾਲ ਕੀ ਤਰਹ ਹੋਲੀਆਂ ਕੇ ਦਿਹੁੰ ਮੇਂ ਕਿਲ੍ਹਾ ਹੋਲਗੜ੍ਹ ਕੇ ਨਜ਼ਦੀਕ ਬੜੀ ਚਹਿਲ ਪਹਿਲ ਹੁਈ। ਖ਼ਾਲਸਾ ਆਪਸ ਮੇਂ ਟੋਲੀਆਂ ਬਨਾਇ ਫਲਗੁਨ ਸੁਦੀ ਅਸ਼ਟਮੀ ਸੇ ਪੂਰਨਮਾਂ ਤੀਕ ਸ਼ਸ਼ ਕਿਲ੍ਹਾ ਅਨੰਦਗੜ੍ਹ ਸੇ ਬਾਹਰ ਕਿਲਾ ਲੋਹਗੜ੍ਹ ਕੇ ਨਜ਼ਦੀਕ ਬੜੀਆਂ ਰੌਣਕਾਂ ਰਹੀਆਂ। ਇਸ ਉਪਰੰਤ ਖਾਲਸਾ ਹੋਲਗੜ੍ਹ ਕੀ ਤਰਫ ਆਇਆ। ਪਿਰਥਮੈਂ ਪਾਂਚ ਨਿਸ਼ਾਨਚੀ ਇਨ ਕੈ ਪੀਛੇ ਪਾਂਚ ਪਿਆਰੇ, ਜਿਨ ਕੇ ਹਾਥੋਂ ਮੇਂ ਲੰਮੀਆਂ ਕਿਰਪਾਨਾਂ ਪਕੜੀਆਂ ਹੋਈਆਂ ਸਨ... ਇਸ ਤਰਹ ਖ਼ਾਲਸਈ ਦਰਿਆ ਠਾਠਾਂ ਮਾਰਦਾ ਹੋਇਆ ਪੂਰੇ ਜੋਬਨ ਸੇ ਹੋਲਗੜ੍ਹ ਕੇ ਮੈਦਾਨ ਮੇਂ ਜਾਇ ਪਹੁੰਚਾ।"

'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਅਨੁਸਾਰ, "ਹੋਲੇ ਮਹੱਲੇ ਵਾਲੇ ਦਿਨ ਖਾਲਸੇ ਨੂੰ ਦੋ ਦਲਾਂ ਵਿਚ ਵੰਡ ਕੇ, ਦਸਮ ਪਾਤਸ਼ਾਹ ਮਸਨੂਈ ਯੁੱਧ ਕਰਵਾਇਆ ਕਰਦੇ ਸਨ। ਇਕ ਦਲ ਨਿਸ਼ਚਿਤ ਸਥਾਨ ਉਤੇ ਕਾਬਜ਼ ਹੋ ਜਾਂਦਾ, ਦੂਜਾ ਉਸ ਉਤੇ ਹਮਲਾ ਕਰ ਕੇ ਕਿਲ੍ਹਾ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਨਕਲੀ ਯੁੱਧ ਦੁਆਰਾ ਯੁੱਧ-ਜੁਗਤੀ ਤੇ ਪੈਂਤਰੇਬਾਜ਼ੀ ਦਾ ਅਭਿਆਸ ਹੁੰਦਾ। ਯੁੱਧ ਦੇ



ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਉ ਹੁੰਦਾ, ਜੈਕਾਰੇ ਗੂੰਜਦੇ ਅਤੇ ਫ਼ਤਹਿ ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ।"

ਦਸੰਬਰ 1704 ਵਿਚ ਪਹਾੜੀ ਰਾਜਿਆਂ ਤੇ ਮੁਗ਼ਲ ਸੈਨਾ ਦੀਆਂ ਸਹੁੰਆਂ ਉਤੇ ਭਰੋਸਾ ਕਰ ਕੇ ਗੁਰੂ ਗੋਬਿੰਦ ਸਿੰਘ ਅਨੰਦਪੁਰ ਤੋਂ ਚਲੇ ਗਏ ਤਾਂ ਮੁਗ਼ਲ ਸੈਨਾ ਦੇ ਡਰੋਂ ਇਥੋਂ ਦੇ ਵਾਸੀਆਂ ਨੇ ਵੀ ਅਨੰਦਪੁਰੋਂ ਚਲੇ ਜਾਣ ਵਿਚ ਭਲਾਈ ਸਮਝੀ। ਇੰਜ ਇਕ ਵਾਰ ਹੋਲਾ ਮਹੱਲਾ ਮਨਾਉਣ ਦੀ ਨਿਰੰਤਰਤਾ ਵਿਚ ਵਿਘਨ ਤਾਂ ਪੈ ਗਿਆ, ਪਰ ਸਿੱਖ ਇਸ ਨੂੰ ਭੁੱਲੇ ਨਹੀਂ। ਔਖੇ ਸਮਿਆਂ ਵਿਚ ਵੀ ਜਦੋਂ ਦਾਅ ਲੱਗਦਾ, ਉਹ ਹੋਲਾ ਮਹੱਲਾ ਮਨਾਉਂਦੇ ਰਹੇ। ਗਿਆਨੀ ਗਿਆਨ ਸਿੰਘ ਨੇ 'ਤਵਾਰੀਖ਼ ਗੁਰੂ ਖ਼ਾਲਸਾ' ਵਿਚ ਲਿਖਿਆ, "ਸਰਹੰਦ ਦੇ ਸੂਬੇਦਾਰ ਸਦੀਕ ਬੇਗ ਨੂੰ ਭਾਂਜ ਦੇ ਕੇ ਅਤੇ ਰੋਪੜੀਏ ਪਠਾਣਾਂ ਤੇ ਨਾਲਾਗੜ੍ਹੀਏ ਰਾਜਾ ਤੋਂ ਨਜ਼ਰਾਨਾ ਲੈ ਕੇ ਸਿੰਘਾਂ ਨੇ ਸੰਮਤ 1813 ਬਿਕਰਮੀ ਨੂੰ ਅਨੰਦਪੁਰ ਦੇ ਹੋਲੇ ਮੇਲੇ ਵਿਚ ਗੁਲਾਲ ਤੇ ਗੁਟਕੇ ਜਾ ਉਡਾਏ।"

ਮਾਰਚ 1763 ਦੇ ਹੋਲੇ ਸਮੇਂ ਵੀ ਅਨੰਦਪੁਰ ਵਿਚ ਰੌਣਕਾਂ ਲੱਗੀਆਂ, ਜਦੋਂ ਸਰਦਾਰ ਤਾਰਾ ਸਿੰਘ ਗੈਬਾ ਸਰਹਿੰਦ ਵੱਲ ਜਾ ਰਹੀ ਸ਼ਾਹੀ ਸੈਨਿਕ ਟੋਲੀ ਨੂੰ ਮੋਰਿੰਡੇ ਦੇ ਸਥਾਨ ਉਤੇ ਹਰਾ ਕੇ ਇਸ ਉਤਸਵ 'ਚ ਸ਼ਾਮਲ ਹੋਇਆ ਸੀ। ਇਸ ਅਰਸੇ ਵਿਚ ਅਨੰਦਪੁਰ ਆ ਵਸੇ ਗੁਰੂ-ਅੰਸ਼ ਸੋਢੀ ਸ਼ਾਮ ਸਿੰਘ ਦੇ ਚਾਰ ਪਰਿਵਾਰਾਂ ਨੇ ਅਨੰਦਪੁਰ ਦੀ ਖੁੱਸ ਚੁੱਕੀ ਸ਼ਾਨੋ ਸ਼ੌਕਤ ਬਹਾਲ ਕਰਨ ਵੱਲ ਧਿਆਨ ਦਿੱਤਾ, ਪਰ ਕਿਸੇ ਕਾਰਨ ਹੋਲੇ ਮਹੱਲੇ ਦੇ ਜਲੂਸ ਦਾ ਰਸਤਾ ਬਦਲ ਦਿੱਤਾ ਗਿਆ। ਹੁਣ ਇਹ ਮਹੱਲਾ ਗੁਰਦੁਆਰਾ ਸ੍ਰੀ ਕੇਸਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਨਦੀ ਚਰਨ ਗੰਗਾ ਦੇ ਕੰਢੇ ਖੁੱਲ੍ਹੇ ਮੈਦਾਨ ਵਿਚ ਪੁੱਜਦਾ ਤੇ ਉਥੇ ਸ਼ਸਤਰ ਵਿਦਿਆ ਦੇ ਹੁਨਰ ਦੀ ਨੁਮਾਇਸ਼ ਪਿੱਛੋਂ ਵਾਪਸ ਕੇਸਗੜ੍ਹ ਸਾਹਿਬ ਆ ਕੇ ਸਮਾਪਤ ਹੁੰਦਾ। ਸਿੱਖ ਸਰਦਾਰਾਂ ਦੀ ਸਰਪ੍ਰਸਤੀ ਕਾਰਨ ਅਨੰਦਪੁਰ ਵਾਸੀ ਸੋਢੀਆਂ ਦੀ ਜਾਇਦਾਦ 'ਚ ਬੇਅੰਤ ਵਾਧਾ ਹੋਇਆ। 1845-46 ਦੌਰਾਨ ਸਿੱਖਾਂ ਤੇ ਅੰਗਰੇਜ਼ਾਂ ਵਿਚਾਲੇ ਹੋਏ ਪਹਿਲੇ ਯੁੱਧ ਵਿਚ ਸੋਢੀਆਂ ਵੱਲੋਂ ਲਾਹੌਰ ਦਰਬਾਰ ਦਾ ਪੱਖ ਪੂਰਨ ਤੋਂ ਨਾਰਾਜ਼ ਹੋਏ ਅੰਗਰੇਜ਼ ਹਾਕਮਾਂ ਨੇ ਜੰਗ ਜਿੱਤਣ ਪਿੱਛੋਂ ਉਨ੍ਹਾਂ ਦੀ ਚੋਖੀ ਜਾਇਦਾਦ ਜ਼ਬਤ ਕਰ ਲਈ, ਪਰ ਸਿੱਖ ਜਗਤ ਵਿਚ ਉਨ੍ਹਾਂ ਪ੍ਰਤਿ ਸ਼ਰਧਾ ਭਾਵਨਾ ਨੂੰ ਦੇਖਦਿਆਂ ਉਨ੍ਹਾਂ ਦੀ ਇੱਜ਼ਤ-ਬਹਾਲੀ ਕਰ ਦਿੱਤੀ ਗਈ।

ਸਿੱਖ ਸਰਦਾਰਾਂ ਵਿਚ ਪ੍ਰਚਲਿਤ ਵਿਰਾਸਤੀ ਵੰਡ ਦੇ ਅਸੂਲ ਅਨੁਸਾਰ ਪਿਤਾ ਦੇ ਮਰਨ ਪਿੱਛੋਂ ਵੱਡੇ ਪੁੱਤਰ ਨੂੰ ਹੀ ਮੁਖੀ ਮੰਨਿਆ ਜਾਂਦਾ ਸੀ। ਇਸ ਲਈ ਅਨੰਦਪੁਰ ਦੇ ਸਭਨਾਂ ਸੋਢੀਆਂ ਵਿਚੋਂ ਵੱਡੀ ਸਰਕਾਰ ਦੇ ਲਕਬ ਨਾਲ ਜਾਣੇ ਜਾਂਦੇ ਗੁਰੂ-ਵੰਸ਼ਜਾਂ ਨੂੰ ਵਧੇਰੇ ਮਾਣ-ਸਤਿਕਾਰ ਪ੍ਰਾਪਤ ਸੀ। ਫਲਸਰੂਪ ਵੱਡੀ ਸਰਕਾਰ ਪਰਿਵਾਰ ਦਾ ਮੁਖੀ ਹੀ ਹਾਥੀ ਉਤੇ ਸਵਾਰ ਹੋ ਕੇ ਹੋਲੇ ਮਹੱਲੇ ਦੇ ਉਤਸਵ ਵੇਲੇ ਸੰਗਤਾਂ ਦੀ ਅਗਵਾਈ ਕਰਦਾ। ਇੰਜ ਸਿੱਖ ਧਰਮ ਦੀਆਂ ਹੋਰ ਰਸਮਾਂ ਦੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਣ ਲੱਗਾ। ਇਸ ਦਾ ਬਿਆਨ ਜ਼ਿਲ੍ਹਾ ਗਜ਼ਟੀਅਰ, ਹੁਸ਼ਿਆਰਪੁਰ (1904) 'ਚ ਇੰਜ ਹੈ: "ਅਨੰਦਪੁਰ ਦਾ ਹੋਲਾ ਮੇਲਾ ਦੋ ਦਿਨ ਭਰਦਾ ਹੈ। ਦੂਜੇ ਦਿਨ ਦੁਪਹਿਰ ਪਿੱਛੋਂ ਵੱਖ ਵੱਖ ਗੁਰਦੁਆਰਿਆਂ ਦੇ ਸ਼ਰਧਾਲੂ ਆਪੋ ਆਪਣੇ ਵਿਸ਼ੇਸ਼ ਨਿਸ਼ਾਨ ਸਾਹਿਬ ਲੈ ਕੇ ਕੀਰਤਨ ਕਰਦੇ ਨਜ਼ਦੀਕ ਵਾਲੇ ਚੌਕ 'ਤੇ ਪੁੱਜਦੇ ਹਨ। ਸਾਰੇ ਨਿਸ਼ਾਨ ਸਾਹਿਬ ਇਕੱਠੇ ਹੋਣ ਦਾ ਨਜ਼ਾਰਾ ਬੜਾ ਦਿਲਚਸਪ ਤੇ ਚਿਤਰਮਈ ਹੁੰਦਾ ਹੈ। ਨਿਸ਼ਾਨ ਸਾਹਿਬ ਦੁਆਲੇ ਝੁਰਮਟ ਪਾਈ ਪੁਜਾਰੀਆਂ ਅਤੇ ਸ਼ਰਧਾਲੂਆਂ ਦੇ ਜਲੂਸ ਭੇਟਾ ਪ੍ਰਾਪਤ ਕਰਦੇ ਅਤੇ ਲੋਕਾਂ ਨੂੰ ਅਸੀਸਾਂ ਦਿੰਦੇ ਹੌਲੀ ਹੌਲੀ ਚੱਲਦੇ ਹਨ। ਗੂੜ੍ਹੇ ਨੀਲੇ ਵਸਤਰ ਪਾਈ ਅਤੇ ਸ਼ੰਕੂ-ਰੂਪ ਪਗੜੀਆਂ ਦੇ ਦੁਆਲੇ ਸਟੀਲ ਦੇ ਚੱਕਰ ਸਜਾਈ ਨਿਹੰਗ ਅਨੰਦਪੁਰ ਗੁਰਦੁਆਰੇ ਦਾ ਨਿਸ਼ਾਨ ਸਾਹਿਬ ਲਈ ਜਾਂਦੇ ਵੇਖਣ ਯੋਗ ਹੁੰਦੇ ਹਨ। ਬਹੁਤ ਸਾਰੇ ਨਿਹੰਗ ਘੋੜਿਆਂ 'ਤੇ ਸਵਾਰ ਹੁੰਦੇ ਹਨ ਤੇ ਆਪ ਮੁਹਾਰੇ ਹੱਲਾ ਕਰਦੇ, ਜੋਸ਼ੀਲੇ ਹਾਵ-ਭਾਵ ਪ੍ਰਗਟਾਉਂਦੇ ਅਤੇ ਜੈਕਾਰੇ ਬੁਲਾਉਂਦੇ ਇਉਂ ਵਿਚਰਦੇ ਹਨ, ਜਿਵੇਂ ਕਿਸੇ ਦੁਸ਼ਮਣ ਪਾਸੋਂ ਆਪਣੇ ਨਿਸ਼ਾਨ ਸਾਹਿਬ ਦੀ ਰੱਖਿਆ ਕਰ ਰਹੇ ਹੋਣ। ਕਦੇ ਕਦਾਈਂ ਕਿਸੇ ਟੋਲੀ ਵੱਲੋਂ ਗੁਰੂ ਦਾ ਜਸ ਗਾਇਨ ਕਰਨ ਲਈ ਸ਼ਬਦ ਦੀ ਡੂੰਘੀ ਧੁਨੀ ਉਠਦੀ ਹੈ।...ਹਾਥੀ 'ਤੇ ਸਵਾਰ ਵੱਡੀ ਸਰਕਾਰ ਸਿਰ ਉਤੇ ਚੌਰੀ ਝੁਲਾਉਂਦਿਆਂ, ਜਨਤਾ ਪਾਸੋਂ ਸਤਿਕਾਰ ਅਤੇ ਭੇਟਾ ਪ੍ਰਾਪਤ ਕਰਦੀ ਹੈ। ਇਸ ਮੌਕੇ ਇਕੱਠੇ ਹੋਣ ਵਾਲੇ ਲੋਕਾਂ ਦੀ ਗਿਣਤੀ ਲਗਪਗ ਤੀਹ ਹਜ਼ਾਰ ਹੁੰਦੀ ਹੈ।... ਸ਼ਾਮ ਵੇਲੇ ਨਿਸ਼ਾਨ ਸਾਹਿਬ ਧੀਮੀ ਗਤੀ ਨਾਲ ਅਤੇ ਜੇਤੂਆਂ ਵਾਲੀ ਸ਼ਾਨ ਨਾਲ ਕਸਬੇ ਵੱਲ ਲਿਆਏ ਜਾਂਦੇ ਹਨ। ਸੂਰਜ ਛਿਪਦੇ ਭੀੜ ਘਟਣੀ ਸ਼ੁਰੂ ਹੋ ਜਾਂਦੀ ਹੈ ਤੇ ਬਹੁਤੇ ਸ਼ਰਧਾਲੂ ਆਪਣੇ ਘਰਾਂ ਨੂੰ ਚਾਲੇ ਪਾ ਦਿੰਦੇ ਹਨ।...ਇਕ ਮੌਕੇ 1864 ਵਿਚ ਕਿਸੇ ਕੱਟੜ ਸਿੱਖ ਨੇ ਲੁਧਿਆਣਾ ਮਿਸ਼ਨ ਦਾ ਪ੍ਰਚਾਰਕ ਮਾਰ ਦਿੱਤਾ। ਕੋਈ ਤਜਰਬੇਕਾਰ ਮੈਜਿਸਟਰੇਟ ਅਤੇ ਸ਼ਕਤੀਸ਼ਾਲੀ ਪੁਲਿਸ ਬਲ ਦੇ ਨਾਲ ਪੁਲਿਸ ਦੇ ਜ਼ਿਲ੍ਹਾ ਸੁਪਰਡੈਂਟ ਦੀ ਮੌਕੇ ਉਤੇ ਤਾਇਨਾਤੀ ਹਮੇਸ਼ਾ ਹੀ ਲਾਹੇਵੰਦੀ ਸਮਝੀ ਗਈ ਹੈ। ਇਸ ਮੇਲੇ ਤੋਂ ਤੁਰੰਤ ਪਹਿਲਾਂ ਵੀਹ-ਤੀਹ ਹਜ਼ਾਰ ਦੇ ਕਰੀਬ ਵੱਡੀ ਗਿਣਤੀ 'ਚ ਲੋਕ ਅਨੰਦਪੁਰ ਤੋਂ ਛੇ ਮੀਲ ਦੂਰ ਸਥਿਤ ਕੀਰਤਪੁਰ ਦੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਆਉਂਦੇ ਅਤੇ ਉਥੋਂ ਅਨੰਦਪੁਰ ਪੁੱਜਦੇ ਹਨ।"

ਹੋਲੇ ਮਹੱਲੇ ਦੇ ਇਸ ਧਾਰਮਿਕ ਪੱਖ ਦੇ ਨਾਲ ਇਸ ਦਾ ਦੂਜਾ ਪੱਖ ਵੀ ਸੀ। ਛੋਟੇ ਕਸਬੇ ਵਿਚ ਬੇਅੰਤ ਸੰਗਤ ਦੇ ਆਉਣ ਕਾਰਨ ਸੰਭਾਵੀ ਭਗਦੜ ਤੋਂ ਬਚਣ ਵਾਸਤੇ ਸਰਕਾਰ ਵਿਸ਼ੇਸ਼ ਪੁਲਿਸ ਦਲ ਤਾਇਨਾਤ ਕਰਦੀ। ਦੂਰ ਦੁਰਾਡੇ ਤੋਂ ਭਾਵੇਂ ਵੱਡੀ ਗਿਣਤੀ ਵਿਚ ਸਿੱਖ ਕੇਸਗੜ੍ਹ ਸਾਹਿਬ ਵਿਚ ਅੰਮ੍ਰਿਤ ਛਕਣ ਆਉਂਦੇ, ਪਰ ਇਸ ਉਤਸਵ ਨੂੰ ਮੇਲਾ ਸਮਝ ਕੇ ਮਨੋਰੰਜਨ ਲਈ ਆਉਣ ਵਾਲੇ ਲੋਕਾਂ ਦੀ ਗਿਣਤੀ ਵੀ ਘੱਟ ਨਹੀਂ ਸੀ। ਸਰਕਾਰ ਪਿੰਡਾਂ ਤੋਂ ਮੇਲਾ ਵੇਖਣ ਆਏ ਅਜਿਹੇ ਲੋਕਾਂ ਲਈ ਗਿਣਤੀ ਦੇ ਦਿਨਾਂ ਲਈ ਸ਼ਰਾਬ ਦਾ ਠੇਕਾ ਖੋਲ੍ਹ ਦਿੰਦੀ। ਗੁਰਦੁਆਰਾ ਸੁਧਾਰ ਲਹਿਰ ਦੇ ਸ਼ੁਰੂ ਵਿਚ ਹੀ ਅਕਾਲੀਆਂ ਨੇ ਅਜਿਹੀ ਖਰਮਸਤੀ ਨੂੰ ਰੋਕਣ ਵਾਸਤੇ ਹੋਲੇ ਮਹੱਲੇ ਦੇ ਪ੍ਰਬੰਧ ਵਿਚ ਦਖ਼ਲਅੰਦਾਜ਼ੀ ਕਰਨੀ ਸ਼ੁਰੂ ਕੀਤੀ। ਫਲਸਰੂਪ 1921 ਤੋਂ ਇਨ੍ਹਾਂ ਕੁਰੀਤੀਆਂ ਨੂੰ ਠੱਲ੍ਹ ਪੈਣੀ ਸ਼ੁਰੂ ਹੋਈ ਅਤੇ 1925 ਵਿਚ ਗੁਰਦੁਆਰਾ ਐਕਟ ਬਣਨ ਪਿੱਛੋਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਆਉਣ ਪਿੱਛੋਂ ਹੋਲੇ ਮਹੱਲੇ ਦਾ ਸਰੂਪ ਉਕਾ ਹੀ ਬਦਲ ਗਿਆ।

# ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ

ਹੋਲਾ ਮਹੱਲਾ ਪੰਜਾਬੀਆਂ, ਖਾਸ ਕਰਕੇ ਸਿੱਖ ਜਗਤ ਦਾ ਵਿਲੱਖਣ ਅਤੇ ਅਹਿਮ ਤਿਉਹਾਰ ਹੈ ਜੋ ਬਸੰਤ ਰੁੱਤ ਦੇ ਰਵਾਇਤੀ ਰੂਪ ਵਿਚ ਮਨਾਏ ਜਾਣ ਵਾਲੇ ਹੋਲੀ ਦੇ ਤਿਉਹਾਰ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਖਾਲਸਾਈ ਜਾਹੋ- ਜਲਾਲ ਨਾਲ ਮਨਾਇਆ ਜਾਂਦਾ ਹੈ। ਲੱਖਾਂ ਸੰਗਤਾਂ ਦੂਰੋਂ-ਨੇੜਿਓਂ ਖਾਲਸੇ ਦੀ ਜੰਮਣ ਭੋਇੰ 'ਤੇ ਆ ਕੇ ਨਤਮਸਤਕ ਹੁੰਦੀਆਂ ਹਨ।



ਹੋਲਾ ਮਹੱਲਾ ਮਨਾਏ ਜਾਣ ਦੀ ਇਤਿਹਾਸਕ ਅਤੇ ਸਭਿਆਚਾਰਕ

**ਸੁਖਦੇਵ ਮਾਦਪੁਰੀ**
ਫੋਨ: 91-94630-34472

ਮਹੱਤਤਾ ਹੈ। ਇਹ ਇਕ ਬਲਵਾਨ ਚਿੰਤਨ ਅਤੇ ਸੋਚ ਦੀ ਦੇਣ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਇਕ ਮਹਾਨ ਯੋਧੇ ਸਨ, ਉਥੇ ਉਹ ਇਕ ਮਹਾਨ ਵਿਦਵਾਨ, ਵਿਚਾਰਵਾਨ ਅਤੇ ਚਿੰਤਕ ਵੀ ਸਨ। ਸਦੀਆਂ ਦਾ ਇਤਿਹਾਸ ਉਨ੍ਹਾਂ ਦੇ ਸਾਹਮਣੇ ਸੀ: ਸੈਂਕੜੇ ਵਰ੍ਹਿਆਂ ਤੋਂ ਸਮਾਜਿਕ, ਰਾਜਸੀ ਅਤੇ ਮਾਨਸਿਕ ਗੁਲਾਮੀ ਭੋਗ ਰਹੀ ਜਨਤਾ ਦੀ ਮਾਨਸਿਕਤਾ ਬਦਲ ਕੇ ਉਨ੍ਹਾਂ ਵਿਚ ਸਵੈ-ਵਿਸ਼ਵਾਸ, ਆਤਮ ਨਿਰਭਰਤਾ, ਨਿਡਰਤਾ, ਅਣਖ, ਸਵੈਮਾਣ ਅਤੇ ਮਨੋਬਲ ਬਲਵਾਨ ਰੱਖਣ ਦੀ ਭਾਵਨਾ ਦਾ ਸੰਚਾਰ ਕਰਨਾ ਅਹਿਮ ਸਰੋਕਾਰ ਸੀ। ਗੁਰੂ ਜੀ ਨੇ ਉਨ੍ਹਾਂ ਦੀ ਸੋਚ ਅਤੇ ਗੁਲਾਮ ਮਾਨਸਿਕਤਾ ਨੂੰ ਬਦਲਣ ਲਈ ਕਈ ਇਕ ਇਤਿਹਾਸਕ ਅਤੇ ਇਨਕਲਾਬੀ ਕਦਮ ਚੁੱਕੇ। ਖਾਲਸਾ ਪੰਥ ਦੀ ਸਾਜਨਾ ਉਨ੍ਹਾਂ ਵੱਲੋਂ ਪੁੱਟਿਆ ਗਿਆ ਪਹਿਲਾ ਇਤਿਹਾਸਕ ਕਦਮ ਸੀ। ਇਹ ਸੰਸਾਰ ਦੇ ਇਤਿਹਾਸ ਵਿਚ ਵਾਪਰੀ ਬਹੁਤ ਵੱਡੀ ਘਟਨਾ ਹੈ, ਜਿਸ ਨੇ ਸਿੱਖ ਜਗਤ 'ਚ ਨਵੀਂ ਚੇਤਨਾ ਜਗਾਈ ਅਤੇ ਉਨ੍ਹਾਂ ਨੂੰ ਵਿਲੱਖਣ ਤੇ ਵੱਖਰੀ ਪਛਾਣ ਦੇ ਕੇ, ਜਾਤਾਂ-ਪਾਤਾਂ ਦਾ ਭੇਦ ਮਿਟਾ ਕੇ, ਚੜ੍ਹਦੀ ਕਲਾ ਵਿਚ ਰਹਿਣ, ਨਿਤਾਣਿਆਂ ਦਾ ਤਾਣ ਬਣਨ ਅਤੇ ਹੱਕ ਸੱਚ ਲਈ ਜੂਝਣ ਦਾ ਸੰਕਲਪ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਭਲੀ ਪ੍ਰਕਾਰ ਜਾਣਦੇ ਸਨ ਕਿ ਨਰੋਏ ਸਰੀਰ ਅਤੇ ਤਕੜੇ ਮਨੋਬਲ ਬਿਨਾ ਯੁੱਧ ਨਹੀਂ ਲੜੇ ਜਾ ਸਕਦੇ, ਜ਼ਮਾਨਾ ਯੁੱਧਾਂ ਦਾ ਸੀ। ਚਾਰੇ ਪਾਸੇ ਦੁਸ਼ਮਣ ਸਨ। ਇਕ ਬੰਨੇ ਮੁਗਲ ਫੌਜਾਂ, ਦੂਜੇ ਬੰਨੇ ਪਹਾੜੀ ਰਾਜੇ। ਉਨ੍ਹਾਂ ਦਾ ਬਾਜ ਰੱਖਣ ਦਾ ਵੀ ਵਿਸ਼ੇਸ਼ ਮੰਤਵ ਸੀ। ਬਾਜ ਇਕ ਸ਼ਿਕਾਰੀ ਪੰਛੀ ਹੈ ਜਿਸ ਦੀ ਨਜ਼ਰ ਬੜੀ ਤੇਜ਼ ਹੁੰਦੀ ਹੈ ਤੇ ਉਹ ਸ਼ਿਕਾਰ ਉਤੇ ਝਪਟ ਮਾਰ ਕੇ ਪੈਂਦਾ ਹੈ। ਉਨ੍ਹਾਂ ਨੇ ਦੁਸ਼ਮਣ 'ਤੇ ਝਪਟ ਮਾਰ ਕੇ ਟੁੱਟ ਪੈਣ ਦੇ ਗੁਣ ਸਦਕਾ ਹੀ, ਸਿੱਖਾਂ ਨੂੰ ਪ੍ਰੇਰਨਾ ਦੇਣ ਲਈ, ਬਾਜ ਰੱਖਿਆ ਹੋਇਆ ਸੀ।

ਦੁਸ਼ਮਣਾਂ ਦੇ ਟਾਕਰੇ ਲਈ ਉਨ੍ਹਾਂ ਨੇ ਆਪਣੇ ਸੂਰਬੀਰ ਸਿੰਘਾਂ ਨੂੰ ਨਰੋਏ ਤੇ ਸਿਹਤਮੰਦ ਸਰੀਰ ਕਾਇਮ ਰੱਖਣ ਅਤੇ ਯੁੱਧ ਵਿਦਿਆ ਵਿਚ ਪ੍ਰਬੀਨਤਾ ਹਾਸਲ ਕਰਨ ਲਈ ਅਨੰਦਪੁਰ ਸਾਹਿਬ ਦੇ ਮੈਦਾਨ ਵਿਚ ਖਾਲਸਾਈ ਖੇਡਾਂ ਦੀ ਸ਼ੁਰੂਆਤ ਕੀਤੀ। ਹਰ ਰੋਜ਼ ਉਨ੍ਹਾਂ ਦੀ ਨਿਗਰਾਨੀ ਵਿਚ ਸ਼ਸਤਰਧਾਰੀ ਸਿੰਘ ਘੋੜ ਸਵਾਰੀ, ਨੇਜ਼ਾਬਾਜ਼ੀ, ਤੀਰ ਅੰਦਾਜ਼ੀ, ਤਲਵਾਰਬਾਜ਼ੀ ਅਤੇ ਗਤਕੇ ਦਾ ਅਭਿਆਸ ਕਰਦੇ ਤੇ ਗੁਰੂ ਜੀ ਆਪ ਉਨ੍ਹਾਂ ਦੀ ਅਗਵਾਈ ਕਰਦੇ।

ਇਸੇ ਸੰਦਰਭ ਵਿਚ ਉਨ੍ਹਾਂ ਨੇ ਸਨਾਤਨੀ ਤਿਉਹਾਰ ਹੋਲੀ ਨੂੰ ਨਵਾਂ ਰੂਪ ਦੇ ਕੇ ਆਜ਼ਾਦਾਨਾ ਤੌਰ 'ਤੇ ਮਨਾਏ ਜਾਣ ਦੀ ਪਿਰਤ ਪਾਈ ਤੇ ਇਸ ਦਾ ਨਾਂ ਹੋਲਾ ਮਹੱਲਾ ਰੱਖਿਆ। ਚੇਤ ਵਦੀ ਏਕਮ ਸੰਮਤ 1757 (1700 ਈ) ਨੂੰ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ ਮਹੱਲਾ' ਮਨਾਇਆ ਗਿਆ ਅਤੇ ਇਸ ਨੂੰ ਸਾਲਾਨਾ



ਉਤਸਵ ਵਜੋਂ ਮਨਾਇਆ ਜਾਣ ਲੱਗਾ। ਹੋਲਾ ਮਹੱਲਾ ਅਰਬੀ ਫਾਰਸੀ ਭਾਸ਼ਾ ਦੇ ਸ਼ਬਦ ਹਨ। ਮਹੱਲਾ ਦਾ ਸ਼ਾਬਦਿਕ ਅਰਥ ਹੈ, ਉਹ ਸਥਾਨ ਜੋ ਫਤਿਹ ਕਰਕੇ ਪ੍ਰਾਪਤ ਕੀਤਾ ਜਾਵੇ।

ਇਸ ਤਿਉਹਾਰ ਵਿਚ ਮਸਨੂਈ ਯੁੱਧ ਲੜਿਆ ਜਾਂਦਾ ਸੀ। ਘੋੜ ਸਵਾਰ ਤੇ ਪੈਦਲ ਸ਼ਸਤਰਧਾਰੀ ਸਿੱਖਾਂ ਨੂੰ ਦੋ ਦਲਾਂ ਵਿਚ ਵੰਡ ਕੇ ਆਪਸੀ ਯੁੱਧ ਕਰਵਾਇਆ ਜਾਂਦਾ। ਇਕ ਦਲ ਕਿਸੇ ਖਾਸ ਥਾਂ 'ਤੇ ਯੁੱਧ ਕਰਕੇ ਕਬਜ਼ਾ ਕਰ ਲੈਂਦਾ ਤੇ ਦੂਜਾ ਦਲ ਪਹਿਲੇ ਦਲ ਪਾਸੋਂ ਉਹ ਸਥਾਨ ਛੁਡਾ ਕੇ ਆਪ ਕਾਬਜ਼ ਹੋਣ ਲਈ ਮਸਨੂਈ ਲੜਾਈ ਲੜਦਾ। ਇਸ ਪ੍ਰਕਾਰ ਜਿਤਣ ਵਾਲਾ ਦਲ ਫਤਿਹ ਪ੍ਰਾਪਤ ਕਰ ਲੈਂਦਾ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਸਜੇ ਦੀਵਾਨ ਵਿਚ ਆਪਣੇ ਹੱਥੀਂ ਸਿਰੋਪਾਓ ਦੀ ਬਖ਼ਸ਼ਿਸ਼ ਕਰਦੇ। ਇਸ ਉਪਰੰਤ ਦੀਵਾਨ ਵਿਚ ਢਾਡੀ ਅਤੇ ਕਵੀਸ਼ਰ ਬੀਰ-ਰਸੀ ਵਾਰਾਂ ਗਾ ਕੇ ਸਰੋਤਿਆਂ ਦਾ ਮਨੋਬਲ ਤਕੜਾ ਕਰਦੇ। ਇਸ ਪ੍ਰਕਾਰ ਗੁਰੂ ਜੀ ਆਪਣੇ ਸਿੰਘਾਂ ਨੂੰ ਯੁੱਧ ਲੜਨ ਦਾ ਅਭਿਆਸ ਕਰਵਾਉਣ ਲਈ ਮੌਕਾ ਪ੍ਰਦਾਨ ਕਰਕੇ ਆਪ ਉਨ੍ਹਾਂ ਦੀ ਅਗਵਾਈ ਕਰਦੇ ਅਤੇ ਜਨ ਸਾਧਾਰਨ ਵਿਚ ਜ਼ੁਲਮ ਤੇ ਜ਼ਬਰ ਵਿਰੁਧ ਜੂਝਣ ਲਈ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਉਭਾਰਦੇ।

ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ 'ਹੋਲਾ ਮਹੱਲਾ' ਅੱਜਕਲ੍ਹ ਵੀ ਸਿੱਖ ਸ਼ਕਤੀ ਦੇ ਪ੍ਰਦਰਸ਼ਨ ਦੇ ਰੂਪ ਵਿਚ ਅਨੰਦਪੁਰ ਸਾਹਿਬ ਵਿਖੇ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ। ਇਥੇ ਲੋਕਾਂ ਦਾ ਇਕੱਠ ਠਾਠਾਂ ਮਾਰਦੇ ਦਰਿਆ ਦੇ ਰੂਪ ਵਿਚ ਵਹਿ ਰਿਹਾ ਹੁੰਦਾ ਹੈ। ਸਾਰਾ ਪੰਜਾਬ ਉਮਡ ਆਉਂਦਾ ਹੈ। ਦੀਵਾਨ ਸਜਦੇ ਹਨ ਤੇ ਆਖਰੀ ਦਿਨ ਸ਼ਾਨੋਂਮੱਤਾ ਮਹੱਲਾ ਖਾਲਸਾਈ ਰਵਾਇਤਾਂ ਅਨੁਸਾਰ ਕੱਢਿਆ ਜਾਂਦਾ ਹੈ ਜੋ ਕਿਲਾ ਅਨੰਦਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਹੋਲਗੜ੍ਹ ਤੋਂ ਹੁੰਦਾ ਹੋਇਆ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਚਰਨ ਗੰਗਾ ਦੇ ਕਿਨਾਰੇ ਜਾ ਕੇ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਰਵਾਇਤੀ ਖਾਲਸਾਈ ਬਾਣੇ ਵਿਚ ਖਾਲਸਾਈ ਖੇਡਾਂ ਦਾ ਖ਼ੂਬਸੂਰਤ ਪ੍ਰਦਰਸ਼ਨ ਕਰਦੇ ਹਨ, ਜਿਨ੍ਹਾਂ ਨੂੰ ਵੇਖ ਕੇ ਦਰਸ਼ਕ ਅਸ਼-ਅਸ਼ ਕਰ ਉਠਦੇ ਹਨ।

ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਵਾਂਗ ਹੀ ਹਰ ਸਾਲ ਸਿੱਖ ਸੰਗਤਾਂ ਪਾਉਂਟਾ ਸਾਹਿਬ ਅਤੇ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਲੱਖਾਂ ਦੀ ਗਿਣਤੀ ਵਿਚ ਪੁੱਜ ਕੇ ਬੜੇ ਉਤਸ਼ਾਹ ਨਾਲ ਇਹ ਤਿਉਹਾਰ ਮਨਾਉਂਦੀਆਂ ਹਨ। ਦੀਵਾਨ ਸਜਦੇ ਹਨ ਅਤੇ ਨਿਹੰਗ ਸਿੰਘਾਂ ਦੇ ਜਥੇ ਹੋਰਨਾਂ ਪੰਥਕ ਦਸਤਿਆਂ ਨਾਲ ਰਲ ਕੇ ਨਗਰ ਕੀਰਤਨ ਸਜਾਉਂਦੇ ਹਨ। ਇਸ ਸਮੇਂ ਘੋੜਸਵਾਰੀ ਅਤੇ ਗਤਕੇ ਦੇ ਜੌਹਰ ਵੇਖਣਯੋਗ ਹੁੰਦੇ ਹਨ।

ਨਾਮਧਾਰੀ ਸੰਪਰਦਾ ਵੱਲੋਂ ਵੀ ਹੋਲੇ ਮਹੱਲੇ ਦਾ ਤਿਉਹਾਰ ਭੈਣੀ ਸਾਹਿਬ ਵਿਚ 26 ਤੋਂ 30 ਮਾਰਚ ਤੱਕ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਜਾਂਦਾ ਹੈ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸੰਗਤਾਂ ਸ਼ਾਮਿਲ ਹੁੰਦੀਆਂ ਹਨ।

# ਚੰਗਾ ਬਈ ਪੰਜਾਬ!

***ਪੰਜਾਬੀਆਂ ਦੇ ਪਰਦੇਸੀਂ ਵੱਸਣ ਦੇ ਕਿੱਸੇ ਅਮੁੱਕ ਹਨ। ਬਥੇਰੇ ਪੰਜਾਬੀ ਉਜਲੇ ਭਵਿਖ ਖਾਤਰ ਪੰਜਾਬ ਨੂੰ ਅਲਵਿਦਾ ਆਖ ਕੇ ਓਪਰੀ ਧਰਤੀ ਵੱਲ ਧਾਏ। ਕੈਨੇਡਾ ਵੱਸਦੇ ਸ਼ਾਇਰ ਇਕਬਾਲ ਰਾਮੂਵਾਲੀਆ ਨੇ ਪੰਜਾਬ ਨੂੰ ਅਲਵਿਦਾ ਆਖਣ ਵੇਲੇ ਦੇ ਚਾਅ ਅਤੇ ਦਰਦ ਨੂੰ ਇਕੱਠਿਆਂ ਹੀ ਆਪਣੇ ਇਸ ਲੇਖ ਵਿਚ ਪਰੋਇਆ ਹੈ। ਇਕਬਾਲ ਰਾਮੂਵਾਲੀਆ ਨੇ ਸਾਹਿਤ ਦੇ ਪਿੜ ਵਿਚ ਆਪਣੀ ਸ਼ੁਰੂਆਤ ਸ਼ਾਇਰੀ ਨਾਲ ਕੀਤੀ ਸੀ ਅਤੇ ਮਗਰੋਂ ਕਹਾਣੀ, ਨਾਵਲ, ਕਾਵਿ-ਨਾਟ ਤੇ ਦੋ ਭਾਗਾਂ ਵਿਚ ਸਵੈ-ਜੀਵਨੀ ਦੀ ਰਚਨਾ ਵੀ ਕੀਤੀ। ਉਂਜ ਉਸ ਦੀ ਹਰ ਲਿਖਤ ਵਿਚ ਸ਼ਾਇਰੀ ਵਾਲਾ ਰੰਗ ਸਾਫ ਮਹਿਸੂਸ ਕੀਤਾ ਜਾ ਸਕਦਾ ਹੈ। ਹਥਲੇ ਲੇਖ 'ਚੰਗਾ ਬਈ ਪੰਜਾਬ!' ਦਾ ਰੰਗ-ਢੰਗ ਵੀ ਇਹਦੀ ਸ਼ਾਹਦੀ ਭਰਦਾ ਹੈ। -ਸੰਪਾਦਕ***

**ਇਕਬਾਲ ਰਾਮੂਵਾਲੀਆ**
**ਫੋਨ: 905-792-7357**

ਸੰਨ 1974 ਦੀ ਜਨਵਰੀ ਦੀਆਂ ਠੁਰ ਠੁਰ ਕਰਦੀਆਂ ਤਰੀਕਾਂ। ਕੋਰਿਆਂ ਤੇ ਧੁੰਦਾਂ ਵਿਚ ਸਿਰਾਂ ਉਦਾਲੇ ਕੰਬਲਾਂ ਤੇ ਖੇਸਾਂ ਦੇ ਝੁੰਬ। ਇਹ ਤਰੀਕਾਂ ਬੱਸ ਅੱਡਿਆਂ, ਪਿੰਡਾਂ ਦੀਆਂ ਸੱਥਾਂ ਵਿਚ, ਪੂਲਾਂ ਦੀਆਂ ਵੱਖੀਆਂ ਦੇ ਲਾਗੇ ਅਤੇ ਖੂਹਾਂ-ਟਿਊਬਵੈਲਾਂ ਉਤੇ ਨਿਢਾਲ ਹੋਈਆਂ ਧੂਣੀਆਂ ਵਿਚੋਂ ਸੇਕ ਤਲਾਸ਼ਦੀਆਂ ਦਿਸਦੀਆਂ। ਪਠੀਰ ਉਮਰੀਆਂ ਕਣਕਾਂ ਦੇ ਪੱਤੇ, ਉਨ੍ਹਾਂ ਉਦਾਲੇ ਲਿਪਟੇ ਕੋਰੇ ਦੇ ਪੇਤਲੇ-ਪੇਤਲੇ ਲੇਪ ਤੋਂ ਮੁਕਤ ਹੋਣ ਲਈ ਧੁੱਪ ਦੀ ਉਡੀਕ ਕਰਦੇ। ਧਰਤੀ ਉਦਾਲੇ ਪਸਰੀ ਸੰਘਣੀ ਚਿੱਟੀ ਭਾਫ ਵਿਚ ਖਾਲਸਾ ਕਾਲਜ (ਗੁਰੂਸਰ ਸੁਧਾਰ) ਦੀ ਦੋ ਮੰਜ਼ਲੀ ਇਮਾਰਤ, ਧੁੰਦਲਾ ਜਿਹਾ ਅਕਸ ਬਣ ਕੇ ਕੁੰਗੜੀ ਹੁੰਦੀ।

ਭਰਾ ਰਛਪਾਲ ਦੀਆਂ ਚਿੱਠੀਆਂ ਵਿਚ ਵੀ ਠਰੇ-ਠਰੇ ਵਾਕ ਹੁੰਦੇ। ਕਿਸੇ ਵਿਚ ਗੈਰ ਕਾਨੂੰਨੀ ਇਮੀਗਰਾਂਟਾਂ ਨੂੰ ਦਬੋਚਣ ਲਈ ਪੁਲਿਸ ਵੱਲੋਂ ਫੈਕਟਰੀਆਂ ਵਿਚ ਮਾਰੇ ਛਾਪਿਆਂ ਦੇ ਵੇਰਵੇ ਤੇ ਕਿਸੇ ਵਿਚ ਇਮੀਗਰਾਂਟਾਂ ਦੀਆਂ ਰਿਹਾਇਸ਼ਾਂ 'ਤੇ ਹੋਈਆਂ ਤਲਾਸ਼ੀਆਂ ਦੇ। ਹਰ ਚਿੱਠੀ ਪੜ੍ਹਨ ਮਗਰੋਂ ਮੇਰੇ ਮੱਥੇ ਵਿਚ ਪੱਤੇ ਡਿੱਗਣ ਲੱਗ ਪੈਂਦੇ।

ਅਪਰੈਲ ਵਿਚ ਆਈ ਇਕ ਚਿੱਠੀ ਖੋਲ੍ਹਦਿਆਂ ਮੇਰੀਆਂ ਉਂਗਲਾਂ ਵਿਚ ਝਰਨਾਹਟ ਛਿੜਨ ਲੱਗੀ। ਲਿਖਿਆ ਸੀ, "ਕਿੰਨੇ ਚਿਰ ਤੋਂ ਜਾਨ ਮੱਛੀ ਵਾਂਙਣ ਤੱਕਲੇ ਉਪਰ ਟੁੰਗੀ ਹੋਈ ਸੀ।"

ਮੇਰੀਆਂ ਉਂਗਲਾਂ ਸੁੰਨ ਹੋਣ ਲੱਗੀਆਂ। ਇਸ ਤੋਂ ਅਗਲੀ ਇਬਾਰਤ ਮੈਨੂੰ ਕੀੜਿਆਂ ਦਾ ਭੌਣ ਜਾਪਣ ਲੱਗੀ। ਦਿਲ ਕਰੇ ਕੀੜਿਆਂ ਦੇ ਇਸ ਭੌਣ ਨੂੰ ਦਿਮਾਗ ਵਿਚ ਚੜ੍ਹਨ ਤੋਂ ਪਹਿਲਾਂ ਹੀ ਕੂੜੇਦਾਨ ਵਿਚ ਝਾੜ ਦੇਵਾਂ, ਪਰ ਬਿੰਦ ਕੁ ਬਾਅਦ ਅੱਗੇ ਪੜ੍ਹਨ ਦੀ ਉਤਸੁਕਤਾ, ਅਗਲੇ ਸ਼ਬਦਾਂ ਨੂੰ ਉਲਟਾਉਣ ਪਲਟਾਉਣ ਲੱਗੀ, "ਵਿਜ਼ਟਰ ਬਣ ਕੇ ਕੈਨੇਡਾ ਆਏ ਅਣਗਿਣਤ ਲੋਕਾਂ ਨੂੰ ਮਜਬੂਰੀ ਅਧੀਨ ਵਰਕ ਪਰਮਿਟ ਤੋਂ ਬਿਨਾ ਹੀ ਚੋਰੀ ਕੰਮ ਕਰਨਾ ਪੈ ਰਿਹਾ ਹੈ, ਕਿਉਂਕਿ ਰਿਹਾਇਸ਼ ਦੇ ਕਿਰਾਏ ਅਤੇ ਖਾਣ ਪੀਣ ਦਾ ਸਮਾਨ ਖਰੀਦਣ ਲਈ ਪੈਸਿਆਂ ਦੀ ਜ਼ਰੂਰਤ ਹੈ। ਕਈਆਂ ਦੀਆਂ ਰਿਹਾਇਸ਼ਾਂ ਉਤੇ ਛਾਪੇ ਵਜੇ ਤੇ ਇੰਡੀਆ ਤੋਂ ਲਿਆਂਦੀਆਂ ਜਾਅਲੀ ਮੋਹਰਾਂ ਤੇ ਜਾਅਲੀ ਸਰਟੀਫਿਕੇਟ ਫੜੇ ਗਏ। ਉਨ੍ਹਾਂ ਨੂੰ ਵੀ ਡੀਪੋਰਟ ਕਰ ਦਿੱਤਾ ਗਿਆ ਹੈ। ਪਿਛਲੇ ਸਾਲ (1973 ਵਿਚ) ਸਾਡੇ ਉਤੇ ਵੀ ਛਾਪਾ ਪੈ ਗਿਆ ਸੀ ਅਤੇ ਤਲਾਸ਼ੀ ਵਿਚ ਪੁਲਿਸ ਮੇਰੇ ਸਾਰੇ ਸਰਟੀਫਿਕੇਟ ਤੇ ਡਿਗਰੀਆਂ ਤਫਤੀਸ਼ ਕਰਨ ਲਈ ਲੈ ਗਈ ਸੀ।"

ਮੇਰੇ ਸਾਹ ਲੰਮੇ ਹੋਣ ਲੱਗੇ ਤੇ ਦਿਲ ਵਿਚ ਉਠੀ ਧੱਕ-ਧੱਕ ਨਾਲ ਮੇਰੀ ਜੇਬ ਵਿਚ ਟੰਗਿਆ ਪੈਨ ਕੰਬਣ ਲੱਗਾ। ਜੱਕੋ-ਤੱਕੀ ਵਿਚ ਨਜ਼ਰਾਂ ਅਗਲੇ ਫਿਕਰੇ ਵੱਲ ਵਧਾਈਆਂ, "ਪਰ ਅੱਜ ਸਭ ਕੁਝ ਬਦਲ ਗਿਆ ਹੈ। ਜਿਉਂ ਹੀ ਆਹ ਚਿੱਠੀ ਮਿਲੇ ਤਾਂ ਤੂੰ ਤੁਰਤ ਹੀ ਪ੍ਰੋਫੈਸਰ ਸੁਰਿੰਦਰ ਵਾਲੇ ਇਨਫੀਲਡ ਉਤੇ ਮੁੱਲਾਂਪੁਰ ਵੱਲ ਚਾਲੇ ਪਾ ਦੇਣੇ ਹਨ। ਉਥੇ ਬਸ ਅੱਡੇ ਲਾਗਲੇ ਅੰਗਰੇਜ਼ੀ ਠੇਕੇ ਤੋਂ ਹਾਈਲੈਂਡ ਚੀਫ ਦੀ ਬੋਤਲ ਲਿਆ ਕੇ ਪ੍ਰੋਫੈਸਰ ਹਰਦਿਆਲ ਸਿੰਘ ਅਤੇ ਬਾਈ ਸੁਰਿੰਦਰ ਦੇ ਸਾਹਮਣੇ ਮੇਜ਼ ਉਤੇ ਗੱਡ ਦੇਣੀ, ਤੇ ਸੁਧਾਰ ਦੇ ਪੁਲ ਉਤੇ ਰੇੜ੍ਹੀ ਲਾਉਣ ਵਾਲੇ ਬਾਬੇ ਤੋਂ ਕਿੱਲੋ ਮੱਛੀ ਤਲਾ ਕੇ ਉਸ ਨੂੰ ਪੰਜ ਰੁਪਈਆਂ ਦੀ ਟਿਪ ਜ਼ਰੂਰ ਦੇ ਦੇਣੀ।"

ਮੇਰੀਆਂ ਅੱਖਾਂ ਬੰਦ ਹੋ ਗਈਆਂ ਤੇ ਲੰਮਾ ਸਾਹ ਮੇਰੇ ਫੇਫੜਿਆਂ ਵਿਚ ਲੰਮਾ ਸਮਾਂ ਬਾ-ਸਮਾਧੀ ਰੁਕਿਆ ਰਿਹਾ।

"ਹਾਈਲੈਂਡ ਚੀਫ ਦੀ ਬੋਤਲ? ਤੇ ਕਿੱਲੋ ਮੱਛੀ?" ਮੈਂ ਬੁੜਬੁੜਾਇਆ।

"ਬਾਕੀ ਮੈਂ ਚਾਹੁੰਦਾ ਹਾਂ ਕਿ ਤੁਸੀਂ ਦੋਵੇਂ (ਮੈਂ ਅਤੇ ਪਤਨੀ ਸੁਖਸਾਗਰ) ਵੀ ਇਥੇ ਆ ਜਾਵੋ। ਇਥੇ ਮਿਹਨਤ ਤਾਂ ਕਰਨੀ ਪੈਂਦੀ ਹੈ, ਪਰ ਯੂਨੀਵਰਸਿਟੀ ਵਿਚ ਪੜ੍ਹਾਈ ਕਰ ਕੇ ਚੰਗੀਆਂ ਨੌਕਰੀਆਂ ਕਰਨ ਦੇ ਯੋਗ ਹੋ ਜਾਵੋਗੇ। ਆਪਣੀ ਦੋਹਾਂ ਦੀ ਜਨਮ ਤਰੀਕ ਅਤੇ ਐਜੂਕੇਸ਼ਨ ਦਾ ਪੂਰਾ ਵੇਰਵਾ ਮੈਨੂੰ ਜਲਦੀ-ਜਲਦੀ ਭੇਜ ਦੇਵੋ ਅਤੇ ਪਾਸਪੋਰਟ ਅਪਲਾਈ ਕਰ ਦੇਵੋ।"

---

"ਵਧਾਈਆਂ ਜੀ ਵਧਾਈਆਂ!" ਘੁਡਾਣੀ ਵਾਲੇ ਘਰ ਦੇ ਦਰਵਾਜ਼ਿਓਂ ਅੰਦਰ ਹੋਣ ਸਾਰ ਮੈਂ ਆਪਣੀ ਮੁਸਕਾਨ ਸੁਖਸਾਗਰ ਵੱਲ ਵਧਾ ਦਿੱਤੀ।

"ਵਧਾਈਆਂ?" ਉਸ ਨੇ ਆਪਣੇ ਮੱਥੇ ਵਿਚ ਉਗ ਆਈ ਘੁਟਣ ਨੂੰ ਮੇਰੇ ਚਿਹਰੇ ਉਤੇ ਸੇਧ ਲਿਆ। "ਕਾਹਦੀਆਂ ਵਧਾਈਆਂ?"

"ਲਾ ਲਾ ਅੰਦਾਜ਼ਾ!"

ਕੁਝ ਕੁ ਸਕਿੰਟ ਅੱਖਾਂ ਮੀਟਣ ਤੋਂ ਬਾਅਦ ਸਾਗਰ ਨੇ ਆਪਣਾ ਸਿਰ ਸੱਜੇ-ਖੱਬੇ ਫੇਰ ਦਿੱਤਾ।

ਮੈਂ ਆਪਣੇ ਬਰੀਫਕੇਸ ਦੀ ਜ਼ਿਪਰ ਦਾ ਕੁੰਡਾ 'ਸੁਰਕ' ਕਰ ਕੇ ਇਕ ਪਾਸੇ ਨੂੰ ਖਿੱਚਿਆ ਤੇ ਨਿੱਕੀਆਂ-ਨਿੱਕੀਆਂ ਲਾਲ ਟਿੱਕੀਆਂ ਵਾਲੇ ਬਾਡਰ ਵਾਲਾ ਨੀਲਾ ਲਿਫਾਫਾ ਸੁਖਸਾਗਰ ਵੱਲ ਵਧਾ ਦਿੱਤਾ।

ਪਹਿਲੇ ਪੈਰਿਆਂ ਨੂੰ ਪੜ੍ਹਦਿਆਂ ਮੁਸਕਰਾ ਰਹੀ ਸੁਖਸਾਗਰ ਦੇ ਮੱਥੇ ਉਪਰ ਜਦੋਂ ਗੰਢ ਜਿਹੀ ਬੱਝਣ ਲੱਗੀ, ਮੈਂ ਸਮਝ ਗਿਆ ਕਿ ਉਹ ਰਛਪਾਲ ਵੱਲੋਂ ਕੀਤੀ ਗਈ ਜਨਮ ਤਰੀਕ ਅਤੇ ਹੋਰ ਕਾਗਜ਼ਾਤ ਭੇਜਣ ਦੀ ਤਾਕੀਦ 'ਤੇ ਅੱਪੜ ਗਈ ਸੀ। ਆਪਣਾ ਚਿਹਰਾ ਕਦੇ ਬੀਜੀ ਵੱਲ ਤੇ ਕਦੇ ਬਾਪੂ ਜੀ ਵੱਲ ਮੋੜਦੀ ਹੋਈ ਉਹ ਆਪਣੇ ਬੁੱਲ੍ਹ ਦੰਦਾਂ ਵਿਚਕਾਰ ਟਿਕਾਉਣ-ਕੱਢਣ ਲੱਗੀ।

---

ਸਾਗਰ ਨੂੰ ਅਤੇ ਮੈਨੂੰ 'ਏਕ ਜੋਤ, ਦੋਇ ਮੂਰਤੀ' ਹੋਇਆਂ ਤਿੰਨ ਸਾਲ ਹੋਣ ਵਾਲੇ ਸਨ। ਇਨ੍ਹਾਂ ਤਿੰਨਾਂ ਸਾਲਾਂ ਦੌਰਾਨ ਉਸ ਦੀ ਕੁੱਖ ਵਿਚ ਦੀਵਾ ਜਗਾਉਣ ਲਈ ਅਸੀਂ ਕਈ ਡਾਕਟਰਾਂ ਦੇ ਕਲਿਨਿਕਾਂ ਵਿਚ ਆਪਣੇ ਬਟੂਏ 'ਚ ਕਈ ਵਾਰ ਮੂੰਹ ਹਨੇਰਾ ਕਰ ਚੁਕੇ ਸਾਂ।

"ਚਲੋ, ਕਾਗਜ਼ ਤਾਂ ਆ ਲੈਣ ਦਿਓ।" ਸਾਗਰ ਦੇ ਚਿਹਰੇ ਉਤੇ ਉਤਰ ਆਈ ਸਿੱਲ੍ਹ ਨੂੰ ਭਾਂਪਦਿਆਂ ਬੀਜੀ ਦੀ ਬਜ਼ੁਰਗੀ ਬੋਲੀ।

"ਪਰ ਤੁਸੀਂ 'ਕੱਲੇ ਐਥੇ, ਬੀਜੀ?" ਸੁਖਸਾਗਰ ਦਾ ਹੇਠਲਾ ਬੁੱਲ੍ਹ ਕੰਬਣ ਲੱਗਾ, "...ਤੇ ਅਸੀਂ ਦੋਵੇਂ ਸੱਤ ਸਮੁੰਦਰੋਂ ਪਾਰ?"

"ਹਾਲੇ ਹੱਡ ਪੈਰ ਚਲਦੇ ਆ ਸਾਡੇ ਸਾਗਰ!" ਬੀਜੀ ਦੇ ਬੁੱਲ੍ਹਾਂ ਉਪਰ ਮਨਜ਼ੂਰੀ ਜੁੜਨ ਲੱਗੀ, "ਨਾਲੇ ਕੈਨੇਡਾ ਵਿਚ ਤੇਰਾ ਇਲਾਜ ਵੀ ਬੇਟਾ, ਐਥੋਂ ਨਾਲੋਂ ਵਧੀਆ ਈ ਹੋਊਗਾ।"

ਉਸ ਰਾਤ ਪਲੰਘ ਦੀ ਬਾਹੀ ਵੱਲ ਚਿਹਰਾ ਕਰ ਕੇ ਲੇਟੀ ਸੁਖਸਾਗਰ ਅਰਧ ਨੀਂਦਰ ਵਿਚ ਵਾਰ-ਵਾਰ 'ਹੂੰਅਅ, ਹੂੰਅਅ' ਕਰਦੀ ਰਹੀ।

---

ਪੰਜ ਕੁ ਮਹੀਨਿਆਂ ਬਾਅਦ (ਸਤੰਬਰ 1974 ਦੇ ਅਖੀਰ ਵਿਚ) ਸੇਵਾਦਾਰ ਰੱਖਾ ਸਿੰਘ ਨੇ ਇਨਲੈਂਡ ਲਿਫਾਫਾ ਮੇਰੇ ਵੱਲ ਵਧਾਇਆ। ਪੰਜਾਬੀ ਵਿਚ ਲਿਖੇ ਸਿਰਨਾਵੇਂ ਵਿਚੋਂ ਬਾਪੂ ਪਾਰਸ ਦੀਆਂ ਉਂਗਲਾਂ ਵਿਚ ਫੜ੍ਹਿਆ ਪੈਨ ਉਭਰਨ ਲੱਗਾ।

'ਸੁੱਖ ਹੋਵੇ।' ਮੈਂ ਸੋਚਣ ਲੱਗਾ। ਮੁਰਗਿਆਂ-ਬੋਤਲਾਂ ਤੇ ਲੋੜਵੰਦਾਂ ਉਪਰ ਨੋਟਾਂ ਨੂੰ ਕਬੂਤਰਾਂ ਵਾਂਗਣ ਉਡਾਉਣ ਵਾਲੇ ਬਾਪੂ ਪਾਰਸ ਨੇ ਚਿੱਠੀ ਲਿਖਣ ਵੇਲੇ ਸ਼ਬਦਾਂ ਦੀ ਡਾਢੀ ਕਿਰਸ ਕੀਤੀ ਹੋਈ ਸੀ: ਘਰ ਸੁੱਖ-ਸਾਂਦ ਹੈ। ਜ਼ਰੂਰੀ ਸੁਨੇਹਾ: ਤੇਰੇ ਨਾਮ 'ਤੇ ਡਾਕ ਆਈ ਹੈ, ਕਾਫੀ ਭਾਰਾ ਲਿਫਾਫਾ ਹੈ। ਪਿੰਡ ਗੇੜਾ ਮਾਰ ਜਾਹ। -ਕਰਨੈਲ ਸਿੰਘ

---

ਜਦੋਂ ਨੂੰ ਮੋਗਿਓਂ ਟੈਪੂ ਫੜ ਕੇ ਮੈਂ ਪਿੰਡ ਅੱਪੜਿਆ, ਸੂਰਜ ਕੁੰਜੀਆਂ ਦੇ ਗੁੱਛੇ ਨੂੰ ਹਨੇਰੇ ਦੇ ਹੱਥਾਂ ਵਿਚ ਕਰਨ ਦੀ ਤਿਆਰੀ ਵਿਚ ਸੀ।

ਭਾਰੇ ਲਿਫਾਫੇ ਦੇ ਸੱਜੇ ਕੋਨੇ ਵਿਚ ਕੈਨੇਡੀਅਨ ਹਾਈ ਕਮਿਸ਼ਨ ਦਾ ਲੋਗੋ ਤੇ ਸਿਰਨਾਵਾਂ ਬੋਲਣ ਲੱਗੇ: ਖੋਲ੍ਹ ਛੇਤੀ, ਇਕਬਾਲ ਸਿਆਂ, ਖੋਲ੍ਹ!

ਅਗਲੇ ਦਿਨ ਮੋਗਿਓਂ ਬੱਸ ਫੜ ਕੇ ਕਾਲਜ ਜਾਣ ਦੀ ਥਾਂ ਮੈਂ ਸਿੱਧਾ ਲੁਧਿਆਣੇ ਦੇ ਬੱਸ ਅੱਡੇ 'ਤੇ ਜਾ ਉਤਰਿਆ ਤੇ ਘੁਡਾਣੀ ਵਾਲੀ ਬੱਸ ਦਾ ਇੰਤਜ਼ਾਰ ਕਰਦਾ ਅੰਬੈਸੀ ਵੱਲੋਂ ਆਏ ਕਾਗਜ਼ਾਂ ਬਾਰੇ ਸੋਚਣ ਲੱਗਾ। ਬਾਅਦ ਦੁਪਹਿਰ ਚਾਰ ਕੁ ਵਜੇ ਸੁਖਸਾਗਰ ਨੇ ਆਪਣਾ ਪਰਸ ਪਲੰਘ ਉਤੇ ਆ ਟਿਕਾਇਆ।

ਅੰਬੈਸੀ ਵੱਲੋਂ ਆਏ ਪੁਲੰਦੇ ਦੇ ਨੌਂ ਦਸ ਕਾਗਜ਼ ਦੇਖ ਕੇ ਸਾਗਰ ਦਾ ਮੱਥਾ ਸੁੰਗੜਨ ਲੱਗਾ ਤੇ ਉਹ ਸਾਡੇ ਸੌਣ-ਕਮਰੇ ਦੀ ਟਾਂਡ ਉਪਰ ਟਿਕਾਏ ਬੀਜੀ ਤੇ ਬਾਪੂ ਜੀ ਦੇ ਪੋਰਟਰੇਟਾਂ ਦੇ ਫਰੇਮਾਂ ਅਤੇ ਸ਼ੀਸ਼ਿਆਂ ਉਤੋਂ ਗਰਦ ਪੂੰਝਣ ਲੱਗੀ।

ਅਗਲੇ ਹਫਤੇ ਜਦੋਂ ਮੈਂ ਕੈਨੇਡੀਅਨ ਅੰਬੈਸੀ ਵੱਲੋਂ ਆਏ ਐਪਲੀਕੇਸ਼ਨ ਫੋਰਮ ਦੇ ਅਮੁੱਕ ਸਫਿਆਂ ਦੀ ਹਲਕੀ-ਹਲਕੀ ਹਰਿਆਵਲ ਦੇ ਕਾਲਮਾਂ ਵਿਚ, ਸਾਡੇ ਦੋਹਾਂ ਬਾਰੇ ਮੰਗੀ ਹੋਈ ਜਾਣਕਾਰੀ ਚਿਣ ਰਿਹਾ ਸਾਂ ਤਾਂ ਸੁਖਸਾਗਰ ਬੀਜੀ ਹੋਰਾਂ ਦੇ ਸੌਣ ਕਮਰੇ ਵੱਲ ਖਿਸਕ ਗਈ।

---

ਦੋ ਮਹੀਨਿਆਂ ਬਾਅਦ (1974 ਦੇ ਨਵੰਬਰ ਵਿਚ) ਹਵਾ ਵਿਚ ਘੁਲ ਰਹੀ ਠੰਢ ਦੀ ਮੱਠੀ-ਮੱਠੀ ਪੈੜਚਾਲ ਨੇ ਰਜ਼ਾਈਆਂ-ਗੁਦੈਲਿਆਂ ਵਾਲੇ ਪੇਟੀਆਂ-ਸੰਦੂਕਾਂ ਵਿਚ ਉਥਲ ਪੁਥਲ ਛੇੜ ਦਿੱਤੀ।

1974 ਦਾ ਦਸੰਬਰ ਹਾਲੇ ਕੁਝ ਕੁ ਕਦਮ ਹੀ ਰੁੜ੍ਹਿਆ ਸੀ ਕਿ ਦਰਖਤਾਂ ਦੀਆਂ ਟਾਹਣੀਆਂ ਗੰਜੀਆਂ ਹੋਣ ਲੱਗੀਆਂ ਅਤੇ ਉਨ੍ਹਾਂ ਉਦਾਲੇ ਧੁੰਦਾਂ ਦੇ ਠੰਢੇ ਕਲਾਵੇ ਲਿਪਟਣ ਲੱਗੇ।

ਅੰਬੈਸੀ ਵੱਲ ਕਈ ਮਹੀਨੇ ਪਹਿਲਾਂ ਭੇਜੀ ਸਾਡੀ ਅਰਜ਼ੀ ਦੀ ਯਾਦ ਉਪਰ ਬਹੁਤ ਹਫਤੇ ਪਹਿਲਾਂ ਹੀ ਧੂੜ ਜੰਮਣ ਲੱਗ ਪਈ ਸੀ, ਕਿਉਂਕਿ ਮੇਰੇ ਇਕ ਟਰੈਵਲ ਏਜੰਟ ਮਿੱਤਰ ਨੇ ਮੈਨੂੰ ਕਹਿ ਦਿੱਤਾ ਸੀ ਕਿ ਕੈਨੇਡਾ ਹੁਣ ਬਹੁਤੇ ਇਮੀਗਰਾਂਟ ਗੋਰੇ ਮੁਲਕਾਂ ਵਿਚੋਂ ਹੀ ਲੈ ਰਿਹਾ ਹੈ। ਉਹਦੀਆਂ ਗੱਲਾਂ ਸੁਣ ਕੇ ਕੈਨੇਡੀਅਨ ਅੰਬੈਸੀ ਤੋਂ ਕਿਸੇ ਖਤ ਪੱਤਰ ਦੀ ਉਮੀਦ ਮੈਂ ਘੁਡਾਣੀ ਵਾਲੇ ਘਰ ਦੇ ਪਿਛਵਾੜੇ ਸੁੱਕ ਰਹੀ ਨਿੰਮ ਦੀਆਂ ਜੜ੍ਹਾਂ ਵਿਚ ਝਾੜ ਦਿੱਤੀ ਸੀ।

ਉਸ ਮਿੱਤਰ ਦੀਆਂ ਗੱਲਾਂ ਤੋਂ ਬਾਅਦ ਸੁਖਸਾਗਰ ਦੀ ਐਸਪਰੀਨ ਵਾਲੀ ਸ਼ੀਸ਼ੀ ਪੰਜ-ਛੇ ਦਿਨਾਂ ਵਿਚ ਖਾਲੀ ਹੋਣ ਦੀ ਥਾਂ ਦੋ-ਦੋ ਹਫਤਿਆਂ ਬਾਅਦ ਵੀ ਓਨੀ ਦੀ ਓਨੀ ਰਹਿਣ ਲੱਗ ਪਈ ਸੀ। ਉਹ ਹੁਣ ਲੁਧਿਆਣੇ ਦੇ ਬਸਾਤੀ ਬਾਜ਼ਾਰ ਵਿਚੋਂ ਉਨ ਦੇ ਗੋਲੇ ਖਰੀਦ ਲਿਆਈ ਅਤੇ ਮੇਰੀਆਂ ਬਾਹਾਂ ਤੇ ਮੌਰਾਂ ਦੀ ਮਿਣਤੀ ਕਰ ਕੇ ਬਹੁਤਾ ਸਮਾਂ ਸਲਾਈਆਂ ਨੂੰ ਇਕ ਦੂਜੀ ਨਾਲ ਚੁੰਝੋ-ਚੁੰਝੀ ਕਰਨ ਵਿਚ ਗੁਜ਼ਾਰਨ ਲੱਗੀ।

ਇਕ ਦਿਨ ਮੈਂ ਕਲਾਸ ਪੜ੍ਹਾ ਕੇ ਕੈਂਟੀਨ ਵੱਲ ਵਗਿਆ ਜਾ ਰਿਹਾ ਸਾਂ, ਮੇਰੇ ਪਿਛਲੇ ਪਾਸਿਓਂ ਆਈ ਰੱਖਾ ਸਿੰਘ ਦੀ ਆਵਾਜ਼ ਨੇ ਮੇਰੇ ਕਦਮ ਜਕੜ ਲਏ। ਕੈਂਟੀਨ ਦਾ ਰੂਟ ਕੈਂਸਲ ਕਰ ਕੇ ਮੈਂ ਆਪਣਾ ਸਟੀਅਰਿੰਗ ਸਟਾਫ ਰੂਮ ਵੱਲ ਘੁਮਾ ਦਿੱਤਾ। ਉਥੇ 'ਨਵਾਂ ਜ਼ਮਾਨਾ' ਅਖਬਾਰ ਵਿਚ ਖੁੱਭਿਆ ਬਾਪੂ ਪਾਰਸ ਖਬਰਾਂ ਉਧੇੜਨ ਦੇ ਨਾਲ-ਨਾਲ ਆਪਣੀ ਦਾੜ੍ਹੀ ਵੀ ਖੁਰਕ ਰਿਹਾ ਸੀ।

---

ਉਸ ਸ਼ਾਮ ਜਦੋਂ ਘੁਡਾਣੀ ਵਾਲੇ ਘਰ ਵਿਚ ਦਾਖਲ ਹੋਇਆ, ਸੁਖਸਾਗਰ ਆਪਣੇ ਮੋਢਿਆਂ ਉਦਾਲੇ ਸ਼ਾਲ ਲਪੇਟੀ ਬੈਠੀ ਸੀ। ਚਾਹ ਪੀਂਦਿਆਂ ਮੈਂ ਬਾਪੂ ਵੱਲੋਂ ਸੁਧਾਰ ਕਾਲਜ ਵਿਚ ਮੇਰੇ ਹਵਾਲੇ ਕੀਤੀ ਚਿੱਠੀ ਸਾਗਰ ਵੱਲ ਵਧਾ ਦਿੱਤੀ।

"ਇਹ ਕਾਹਦੀ ਆ'ਗੀ?" ਚਾਹ ਦਾ ਕੱਪ ਮੇਜ਼ ਉਪਰ ਟਿਕਾ ਕੇ ਉਸ ਨੇ ਆਪਣੀਆਂ ਉਂਗਲਾਂ ਲਿਫਾਫੇ ਵਿਚ ਉਤਾਰ ਦਿੱਤੀਆਂ।

"ਇੰਟਰਵਿਊ?" ਚਿੱਠੀ ਦਾ ਪਹਿਲਾ ਪੈਰਾ ਪੜ੍ਹਦਿਆਂ ਸੁਖਸਾਗਰ ਆਪਣੇ ਸਿਰ ਨੂੰ ਧੀਮੀ ਚਾਲੇ ਸੱਜੇ-ਖੱਬੇ ਫੇਰਨ ਲੱਗੀ।

ਮਿੰਟ ਕੁ ਲਈ ਚਿੱਠੀ ਦੇ ਸ਼ਬਦਾਂ ਨੂੰ ਆਪਣੀਆਂ ਅਟਿਕਵੀਆਂ ਨਜ਼ਰਾਂ ਨਾਲ ਸਿੱਧੇ-ਪੁੱਠੇ ਕਰਨ ਤੋਂ ਬਾਅਦ ਉਸ ਨੇ ਆਪਣਾ ਹੇਠਲਾ ਬੁੱਲ੍ਹ ਆਪਣੇ ਦੰਦਾਂ ਵਿਚਕਾਰ ਕਰ ਲਿਆ ਤੇ ਉਹ ਸਿਰਹਾਣੇ ਹੇਠੋਂ ਸਕਾਰਫ ਖਿੱਚ ਕੇ ਆਪਣੇ ਸਿਰ ਉਦਾਲੇ ਲਪੇਟਣ ਲੱਗ ਪਈ। ਟਾਂਡ ਉਪਰ ਖਲੋਤੀ ਐਸਪਰੀਨ ਦੀ ਸ਼ੀਸ਼ੀ ਵੱਲ ਆਪਣਾ ਹੱਥ ਵਧਾ ਕੇ ਤਿਊੜੀਆਂ ਬਣ ਗਏ ਆਪਣੇ ਮੱਥੇ ਹੇਠ ਸੁੰਗੇੜੀਆਂ ਹੋਈਆਂ ਅੱਖਾਂ ਉਸ ਨੇ ਮੇਰੇ ਵੱਲ ਗੋਡ ਲਈਆਂ।

ਮੇਰੇ ਹੱਥ ਫੜ੍ਹੀ ਚਾਹ ਵਾਲੀ ਪਿਆਲੀ ਥਿਰਕਣ ਲੱਗੀ। ਚਾਬੀ ਵਾਲੇ ਟਾਈਮ ਪੀਸ ਦੀ ਟਿਕ-ਟਿਕ ਕਮਰੇ ਵਿਚ ਛਾਈ ਚੁੱਪ ਦੇ ਲਮਕਾ ਵਿਚ ਮੋਰੀਆਂ ਕਰਨ ਲੱਗੀ।

"ਇੰਟਰਵਿਊ 'ਤੇ ਜਾਣ ਦਾ ਕੋਈ ਹਰਜ ਨ੍ਹੀਂ ਬੇਟਾ!" ਬੀਜੀ ਕਦੇ ਮੇਰੇ ਵੱਲ ਤੇ ਕਦੇ ਸਾਗਰ ਵੱਲ ਝਾਕਣ ਲੱਗੇ।

"ਅਵੱਲ ਤਾਂ ਇੰਟਰਵਿਊ 'ਚ ਆਪਾਂ ਨੂੰ ਫੇਲ੍ਹ ਹੀ ਕਰ ਦੇਣੈ ਕੈਨੇਡੀਅਨ ਅੰਬੈਸੀ ਨੇ।" ਆਪਣੀ ਆਵਾਜ਼ ਦੀ ਤਿੜਕਣ ਸੰਭਾਲਦਿਆਂ ਮੈਂ ਆਪਣੀਆਂ ਅੱਖਾਂ ਸਾਗਰ ਦੇ ਚਿਹਰੇ ਵੱਲ ਮੋੜ ਲਈਆਂ।

"ਮੈਂ ਵੀ ਚਾਹੁੰਨੀ ਆਂ ਜਾਓ ਜ਼ਰੂਰ।" ਬੀਜੀ ਆਪਣੀ ਐਨਕਾਂ ਚੁੰਨੀ ਦੇ ਲੜ ਨਾਲ ਸਾਫ ਕਰਨ ਲੱਗੇ, "ਕੀ ਪਤਾ ਕੋਈ ਖਿਡਾਉਣਾ ਈ ਲੈ ਆਵੋ।"

---

ਇੰਟਰਵਿਊ ਤੋਂ ਅੱਠ ਕੁ ਹਫਤੇ ਬਾਅਦ ਇਕ ਐਤਵਾਰ ਦੀ ਸ਼ਾਮ ਬਾਪੂ ਪਾਰਸ ਨੇ ਸਾਡੇ ਘੁਡਾਣੀ ਕਲਾਂ ਵਾਲੇ ਘਰ ਦੀ ਡੋਰ ਬੈਲ ਆ ਖੜਕਾਈ।

ਚਾਹ ਦੀਆਂ ਪਿਆਲੀਆਂ ਕਿਚਨ ਵਿਚੋਂ ਡਰਾਇੰਗ ਰੂਮ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਵੜੀਆਂ ਹੀ ਸਨ ਕਿ ਬਾਪੂ ਪਾਰਸ ਚਮੜੇ ਦਾ ਬੈਗ ਫਰੋਲਣ ਲੱਗਾ, "ਮੈਂ ਤਾਂ ਆਹ ਚਿੱਠੀ ਫੜਾਉਣ ਆਇਆਂ ਢੋਲ ਸਾਹਿਬ।"

ਤਹਿ ਕੀਤੇ ਕਾਗਜ਼ ਵੱਡ-ਅਕਾਰੀ ਲਿਫਾਫੇ ਤੋਂ ਮੁਕਤ ਕਰਦਿਆਂ ਮੈਂ ਆਪਣੀਆਂ ਅੱਖਾਂ ਪਹਿਲੇ ਸਫੇ ਦੀ ਇਬਾਰਤ ਉਤੇ ਢੇਰੀ ਕਰ ਦਿੱਤੀਆਂ, "ਡੀਅਰ ਮਿਸਟਰ ਗਿੱਲ, ਵੀ ਆਰ ਪਲੀਜ਼ਡ ਟੂ ਇਨਫੋਰਮ ਯੂ...।" ਮੇਰੀਆਂ ਅੱਖਾਂ ਵਿਚ ਜੁਗਨੂੰ ਖਿੜਨ ਲੱਗੇ। ਮੈਂ ਆਪਣੇ ਬੁੱਲ੍ਹ ਖਿੰਡਾਰ ਕੇ ਬਾਪੂ ਪਾਰਸ ਵੱਲੀਂ ਝਾਕਣ ਲੱਗਾ, "ਕੈਨੇਡੀਅਨ ਅੰਬੈਸੀ ਦੀ ਚਿੱਠੀ ਆ ਬਾਪੂ ਜੀ।"

"ਕੀ ਕਹਿੰਦੇ ਐ?"

"ਮੈਡੀਕਲ ਆ ਗਿਆ ਹੋਊ।" ਸਾਗਰ ਮੇਰੇ ਵੱਲ ਝਾਕਦਿਆਂ ਆਪਣੇ ਸਿਰ ਨੂੰ ਸੱਜੇ-ਖੱਬੇ ਫੇਰਨ ਲੱਗੀ, "ਸਿਆਪਾ!"

"ਸਿਆਪਾ?" ਬਾਪੂ ਦੀ ਦਾੜ੍ਹੀ ਦੇ ਚਿੱਟੇ ਵਾਲ ਕਾਲਿਆਂ ਨਾਲ ਖਹਿਣ ਲੱਗੇ। ਮੇਰੀ ਚੁੱਪ ਠਰ ਰਹੀ ਚਾਹ ਵਿਚ ਡੁੱਬਣ ਲੱਗੀ।

"ਪਰ ਇਕ ਗੱਲ ਸੁਣ ਲੈ ਬੇਟਾ ਜੀ", ਬਾਪੂ ਪਾਰਸ ਬੋਲਿਆ, "ਏਹੋ ਜਿਹੇ ਮੌਕੇ ਵਾਰ-ਵਾਰ ਨੀ ਆਉਂਦੇ।"

"ਪਰ ... ਬਾਪੂ ਜੀਅਅ...!" ਤੇ ਸਾਗਰ ਨੇ ਆਪਣੀਆਂ ਨਜ਼ਰਾਂ ਬੀਜੀ ਅਤੇ ਬਾਪੂ ਜੀ ਦੀਆਂ ਤਸਵੀਰਾਂ ਵੱਲ ਫੇਰ ਲਈਆਂ।

---

ਅਗਲੇ ਕਈ ਦਿਨਾਂ ਦੌਰਾਨ ਬੀਜੀ ਤੇ ਬਾਪੂ ਜੀ ਸਾਗਰ ਦੇ ਮੱਥੇ ਦੀਆਂ ਤਿਊੜੀਆਂ ਸਾਵੀਆਂ ਕਰਨ ਵਿਚ ਲੱਗੇ ਰਹੇ, "ਦੋ ਢਾਈ ਸਾਲਾਂ ਵਿਚ ਜੇ ਕੋਈ ਖਿਡਾਉਣਾ ਤੇਰੀ ਝੋਲੀ ਪੈ ਗਿਆ ਤਾਂ ਵਾਪਸ ਆ ਜਾਇਓ।"

---

ਮਈ 1975 ਨੇ ਪਹਿਲਾ ਕਦਮ ਹੀ ਪੁੱਟਿਆ ਸੀ ਕਿ ਗਰਮੀਆਂ ਦੀਆਂ ਛੁੱਟੀਆਂ ਨੇ ਪੰਜਾਬ ਭਰ ਦੇ ਕਾਲਜਾਂ ਵਿਚੋਂ ਗਹਿਮਾ-ਗਹਿਮੀ ਹੂੰਝ ਕੇ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਦੇ ਘਰਾਂ ਵੱਲ ਤੋਰ ਦਿੱਤੀ। ਸੁਰਿੰਦਰ ਨੇ ਸੁਧਾਰ ਬਾਜ਼ਾਰ ਵਾਲੇ ਸਾਡੇ ਚੁਬਾਰੇ ਦੀਆਂ ਚਾਬੀਆਂ ਚੁਬਾਰੇ ਹੇਠ ਫੋਟੋਗ੍ਰਾਫੀ ਕਰਦੇ ਗੁਰਬਚਨ ਸਿੰਘ ਦੇ ਲੜਕੇ ਨੂੰ ਫੜਾ ਕੇ ਆਪਣੇ ਬੁਲਟ ਦਾ ਮੁਹਰਲਾ ਟਾਇਰ ਹਲਵਾਰੇ ਵੱਲ ਕਰ ਲਿਆ। ਮੈਂ ਲੁਧਿਆਣੇ ਵਾਲੀ ਬੱਸ ਉਡੀਕਦਿਆਂ 'ਲਕੀਰ' ਰਸਾਲੇ ਵਿਚੋਂ ਸ਼ਾਇਰ ਮਿੱਤਰ ਪਾਸ਼ ਦੀਆਂ ਕਵਿਤਾਵਾਂ ਦਾ ਹਾਲ ਚਾਲ ਪੁੱਛਣ ਲੱਗਾ।

ਮਈ-ਜੂਨ 'ਚ ਹਰ ਸਵੇਰ ਰਾਤ ਦਾ ਹਨੇਰਾ ਜਿਉਂ ਹੀ ਵਿਦਾ ਹੁੰਦਾ, ਘੁਡਾਣੀ ਵਾਲੇ ਘਰ ਦੀਆਂ ਕੰਧਾਂ ਦੇ ਬਾਹਰਲੇ ਪਲਸਤਰ ਨੂੰ ਬੁਖਾਰ ਚੜ੍ਹਨਾ ਸ਼ੁਰੂ ਹੋ ਜਾਂਦਾ। ਸੂਰਜ ਸਾਹਿਬ ਜਿਉਂ-ਜਿਉਂ ਉਪਰ ਉਠਦੇ, ਪਲਸਤਰ ਦੇ ਬੁਖਾਰ ਵਿਚ ਤੇਜ਼ੀ ਆਉਣ

***(ਬਾਕੀ ਅਗਲੇ ਸਫੇ 'ਤੇ)***



ਕੈਨੇਡਾ ਪੁੱਜਣ ਤੋਂ ਪਹਿਲਾਂ ਇਕਬਾਲ ਰਾਮੂਵਾਲੀਆ ਅਤੇ ਸੁਖਸਾਗਰ ਦੀਆਂ ਤਸਵੀਰਾਂ।





***ਅੰਬੈਸੀ ਵੱਲ ਭੇਜੀ ਅਰਜ਼ੀ ਦੀ ਯਾਦ ਉਪਰ ਧੂੜ ਜੰਮਣ ਲੱਗ ਪਈ ਸੀ, ਕਿਉਂਕਿ ਮੇਰੇ ਇਕ ਟਰੈਵਲ ਏਜੰਟ ਮਿੱਤਰ ਨੇ ਮੈਨੂੰ ਕਹਿ ਦਿੱਤਾ ਸੀ ਕਿ ਕੈਨੇਡਾ ਹੁਣ ਬਹੁਤੇ ਇੰਮੀਗਰੈਂਟ, ਗੋਰੇ ਮੁਲਕਾਂ ਵਿਚੋਂ ਹੀ ਲੈ ਰਿਹਾ ਹੈ। ਉਹਦੀਆਂ ਗੱਲਾਂ ਸੁਣ ਕੇ ਕੈਨੇਡੀਅਨ ਅੰਬੈਸੀ ਤੋਂ ਕਿਸੇ ਖਤ ਪੱਤਰ ਦੀ ਉਮੀਦ ਮੈਂ ਘੁਡਾਣੀ ਵਾਲੇ ਘਰ ਦੇ ਪਿਛਵਾੜੇ ਸੁੱਕ ਰਹੀ ਨਿੰਮ ਦੀਆਂ ਜੜ੍ਹਾਂ ਵਿਚ ਝਾੜ ਦਿੱਤੀ ਸੀ। ਮਿੱਤਰ ਦੀਆਂ ਗੱਲਾਂ ਤੋਂ ਬਾਅਦ ਸੁਖਸਾਗਰ ਦੀ ਐਸਪਰੀਨ ਵਾਲੀ ਸ਼ੀਸ਼ੀ ਪੰਜ-ਛੇ ਦਿਨਾਂ ਵਿਚ ਖਾਲੀ ਹੋਣ ਦੀ ਥਾਂ ਦੋ-ਦੋ ਹਫਤਿਆਂ ਬਾਅਦ ਵੀ ਓਨੀ ਦੀ ਓਨੀ ਰਹਿਣ ਲੱਗ ਪਈ ਸੀ। ਉਹ ਹੁਣ ਲੁਧਿਆਣੇ ਦੇ ਬਸਾਤੀ ਬਾਜ਼ਾਰ ਵਿਚੋਂ ਉੱਨ ਦੇ ਗੋਲੇ ਖਰੀਦ ਲਿਆਈ ਅਤੇ ਮੇਰੀਆਂ ਬਾਹਾਂ ਤੇ ਮੌਰਾਂ ਦੀ ਮਿਣਤੀ ਕਰ ਕੇ ਬਹੁਤਾ ਸਮਾਂ ਸਲਾਈਆਂ ਨੂੰ ਇਕ ਦੂਜੀ ਨਾਲ ਚੁੰਝੋ-ਚੁੰਝੀ ਕਰਨ ਵਿਚ ਗੁਜ਼ਾਰਨ ਲੱਗੀ।***

# ਇਕ ਖਤ ਪਰਵਾਸੀਆਂ ਦੇ ਨਾਂ...

**ਦਰਦ-ਏ-ਦਿਲ**

ਸੱਤ ਸਮੁੰਦਰੋਂ ਪਾਰ, ਪਰਦੇਸਾਂ ਵਿਚ ਸੁੱਖੀਂ-ਸਾਂਦੀ ਵਸਦੇ-ਰਸਦੇ ਪੰਜਾਬੀ ਪਰਵਾਸੀ ਭਰਾਓ, ਮੈਂ ਕੋਈ ਲੇਖਕ ਜਾਂ ਕਹਾਣੀਕਾਰ ਨਹੀਂ ਹਾਂ-ਮੈਂ ਤਾਂ ਇਕ ਸਿਰੜੀ ਤੇ ਮਿਹਨਤੀ ਮਜ਼ਦੂਰ ਹਾਂ ਜੋ ਹੋਰ ਲੋਕਾਂ ਵਾਂਗ ਰੋਜ਼ੀ-ਰੋਟੀ ਦੀ ਖਾਤਰ ਇੰਗਲੈਂਡ ਆਇਆ ਸਾਂ। ਪਰਮਾਤਮਾ ਦੀ ਬਖਸ਼ਿਸ਼ ਅਤੇ ਸਖਤ ਮਿਹਨਤ ਸਦਕਾ ਆਪਣਾ ਕਾਰੋਬਾਰ ਕਰ ਰਿਹਾ ਹਾਂ। ਹਥਲੀ ਲਿਖਤ ਵਿਚ ਹੁਣ ਤੱਕ ਪਿੰਡੇ 'ਤੇ ਹੰਢਾਇਆ ਨੰਗਾ-ਚਿੱਟਾ ਸੱਚ ਸਿੱਧ-ਪਧਰੇ ਸ਼ਬਦਾਂ ਵਿਚ ਬਿਆਨ ਕਰਨ ਲੱਗਾ ਹਾਂ।

ਪੰਜਾਬੀ ਕਹਾਵਤ ਹੈ, ਮੱਛੀ ਪੱਥਰ ਚੱਟ ਕੇ ਹੀ ਮੁੜਦੀ ਹੈ। ਪਰ ਜੇ ਪੱਥਰ ਚੱਟ ਕੇ ਮੁੜੀ ਜਾਂਦੀ ਮੱਛੀ ਰੌਲਾ ਪਾਉਂਦੀ ਜਾਵੇ ਕਿ 'ਉਹ' ਕੋਈ ਖਾਣ ਵਾਲੀ ਵਸਤੂ ਨਹੀਂ ਸਗੋਂ 'ਪੱਥਰ' ਹੈ ਤਾਂ ਉਸ ਦੀ ਗੱਲ ਜ਼ਰੂਰ ਗਹੁ ਨਾਲ ਸੁਣ ਲੈਣੀ ਚਾਹੀਦੀ ਹੈ, ਬਜਾਇ ਇਸ ਦੇ ਕਿ ਖੁਦ ਪੱਥਰ ਚੱਟ ਕੇ ਮੁੜਨਾ ਪਵੇ। ਕਈ ਤਰ੍ਹਾਂ ਦੇ ਵਿੰਗੇ-ਟੇਢੇ ਓਹੜ-ਪੋਹੜ ਕਰਨ ਤੋਂ ਬਾਅਦ ਜਦ ਕੋਈ ਸੱਜਣ 'ਬਾਹਰ ਜਾਣ' ਲਈ ਹਵਾਈ ਅੱਡੇ ਵੱਲ ਤੁਰਦਾ ਹੈ ਤਾਂ ਉਸ ਦੇ ਦਿਲ ਵਿਚ ਭੈਣਾਂ-ਭਰਾਵਾਂ, ਅੰਗਾਂ-ਸਾਕਾਂ, ਆਪਣੀ ਮਾਤ ਭੂਮੀ ਅਤੇ ਭਾਈਚਾਰਾ ਛੱਡਣ ਦੇ 'ਹਉਕੇ' ਉਠਦੇ ਹਨ। ਉਹ ਬਚਪਨ ਦੇ ਯਾਰ ਬੇਲੀ, ਸਕੂਲ/ਕਾਲਜ ਵੇਲੇ ਦੇ ਦੋਸਤ, ਸਭ ਕੁਝ ਛੱਡ ਕੇ ਇਕ ਨਵੀਂ ਦੁਨੀਆਂ ਵਸਾਉਣ ਤੁਰਦਾ ਹੈ। ਦੁਚਿੱਤੀ ਵਿਚ ਪਏ ਨੂੰ ਜਦੋਂ ਆਪਣੇ ਪਰਿਵਾਰ ਦੀ ਆਰਥਿਕ ਮੰਦਹਾਲੀ ਯਾਦ ਆਉਂਦੀ ਹੈ ਤਾਂ ਉਹ ਕਾਹਲਾ ਪੈਂਦਾ ਹੈ ਕਿ ਕਿਹੜੀ ਘੜੀ ਡਾਲਰ/ਪੌਂਡ ਕਮਾਉਣੇ ਸ਼ੁਰੂ ਕਰ ਦੇਵੇ।

ਪਰਦੇਸ ਵਿਚ ਜਾ ਕੇ ਉਹ ਜੀਅ-ਜਾਨ ਨਾਲ ਸਖਤ ਮਿਹਨਤ ਕਰਦਾ ਖੂਨ-ਪਸੀਨਾ ਇਕ ਕਰਦਾ ਹੈ। ਪੰਜਾਬ ਵਿਚ 'ਸਰਦਾਰੀਆਂ' ਮਾਣਨ ਵਾਲਿਆਂ ਨੂੰ ਪਰਦੇਸਾਂ ਵਿਚ ਆ ਕੇ ਹਰ ਕੰਮ ਹੱਥੀਂ ਕਰਨਾ ਪੈਂਦਾ ਹੈ। ਪੰਜਾਬ ਵਿਚ ਜਿਹੜੇ ਕੰਮ ਪਛੜੀਆਂ ਸ਼੍ਰੇਣੀਆਂ ਜਾਂ 'ਭਈਆਂ' ਲਈ 'ਰਾਖਵੇਂ' ਹੁੰਦੇ ਹਨ, ਉਹ ਸਭ ਇਧਰ ਆ ਕੇ ਕਰਨੇ ਪੈਂਦੇ ਹਨ। ਸੁਰਜੀਤ ਪਾਤਰ ਦੇ ਕਹਿਣ ਵਾਂਗ, 'ਪਿੰਡ ਜਿਨ੍ਹਾਂ ਦੇ ਗੱਡੇ ਚੱਲਣ, ਹੁਕਮ ਅਤੇ ਸਰਦਾਰੀ। ਸ਼ਹਿਰ 'ਚ ਆ ਕੇ ਬਣ ਜਾਂਦੀ ਏ, ਬੱਸ ਦੀ ਇਕ ਸਵਾਰੀ।' ਵਾਲੀ ਗੱਲ ਹੋ ਜਾਂਦੀ ਹੈ। ਹਾਲੇ ਉਹ ਪੱਕੇ ਪੈਰੀਂ ਹੋਇਆ ਵੀ ਨਹੀਂ ਹੁੰਦਾ ਕਿ ਪਿੰਡੋਂ ਫੋਨ ਆਉਣੇ ਸ਼ੁਰੂ ਹੋ ਜਾਂਦੇ ਹਨ, "ਨਵਾਂ ਟਰੈਕਟਰ ਲੈਣਾ ਹੈ...ਖਾਦ ਲੈਣੀ ਹੈ...ਮਕਾਨ ਨੂੰ ਰੰਗ ਕਰਵਾਉਣਾ ਹੈ...ਘਰ ਵਿਚ ਖੁਸ਼ੀ/ਗ਼ਮੀ ਦਾ ਭੋਗ ਪੁਆਉਣਾ ਹੈ...ਮੁੰਡੇ ਦੇ ਵਿਆਹ 'ਤੇ ਗਾਉਣ ਵਾਲੀ ਸੱਦਣੀ ਹੈ...ਅਸੀਂ ਇੰਗਲੈਂਡੀਏ ਜਾਂ ਕੈਨੇਡੀਅਨ ਹਾਂ...ਰਾਈਫਲ ਜਾਂ ਰਿਵਾਲਵਰ, ਟੌਹਰ ਬਣਾਉਣ ਲਈ ਲੈਣਾ ਹੈ...ਨਾਲ ਲਗਦਾ ਖੱਤਾ ਲੈਣਾ ਹੈ...ਇਲੈਕਸ਼ਨ ਲੜਨੀ ਹੈ। ਐਨੇ ਪੈਸੇ ਜਲਦੀ ਭੇਜ ਨਹੀਂ ਤਾਂ ਸਾਡਾ 'ਨੱਕ' ਨਹੀਂ ਰਹਿਣਾ।"

ਪਿੰਡ ਬੈਠਿਆਂ ਦੇ ਨੱਕ ਦੀ 'ਸਲਾਮਤੀ' ਲਈ ਪਰਦੇਸ 'ਚ ਭੰਬੀਰੀ ਵਾਂਗ ਕੰਮ ਕਰਦਾ ਸੱਜਣ ਬਰਾਬਰ ਕਮਾਈ ਕਰਦੀ ਆਪਣੀ ਜੀਵਨ ਸਾਥਣ ਦੀ ਸਹਿਮਤੀ ਨਾਲ ਜਾਂ 'ਚੋਰੀ ਛੁਪੇ' ਅਜਿਹਾ ਨਹੀਂ ਕਰ ਪਾਉਂਦਾ ਤਾਂ ਉਸ ਨੂੰ 'ਰੰਨ ਮੁਰੀਦ' 'ਸਹੁਰਿਆਂ ਦਾ ਨੌਕਰ' ਵਰਗੇ ਵਿਸ਼ੇਸ਼ਣਾਂ ਨਾਲ 'ਨਿਵਾਜਿਆ' ਜਾਂਦਾ ਹੈ। 'ਗੱਡਾ ਖੜ੍ਹਾ ਸੀ, ਇਹਦੇ ਬਾਹਰ ਜਾਣ ਤੋਂ? ਇੱਦੂੰ ਚੰਗਾ ਸੀ, ਪਿੰਡ ਹੀ ਰਹਿੰਦਾ, ਇਕ ਭਈਆ ਤਾਂ ਘੱਟ ਰੱਖ ਲੈਂਦੇ' ਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਸਾਲ ਕੁ ਦੇ ਅੰਦਰ-ਅੰਦਰ ਹੀ ਘਰ ਦੇ ਮੈਂਬਰਾਂ ਵੱਲੋਂ 'ਸੈਰ' ਦੇ ਨਾਂ ਥੱਲੇ 'ਬਾਹਰ ਮੰਗਵਾਉਣ' ਦੀ ਮੰਗ ਸ਼ੁਰੂ ਹੋ ਜਾਂਦੀ ਹੈ। ਕਈ ਤਾਂ ਬਿਨਾ ਪੁੱਛਿਆਂ ਹੀ 'ਪਾਸਪੋਰਟ' ਦੀ ਕਾਪੀ ਭੇਜ ਦਿੰਦੇ ਹਨ। ਔਖੇ-ਸੌਖੇ ਹੋ ਕੇ ਉਨ੍ਹਾਂ ਦੀ ਇਹ ਖਾਹਿਸ਼ ਵੀ ਪੂਰੀ ਕਰ ਦਿੱਤੀ ਜਾਂਦੀ ਹੈ।

ਪੰਜਾਬ ਤੋਂ ਪਰਦੇਸ ਆਏ ਇਹ 'ਦੇਸੀ ਸੱਜਣ' ਇਥੇ ਆ ਕੇ ਕਰਦੇ ਕੀ ਹਨ? 'ਘਰ ਦੀ ਪੂਰੀ ਘੋਖ ਰੱਖਣਗੇ ਕਿ ਕਿੰਨੀ ਕਮਾਈ ਹੁੰਦੀ ਹੈ, ਕਿੰਨਾ ਕੁ ਖਰਚਾ ਹੁੰਦਾ ਹੈ। ਰੋਜ਼ਾਨਾ ਤਿੰਨ ਟਾਈਮ ਰੋਟੀ ਖਾਣੀ ਆਪਣੀ ਆਦਤ ਦੱਸਣਗੇ (ਜਦ ਕਿ ਸਾਨੂੰ ਇਕ ਡੰਗ ਵੀ ਚੱਜ ਨਾਲ ਰੋਟੀ ਖਾਣੀ ਨਸੀਬ ਨਹੀਂ ਹੁੰਦੀ), ਆਪ ਵੀ ਚੋਰੀ-ਛਿਪੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ, ਆਪਣਾ ਕਮਾਇਆ ਇਕ-ਇਕ ਪੈਸਾ 60 ਜਾਂ 70 ਨਾਲ ਗੁਣਾ ਕਰਕੇ, ਆਪਣੀ ਡਾਇਰੀ 'ਚ ਲਿਖੀ ਜਾਣਗੇ। ਘਰਾਂ ਵਿਚ ਲੱਗਾ ਟੈਲੀਫੋਨ 'ਸਰਕਾਰੀ' ਸਮਝ ਕੇ ਮਨ ਮਰਜ਼ੀ ਨਾਲ ਕੈਨੇਡਾ, ਇੰਡੀਆ, ਅਮਰੀਕਾ ਖੜਕਾਉਣਗੇ। ਜੇ ਬਿੱਲ ਕਦੀ ਜ਼ਿਆਦਾ ਆ ਜਾਣ ਦੀ ਸੂਰਤ ਵਿਚ ਫੋਨ ਕੁਨੈਕਸ਼ਨ ਕੱਟ ਹੋ ਜਾਵੇ ਤਾਂ ਆਂਢੀਆਂ-ਗੁਆਂਢੀਆਂ ਨਾਲ ਮੂੰਹ ਜੋੜ-ਜੋੜ ਗੱਲਾਂ ਕਰਨਗੇ, 'ਯਾਰ ਪਤਾ ਨਹੀਂ, ਸਾਡੇ ਠੇਕੇਦਾਰ ਦੀ ਮਾਲੀ ਹਾਲਤ ਇੰਨੀ ਪਤਲੀ ਹੈ, ਫੂਨ ਵੀ ਕੱਟਿਆ ਪਿਐ।' ਇਨ੍ਹਾਂ ਭਲੇ-ਮਾਣਸਾਂ ਨੂੰ ਕੋਈ ਪੁੱਛੇ ਕਿ ਪਤੰਦਰੋ, ਸਾਰਾ ਟੱਬਰ ਤਾਂ ਤੁਹਾਡੀ 'ਦੇਖਭਾਲ' ਜਾਂ ਤੁਹਾਡੇ ਮਿੱਤਰਾਂ-ਦੋਸਤਾਂ ਦੀ 'ਟਹਿਲ ਪਾਣੀ' ਵਿਚ ਰੁੱਝਾ ਰਹਿੰਦਾ ਹੈ, ਮਾਲੀ ਹਾਲਤ ਦਾ ਬੇੜਾ



ਬਿਠਾਉਣ ਲਈ ਤਾਂ ਤੁਸੀਂ ਆਪ ਜ਼ਿੰਮੇਵਾਰ ਹੋ? ਜੇ ਕਦੀ ਰੱਬ-ਸਬੱਬੀਂ, ਸੈਰ-ਸਪਾਟੇ ਨੂੰ ਆਏ ਇਹ ਸੱਜਣ, ਦੁੱਧ ਦਹੀਂ ਜਾਂ ਕੋਈ ਖਾਣ-ਪੀਣ ਵਾਲੀ ਚੀਜ਼ ਖੁਦ ਮੁੱਲ ਲੈ ਆਉਣ, ਤਾਂ ਫੌਰਨ ਬਾਣੀਏ ਵਾਂਗ ਡਾਇਰੀ ਵਿਚ ਦਰਜ ਕਰ ਲੈਣਗੇ। ਪੰਜਾਬ ਵਾਪਸ ਤਸ਼ਰੀਫ ਲੈ ਜਾਣ ਵੇਲੇ ਮੰਡੀ ਦੇ ਅੜ੍ਹਤੀਏ ਵਾਂਗ 'ਵਹੀ ਖਾਤਾ' ਫੋਲ ਕੇ ਫਰਮਾਉਣਗੇ, 'ਠੇਕੇਦਾਰਾ, ਤੇਰੇ ਵੱਲ ਮੇਰੇ ਇੰਨੇ ਪੌਂਡ 'ਨਿਕਲਦੇ' ਹਨ (ਸਾਡੇ ਕੋਲ ਡਾਇਰੀ ਪੈਨ ਚੁੱਕਣ ਦਾ ਸਮਾਂ ਹੀ ਨਹੀਂ ਹੁੰਦਾ)!

ਤੌਬਾ ਰੱਬ ਦੀ, ਪੱਲਿਓਂ ਟਿਕਟ ਭੇਜ ਕੇ ਕੋਲ ਮੰਗਾਏ ਇਹ 'ਮਹਿਮਾਨ' ਜਾਣ ਲੱਗਿਆਂ ਕਰਜ਼ਾਈ ਕਰਕੇ ਤੁਰਦੇ ਬਣਦੇ ਹਨ। ਕਈ ਘਰਾਂ ਵਿਚ ਤਾਂ 'ਸੈਰ-ਸਪਾਟੇ' 'ਤੇ ਆਏ ਇਨ੍ਹਾਂ 'ਭੱਦਰ ਪੁਰਸ਼ਾਂ' ਨੇ ਐਸਾ 'ਭਦਰੋਲ' ਪਾਇਆ ਹੁੰਦਾ ਹੈ ਕਿ ਗੱਲ 'ਤਲਾਕ' ਤੱਕ ਪਹੁੰਚ ਜਾਂਦੀ ਹੈ (ਸੱਚੇ ਪਾਤਸ਼ਾਹ ਦੀ ਕ੍ਰਿਪਾ ਨਾਲ, ਮੈਂ ਇਸ ਗੱਲੋਂ ਖੁਸ਼ਕਿਸਮਤ ਹਾਂ ਕਿਉਂਕਿ ਧੰਨੇ ਭਗਤ ਦੇ ਆਖਣ ਅਨੁਸਾਰ, ਮੈਨੂੰ 'ਘਰ ਕੀ ਗਹਿਨ ਚੰਗੀ' ਦਾ ਸਾਥ ਮਿਲਿਆ ਹੋਇਆ ਹੈ। ਪੰਜੇ ਉਂਗਲਾਂ ਭਾਵੇਂ ਬਰਾਬਰ ਨਹੀਂ ਹੁੰਦੀਆਂ, ਪਰ ਮੈਂ ਨਿਜੀ ਤਜਰਬੇ ਦੇ ਆਧਾਰ 'ਤੇ ਕਹਿੰਦਾ ਹਾਂ ਕਿ ਪਿਛਲੇ 16 ਸਾਲਾਂ ਦੇ ਅਰਸੇ ਵਿਚੋਂ 13 ਸਾਲ ਘਰ ਦਾ ਇਕ-ਇਕ ਮੈਂਬਰ ਸੈਰ ਦੇ ਨਾਂ 'ਤੇ ਕੋਲ ਬੁਲਾਇਆ, ਪਰ ਮੈਨੂੰ ਜਿਹੜੀ 'ਨੇਕ ਨਾਮੀ' ਮਿਲੀ, ਉਹ ਮੈਂ ਹੀ ਜਾਣਦਾ ਹਾਂ ਜਾਂ ਮੇਰੀ ਘਰ ਵਾਲੀ। ਇਸੇ ਲਈ ਦੁਖੀ ਹੋ ਕੇ ਇਹ ਖੁੱਲ੍ਹਾ ਖਤ ਲਿਖਣ ਲਈ ਮਜਬੂਰ ਹੋਇਆ ਹਾਂ ਤਾਂ ਕਿ ਮੇਰੇ ਵਾਂਗ ਕੋਈ ਹੋਰ ਪਰਵਾਸੀ ਭਰਾ ਇਸ 'ਝੰਜਟ' ਵਿਚ ਨਾ ਫਸੇ।

ਇੰਨਾ ਕੁਝ ਕਰਨ ਦੇ ਬਾਵਜੂਦ ਵੀ ਪਰਵਾਸੀ ਭਰਾਵੋ, ਜੇ ਤੁਸੀਂ ਪਿੰਡ ਵਾਲਿਆਂ ਨਾਲ 'ਮਿਲਣਾ ਵਰਤਣਾ' ਹੈ ਤਾਂ ਇਨ੍ਹਾਂ ਪਾਸੋਂ ਹਿੱਸੇ ਆਉਂਦੀ ਜ਼ਮੀਨ, ਆਪਣਾ ਮਕਾਨ, ਕਿਸੇ ਦੁਕਾਨ ਦਾ ਕਿਰਾਇਆ, ਜ਼ਮੀਨ ਦਾ ਠੇਕਾ ਅਤੇ ਭੇਜੇ ਗਏ ਪੈਸਿਆਂ ਦਾ 'ਹਿਸਾਬ-ਕਿਤਾਬ' ਭੁੱਲ ਕੇ ਵੀ ਨਾ ਪੁੱਛਿਓ। ਜੇ ਪੁੱਛਣ ਦੀ ਗੁਸਤਾਖੀ ਕਰੋਗੇ ਤਾਂ ਆਪਣੀ ਪੱਗ ਲੁਹਾ ਬੈਠੋਗੇ? ਪੰਜਾਬ ਦੀਆਂ ਅਖਬਾਰਾਂ ਤਾਂ ਦੱਸਦੀਆਂ ਹਨ ਕਿ ਇਸੇ ਤਰ੍ਹਾਂ ਦੇ ਹਿਸਾਬ-ਕਿਤਾਬ ਪੁੱਛਣ ਵਾਲਿਆਂ ਨੂੰ 'ਅਗਲਿਆਂ' ਨੇ ਜਾਨੋਂ ਹੀ ਖਤਮ ਕਰ ਜਾਂ 'ਕਰਵਾ' ਦਿੱਤਾ, ਜਾਂ ਝੂਠੇ ਕੇਸਾਂ ਵਿਚ ਉਲਝਾ ਦਿੱਤਾ। ਇਹੋ ਜਿਹੇ ਕਲਯੁਗੀ ਕਾਰਨਾਮਿਆਂ ਦੇ ਸਬੂਤ ਮੇਰੇ ਕੋਲ ਬਹੁਤ ਪਏ ਹਨ। ਅਜਿਹੇ 'ਕਿੱਸੇ' ਤੁਸੀਂ ਵੀ ਜ਼ਰੂਰ ਪੜ੍ਹੇ-ਸੁਣੇ ਹੋਣਗੇ।

ਸੋ ਪਰਵਾਸੀ ਭਰਾਓ, ਕਹਾਵਤ ਹੈ, ਜੇ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ 'ਭੁੱਲਿਆ' ਨਹੀਂ ਕਹੀਦਾ। ਤੁਹਾਡੀ ਲਹੂ-ਪਸੀਨੇ ਦੀ ਕਮਾਈ ਅਸਲ ਦਸਾਂ ਨਹੁੰਆਂ ਦੀ ਕਿਰਤ ਹੈ। ਇਸ ਨੂੰ 'ਆਪਣਿਆਂ ਦਾ ਗੁੰਗਾ ਪੂਜ ਪੂਜ' ਕੇ, ਭੰਗ ਦੇ ਭਾੜੇ ਨਾ ਗਵਾਓ। ਤੁਹਾਨੂੰ ਵਡਿਆਈ ਕਦੀ ਨਹੀਂ ਮਿਲਣੀ। ਝੁੱਗਾ ਚੌੜ ਨਾ ਕਰਵਾਓ!

ਇਕ ਗੱਲ ਹੋਰ ਕਹਿਣੀ ਜ਼ਰੂਰੀ ਸਮਝਦਾ ਹਾਂ ਕਿ ਪੰਜਾਬ ਵਿਚ ਅੱਜਕੱਲ੍ਹ ਅਖੌਤੀ ਸਾਧਾਂ ਸੰਤਾਂ ਦੇ 'ਵੱਗ' ਤੁਰੇ ਫਿਰਦੇ ਨੇ। ਇਨ੍ਹਾਂ ਵਿਹਲੜ ਬਾਬਿਆਂ ਨੂੰ ਕਾਣੀ ਕੌਡੀ ਵੀ ਨਾ ਦਿਓ! ਸਾਧਾਂ ਦੇ ਡੇਰਿਆਂ ਵਿਚ ਨਿੱਤ ਹੁੰਦੀਆਂ ਕਰਤੂਤਾਂ ਦੇ ਕੱਚੇ ਚਿੱਠੇ, ਰੋਜ਼ ਅਖਬਾਰਾਂ 'ਚ ਛਪਦੇ ਹਨ। ਇਨ੍ਹਾਂ ਬਾਬਿਆਂ ਦੀਆਂ ਦੁਕਾਨਾਂ ਭਾਵੇਂ ਖੂਬ ਚੱਲ ਰਹੀਆਂ ਹਨ, ਪਰ ਇਨ੍ਹਾਂ ਤੋਂ ਖਬਰਦਾਰ ਹੀ ਰਹਿਣਾ ਚਾਹੀਦਾ ਹੈ।

ਅਖੀਰ ਵਿਚ ਇਕ ਚਿਤਾਵਨੀ ਹੋਰ ਦੇਣੀ ਚਾਹੁੰਦਾ ਹਾਂ ਕਿ ਜੇ ਤੁਸੀਂ ਘਰ ਦੀ ਜ਼ਮੀਨ ਜਾਇਦਾਦ ਦੀ ਵੰਡ ਕਰਨੀ ਹੈ ਤਾਂ ਆਪਣੇ ਮਾਂ-ਬਾਪ ਦੇ ਜਿਉਂਦੇ-ਜੀਅ ਕਰੋ, ਉਹ ਵੀ ਪੱਕੀ ਲਿਖਤ ਵਿਚ, ਕਿਉਂਕਿ ਬਜ਼ੁਰਗਾਂ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਸਾਡੇ ਭਰਾਵਾਂ ਨੂੰ, ਬਜ਼ੁਰਗਾਂ ਦੀਆਂ 'ਨਸੀਹਤਾਂ' ਅਕਸਰ 'ਭੁੱਲ' ਜਾਇਆ ਕਰਦੀਆਂ ਹਨ। ਬਾਅਦ ਵਿਚ ਜਾਇਦਾਦ ਦੀ ਵੰਡ ਦੇ ਝਗੜਿਆਂ ਵਗੈਰਾ ਵਿਚ ਪਿੰਡ ਦੀ ਪੰਚਾਇਤ, ਪਿੰਡ ਵਾਸੀਆਂ ਦਾ ਹੀ ਪੱਖ ਪੂਰਦੀ ਹੈ, ਕਿਉਂਕਿ ਪੰਚਾਂ-ਸਰਪੰਚਾਂ ਨੂੰ ਇਨ੍ਹਾਂ ਪੇਂਡੂਆਂ ਦੀਆਂ ਵੋਟਾਂ ਦੀ ਸਖਤ ਲੋੜ ਰਹਿੰਦੀ ਹੈ। ਸਾਡੇ ਵਰਗੇ 'ਫਸਲੀ ਬਟੇਰਿਆਂ' ਤੋਂ ਇਨ੍ਹਾਂ ਨੇ ਕੀ ਲੈਣਾ?

ਪਰਵਾਸੀ ਵੀਰੋ, ਮੈਂ ਆਪਣੇ ਦਿਲ 'ਤੇ ਹੱਥ ਰੱਖ ਕੇ ਕਹਿੰਦਾ ਹਾਂ ਕਿ ਮੇਰੇ ਨਾਲ ਇੰਜ ਬੀਤਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਝੂਠ ਬੋਲਿਆ ਗਿਆ, 'ਆਹ ਗੱਲ ਇੰਜ ਨਹੀਂ ਸੀ ਹੋਈ...ਫਲਾਣੀ ਗੱਲ ਐਉਂ ਹੋਈ ਸੀ।' ਹਾਜ਼ਰ-ਨਾਜ਼ਰ ਸਤਿਗੁਰੂ ਦੀ ਹਜ਼ੂਰੀ ਵਿਚ ਝੂਠ ਬੋਲਣ ਵਾਲੇ ਇਹ ਭਰਾ, ਸ਼ਾਇਦ ਬਾਅਦ ਵਿਚ 'ਗੁਪਤ ਅਰਦਾਸ' ਕਰਕੇ ਜਾਂ ਅਖੰਡ ਪਾਠ ਰਖਵਾ ਕੇ, ਪਤਵੰਤੇ ਸੱਜਣ ਬੁਲਾ ਕੇ, ਅਰਦਾਸ ਕਰਕੇ ਭੁੱਲਾਂ ਬਖਸ਼ਾ ਲੈਂਦੇ ਹੋਣਗੇ? ਇਹ ਸਾਰੀਆਂ ਅਰਜੋਈਆਂ ਮੇਰੇ 'ਮਨ ਅੰਤਰ' ਦੀ ਪੀੜ ਵਿਚੋਂ ਨਿਕਲੀਆਂ ਹਨ। ਆਪ ਸਭ ਨੂੰ ਇਹ ਖੁੱਲ੍ਹਾ ਖਤ ਇਸ ਲਈ ਲਿਖਿਆ ਹੈ ਤਾਂ ਜੋ ਆਪ ਵੀ ਮੇਰੇ ਵਾਂਗ ਧੋਖਾ ਖਾ ਕੇ 'ਪੱਟੇ' ਨਾ ਜਾਇਓ।

*-ਹਰਦਿਆਲ ਸਿੰਘ ਧਮੜੈਤ*
*ਡਰਬੀ, ਯੂ.ਕੇ.।*

# ਚੰਗਾ ਬਈ ਪੰਜਾਬ!

*(ਪਿਛਲੇ ਸਫੇ ਦੀ ਬਾਕੀ)*

ਲੱਗਦੀ। ਪਲਸਤਰ ਦਾ ਬੁਖਾਰ ਸਾਰੀ ਦਿਹਾੜੀ ਕਮਰਿਆਂ ਦੇ ਅੰਦਰ ਵੱਲ ਫੂਕਾਂ ਮਾਰਦਾ ਰਹਿੰਦਾ। ਛੱਤਾਂ ਤੋਂ ਲਟਕਦੇ ਪੱਖੇ ਇਨ੍ਹਾਂ ਫੂਕਾਂ ਨੂੰ ਦਿਨ-ਰਾਤ ਰਿੜਕਦੇ, ਤੇ ਸਾਡੇ ਮੱਥਿਆਂ ਉਪਰ ਉਭਰਦੇ ਪਸੀਨੇ ਨੂੰ ਸੁੱਕਣ ਦਾ ਭਰਮ ਦੇਈ ਜਾਂਦੇ।

---

ਜੁਲਾਈ ਦਾ ਪਹਿਲਾ ਹਫਤਾ ਖੁੱਲ੍ਹਣ ਸਾਰ ਹੀ ਅਸਮਾਨ ਵਿਚ ਗਰੜ-ਗਰੜ, ਦਗੜ-ਦਗੜ ਖੰਘਾਰਨ ਲੱਗੀ। ਇਕ ਸ਼ਾਮ ਮੈਂ ਦਰੀ ਅਤੇ ਚਾਦਰ ਛੱਤ ਉਤੇ ਡੱਠੇ ਮੰਜੇ ਦੇ ਹਵਾਲੇ ਕੀਤੀਆਂ ਹੀ ਸਨ ਕਿ ਅਸਮਾਨ ਵਿਚ ਤਲਵਾਰਾਂ ਭਿੜਨ ਲੱਗੀਆਂ: ਪਹਿਲਾਂ ਨਿੱਕੇ-ਨਿੱਕੇ ਲਿਸ਼ਕਾਰੇ, ਤੇ ਫਿਰ ਅੱਗ ਦੀ ਅਮੁੱਕ ਲਕੀਰ ਚੜ੍ਹਦਿਓਂ ਲਹਿੰਦੇ ਵੱਲ ਖਿਚੀ ਗਈ। ਸਾਰੇ ਪਿੰਡ ਦੇ ਵਿਹੜੇ ਇਕਦਮ ਅੰਨ੍ਹੇ ਹੋ ਗਏ, ਤੇ ਛਿਣ ਕੁ ਭਰ ਪਹਿਲਾਂ ਅੱਗ ਦੀ ਲਕੀਰ ਨਾਲ ਦੁਫਾੜ ਹੋਈਆਂ ਕਾਲੀਆਂ ਘਟਾਵਾਂ ਸ਼ੇਰਾਂ ਹਾਥੀਆਂ ਵਾਂਗ ਦਹਾੜਨ ਲੱਗੀਆਂ।

ਮੈਂ ਚਾਦਰ ਤੇ ਦਰੀ ਗੁੱਛਾ-ਮੁੱਛਾ ਕਰ ਕੇ ਹਾਲੇ ਪੌੜੀਆਂ ਦੇ ਅੱਧ ਤੀਕਰ ਹੀ ਉਤਰਿਆ ਸਾਂ ਕਿ ਬੱਦਲਾਂ ਵਿਚੋਂ ਪਾਣੀ ਦੇ ਮੋਟੇ-ਮੋਟੇ ਕਣੇ ਇਕਦਮ ਢੇਰੀ ਹੋਣ ਲੱਗੇ। ਪਲਾਂ ਵਿਚ ਹੀ ਸਾਰੇ ਪਿੰਡ ਦੇ ਪਰਨਾਲਿਆਂ ਵਿਚੋਂ ਭਾਖੜਾ ਡੈਮ ਦੀ ਸ਼ੁਰਰ-ਸ਼ੁਰਰ ਡਿੱਗਣ ਲੱਗੀ।

---

ਜੁਲਾਈ ਦੇ ਦੂਜੇ ਹਫਤੇ ਸੁਧਾਰ ਕਾਲਜ ਦੇ ਗੇਟ 'ਤੇ ਗਹਿਮਾ-ਗਹਿਮੀ ਸੀ। ਕਲਾਸਾਂ ਸ਼ੁਰੂ ਹੋਈਆਂ ਨੂੰ ਅਜੇ ਪੰਜ ਕੁ ਦਿਨ ਹੋਏ ਸਨ ਕਿ ਇਕ ਦਿਨ ਆਪਣਾ ਬੈਗ ਸੰਭਾਲਦਾ ਬਾਪੂ ਪਾਰਸ ਸਟਾਫ ਰੂਮ ਦੇ ਦਰਵਾਜ਼ੇ ਵਿਚ ਪ੍ਰਗਟ ਹੋ ਗਿਆ। ਹੱਥ ਵਿਚ ਪੀਲੇ ਰੰਗ ਦਾ ਵੱਡ-ਆਕਾਰੀ ਲਿਫਾਫਾ।

ਇਸ ਲਿਫਾਫੇ ਵਿਚੋਂ ਇਸ ਦਾ ਮੋਹਰਬੰਦ ਬੱਚਾ ਨਿਕਲਿਆ, ਉਹਦੇ ਉਤੇ ਮੋਟੇ ਅੱਖਰਾਂ ਵਿਚ ਟਾਈਪ ਕੀਤੀ ਹਦਾਇਤ ਸੀ: ਇਸ ਲਿਫਾਫੇ ਨੂੰ ਖੋਲ੍ਹਣਾ ਨਹੀਂ, ਕੈਨੇਡਾ ਪਹੁੰਚ ਕੇ ਇਮੀਗਰੇਸ਼ਨ ਅਫਸਰ ਦੇ ਹਵਾਲੇ ਕਰਨਾ ਹੈ।

ਘੁਡਾਣੀ ਵਾਲੇ ਘਰ ਵਿਚ ਉਸ ਸ਼ਾਮ ਜਦੋਂ ਅਸੀਂ ਖਾਣਾ ਖਾ ਰਹੇ ਸਾਂ, ਤਾਂ ਸਿਰਫ ਪਲੇਟਾਂ ਕੌਲੀਆਂ ਨਾਲ ਘਿਸੜ ਰਹੇ ਚਮਚਿਆਂ ਦੀ ਕਲਿੱਕ ਕਲਿੱਕ ਹੀ ਸੀ, ਜਾਂ ਹਲਕੇ-ਹਲਕੇ ਪਚਾਕਿਆਂ ਦੀ ਪੱਚ-ਪੱਚ।

---

ਦੰਦਾਂ ਉਪਰ ਬੁਰਸ਼ ਘਸਾਉਣ ਤੋਂ ਬਾਅਦ ਸੁਖਸਾਗਰ ਦੀ ਚੁੱਪ ਬੀਜੀ-ਬਾਪੂ ਜੀ ਦੇ ਸੌਣ ਕਮਰੇ ਵਿਚਲੇ ਡਬਲ ਬੈਡ ਉਪਰ ਜਾ ਲੇਟੀ।

---

"ਤੁਸੀਂ ਇਕੱਲੇ ਈ ਚਲੇ ਜਾਓ।" ਅਗਲੀ ਸਵੇਰ ਚਾਹ ਵਾਲੀ ਗੜਵੀ ਮੇਰੀ ਪਿਆਲੀ ਉਪਰ ਟੇਢੀ ਕਰਦਿਆਂ ਸਾਗਰ ਬੁੜਬੁੜਾਈ।

ਬੀਜੀ ਦਾ ਲੰਮਾ ਸਾਹ ਉਨ੍ਹਾਂ ਦੇ ਫੇਫੜਿਆਂ ਵਿਚ ਲੰਮਾ ਸਮਾਂ ਰੁਕਿਆ ਰਿਹਾ।

"ਤੁਸੀਂ ਦੋਹਾਂ ਨੇ ਜਾਣੈ ਸਾਗਰ।" ਬੀਜੀ ਨੇ ਆਪਣਾ ਮੱਥਾ ਸੁੰਗੇੜਿਆ।

---

18 ਸਤੰਬਰ 1975 ਦੀ ਸਵੇਰ ਚਾਰ ਸੂਟਕੇਸ ਪਾਇਲ ਤੋਂ ਆਈ ਅੰਬੈਸਡਰ ਦੇ ਸਿਰ ਉਤੇ ਅਸਵਾਰ ਕਰ ਦਿੱਤੇ ਗਏ।

ਸੁਖਸਾਗਰ ਦੇ ਇਕਲੌਤੇ ਭਰਾ (ਜਿਸ ਨੂੰ ਅਸੀਂ ਕਾਕਾ ਕਹਿ ਕੇ ਸੱਦਦੇ ਸਾਂ/ਹਾਂ) ਨੇ ਜਨਮ ਤੋਂ ਬਾਅਦ ਸਿਰਫ ਦੋ ਕੁ ਬਹਾਰਾਂ ਹੀ ਮਾਣੀਆਂ ਸਨ ਜਦੋਂ ਕੁਦਰਤ ਨੇ ਉਸ ਦੀ ਬੌਧਿਕ ਸਮਰੱਥਾ ਉਦਾਲੇ ਸੰਘਣੀ ਵਾੜ ਵਗਲ ਦਿੱਤੀ। ਇਹ ਵਾੜ ਸਾਰੀ ਉਮਰ ਸੁਖਸਾਗਰ ਤੇ ਬੀਜੀ ਬਾਪੂ ਜੀ ਦੀਆਂ ਖੁਸ਼ੀਆਂ ਵਿਚ ਕੰਡੇ ਚੋਭਦੀ ਰਹੀ ਸੀ। ਮੈਥੋਂ ਸਿਰਫ ਦੋ ਕੁ ਸਾਲ ਛੋਟਾ ਹੋਣ ਦੇ ਬਾਵਜੂਦ ਉਹ ਨਿੱਕੇ ਨਿਆਣਿਆਂ ਵਾਂਗ ਵਿਚਰਦਾ ਸੀ/ਹੈ। ਉਸ ਦਿਨ ਘਰ ਵਿਚ ਹੋ ਰਹੀ ਸਰਗਰਮੀ ਬਾਰੇ ਕਾਕੇ ਨੂੰ ਰਤਾ ਵੀ ਸਮਝ ਨਹੀਂ ਸੀ। ਉਹ ਆਪਣੇ ਰੁਟੀਨ ਮੁਤਾਬਕ ਵਾਰ-ਵਾਰ ਚਾਹ ਦੀ ਮੰਗ ਕਰਦਾ ਰਿਹਾ ਤੇ ਆਪਣੇ ਕਮਰੇ ਦੀ ਛੱਤ ਤੋਂ ਲਟਕਦੇ ਪੱਖੇ ਦੇ ਖੰਭਾਂ ਨੂੰ ਦੇਖ-ਦੇਖ ਕੇ ਕਿਲਕਾਰੀਆਂ ਮਾਰਦਾ ਰਿਹਾ। ਸੁਖਸਾਗਰ ਮੁੜ-ਮੁੜ ਉਸ ਦੇ ਕਮਰੇ ਵਿਚ ਜਾਂਦੀ ਤੇ ਉਸ ਦੇ ਮੱਥੇ ਉਪਰ ਆਪਣੇ ਬੁੱਲ੍ਹਾਂ ਦੀ ਮੋਹਰ ਲਾ ਕੇ ਆਪਣੀਆਂ ਅੱਖਾਂ ਪੂੰਝਣ ਲੱਗਦੀ।

ਮੈਂ ਤੇ ਸਾਗਰ ਨੇ ਕਾਕੇ ਨੂੰ ਘੁੱਟ ਕੇ ਆਪਣੀਆਂ ਬਾਹਾਂ ਵਿਚ ਜਕੜਿਆ ਤੇ ਉਦਾਸ ਚਿਹਰੇ ਲੈ ਕੇ ਉਸ ਦੇ ਕਮਰੇ ਵਿਚੋਂ ਵਿਹੜੇ 'ਚ ਸਾਨੂੰ ਉਡੀਕਦੇ ਸੂਟਕੇਸਾਂ ਵੱਲ ਵਧਣ ਲੱਗੇ। ਘੁਡਾਣੀ ਦੀਆਂ ਭੀੜੀਆਂ ਗਲੀਆਂ ਦੇ ਖੱਡਿਆਂ ਉਪਰ ਡਿੱਕ ਡੋਲੇ ਖਾਂਦਿਆਂ ਮੁੱਖ ਸੜਕ 'ਤੇ ਚੜ੍ਹ ਕੇ ਸਾਡੀ ਕਾਰ ਜਿਉਂ-ਜਿਉਂ ਖੰਨੇ ਵੱਲ ਵਧੀ, ਸਾਗਰ ਦੇ ਮੱਥੇ ਦੀ ਘੁਟਣ ਸਖਤ ਹੋਣ ਲੱਗੀ।

ਰਾਜਪੁਰਾ ਲੰਘਣ ਤੋਂ ਬਾਅਦ ਜੀ.ਟੀ. ਰੋਡ ਨੇ ਆਪਣੀ ਬੂਥੀ ਹਰਿਆਣੇ ਦੀ ਹੱਦ ਵਿਚ ਘੁਸੋਈ ਤਾਂ ਮੇਰੇ ਅੰਦਰ ਪੰਜਾਬ ਦਾ ਨਕਸ਼ਾ ਭੁਰਨ ਲੱਗਾ। ਰਾਮੂਵਾਲੇ ਦੇ ਖੇਤ, ਸੁਧਾਰ ਕਾਲਜ ਦੀਆਂ ਰੌਣਕਾਂ, ਤੇ ਸੁਧਾਰ ਬਾਜ਼ਾਰ ਵਿਚਲੇ ਸਾਡੇ ਚੁਬਾਰੇ ਦੇ ਦਰਵਾਜ਼ੇ ਨੂੰ ਬਿਨਾ ਖੜਕਾਇਆਂ ਅੰਦਰ ਲੰਘ ਆਉਣ ਵਾਲੇ ਘੁਮੱਕੜ ਤੇ ਫੱਕਰ, ਇਹ ਸਭ ਕੁਝ ਦਿੱਲੀ ਦੇ ਹਵਾਈ ਅੱਡੇ ਤੀਕਰ ਮੇਰੇ ਜ਼ਿਹਨ ਵਿਚ ਜਗਦਾ-ਬੁਝਦਾ ਰਿਹਾ।

ਦਿੱਲੀ ਦਾ ਹਵਾਈ ਅੱਡਾ ਉਨ੍ਹਾਂ ਜ਼ਮਾਨਿਆਂ ਵਿਚ ਅੱਜ ਵਾਂਗ ਕਿਲਾਬੰਦ ਨਹੀਂ ਸੀ ਹੋਇਆ। ਸੈਂਕੜੇ ਮੀਲਾਂ ਤੋਂ ਜਹਾਜ਼ ਚੜ੍ਹਾਉਣ ਆਏ ਸਕੇ ਸਬੰਧੀਆਂ ਨੂੰ ਹੁਣ ਵਾਂਗ ਆਪਣੇ ਹਿਚਕੀਆਂ ਹਟਕੋਰਿਆਂ ਨੂੰ ਸ਼ੀਸ਼ੇ ਦੀ ਧੁੰਦਲੀ ਕੰਧ ਦੇ ਬਾਹਰੋਂ ਹੀ ਇਕ-ਦੂਜੇ ਦੀਆਂ ਧੌਣਾਂ ਉਦਾਲੇ ਲਪੇਟ ਕੇ ਵਿਛੜਨਾ ਨਹੀਂ ਸੀ ਪੈਂਦਾ। ਉਨ੍ਹੀਂ ਦਿਨੀਂ ਤਾਂ ਮੁਸਾਫਰ ਅਤੇ ਉਨ੍ਹਾਂ ਦੇ ਸਕੇ ਸਬੰਧੀ ਬੋਰਡਿੰਗ ਕਾਰਡ ਜਾਰੀ ਕਰਨ ਵਾਲੇ ਅੰਦਰਲੇ ਕਾਊਂਟਰਾਂ ਤੀਕ ਜਾ ਪਹੁੰਚਦੇ ਸਨ।

ਮੇਰੇ ਵਾਲੇ ਸੂਟਕੇਸ ਤਾਂ ਬ੍ਰਿਟਿਸ਼ ਏਅਰਵੇਜ਼ ਦੇ ਕਾਊਂਟਰ ਦੀ ਬੈਲਟ 'ਤੇ ਟਿਕਦਿਆਂ ਹੀ ਅੰਦਰ ਵੱਲ ਦੌੜ ਗਏ, ਪਰ ਸਾਗਰ ਵਾਲੇ ਸੂਟਕੇਸ ਬੈਲਟ ਦੀ ਪਰਲੇ ਪਾਸੇ ਵਾਲੀ ਕੰਧ ਨਾਲ ਅੜ ਕੇ ਖਲੋ ਗਏ। ਸੂਟਕੇਸਾਂ ਦੀ ਅੜੀ ਦੇਖ ਕੇ ਸਾਗਰ ਨੇ ਆਪਣੇ ਮੱਥੇ ਦਾ ਸੁੰਗੜੇਵਾਂ ਮੇਰੇ ਵੱਲ ਗੇੜਿਆ।

---

ਸਾਗਰ ਦੀਆਂ ਬਾਹਾਂ ਬੀਜੀ ਦੇ ਗਲ ਦੁਆਲੇ ਲਿਪਟਣ ਲਈ ਉਠੀਆਂ ਤਾਂ ਬੀਜੀ ਦਾ ਹੇਠਲਾ ਬੁੱਲ੍ਹ ਕੰਬਣ ਲੱਗਾ। ਉਨ੍ਹਾਂ ਖੱਬਾ ਹੱਥ ਮੇਰੇ ਗਲ ਉਦਾਲੇ ਵਗਲ ਕੇ ਸਾਨੂੰ ਦੋਹਾਂ ਨੂੰ ਆਪਣੀ ਅਸਮਾਨ ਜੇਡੀ ਗਲਵੱਕੜੀ ਵਿਚ ਘੁੱਟ ਲਿਆ। ਬਾਪੂ ਜੀ ਆਪਣੀਆਂ ਅੱਖਾਂ ਪੂੰਝਣ ਲੱਗੇ ਤਾਂ ਸਾਗਰ ਦੀਆਂ ਬਾਹਾਂ ਉਨ੍ਹਾਂ ਦੀ ਗਰਦਨ ਉਦਾਲੇ ਲਿਪਟ ਗਈਆਂ। ਸਾਗਰ ਦੇ ਫੁਟ-ਫੁਟ ਡਿਗਦੇ ਹਟਕੋਰੇ, ਮੇਰੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ।

ਹੈਂਡਬੈਗ ਮੋਢਿਆਂ ਉਤੇ ਲਟਕਾ ਕੇ ਅੱਖਾਂ ਪੂੰਝਦਿਆਂ ਮੈਂ ਤੇ ਸਾਗਰ, ਇਮੀਗਰੇਸ਼ਨ ਦੇ ਕਾਊਂਟਰਾਂ ਵੱਲ ਵਧਣ ਲੱਗੇ। ਇਮੀਗਰੇਸ਼ਨ 'ਤੇ ਪਾਸਪੋਰਟਾਂ ਦੀ ਚੈਕਿੰਗ ਕਰਾਉਣ ਬਾਅਦ ਜਦੋਂ ਅਸੀਂ ਪਿੱਛੇ ਵੱਲ ਝਾਕੇ ਤਾਂ ਬੀਜੀ ਦਾ ਹੇਠਲਾ ਬੁੱਲ੍ਹ ਉਨ੍ਹਾਂ ਦੇ ਦੰਦਾਂ ਵਿਚਕਾਰ ਸੀ ਅਤੇ ਘੁੱਟੇ ਹੋਏ ਮੱਥੇ ਹੇਠ ਉਨ੍ਹਾਂ ਦੀਆਂ ਅੱਖਾਂ ਵਾਰ-ਵਾਰ ਝਮਕ ਰਹੀਆਂ ਸਨ। ਬੀਜੀ ਬਾਪੂ ਜੀ ਦੇ ਅਤੇ ਮੇਰੇ ਤੇ ਸਾਗਰ ਦੇ ਹੱਥ ਸਾਡੇ ਸਿਰਾਂ ਤੋਂ ਉਪਰ ਉਭਰ ਕੇ ਲਹਿਰਾਉਣ ਲੱਗੇ। ਬੀਜੀ ਤੇ ਬਾਪੂ ਜੀ ਵੱਲ ਦੇਖਦਿਆਂ ਮੈਨੂੰ ਜਾਪਿਆ ਜਿਵੇਂ ਉਨ੍ਹਾਂ ਰਾਹੀਂ ਸਾਰਾ ਪੰਜਾਬ ਹੀ ਮੈਨੂੰ ਅਲਵਿਦਾ ਆਖ ਰਿਹਾ ਹੋਵੇ।

ਆਪਣੇ ਮਨ ਵਿਚ 'ਚੰਗਾ ਬਈ ਪੰਜਾਬ' ਆਖ ਕੇ ਮੈਂ ਸਾਗਰ ਨੂੰ ਹਵਾਈ ਜਹਾਜ਼ ਦੇ ਡਿਪਾਰਚਰ ਗੇਟ ਵੱਲ ਤੋਰ ਲਿਆ।

## ਕੋਇਲ

ਕਿਥੇ ਕੋਇਲ ਗੀਤ ਸੁਣਾਏ
ਪੈਲਾਂ ਪਾਵਣ ਮੋਰ।
ਅੰਬ ਪੁੱਟ ਕੇ ਲਾਏ ਸਫੈਦੇ
ਜਾਂ ਉਗੇ ਨੇ ਠੋਰ।
ਬਾਗ ਵੱਢ ਲਏ ਬੰਜਰ ਹੋਈ
ਜੋ ਧਰਤੀ ਸੀ ਹਰਿਆਲੀ।
ਪੱਥਰਾਂ ਦੇ ਨੇ ਜੰਗਲ ਉਸਰੇ
ਕੋਇਲ ਬਹੇ ਕਿਸ ਡਾਲੀ।

ਅੰਨੇ ਬੋਲੇ ਹਾਕਮ ਹੋ ਗਏ
ਕੋਈ ਨਾ ਕਰਦਾ ਗੌਰ।
ਕਿਥੇ ਕੋਇਲ ਗੀਤ ਸੁਣਾਏ
ਪੈਲਾਂ ਪਾਵਣ ਮੋਰ।
ਗਾਇਬ ਹੋ ਚਲੇ ਬਿਰਖ ਕਈ
ਪਿੱਪਲ ਨਿੰਮ ਤੇ ਟਾਹਲੀ।
ਨਾ ਦਿਸੇ ਸ਼ਹਿਤੂਤ ਬਰੋਟਾ
ਬੇਲੇ ਹੋ ਗਏ ਖਾਲੀ।

ਚੁਫੇਰਾ ਹੀ ਪ੍ਰਦੂਸ਼ਤ ਹੋਇਆ
ਹਾਏ ਨਾ ਵੱਢੋ ਹੋਰ।
ਕਿਥੇ ਕੋਇਲ ਗੀਤ ਸੁਣਾਵੇ
ਪੈਲਾਂ ਪਾਵਣ ਮੋਰ।
ਹਵਾ ਪਾਣੀ ਹੈ ਜ਼ਹਿਰੀ ਹੋਇਆ
ਮੂਲ ਜਿਉਣ ਦੀਆਂ ਲੋੜਾਂ।
ਕੀ ਕੀ ਮੈਂ ਗਿਣਾਵਾਂ ਵਤਨੀਂ
ਹਰ ਚੀਜ ਦੀਆਂ ਥੋੜਾਂ।

ਭੁੱਖ ਨੰਗ ਤੇ ਬੇਰੁਜ਼ਗਾਰੀ
'ਸਾਹੀ' ਕਾਹਦੀ ਕਰਦੇ ਚੋਰ।
ਕਿਥੇ ਕੋਇਲ ਗੀਤ ਸੁਣਾਵੇ
ਪੈਲਾਂ ਪਾਵਣ ਮੋਰ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

ਹਿੰਦੀ ਕਹਾਣੀ

# ਮੈਂ ਹਿੰਦੂ ਹਾਂ

*ਹਿੰਦੀ ਲਿਖਾਰੀ ਅਸਗਰ ਵਜਾਹਤ ਦਾ ਸਾਹਿਤ ਜਗਤ ਵਿਚ ਆਪਣਾ ਮੁਕਾਮ ਹੈ। ਉਹਦਾ ਨਾਟਕ 'ਜਿਸ ਲਾਹੌਰ ਨਹੀਂ ਦੇਖਿਆ, ਜੰਮਿਆ ਨਹੀਂ' ਹੁਣ ਮੁਹਾਵਰਾ ਬਣ ਚੁੱਕਾ ਹੈ। ਹਿੰਦੂ-ਮੁਸਲਮਾਨ ਤਫਰਕਿਆਂ ਅਤੇ ਇਨ੍ਹਾਂ ਦੁਆਲੇ ਘੁੰਮਦੀ ਸਿਆਸਤ ਨੂੰ ਉਹਨੇ ਆਪਣੀਆਂ ਕਈ ਰਚਨਾਵਾਂ ਦਾ ਹਿੱਸਾ ਬਣਾਇਆ ਹੈ। 'ਮੈਂ ਹਿੰਦੂ ਹਾਂ' ਕਹਾਣੀ ਵਿਚ ਵੀ ਲਿਖਾਰੀ ਨੇ ਇਸ ਪਾੜੇ ਅਤੇ ਇਸੇ ਪਾੜੇ ਦੇ ਆਧਾਰ ਉਤੇ ਉਪਜਦੀ ਸਿਆਸਤ 'ਤੇ ਤਿੱਖੀ ਚੋਟ ਲਾਈ ਹੈ। ਇਸ ਵਿਚ ਨਪੀੜੇ ਦਾ ਰਹੇ ਬੰਦੇ ਦਾ ਦਰਦ ਅੱਖਾਂ ਸਿੱਲ੍ਹੀਆਂ ਕਰ ਦਿੰਦਾ ਹੈ। ਇਸ ਕਹਾਣੀ ਦਾ ਤਰਜਮਾ ਜਰਮਨੀ ਵਸਦੇ ਲਿਖਾਰੀ ਕੇਹਰ ਸ਼ਰੀਫ਼ ਨੇ ਕੀਤਾ ਹੈ। -ਸੰਪਾਦਕ*

ਅਜਿਹੀ ਚੀਕ ਕਿ ਮੁਰਦੇ ਵੀ ਕਬਰ ਵਿਚੋਂ ਉਠ ਕੇ ਖੜ੍ਹੇ ਹੋ ਜਾਣ। ਇਵੇਂ ਲੱਗਾ ਕਿ ਆਵਾਜ਼ ਜਿਵੇਂ ਕੰਨਾਂ ਦੇ ਬਿਲਕੁਲ ਨੇੜਿਉਂ ਆਈ ਹੋਵੇ। ਉਸ ਹਾਲਤ 'ਚ... ਮੈਂ ਉਛਲ ਕੇ ਮੰਜੇ 'ਤੇ ਉਠ ਬੈਠਾ। ਅਸਮਾਨ ਵਿਚ ਅਜੇ ਵੀ ਤਾਰੇ ਸਨ... ਸ਼ਾਇਦ ਰਾਤ ਦੇ ਤਿੰਨ ਵੱਜੇ ਹੋਣਗੇ। ਅੱਬਾਜਾਨ ਵੀ ਉਠ ਬੈਠੇ। ਚੀਕ ਫੇਰ ਸੁਣਾਈ ਦਿਤੀ। ਸੈਫੂ ਆਪਣੇ ਢਿੱਲੇ ਮੰਜੇ 'ਤੇ ਪਿਆ ਚੀਕ ਰਿਹਾ ਸੀ। ਵਿਹੜੇ ਵਿਚ ਇਕ ਸਿਰਿਉਂ ਸਭ ਦੇ ਮੰਜੇ ਡੱਠੇ ਸਨ।

"ਲਾਹੌਲ ਵਿਲਾ ਕੁਵਅਤ...।" ਅੱਬਾਜਾਨ ਨੇ ਲਾਹੌਲ ਪੜ੍ਹੀ।

"ਖ਼ੁਦਾ ਜਾਣੇ ਇਹ ਸੁੱਤਾ ਪਿਆ ਰੌਲ਼ਾ ਕਿਉਂ ਪਾਉਣ ਲੱਗ ਪੈਂਦੈ।" ਅੰਮਾ ਬੋਲੀ।

"ਅੰਮਾ, ਇਹਨੂੰ ਰਾਤ ਭਰ ਮੁੰਡੇ ਡਰਾਉਂਦੇ ਹਨ...।" ਮੈਂ ਦੱਸਿਆ।



**ਅਸਗਰ ਵਜਾਹਤ**
**ਤਰਜਮਾ: ਕੇਹਰ ਸ਼ਰੀਫ਼**

"ਉਨ੍ਹਾਂ ਮਰ ਜਾਣਿਆਂ ਨੂੰ ਵੀ ਚੈਨ ਨਹੀਂ ਆਉਂਦਾ... ਲੋਕਾਂ ਦੀ ਜਾਨ ਨੂੰ ਬਣੀ ਐਂ ਤੇ ਉਨ੍ਹਾਂ ਨੂੰ ਸ਼ਰਾਰਤਾਂ ਸੁਝਦੀਆਂ ਹਨ।" ਅੰਮਾ ਕਹਿਣ ਲੱਗੀ।

ਸਫੀਆ ਨੇ ਚਾਦਰ ਵਿਚੋਂ ਮੂੰਹ ਬਾਹਰ ਕੱਢਦਿਆਂ ਕਿਹਾ, "ਇਹਨੂੰ ਕਹੋ ਕਿ ਛੱਤ ਉਤੇ ਸੌਂਇਆ ਕਰੇ।"

ਸੈਫੂ ਅਜੇ ਤੱਕ ਨਹੀਂ ਸੀ ਜਾਗਿਆ। ਮੈਂ ਉਸ ਦੇ ਮੰਜੇ ਕੋਲ ਗਿਆ, ਝੁਕ ਕੇ ਦੇਖਿਆ ਤਾਂ ਉਸ ਦੇ ਚਿਹਰੇ 'ਤੇ ਪਸੀਨਾ ਸੀ। ਵਾਲ਼ ਪਸੀਨੇ ਨਾਲ ਤਰ ਹੋਏ ਪਏ ਸਨ ਅਤੇ ਕੁਝ ਲਟਾਂ ਮੱਥੇ ਉਤੇ ਚਿਪਕ ਗਈਆਂ ਸਨ। ਮੈਂ ਸੈਫੂ ਨੂੰ ਦੇਖਦਾ ਰਿਹਾ ਅਤੇ ਉਨ੍ਹਾਂ ਮੁੰਡਿਆਂ ਪ੍ਰਤੀ ਮਨ ਵਿਚ ਗੁੱਸਾ ਆਉਂਦਾ ਰਿਹਾ ਜਿਹੜੇ ਉਸ ਨੂੰ ਡਰਾਉਂਦੇ ਹਨ।

ਉਦੋਂ ਦੰਗੇ ਇੰਜ ਨਹੀਂ ਹੁੰਦੇ ਸਨ ਜਿਵੇਂ ਅੱਜ ਕੱਲ੍ਹ ਹੁੰਦੇ ਹਨ। ਦੰਗਿਆਂ ਪਿੱਛੇ ਲੁਕੀ ਰਾਜਨੀਤੀ, ਰਣਨੀਤੀ, ਕਾਰਜ ਵਿਧੀ ਅਤੇ ਰਫਤਾਰ ਵਿਚ ਬਹੁਤ ਤਬਦੀਲੀ ਆਈ ਹੈ। ਅੱਜ ਤੋਂ ਪੰਝੀ ਤੀਹ ਸਾਲ ਪਹਿਲਾਂ ਨਾ ਤਾਂ ਲੋਕਾਂ ਨੂੰ ਜਿਉਂਦਿਆਂ ਸਾੜਿਆ ਜਾਂਦਾ ਸੀ, ਤੇ ਨਾ ਹੀ ਸਮੁੱਚੀਆਂ ਬਸਤੀਆਂ ਉਜਾੜ ਦਿੱਤੀਆਂ ਜਾਂਦੀਆਂ ਸਨ। ਉਸ ਜ਼ਮਾਨੇ ਵਿਚ ਪ੍ਰਧਾਨ ਮੰਤਰੀਆਂ, ਗ੍ਰਿਹ ਮੰਤਰੀਆਂ ਅਤੇ ਮੁੱਖ ਮੰਤਰੀਆਂ ਦਾ ਅਸ਼ੀਰਵਾਦ ਵੀ ਦੰਗਾਕਾਰੀਆਂ ਨੂੰ ਨਹੀਂ ਸੀ ਮਿਲਦਾ। ਇਹ ਕੰਮ ਛੋਟੇ-ਮੋਟੇ ਸਥਾਨਕ ਨੇਤਾ ਆਪਣਾ ਲੋਕਲ ਤੇ ਘਟੀਆ ਕਿਸਮ ਦਾ ਸਵਾਰਥ ਪੂਰਾ ਕਰਨ ਵਾਸਤੇ ਕਰਦੇ ਸਨ। ਵਪਾਰਕ ਸ਼ਰੀਕੇਬਾਜ਼ੀ, ਜ਼ਮੀਨ 'ਤੇ ਕਬਜ਼ਾ ਕਰਨਾ, ਮਿਉਂਸਪੈਲਟੀਆਂ ਦੀਆਂ ਚੋਣਾਂ ਵਿਚ ਹਿੰਦੂ ਜਾਂ ਮੁਸਲਿਮ ਵੋਟ ਠਗਣ ਵਰਗੇ ਉਦੇਸ਼ ਹੁੰਦੇ ਸਨ। ਹੁਣ ਤਾਂ ਦਿੱਲੀ ਦਰਬਾਰ 'ਤੇ ਕਬਜ਼ਾ ਕਰਨ ਵਾਸਤੇ ਸਾਧਨ ਬਣ ਗਏ ਹਨ ਫਿਰਕੂ ਦੰਗੇ। ਦੁਨੀਆ ਦੇ ਵਿਸ਼ਾਲ ਲੋਕਤੰਤਰ ਦੇ ਨੱਕ ਵਿਚ ਉਹੀ ਨੱਥ ਪਾ ਸਕਦਾ ਹੈ ਜੋ ਫਿਰਕੂ ਹਿੰਸਾ ਅਤੇ ਨਫਰਤ ਦੇ ਆਸਰੇ ਖ਼ੂਨ ਦੀਆਂ ਨਦੀਆਂ ਬਹਾ ਸਕਦਾ ਹੋਵੇ।

ਸੈਫੂ ਨੂੰ ਜਗਾਇਆ ਗਿਆ। ਉਹ ਬੱਕਰੀ ਦੇ ਮਾਸੂਮ ਛਲਾਰੂ ਵਾਂਗ ਚਾਰੇ ਪਾਸੇ ਇੰਜ ਦੇਖ ਰਿਹਾ ਸੀ ਜਿਵੇਂ ਮਾਂ ਨੂੰ ਲੱਭ ਰਿਹਾ ਹੋਵੇ। ਅੱਬਾਜਾਨ ਨੂੰ ਮਤ੍ਰੇਏ ਭਰਾ ਦੀ ਸਭ ਤੋਂ ਛੋਟੀ ਔਲਾਦ ਸੈਫੂ ਦੀਨ ਉਰਫ ਸੈਫੂ ਨੇ ਜਦੋਂ ਆਪਣੇ ਆਪ ਨੂੰ ਘਰ ਦੇ ਸਭ ਜੀਆਂ ਵਿਚ ਘਿਰਿਆ ਦੇਖਿਆ ਤਾਂ ਹੱਕਾ ਬੱਕਾ ਜਿਹਾ ਹੋ ਕੇ ਖੜ੍ਹਾ ਹੋ ਗਿਆ।

ਸੈਫੂ ਦੇ ਅੱਬਾ ਕੌਸਰ ਚਾਚਾ ਦੇ ਮਰਨ ਦਾ ਆਇਆ ਇਕ ਖੂੰਜੇ ਤੋਂ ਪਾੜਿਆ ਹੋਇਆ ਕਾਰਡ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਪਿੰਡ ਵਾਲਿਆਂ ਨੇ ਕਾਰਡ ਵਿਚ ਕੌਸਰ ਚਾਚਾ ਦੇ ਮਰਨ ਦੀ ਖ਼ਬਰ ਹੀ ਨਹੀਂ ਦਿੱਤੀ ਸੀ, ਸਗੋਂ ਇਹ ਵੀ ਲਿਖਿਆ ਸੀ ਕਿ ਉਨ੍ਹਾਂ ਦਾ ਸਭ ਤੋਂ ਛੋਟਾ ਪੁੱਤਰ ਸੈਫੂ ਹੁਣ ਇਸ ਦੁਨੀਆ ਵਿਚ ਬਿਲਕੁਲ ਇਕੱਲਾ ਰਹਿ ਗਿਆ ਹੈ। ਸੈਫੂ ਦੇ ਵੱਡੇ ਭਰਾ ਉਸ ਨੂੰ ਆਪਣੇ ਨਾਲ ਬੰਬਈ ਨਹੀਂ ਲੈ ਕੇ ਗਏ। ਉਨ੍ਹਾਂ ਨੇ ਸਾਫ ਆਖ ਦਿੱਤਾ ਹੈ ਕਿ ਸੈਫੂ ਵਾਸਤੇ ਉਹ ਕੁਝ ਨਹੀਂ ਕਰ ਸਕਦੇ। ਹੁਣ ਅੱਬਾਜਾਨ ਤੋਂ ਬਿਨਾ ਦੁਨੀਆ ਵਿਚ ਉਸ ਦਾ ਕੋਈ ਨਹੀਂ ਹੈ। ਇਕ ਖੂੰਜੇ ਤੋਂ ਪਾਟਿਆ ਪੋਸਟ ਕਾਰਡ ਫੜੀ ਅੱਬਾਜਾਨ ਬਹੁਤ ਦੇਰ ਤੱਕ ਚੁੱਪ ਬੈਠੇ ਰਹੇ ਸਨ। ਅੰਮਾ ਨਾਲ ਕਈ ਵਾਰ ਲੜਾਈ ਹੋਣ ਤੋਂ ਬਾਅਦ ਅੱਬਾਜਾਨ ਜੱਦੀ ਪਿੰਡ ਧਨਵਾ ਖੇੜਾ ਗਏ ਸਨ ਅਤੇ ਬਚੀ-ਖੁਚੀ ਜ਼ਮੀਨ ਵੇਚ ਸੈਫੂ ਨੂੰ ਨਾਲ ਲੈ ਕੇ ਵਾਪਸ ਆਏ ਸਨ।

ਸੈਫੂ ਨੂੰ ਦੇਖ ਕੇ ਸਾਨੂੰ ਸਭ ਨੂੰ ਹਾਸਾ ਆਇਆ ਸੀ। ਕਿਸੇ ਗੰਵਾਰ ਲੜਕੇ ਨੂੰ ਦੇਖ ਕੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਸਕੂਲ ਵਿਚ ਪੜ੍ਹਨ ਵਾਲਾ ਨੌਜਵਾਨ ਅਤੇ ਅਬਦੁੱਲਾ ਗਰਲਜ਼ ਕਾਲਜ ਦੇ ਸਕੂਲ ਵਿਚ ਪੜ੍ਹਨ ਵਾਲੀ ਸਫੀਆ ਦੀ ਹੋਰ ਕੀ ਪ੍ਰਤੀਕਿਰਿਆ ਹੋ ਸਕਦੀ ਸੀ। ਪਹਿਲੇ ਦਿਨ ਹੀ ਅਜਿਹਾ ਲੱਗਾ ਕਿ ਸੈਫੂ ਸਿਰਫ ਗੰਵਾਰ ਹੀ ਨਹੀਂ, ਨੀਮ ਪਾਗਲ ਹੋਣ ਦੀ ਹੱਦ ਤੱਕ ਸਿੱਧਾ ਜਾਂ ਬੇਵਕੂਫ ਹੈ। ਅਸੀਂ ਉਸ ਨੂੰ ਵੱਖ ਵੱਖ ਤਰ੍ਹਾਂ ਚਿੜਾਇਆ ਜਾਂ ਬੇਵਕੂਫ ਬਣਾਉਂਦੇ ਸਾਂ। ਇਸ ਦਾ ਇਕ ਫਾਇਦਾ ਸੈਫੂ ਨੂੰ ਇਹ ਹੋਇਆ ਕਿ ਅੱਬਾਜਾਨ ਤੇ ਅੰਮਾਜਾਨ ਦਾ ਉਸ ਨੇ ਦਿਲ ਜਿੱਤ ਲਿਆ। ਸੈਫੂ ਮਿਹਨਤ ਦਾ ਪੁਤਲਾ ਸੀ। ਕੰਮ ਕਰਦਿਆਂ ਕਦੀ ਨਹੀਂ ਸੀ ਥਕਦਾ। ਅੰਮਾ ਨੂੰ ਉਸ ਦੀ ਇਹ 'ਅਦਾ' ਬਹੁਤ ਪਸੰਦ ਸੀ। ਜੇ ਉਹ ਦੋ ਰੋਟੀਆਂ ਵੱਧ ਖਾਂਦਾ ਹੈ ਤਾਂ ਕੀ? ਕੰਮ ਵੀ ਤਾਂ ਜਾਨ ਤੋੜ ਕੇ ਕਰਦਾ ਹੈ। ਸਾਲਾਂ ਦੇ ਸਾਲ ਲੰਘਦੇ ਗਏ ਤੇ ਸੈਫੂ ਸਾਡੀ ਜ਼ਿੰਦਗੀ ਦਾ ਹਿੱਸਾ ਬਣਦਾ ਗਿਆ। ਅਸੀਂ ਸਾਰੇ ਉਸ ਨਾਲ ਸਹਿਜ ਹੁੰਦੇ ਗਏ। ਮੁਹੱਲੇ ਦਾ ਕੋਈ ਮੁੰਡਾ ਉਸ ਨੂੰ ਪਾਗਲ ਕਹਿ ਦਿੰਦਾ ਤਾਂ ਮੈਂ ਉਸ ਦਾ ਮੂੰਹ ਭੰਨ ਦਿੰਦਾ। ਸਾਡਾ ਭਰਾ ਹੈ, ਤੂੰ ਪਾਗਲ ਕਿਹਾ ਕਿਵੇਂ? ਪਰ ਘਰ ਦੇ ਅੰਦਰ ਸੈਫੂ ਦੀ ਹੈਸੀਅਤ ਕੀ ਸੀ, ਇਹ ਅਸੀਂ ਹੀ ਜਾਣਦੇ ਸਾਂ।

ਸ਼ਹਿਰ ਵਿਚ ਦੰਗਾ ਉਵੇਂ ਹੀ ਸ਼ੁਰੂ ਹੋਇਆ, ਜਿਵੇਂ ਹੁੰਦਾ ਹੀ ਸੀ; ਭਾਵ ਮਸਜਿਦ ਵਿਚ ਕਿਸੇ ਨੂੰ ਪੋਟਲੀ ਮਿਲੀ ਸੀ ਜਿਸ ਵਿਚ ਕਿਸੇ ਕਿਸਮ ਦਾ ਗੋਸ਼ਤ (ਮਾਸ) ਸੀ, ਤੇ ਗੋਸ਼ਤ ਨੂੰ ਦੇਖੇ ਬਗੈਰ ਹੀ ਇਹ ਤੈਅ ਕਰ ਲਿਆ ਗਿਆ, ਕਿਉਂਕਿ ਉਹ ਮਸਜਿਦ ਵਿਚ ਸੁੱਟਿਆ ਗਿਆ ਹੈ, ਇਸ ਕਰ ਕੇ ਇਹ ਸੂਰ ਦੇ ਗੋਸ਼ਤ ਤੋਂ ਬਿਨਾ ਹੋਰ ਕਿਸੇ ਜਾਨਵਰ ਦਾ ਹੋ ਹੀ ਨਹੀਂ ਸਕਦਾ। ਇਸ ਦੇ ਬਦਲੇ ਮੁਗਲਪੁਰਾ ਮੁਹੱਲੇ ਵਿਚ ਗਾਂ ਵੱਢ ਦਿੱਤੀ ਗਈ ਸੀ ਤੇ ਦੰਗਾ ਭੜਕ ਪਿਆ ਸੀ। ਕੁਝ ਦੁਕਾਨਾਂ ਸੜੀਆਂ ਸਨ ਅਤੇ ਬਹੁਤੀਆਂ ਲੁੱਟੀਆਂ ਗਈਆਂ ਸਨ। ਚਾਕੂ, ਛੁਰੀ ਦੀਆਂ ਵਾਰਦਾਤਾਂ ਵਿਚ ਤਕਰੀਬਨ ਸੱਤ ਅੱਠ ਲੋਕ ਮਰੇ ਸਨ, ਪਰ ਪ੍ਰਸ਼ਾਸਨ ਇੰਨਾ ਸੰਵੇਦਨਸ਼ੀਲ ਸੀ ਕਿ ਕਰਫਿਊ ਲਾ ਦਿੱਤਾ ਗਿਆ ਸੀ। ਅੱਜ ਕੱਲ੍ਹ ਵਾਲੀ ਗੱਲ ਨਹੀਂ ਸੀ ਕਿ ਹਜ਼ਾਰਾਂ ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਵੀ ਮੁੱਖ ਮੰਤਰੀ ਮੁੱਛਾਂ ਨੂੰ ਤਾਅ ਦੇ ਕੇ ਘੁੰਮਦਾ ਹੈ ਅਤੇ ਕਹਿੰਦਾ ਹੈ, ਜੋ ਕੁਝ ਹੋਇਆ, ਠੀਕ ਹੀ ਹੋਇਆ।

ਦੰਗਾ ਕਿਉਂਕਿ ਆਸ ਪਾਸ ਦੇ ਪਿੰਡਾਂ ਵਿਚ ਵੀ ਫੈਲ ਗਿਆ ਸੀ, ਇਸ ਕਰ ਕੇ ਕਰਫਿਊ ਵਧਾ ਦਿਤਾ ਗਿਆ ਸੀ। ਮੁਗਲਪੁਰਾ ਮੁਸਲਮਾਨਾਂ ਦਾ ਸਭ ਤੋਂ ਵੱਡਾ ਮੁਹੱਲਾ ਸੀ, ਇਸ ਕਰ ਕੇ ਉਥੇ ਕਰਫਿਊ ਦਾ ਅਸਰ ਵੀ ਸੀ ਅਤੇ 'ਜਹਾਦ' ਵਰਗਾ ਮਹੌਲ ਵੀ ਬਣ ਗਿਆ ਸੀ। ਮੁਹੱਲੇ ਦੀਆਂ ਗਲੀਆਂ ਤਾਂ ਸਨ ਹੀ, ਪਰ ਕਈ ਦੰਗਿਆਂ ਦੇ ਤਜਰਬਿਆਂ ਨੇ ਇਹ ਵੀ ਸਿਖਾ ਦਿੱਤਾ ਸੀ ਕਿ ਘਰਾਂ ਦੇ ਵਿਚੋ-ਵਿਚੀਂ ਵੀ ਰਸਤੇ ਬਣੇ ਹੋਣੇ ਚਾਹੀਦੇ ਹਨ, ਭਾਵ ਐਮਰਜੈਂਸੀ ਪੈਕੇਜ। ਘਰਾਂ ਦੇ ਅੰਦਰੋਂ ਤੇ ਛੱਤਾਂ ਦੇ ਉਪਰੋਂ ਕੰਧਾਂ ਟੱਪਦੇ ਹੋਏ ਕੁਝ ਅਜਿਹੇ ਰਸਤੇ ਵੀ ਬਣ ਗਏ ਸਨ ਕਿ ਜੇ ਕਿਸੇ ਨੂੰ ਇਨ੍ਹਾਂ ਦਾ ਪਤਾ ਹੋਵੇ ਤਾਂ ਮੁਹੱਲੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਜਾ ਸਕਦਾ ਸੀ। ਮੁਹੱਲੇ ਵਿਚਲੀ ਤਿਆਰੀ ਜੰਗੀ ਕਿਸਮ ਦੀ ਸੀ। ਸੋਚਿਆ ਗਿਆ ਸੀ ਕਿ ਜੇ ਕਰਫਿਊ ਮਹੀਨਾ ਭਰ ਵੀ ਲੱਗਾ ਰਹੇ ਤਾਂ ਲੋੜ ਦੀਆਂ ਸਭ ਚੀਜ਼ਾਂ ਮੁਹੱਲੇ ਵਿਚੋਂ ਹੀ ਮਿਲ ਜਾਣ।

ਦੰਗਾ ਮੁਹੱਲੇ ਦੇ ਮੁੰਡਿਆਂ ਵਾਸਤੇ ਅਜੀਬ ਕਿਸਮ ਦਾ ਉਤਸ਼ਾਹ ਦਿਖਾਉਣ ਦਾ ਮੌਸਮ ਹੁੰਦਾ ਸੀ। 'ਵੇਖਦਾ ਰਵ੍ਹੀਂ ਅਸੀਂ ਤਾਂ ਹਿੰਦੂਆਂ ਨੂੰ ਜ਼ਮੀਨ ਚਟਾ ਦਿਆਂਗੇ। ਸਮਝ ਕੀ ਰੱਖਿਆ ਇਨ੍ਹਾਂ ਧੋਤੀ ਬੰਨ੍ਹਾਂ ਨੇ... ਇਹ ਤਾਂ ਬੁਜ਼ਦਿਲ ਹੁੰਦੇ ਹਨ... ਇਕ ਮੁਸਲਮਾਨ ਤਾਂ ਦਸ ਹਿੰਦੂਆਂ ਤੋਂ ਵੀ ਤਕੜਾ ਹੁੰਦਾ ਹੈ... 'ਹੱਸ ਕੇ ਲਿਆ ਹੈ ਪਾਕਿਸਤਾਨ, ਲੜ ਕੇ ਲਵਾਂਗੇ ਹਿੰਦੁਸਤਾਨ' ਵਰਗਾ ਮਹੌਲ ਬਣ ਜਾਂਦਾ ਸੀ, ਪਰ ਮੁਹੱਲੇ ਤੋਂ ਬਾਹਰ ਨਿਕਲਦਿਆਂ ਸਭ ਦੀ ਨਾਨੀ ਮਰਦੀ ਸੀ। ਪੀ.ਏ.ਸੀ. ਦੀ ਚੌਕੀ ਦੋਹਾਂ ਸਿਰਿਆਂ 'ਤੇ ਸੀ। ਪੀ.ਏ.ਸੀ. ਦੇ ਬੂਟਾਂ ਅਤੇ ਉਨ੍ਹਾਂ ਦੀਆਂ ਰਾਈਫਲਾਂ ਦੇ ਬੱਟਾਂ ਦੀ ਮਾਰ ਕਈਆਂ ਨੂੰ



ਯਾਦ ਸੀ। ਇਸ ਕਰ ਕੇ ਜ਼ੁਬਾਨੀ ਜਮਾਂ-ਖਰਚ ਤਾਂ ਸਭ ਠੀਕ ਸੀ, ਪਰ ਉਸ ਤੋਂ ਅਗਾਂਹ...।

ਸੰਕਟ ਏਕਾ ਸਿਖਾ ਦਿੰਦਾ ਹੈ। ਏਕਾ ਅਨੁਸ਼ਾਸਨ ਅਤੇ ਅਨੁਸ਼ਾਸਨ ਵਿਹਾਰ। ਹਰ ਘਰ ਤੋਂ ਇਕ ਲੜਕਾ ਪਹਿਰੇ 'ਤੇ ਰਹੇਗਾ। ਸਾਡੇ ਘਰ ਵਿਚ ਮੈਥੋਂ ਬਿਨਾ, ਉਸ ਜ਼ਮਾਨੇ ਵਿਚ ਮੈਨੂੰ ਮੁੰਡਾ ਨਹੀਂ ਕਿਹਾ ਜਾ ਸਕਦਾ ਸੀ ਕਿਉਂਕਿ ਮੈਂ ਤਾਂ ਪੰਝੀਆਂ ਨੂੰ ਟੱਪ ਚੁੱਕਾ ਸੀ। ਮੁੰਡਾ ਸੈਫੂ ਹੀ ਸੀ, ਇਸ ਕਰ ਕੇ ਉਹਨੂੰ ਰਾਤ ਦੇ ਪਹਿਰੇ 'ਤੇ ਰਹਿਣਾ ਪੈਂਦਾ ਸੀ। ਰਾਤ ਦਾ ਪਹਿਰਾ ਛੱਤਾਂ 'ਤੇ ਹੁੰਦਾ ਸੀ। ਮੁਗਲਪੁਰਾ ਕਿਉਂਕਿ ਸ਼ਹਿਰ ਦੇ ਸਭ ਤੋਂ ਉਚੇ ਹਿੱਸੇ ਵਿਚ ਪੈਂਦਾ ਸੀ, ਇਉਂ ਛੱਤਾਂ ਉਪਰੋਂ ਸਾਰਾ ਸ਼ਹਿਰ ਦਿਖਾਈ ਦਿੰਦਾ ਸੀ। ਮੁਹੱਲੇ ਦੇ ਮੁੰਡਿਆਂ ਨਾਲ ਸੈਫੂ ਪਹਿਰੇ 'ਤੇ ਜਾਂਦਾ ਸੀ। ਇਹ ਮੇਰੇ ਅੱਬਾਜਾਨ, ਅੰਮਾ ਤੇ ਸਫੀਆ, ਸਾਰਿਆਂ ਲਈ ਬਹੁਤ ਅੱਛਾ ਸੀ। ਜੇ ਸਾਡੇ ਘਰ ਵਿਚ ਸੈਫੂ ਨਾ ਹੁੰਦਾ ਤਾਂ ਸ਼ਾਇਦ ਮੈਨੂੰ ਰਾਤ ਦੇ ਧੱਕੇ ਖਾਣੇ ਪੈਂਦੇ। ਸੈਫੂ ਦੇ ਪਹਿਰੇ 'ਤੇ ਜਾਣ ਕਰ ਕੇ ਉਹਨੂੰ ਕੁਝ ਸਹੂਲਤਾਂ ਵੀ ਦੇ ਦਿੱਤੀਆਂ ਗਈਆਂ ਸਨ, ਜਿਵੇਂ ਉਹਨੂੰ ਅੱਠ ਵਜੇ ਤੱਕ ਸੌਣ ਦਿੱਤਾ ਜਾਂਦਾ ਸੀ। ਉਹਨੂੰ ਝਾੜੂ ਵੀ ਨਹੀਂ ਸੀ ਦੇਣਾ ਪੈਂਦਾ। ਇਹ ਕੰਮ ਸਫੀਆ ਦੇ ਹਵਾਲੇ ਹੋ ਗਿਆ ਸੀ ਜਿਹੜੀ ਇਹਨੂੰ ਬੇਹੱਦ ਨਾ-ਪਸੰਦ ਕਰਦੀ ਸੀ।

ਕਦੀ ਕਦੀ ਰਾਤ ਵੇਲੇ ਮੈਂ ਵੀ ਛੱਤਾਂ ਉਪਰ ਪਹੁੰਚ ਜਾਂਦਾ। ਛੱਤਾਂ ਦੀ ਦੁਨੀਆ ਉਤੇ ਮੁਹੱਲੇ ਦੇ ਮੁੰਡਿਆਂ ਦਾ ਰਾਜ ਹੁੰਦਾ ਸੀ। ਲਾਠੀਆਂ, ਡੰਡੇ, ਗੰਡਾਸੇ ਅਤੇ ਇੱਟਾਂ ਦੇ ਢੇਰ ਇਧਰ ਉਧਰ ਲਾਏ ਹੋਏ ਸਨ। ਦੋ ਚਾਰ ਮੁੰਡਿਆਂ ਕੋਲ ਦੇਸੀ ਪਸਤੌਲ ਅਤੇ ਬਹੁਤਿਆਂ ਕੋਲ ਚਾਕੂ ਸਨ। ਉਹ ਸਾਰੇ ਹੀ ਛੋਟਾ ਮੋਟਾ ਕੰਮ ਕਰਨ ਵਾਲੇ ਕਾਰੀਗਰ ਸਨ। ਬਹੁਤੇ ਜਿੰਦਰਿਆਂ ਦੇ ਕਾਰਖਾਨੇ ਵਿਚ ਕੰਮ ਕਰਦੇ ਸਨ। ਇਧਰ ਬਾਜ਼ਾਰ ਕਿਉਂਕਿ ਬੰਦ ਸੀ, ਇਸ ਕਰ ਕੇ ਉਨ੍ਹਾਂ ਦੇ ਧੰਦੇ ਠੱਪ ਸਨ। ਉਨ੍ਹਾਂ ਵਿਚੋਂ ਬਹੁਤਿਆਂ ਦੇ ਘਰਾਂ ਵਿਚ ਕਰਜ਼ੇ ਨਾਲ ਹੀ ਚੁੱਲ੍ਹਾ ਜਲ਼ ਰਿਹਾ ਸੀ, ਪਰ ਉਹ ਖੁਸ਼ ਸਨ। ਛੱਤਾਂ ਉਤੇ ਬੈਠ ਕੇ ਉਹ ਦੰਗਿਆਂ ਦੀਆਂ ਤਾਜ਼ਾ ਖਬਰਾਂ 'ਤੇ ਤਬਸਰਾ ਕਰਦੇ ਜਾਂ ਹਿੰਦੂਆਂ ਨੂੰ ਗਾਲ੍ਹਾਂ ਕੱਢਦੇ। ਹਿੰਦੂਆਂ ਨਾਲੋਂ ਵੀ ਬਹੁਤੀਆਂ ਗਾਲ੍ਹਾਂ ਉਹ ਪੀ.ਏ.ਸੀ. ਨੂੰ ਦਿੰਦੇ ਸਨ। ਪਾਕਿਸਤਾਨੀ ਰੇਡੀਓ ਦਾ ਪੂਰਾ ਪ੍ਰੋਗਰਾਮ ਉਨ੍ਹਾਂ ਨੂੰ ਜ਼ੁਬਾਨੀ ਯਾਦ ਸੀ ਅਤੇ ਹੌਲੀ ਆਵਾਜ਼ ਵਿਚ ਉਹ ਰੇਡੀਓ ਲਹੌਰ ਸੁਣਦੇ ਸਨ। ਇਨ੍ਹਾਂ ਮੁੰਡਿਆਂ ਵਿਚੋਂ ਦੋ ਚਾਰ ਜਿਹੜੇ ਪਾਕਿਸਤਾਨ ਜਾ ਚੁੱਕੇ ਸਨ, ਉਨ੍ਹਾਂ ਦੀ ਇਜ਼ਤ ਹਾਜੀਆਂ ਵਾਂਗ ਹੁੰਦੀ ਸੀ। ਉਹ ਪਾਕਿਸਤਾਨ ਦੀ ਰੇਲ ਗੱਡੀ 'ਤੇਜਗਾਮ' ਅਤੇ 'ਗੁਲਸ਼ਨ-ਏ-ਇਕਬਾਲ ਕਲੋਨੀ' ਦੇ ਅਜਿਹੇ ਕਿੱਸੇ ਸੁਣਾਉਂਦੇ ਸਨ ਤਾਂ ਲਗਦਾ ਕਿ ਸਵਰਗ ਜੇ ਧਰਤੀ 'ਤੇ ਕਿਧਰੇ ਹੈ ਤਾਂ ਪਾਕਿਸਤਾਨ ਵਿਚ ਹੈ। ਪਾਕਿਸਤਾਨ ਦੀਆਂ ਸਿਫਤਾਂ ਤੋਂ ਜਦੋਂ ਉਨ੍ਹਾਂ ਦਾ ਦਿਲ ਭਰ ਜਾਂਦਾ ਤਾਂ ਸੈਫੂ ਨਾਲ ਛੇੜ-ਛਾੜ ਕਰਦੇ ਸਨ। ਸੈਫੂ ਨੇ ਪਾਕਿਸਤਾਨ, ਤੇ ਪਾਕਿਸਤਾਨ ਦਾ ਹਾਲ ਹਵਾਲ ਸੁਣਨ ਤੋਂ ਬਾਅਦ ਇਕ ਦਿਨ ਪੁੱਛਿਆ ਸੀ ਕਿ ਪਾਕਿਸਤਾਨ ਹੈ ਕਿਥੇ? ਇਸ ਗੱਲ 'ਤੇ ਮੁੰਡਿਆਂ ਨੇ ਉਸ ਦੀ ਖੂਬ ਗਤ ਬਣਾਈ ਸੀ। ਉਹ ਕੁਝ ਸਮਝਿਆ ਤੇ ਕੁਝ ਨਹੀਂ ਸਮਝਿਆ, ਪਰ ਉਸ ਨੂੰ ਇਹ ਪਤਾ ਨਹੀਂ ਸੀ ਲੱਗਿਆ ਕਿ ਪਾਕਿਸਤਾਨ ਕਿਥੇ ਹੈ।

ਗਸ਼ਤੀ ਮੁੰਡੇ ਸੈਫੂ ਨੂੰ ਮਖੌਲ ਜਿਹੇ ਵਿਚ ਹੀ ਸੰਜੀਦਗੀ ਨਾਲ ਡਰਾਉਂਦੇ ਸਨ- "ਦੇਖ ਸੈਫੂ, ਜੇ ਤੈਨੂੰ ਹਿੰਦੂਆਂ ਨੇ ਫੜ ਲਿਆ ਨਾ, ਤਾਂ ਪਤਾ ਕੀ ਕਰਨਗੇ? ਪਹਿਲਾਂ ਤਾਂ ਤੈਨੂੰ ਨੰਗਾ ਕਰ ਦੇਣਗੇ।" ਮੁੰਡੇ ਜਾਣਦੇ ਸਨ ਕਿ ਸੈਫੂ ਨੀਮ ਪਾਗਲ ਹੋਣ ਦੇ ਬਾਵਜੂਦ ਨੰਗਾ ਹੋਣ ਨੂੰ ਬਹੁਤ ਬੁਰਾ ਤੇ ਖਰਾਬ ਚੀਜ਼ ਸਮਝਦਾ ਹੈ- "ਉਸ ਤੋਂ ਬਾਅਦ ਹਿੰਦੂ ਤੇਰੇ ਤੇਲ ਮਲਣਗੇ।"

"ਕਿਉਂ, ਤੇਲ ਕਿਉਂ ਮਲਣਗੇ?"

"ਇਸ ਕਰ ਕੇ ਕਿ ਜਦੋਂ ਉਹ ਤੈਨੂੰ ਬੈਂਤ ਨਾਲ ਕੁੱਟਣ ਤਾਂ ਤੇਰੀ ਚਮੜੀ ਉਧੜ ਜਾਵੇ। ਉਸ ਤੋਂ ਬਾਅਦ ਗਰਮ ਸਲਾਖਾਂ ਨਾਲ ਤੈਨੂੰ ਦਾਗਣਗੇ...।"

"ਨਹੀਂ!" ਉਹਨੂੰ ਵਿਸ਼ਵਾਸ ਨਹੀਂ ਹੋਇਆ।

ਰਾਤ ਨੂੰ ਮੁੰਡੇ ਜਿਹੜੇ ਡਰਾਉਣੇ ਤੇ ਹਿੰਸਕ ਕਿੱਸੇ ਸੁਣਾਉਂਦੇ ਸਨ, ਉਨ੍ਹਾਂ ਕਰ ਕੇ ਉਹ ਬਹੁਤ ਡਰ ਗਿਆ ਸੀ। ਕਦੀ ਕਦੀ ਮੇਰੇ ਨਾਲ ਪੁੱਠੀਆਂ ਸਿੱਧੀਆਂ ਗੱਲਾਂ ਕਰਦਾ। ਮੈਂ ਬੁਰਾ ਮਹਿਸੂਸ ਕਰਦਾ ਤੇ ਉਹਨੂੰ ਚੁੱਪ ਕਰਾ ਦਿੰਦਾ, ਪਰ ਉਹਦੇ ਅੰਦਰਲੀ ਜਗਿਆਸਾ ਸ਼ਾਂਤ ਨਹੀਂ ਸੀ ਹੁੰਦੀ। ਇਕ ਦਿਨ ਪੁੱਛਣ ਲੱਗਾ, "ਬੜੇ ਭਾਈ ਕੀ ਪਾਕਿਸਤਾਨ ਵਿਚ ਵੀ ਮਿੱਟੀ ਹੁੰਦੀ ਏ?"

"ਕਿਉਂ, ਉਥੇ ਮਿੱਟੀ ਕਿਉਂ ਨਹੀਂ ਹੋਵੇਗੀ।"

"ਸੜਕਾਂ ਹੀ ਸੜਕਾਂ ਨਹੀਂ... ਉਥੇ ਟੈਰਾਲੀਨ ਵੀ ਮਿਲਦੀ ਹੈ... ਉਥੇ ਸਸਤੀ ਹੈ...।"

"ਦੇਖ ਇਹ ਸਾਰੀਆਂ ਗੱਲਾਂ ਮਨਘੜਤ ਹਨ... ਤੂੰ ਅਲਤਾਫ ਬਗੈਰਾ ਦੀਆਂ ਗੱਲਾਂ 'ਤੇ ਬਹੁਤਾ ਕੰਨ ਨਾ ਧਰਿਆ ਕਰ।" ਮੈਂ ਉਹਨੂੰ ਸਮਝਾਇਆ।

"ਬੜੇ ਭਾਈ, ਕੀ ਹਿੰਦੂ ਅੱਖਾਂ ਕੱਢ ਲੈਂਦੇ...।"

"ਬਕਵਾਸ ਹੈ, ... ਇਹ ਤੈਨੂੰ ਕੀਹਨੇ ਕਿਹਾ?"

"ਵੱਛਣ ਨੇ।"

"ਗਲਤ ਐ।"

"ਫਿਰ ਚਮੜੀ ਵੀ ਨਹੀਂ ਉਧੇੜਦੇ?"

"ਉਹ... ਹੋ, ਇਹ ਤੂੰ ਕੀ ਬਕਵਾਸ ਕਰ ਰਿਹੈਂ...।"

ਉਹ ਚੁੱਪ ਹੋ ਗਿਆ, ਪਰ ਉਸ ਦੀਆਂ ਅੱਖਾਂ ਵਿਚ ਸੈਂਕੜੇ ਸਵਾਲ ਸਨ। ਮੈਂ ਬਾਹਰ ਚਲਾ ਗਿਆ। ਉਹ ਸਫੀਆ ਨਾਲ ਇਸੇ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਿਆ।

ਕਰਫਿਊ ਲੰਮਾ ਹੁੰਦਾ ਗਿਆ। ਰਾਤ ਦੀ ਗਸ਼ਤ ਜਾਰੀ ਰਹੀ। ਸਾਡੇ ਘਰ ਵਲੋਂ ਸੈਫੂ ਹੀ ਜਾਂਦਾ ਰਿਹਾ। ਕੁਝ ਦਿਨਾਂ ਬਾਅਦ ਇਕ ਦਿਨ ਸੁੱਤਾ ਪਿਆ ਸੈਫੂ ਚੀਕਣ ਲੱਗ ਪਿਆ। ਅਸੀਂ ਸਭ ਘਬਰਾ ਗਏ, ਪਰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਸਭ ਉਹਨੂੰ ਡਰਾਉਣ ਕਰ ਕੇ ਹੈ। ਅੱਬਾਜਾਨ ਨੂੰ ਮੁੰਡਿਆਂ 'ਤੇ ਬਹੁਤ ਗੁੱਸਾ ਆਇਆ ਅਤੇ ਉਨ੍ਹਾਂ ਮੁਹੱਲੇ ਦੇ ਕੁਝ ਬਜ਼ੁਰਗਾਂ ਨੂੰ ਕਿਹਾ ਵੀ, ਪਰ ਕੋਈ ਅਸਰ ਨਾ ਹੋਇਆ। ਮੁੰਡੇ, ਉਹ ਵੀ ਮੁਹੱਲੇ ਦੇ ਮੁੰਡੇ, ਉਹ ਕਿਸੇ ਮਨੋਰੰਜਨ ਤੋਂ ਕਿਉਂ ਵਾਂਝੇ ਹੋ ਜਾਂਦੇ?

ਗੱਲ ਕਿਥੋਂ ਕਿਥੇ ਪਹੁੰਚ ਗਈ ਹੈ, ਇਸ ਦਾ ਅੰਦਾਜ਼ਾ ਮੈਨੂੰ ਉਸ ਵਕਤ ਨਹੀਂ ਸੀ ਜਦੋਂ ਇਕ ਦਿਨ ਸੈਫੂ ਨੇ ਬੜੀ ਗੰਭੀਰਤਾ ਨਾਲ ਮੈਨੂੰ ਪੁੱਛਿਆ, "ਬੜੇ ਭਾਈ, ਮੈਂ ਹਿੰਦੂ ਹੋ ਜਾਵਾਂ?"

ਸਵਾਲ ਸੁਣ ਕੇ ਮੈਂ ਸੁੰਨ ਹੋ ਗਿਆ, ਪਰ ਜਲਦੀ ਹੀ ਸਮਝ ਗਿਆ ਕਿ ਇਹ ਰਾਤ ਨੂੰ ਡਰਾਉਣੇ ਕਿੱਸੇ ਸੁਣਾਉਣ ਦਾ ਨਤੀਜਾ ਹੈ। ਮੈਨੂੰ ਗੁੱਸਾ ਆਇਆ; ਫਿਰ ਸੋਚਿਆ, ਪਾਗਲ ਉਤੇ ਗੁੱਸਾ ਕਰਨ ਦੀ ਥਾਂ ਗੁੱਸਾ ਪੀ ਜਾਵਾਂ ਅਤੇ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂ।

ਮੈਂ ਪੁੱਛਿਆ- "ਕਿਉਂ, ਤੂੰ ਹਿੰਦੂ ਕਿਉਂ ਹੋਣਾ ਚਾਹੁੰਦਾ ਏਂ?"

"ਬਚ ਜਾਵਾਂਗਾ।" ਸੈਫੂ ਬੋਲਿਆ।

"ਇਸ ਦਾ ਮਤਲਬ ਕਿ ਮੈਂ ਨਹੀਂ ਬਚ ਸਕਾਂਗਾ।" ਮੈਂ ਉਹਨੂੰ ਪੁੱਛਿਆ।

"ਤਾਂ ਤੁਸੀਂ ਵੀ ਹੋ ਜਾਉ।" ਉਹਨੇ ਫਿਰ ਕਿਹਾ।

"ਤੇ ਤੇਰੇ ਤਾਇਆ... ਅੱਬਾ?" ਮੈਂ ਆਪਣੇ ਪਿਉ ਤੇ ਉਹਦੇ ਤਾਏ ਦੀ ਗੱਲ ਕੀਤੀ।

"ਨਹੀਂ... ਉਨ੍ਹਾਂ ਨੂੰ...।" ਉਹ ਕੁਝ ਸੋਚਣ ਲੱਗਾ। ਅੱਬਾਜਾਨ ਦੀ ਸਫੈਦ ਤੇ ਲੰਮੀ ਦਾੜ੍ਹੀ ਵਿਚ ਉਹ ਕਿਧਰੇ ਉਲ਼ਝ ਗਿਆ ਹੋਵੇਗਾ।

"ਦੇਖ ਇਹ ਸਭ ਮੁੰਡਿਆਂ ਦੀ ਸ਼ਰਾਰਤ ਹੈ ਜੋ ਤੈਨੂੰ ਬਹਿਕਾਂਦੇ ਹਨ। ਇਹ ਜੋ ਕੁਝ ਵੀ ਤੈਨੂੰ ਦੱਸਦੇ ਹਨ, ਸਭ ਝੂਠ ਹੈ। ਹਾਂਅ! ਤੂੰ ਮਹੇਸ਼ ਨੂੰ ਨਹੀਂ ਜਾਣਦਾ?"

"ਉਹੀ ਜੋ ਸਕੂਟਰ 'ਤੇ ਆਉਂਦੇ ਨੇ...।" ਉਹ ਖੁਸ਼ ਹੋ ਗਿਆ।

"ਹਾਂ... ਹਾਂ ਉਹੀ।"

"ਉਹ ਹਿੰਦੂ ਐ?"

"ਹਾਂ ਹਿੰਦੂ ਐ।" ਮੈਂ ਕਿਹਾ। ਪਹਿਲਾਂ ਤਾਂ ਉਹਦੇ ਚਿਹਰੇ 'ਤੇ ਨਿਰਾਸ਼ਾ ਭਰੀ ਹਲਕੀ ਜਿਹੀ ਉਦਾਸੀ ਉਭਰੀ, ਫਿਰ ਉਹ ਚੁੱਪ ਹੋ ਗਿਆ।

"ਇਹ ਤਾਂ ਸਭ ਗੁੰਡੇ, ਬਦਮਾਸ਼ਾਂ ਦੇ ਕੰਮ ਨੇ... ਨਾ ਹਿੰਦੂ ਲੜਦੇ ਨੇ, ਨਾ ਹੀ ਮੁਸਲਮਾਨ... ਗੁੰਡੇ ਲੜਦੇ ਨੇ। ਸਮਝਿਆ?"

ਦੰਗਾ ਸ਼ੈਤਾਨ ਦੀ ਆਂਦਰ ਵਾਂਗ ਖਿੱਚ ਹੁੰਦਾ ਗਿਆ ਅਤੇ ਮੁਹੱਲੇ ਵਿਚ ਲੋਕ ਤੰਗ ਆਉਣ ਲੱਗ ਪਏ। ਯਾਰ, ਸ਼ਹਿਰ ਵਿਚ ਦੰਗਾ ਕਰਨ ਵਾਲੇ ਬਦਮਾਸ਼ਾਂ ਨੂੰ ਮਿਲਾ ਵੀ ਲਿਆ ਜਾਵੇ ਤਾਂ ਕਿੰਨੇ ਕੁ ਹੋਣਗੇ। ਵੱਧ ਤੋਂ ਵੱਧ ਇਕ ਹਜ਼ਾਰ। ਚਲੋ, ਦੋ ਹਜ਼ਾਰ ਮੰਨ ਲਉ। ਫਿਰ ਭਾਈ ਦੋ ਹਜ਼ਾਰ ਆਦਮੀਆਂ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾਇਆ ਹੋਇਐ, ਤੇ ਅਸੀਂ ਲੋਕ ਘਰਾਂ ਵਿਚ ਲੁਕ ਕੇ ਬੈਠੇ ਹੋਏ ਹਾਂ। ਇਹ ਤਾਂ ਉਹੀ ਹੋਇਆ ਜਿਵੇਂ ਦਸ ਹਜ਼ਾਰ ਅੰਗਰੇਜ਼ ਕਰੋੜਾਂ ਹਿੰਦੁਸਤਾਨੀਆਂ

*(ਬਾਕੀ ਅਗਲੇ ਸਫੇ 'ਤੇ)*

ਉਪਰ ਰਾਜ ਕਰਦੇ ਸਨ ਅਤੇ ਸਾਰਾ ਨਿਜ਼ਾਮ ਉਨ੍ਹਾਂ ਅਧੀਨ ਚਲਦਾ ਰਹਿੰਦਾ ਸੀ। ਫਿਰ ਇਨ੍ਹਾਂ ਦੰਗਿਆਂ ਤੋਂ ਫਾਇਦਾ ਕਿਸ ਨੂੰ ਹੈ? ਫਾਇਦਾ? ਹੋਰ ਕੀ... ਹਾਜੀ ਅਬਦੁਲ ਕਰੀਮ ਨੂੰ ਫਾਇਦਾ ਹੈ ਜੋ ਮਿਉਂਸਪੈਲਟੀ ਦੀ ਚੋਣ ਲੜੇਗਾ ਅਤੇ ਉਹਨੂੰ ਮੁਸਲਮਾਨ ਵੋਟ ਮਿਲਣਗੇ; ਫਾਇਦਾ ਪੰਡਿਤ ਜੰਗੇਸ਼ਵਰ ਨੂੰ ਹੈ ਜਿਹਨੂੰ ਹਿੰਦੂਆਂ ਦੇ ਵੋਟ ਮਿਲਣਗੇ। ਤਾਂ ਫਿਰ ਅਸੀਂ ਕੀ ਹਾਂ? ਤੁਸੀਂ ਵੋਟਰ ਹੋ... ਹਿੰਦੂ ਵੋਟਰ, ਮੁਸਲਮਾਨ ਵੋਟਰ, ਪਛੜੇ ਵੋਟਰ, ਸੁੰਨੀ ਵੋਟਰ, ਸ਼ੀਆ ਵੋਟਰ। ਇਹੀ ਕੁਝ ਹੁੰਦਾ ਰਹੇਗਾ ਇਸ ਮੁਲਕ ਵਿਚ? ਹਾਂ ਕਿਉਂ ਨਹੀਂ? ਇਥੇ ਲੋਕ ਜਾਹਿਲ ਹਨ। ਇਥੇ ਕਿਰਾਏ ਦੇ ਹਤਿਆਰੇ ਮਿਲ ਜਾਂਦੇ ਹਨ। ਜਿਥੇ ਰਾਜਸੀ ਨੇਤਾ ਆਪਣੀਆਂ ਗੱਦੀਆਂ ਖਾਤਰ ਦੰਗੇ ਕਰਵਾਉਂਦੇ ਹਨ, ਉਥੇ ਹੋਰ ਕੀ ਹੋ ਸਕਦਾ? ਯਾਰ, ਕੀ ਅਸੀਂ ਲੋਕਾਂ ਨੂੰ ਪੜ੍ਹਾ ਨਹੀਂ ਸਕਦੇ? ਸਮਝਾ ਨਹੀਂ ਸਕਦੇ? ਹਾ... ਹਾ... ਹਾ... ਤੁਸੀਂ ਕੌਣ ਹੁੰਦੇ ਹੋ ਪੜ੍ਹਾਉਣ ਵਾਲੇ, ਸਰਕਾਰ ਪੜ੍ਹਾਵੇਗੀ ਜੇ ਚਾਹੇਗੀ। ਜੇ ਸਰਕਾਰ ਨਾ ਚਾਹੇ ਤਾਂ ਇਸ ਮੁਲਕ ਵਿਚ ਕੁਝ ਨਹੀਂ ਹੋ ਸਕਦਾ? ਹਾਂ... ਅੰਗਰੇਜ਼ਾਂ ਨੇ ਸਾਨੂੰ ਇਹੀ ਸਿਖਾਇਆ ਹੈ ... ਅਸੀਂ ਇਸ ਦੇ ਆਦੀ ਹਾਂ... ਚਲੋ ਛੱਡੋ। ਤਾਂ ਫਿਰ ਦੰਗੇ ਹੁੰਦੇ ਰਹਿਣਗੇ? ਹਾਂ, ਹੁੰਦੇ ਰਹਿਣਗੇ। ਮੰਨ ਲਉ ਕਿ ਇਸ ਮੁਲਕ ਦੇ ਸਾਰੇ ਮੁਸਲਮਾਨ ਹਿੰਦੂ ਹੋ ਜਾਣ? ਲਾਹੌਲ ਵਿਲਾ ਕੁਵਅਤ, ਇਹ ਕੀ ਕਹਿ ਰਹੇ ਹੋ ਤੁਸੀਂ? ਅੱਛਾ ਫ਼ਰਜ਼ ਕਰੋ ਕਿ ਇਸ ਮੁਲਕ ਦੇ ਸਾਰੇ ਹਿੰਦੂ ਮੁਸਲਮਾਨ ਹੋ ਜਾਣ? ਸੁਭਾਨ ਅੱਲਾ...ਵਾਹ ਵਾਹ ਕੀ ਗੱਲ ਕਹੀ ਹੈ... ਤਾਂ ਕੀ ਦੰਗੇ ਰੁਕ ਜਾਣਗੇ?

ਇਹ ਤਾਂ ਸੋਚਣ ਵਾਲੀ ਗੱਲ ਹੈ... ਪਾਕਿਸਤਾਨ ਵਿਚ ਸ਼ੀਆ ਸੁੰਨੀ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਹਨ... ਬਿਹਾਰ ਵਿਚ ਬ੍ਰਾਹਮਣ ਹਰੀਜਨ ਦੇ ਪ੍ਰਛਾਵੇਂ ਤੋਂ ਵੀ ਬਚਦੇ ਹਨ... ਤਾਂ ਕੀ ਯਾਰ ਆਦਮੀ ਜਾਂ ਕਹੋ ਇਨਸਾਨ ਸਾਲਾ ਹੈ ਹੀ ਅਜਿਹਾ ਜੋ ਲੜਦਾ ਹੀ ਰਹਿਣਾ ਚਾਹੁੰਦਾ ਹੈ? ਉਂਜ ਦੇਖੋ ਤਾਂ ਜੁੰਮਨ ਤੇ ਮੈਕੂ ਦੀ ਬੜੀ ਦੋਸਤੀ ਹੈ, ਤਾਂ ਫਿਰ ਕਿਉਂ ਨਾ ਅਸੀਂ ਮੈਕੂ ਤੇ ਜੁੰਮਨ ਬਣ ਜਾਈਏ... ਵਾਹ! ਕਿੰਨੇ ਪਤੇ ਦੀ ਗੱਲ ਕੀਤੀ, ਮਤਲਬ... ਮਤਲਬ... ਮਤਲਬ...

ਮੈਂ ਸਵੇਰੇ ਸੁਵਖਤੇ ਹੀ ਰੇਡੀਓ ਦੇ ਕੰਨ ਮਰੋੜ ਰਿਹਾ ਸੀ। ਸਫੀਆ ਝਾੜੂ ਦੇ ਰਹੀ ਸੀ ਕਿ ਰਾਜਾ ਦਾ ਛੋਟਾ ਭਰਾ ਅਕਰਮ ਦੌੜਾ ਆਇਆ ਅਤੇ ਤੇਜ਼ ਚਲਦੇ ਸਾਹ ਰੋਕਣ ਦੀ ਨਾਕਾਮ ਕੋਸ਼ਿਸ਼ ਕਰਦਾ ਕਹਿਣ ਲੱਗਾ, ਸੈਫੂ ਨੂੰ ਪੀ.ਏ.ਸੀ. ਵਾਲੇ ਕੁੱਟ ਰਹੇ ਹਨ।

"ਕੀ? ਕੀ ਕਹਿ ਰਿਹੈਂ?"

"ਸੈਫੂ ਨੂੰ ਪੀ.ਏ.ਸੀ. ਵਾਲੇ ਕੁੱਟ ਰਹੇ ਹਨ।" ਉਹ ਅਟਕ ਕੇ ਬੋਲਿਆ।

"ਕਿਉਂ ਕੁੱਟ ਰਹੇ ਹਨ? ਕੀ ਗੱਲ ਹੈ?"

"ਪਤਾ ਨਹੀਂ... ਨੁੱਕਰ 'ਤੇ...।"

"ਉਥੇ, ਜਿਥੇ ਪੀ.ਏ.ਸੀ. ਦੀ ਚੌਕੀ ਹੈ?"

"ਹਾਂ, ਉਥੇ ਹੀ।"

"ਪਰ ਕਿਉਂ...।" ਮੈਨੂੰ ਪਤਾ ਸੀ ਕਿ ਅੱਠ ਤੋਂ ਦਸ ਵਜੇ ਤੱਕ ਕਰਫਿਊ ਖੁੱਲ੍ਹਣ ਲੱਗ ਪਿਆ ਹੈ, ਤੇ ਸੈਫੂ ਨੂੰ ਅੱਠ ਵਜੇ ਦੇ ਕਰੀਬ ਅੰਮਾ ਨੇ ਦੁੱਧ ਲੈਣ ਭੇਜਿਆ ਸੀ। ਸੈਫੂ ਵਰਗੇ ਪਾਗਲ ਨੂੰ ਵੀ ਪਤਾ ਸੀ ਕਿ ਉਹਨੇ ਜਲਦੀ ਤੋਂ ਜਲਦੀ ਵਾਪਸ ਆਉਣਾ ਹੈ, ਪਰ ਹੁਣ ਤਾਂ ਦਸ ਬੱਜ ਗਏ ਹਨ।

"ਚੱਲ, ਮੈਂ ਚਲਦਾਂ।" ਰੇਡੀਓ ਵਿਚੋਂ ਆਉਂਦੀ ਬੇਢੰਗੀ ਆਵਾਜ਼ ਦਾ ਫਿਕਰ ਕੀਤੇ ਬਗੈਰ ਮੈਂ ਤੇਜ਼ ਕਦਮੀਂ ਬਾਹਰ ਨਿਕਲ ਗਿਆ। ਪਾਗਲ ਨੂੰ ਕਿਉਂ ਮਾਰ ਰਹੇ ਨੇ ਪੀ.ਏ.ਸੀ. ਵਾਲੇ, ਉਹਨੇ ਕਿਹੜਾ ਅਜਿਹਾ ਜੁਰਮ ਕੀਤਾ ਹੈ? ਉਹ ਕਰ ਹੀ ਕੀ ਸਕਦਾ ਹੈ? ਉਹ ਖੁਦ ਹੀ ਇੰਨਾ ਡਰਿਆ ਹੋਇਆ ਰਹਿੰਦਾ ਕਿ ਉਹਨੂੰ ਕੁੱਟਣ ਦੀ ਕੀ ਜ਼ਰੂਰਤ ਹੈ... ਫਿਰ ਕੀ ਕਾਰਨ ਹੋ ਸਕਦਾ ਹੈ? ਪੈਸੇ? ਉਹਨੂੰ ਤਾਂ ਅੰਮਾ ਨੇ ਦੋ ਰੁਪਏ ਦਿੱਤੇ ਸਨ। ਦੋ ਰੁਪਏ ਵਾਸਤੇ ਪੀ.ਏ.ਸੀ. ਵਾਲੇ ਉਹਨੂੰ ਕਿਉਂ ਕੁੱਟਣਗੇ?

ਨੁੱਕਰ 'ਤੇ ਮੁੱਖ ਸੜਕ ਦੇ ਬਰਾਬਰ ਮਕਾਨਾਂ ਉਤੇ ਮੁਹੱਲੇ ਦੇ ਕੁਝ ਲੋਕ ਜਮ੍ਹਾਂ ਸਨ। ਸਾਹਮਣੇ ਸੈਫੂ ਪੀ.ਏ.ਸੀ. ਵਾਲਿਆਂ ਅੱਗੇ ਖੜ੍ਹਾ ਸੀ। ਉਹਦੇ ਸਾਹਮਣੇ ਪੀ.ਏ.ਸੀ. ਦੇ ਜਵਾਨ ਸਨ। ਸੈਫੂ ਜ਼ੋਰ ਸ਼ੋਰ ਨਾਲ ਆਕੜ ਰਿਹਾ ਸੀ- "ਮੈਨੂੰ ਤੁਸੀਂ ਕਿਉਂ ਮਾਰਿਆ... ਮੈਂ ਹਿੰਦੂ ਹਾਂ... ਹਿੰਦੂ ਹਾਂ...।"

ਮੈਂ ਅੱਗੇ ਵਧਿਆ। ਮੈਨੂੰ ਦੇਖਣ ਤੋਂ ਬਾਅਦ ਵੀ ਸੈਫੂ ਚੁੱਪ ਨਹੀਂ ਹੋਇਆ, ਉਹ ਕਹਿੰਦਾ ਰਿਹਾ 'ਹਾਂ... ਹਾਂ ਮੈਂ ਹਿੰਦੂ ਹਾਂ', ਉਹ ਲੜਖੜਾ ਰਿਹਾ ਸੀ। ਉਹਦੇ ਬੁੱਲ੍ਹਾਂ ਦੇ ਕੋਨਿਆਂ ਤੋਂ ਖੂਨ ਦੀ ਬੂੰਦ ਨਿਕਲ ਕੇ ਠੋਡੀ 'ਤੇ ਜੰਮ ਗਈ ਸੀ।

"ਤੁਸੀਂ ਮੈਨੂੰ ਕੁੱਟਿਆ ਕਿਵੇਂ... ਮੈਂ ਹਿੰਦੂ...।"

"ਸੈਫੂ... ਇਹ ਕੀ ਹੋ ਰਿਹੈ... ਘਰ ਚੱਲ।"

"ਮੈਂ... ਮੈਂ ਹਿੰਦੂ ਹਾਂ।"

ਮੈਨੂੰ ਬਹੁਤ ਹੈਰਾਨੀ ਹੋਈ... ਕੀ ਇਹ ਉਹੀ ਸੈਫੂ ਹੈ ਜੋ ਸੀ... ਇਹਦੀ ਤਾਂ ਕਾਇਆ ਹੀ ਪਲਟ ਗਈ ਹੈ। ਇਹਨੂੰ ਹੋ ਕੀ ਗਿਆ?

"ਸੈਫੂ ਹੋਸ਼ ਵਿਚ ਆ।" ਮੈਂ ਉਹਨੂੰ ਝਿੜਕਿਆ।

ਮੁਹੱਲੇ ਦੇ ਦੂਸਰੇ ਲੋਕ ਪਤਾ ਨਹੀਂ ਕੀਹਦੇ ਉਤੇ ਅੰਦਰ ਹੀ ਅੰਦਰ ਦੂਰ ਤੋਂ ਹੱਸ ਰਹੇ ਸਨ। ਮੈਨੂੰ ਗੁੱਸਾ ਆਇਆ। ਸਾਲੇ ਇਹ ਨਹੀਂ ਸਮਝਦੇ ਕਿ ਇਹ ਪਾਗਲ ਹੈ।

"ਇਹ ਤੁਹਾਡਾ ਕੀ ਲਗਦਾ।" ਇਕ ਪੀ.ਏ.ਸੀ. ਵਾਲੇ ਨੇ ਮੈਨੂੰ ਪੁੱਛਿਆ।

"ਮੇਰਾ ਭਰਾ ਹੈ... ਥੋੜੀ ਮੈਂਟਲ ਪ੍ਰਾਬਲਮ ਹੈ ਇਹਨੂੰ।"

"ਫਿਰ ਇਹਨੂੰ ਘਰ ਲੈ ਜਾ।" ਇਕ ਸਿਪਾਹੀ ਬੋਲਿਆ।

"ਸਾਨੂੰ ਤਾਂ ਪਾਗਲ ਕਰ ਦਿੱਤਾ ਇਹਨੇ।" ਦੂਸਰੇ ਨੇ ਕਿਹਾ।

"ਚੱਲ ... ਸੈਫੂ ਘਰ ਚੱਲ। ਕਰਫਿਊ ਲੱਗ ਗਿਐ... ਕਰਫਿਊ...।"

"ਨਹੀਂ... ਨਹੀਂ ਜਾਊਂਗਾ... ਮੈਂ ਹਿੰਦੂ ਹਾਂ... ਹਿੰਦੂ... ਮੈਨੂੰ...ਮੈਨੂੰ...!"

ਉਹ ਧਾਹਾਂ ਮਾਰ ਕੇ ਰੋਣ ਲੱਗ ਪਿਆ- "ਕੁੱਟਿਆ... ਮੈਨੂੰ ਮਾਰਿਆ... ਮੈਨੂੰ ਮਾਰਿਆ... ਮੈਂ ਹਿੰਦੂ ਹਾਂ... ਮੈਂ...।"

ਸੈਫੂ ਘੜੰਮ ਕਰ ਕੇ ਜ਼ਮੀਨ 'ਤੇ ਡਿਗ ਪਿਆ... ਸ਼ਾਇਦ ਬੇਹੋਸ਼ ਹੋ ਗਿਆ ਸੀ...।

ਹੁਣ ਉਹਨੂੰ ਚੁੱਕ ਕੇ ਲਿਜਾਣਾ ਸੌਖਾ ਸੀ।

# ਭਾਰਤ ਦੀ ਪੱਛਮੀ ਘਾਟ ਦੇ ਦਮਨ ਤੇ ਦਿਊ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਦਮਨ ਤੇ ਦਿਊ ਭਾਰਤ ਦੀ ਪੱਛਮੀ ਘਾਟ ਵਿਚ ਪੈਂਦੇ ਹਨ। ਦਮਨ ਤੋਂ ਦਿਊ 786 ਕਿਲੋਮੀਟਰ ਹੈ। ਦਿਊ ਦਾ ਇੱਕ ਹਿੱਸਾ ਧਰਤੀ ਨਾਲ ਲੱਗਦਾ ਹੈ ਤੇ ਤਿੰਨ ਹਿੱਸਿਆਂ ਨੂੰ ਅਰਬ ਮਹਾਂਸਾਗਰ ਨੇ ਘੇਰਿਆ ਹੋਇਆ ਹੈ। ਦਮਨ ਦੇ ਉਤਰ ਵਿਚ ਭਗਵਾਨ ਨਦੀ ਹੈ, ਪੂਰਬ ਵਿਚ ਗੁਜਰਾਤ ਦਾ ਵਲਸਾਦ ਜ਼ਿਲ੍ਹਾ, ਦੱਖਣ ਵਿਚ ਕੋਲਮ ਨਦੀ ਤੇ ਪੱਛਮ ਵਿਚ ਅਰਬ ਮਹਾਂਸਾਗਰ। ਦਮਨਗੰਗਾ ਨਦੀ ਇਸ ਦੇ ਦੋ ਟੁਕੜੇ ਕਰਦੀ ਹੈ। ਇਥੇ ਪੁਰਤਗਾਲੀ ਸਾਢੇ ਚਾਰ ਸੌ ਸਾਲ ਰਾਜ ਕਰਦੇ ਰਹੇ ਹਨ। ਮੁਗਲ ਰਾਜਾ ਹਮਾਯੂੰ ਦੇ ਰਾਜ ਸਮੇਂ ਸੋਲ੍ਹਵੀਂ ਸਦੀ ਦੇ ਤੀਹਵਿਆਂ ਵਿਚ ਗੁਜਰਾਤੀ ਰਾਜਿਆਂ ਦੇ ਬਾਦਸ਼ਾਹ ਹਮਾਯੂੰ ਨਾਲ ਚੱਲ ਰਹੇ ਇੱਟ-ਖੜੱਕੇ ਦਾ ਲਾਭ ਉਠਾ ਕੇ ਇਨ੍ਹਾਂ ਉਤੇ ਪੁਰਤਗਾਲੀਆਂ ਨੇ ਕਬਜ਼ਾ ਕਰ ਲਿਆ ਸੀ। ਭਾਵੇਂ 1961 ਵਿਚ ਸੈਨਿਕ ਕਾਰਵਈ ਕਰਕੇ ਭਾਰਤੀ ਗਣਤੰਤਰ ਨੇ ਇਨ੍ਹਾਂ ਤੋਂ ਈਨ ਮੰਨਵਾ ਲਈ ਪਰ 1974 ਤੱਕ ਇਨ੍ਹਾਂ ਦੀਪਾਂ ਦਾ ਸਾਰਾ ਕੰਮ ਕਾਜ ਪੁਰਤਗਾਲ ਕੋਲ ਹੀ ਰਿਹਾ।

ਇਸ ਦੀ ਹਜ਼ਾਰਾਂ ਏਕੜ ਭੂਮੀ ਵਿਚ ਧਾਨ, ਰਾਗੀ, ਮੂੰਗਫਲੀ, ਦਾਲਾਂ, ਫਲੀਆਂ ਤੇ ਕਣਕ ਦੀਆਂ ਅਨਾਜੀ ਫਸਲਾਂ ਅਤੇ ਅੰਬ ਤੇ ਕੇਲੇ ਦੇ ਫਲ ਹੁੰਦੇ ਹਨ। ਇਥੋਂ ਦੀ 67% ਭੂਮੀ ਖੇਤੀ ਵਾਲੀ ਹੈ ਪਰ ਸੋਮਨਾਥ, ਦਾਭੇਲ, ਭੀਮਪੁਰ ਤੇ ਕੜਾਈਆ ਵਿਚ ਛੋਟੇ ਉਦਯੋਗ ਕਾਫੀ ਮਾਤਰਾ ਵਿਚ ਹਨ।

ਦੋਵਾਂ ਥਾਂਵਾਂ ਵਿਚ ਅੱਧੀ ਦਰਜਨ ਅਹਿਮ ਗਿਰਜਾਘਰ ਹਨ। ਮੋਟੀ ਦਮਨ (ਦਮਨ ਕਲਾਂ) ਵਿਖੇ ਕੈਥੀਡਰਲ ਲੇਡੀ ਆਫ ਰੋਜ਼ਰੀ ਚਰਚ ਅਤੇ ਨਾਨੀ ਦਮਨ (ਦਮਨ ਖੁਰਦ) ਵਿਖੇ ਸੇਂਟ ਜਾਰੋਮ ਚਰਚ ਪ੍ਰਸਿੱਧ ਹਨ। ਦਿਊ ਦਾ ਸੇਂਟ ਪਾਲ ਚਰਚ ਤੇ ਸੇਂਟ ਥਾਮਸ ਚਰਚ ਇਨ੍ਹਾਂ ਤੋਂ ਵੱਧ ਅਹਿਮ ਹਨ। ਸਥਾਨਕ ਪ੍ਰਸ਼ਾਸਨ ਨੇ ਸੇਂਟ ਪਾਲ ਚਰਚ ਨੂੰ ਦਿਊ ਅਜਾਇਬ ਘਰ ਬਣਾ ਲਿਆ ਹੈ। ਇਸੇ ਤਰ੍ਹਾਂ ਦਿਊ ਦਾ ਸੇਂਟ ਫਰਾਂਸਿਸ ਆਫ ਆਸਿੱਸੀ ਚਰਚ ਅੱਜ ਹਸਪਤਾਲ ਬਣ ਚੁਕਾ ਹੈ। ਹਿੰਦੂ ਜਾਤੀ ਦੇ ਗੰਗੇਸ਼ਵਰ ਮੰਦਿਰ ਅਤੇ ਮੁਸਲਮਾਨਾਂ ਦੀ ਜਾਮਾ ਮਸਜਿਦ ਵੀ ਕਾਇਮ ਹਨ। ਪੁਰਤਗਾਲੀਆਂ ਵੱਲੋਂ 1541 ਵਿਚ ਉਸਾਰਿਆ ਕਿਲ੍ਹਾ ਤਾਂ ਹੁਣ ਹੰਢ-ਹੰਢਾ ਚੁਕਾ ਹੈ।



ਰਹਿਣੀ-ਬਹਿਣੀ ਪੱਖੋਂ ਸਾਰੇ ਵਸਨੀਕ ਗੁਜਰਾਤੀਆਂ ਵਰਗੇ ਹਨ। ਉਹ ਗੁਜਰਾਤੀ ਭਾਸ਼ਾ ਬੋਲਦੇ ਹਨ। ਇਨ੍ਹਾਂ ਵਿਚ ਭੀਲ ਤੇ ਕੂਕਨਾ ਆਦਿਵਾਸੀ ਵੀ ਰਲ ਗਏ ਹਨ। ਉਹ ਆਪਸ ਵਿਚ ਤਾਂ ਵਿਆਹ ਨਹੀਂ ਕਰਦੇ ਪਰ ਉਨ੍ਹਾਂ ਵਿਚੋਂ ਟਾਵੇਂ-ਟਾਵੇਂ ਮੁੰਡੇ-ਕੁੜੀਆਂ ਦੂਜੇ ਵਸਨੀਕਾਂ ਨਾਲ ਵਿਆਹ ਕਰਵਾਉਣ ਲੱਗ ਪਏ ਹਨ। ਨੱਚਣ-ਗਾਉਣ ਇਕੋ ਜਿਹਾ ਹੋਣ ਸਦਕਾ ਇਥੋਂ ਦੀ ਭਾਰਤੀ, ਪੱਛਮੀ, ਪੇਂਡੂ ਤੇ ਸ਼ਹਿਰੀ ਵਸੋਂ ਇਕ ਸਮਾਨ ਜਾਪਦੀ ਹੈ। ਇਨ੍ਹਾਂ ਵਿਚ ਪੁਰਤਗਾਲੀ ਨਾਚ ਗਾਣੇ ਹੀ ਰਲਗੱਡ ਨਹੀਂ ਹੋਏ, ਆਦਿਵਾਸੀਆਂ ਦੀਆਂ ਵਿਅੰਗਮਈ ਸਮਾਜਕ ਸਿੱਠਣੀਆਂ ਵੀ ਰਲ ਮਿਲ ਗਈਆਂ ਹਨ।

ਦਮਨ ਤੇ ਦਿਊ ਵਿਚਕਾਰ ਏਨੀ ਲੰਮੀ ਦੂਰੀ ਦੇ ਬਾਵਜੂਦ ਇਨ੍ਹਾਂ ਦੀ ਦੁਨੀਆਂ ਇਕ ਹੀ ਹੈ। ਰੁੱਖਾਂ ਦੇ ਪੱਤਿਆਂ ਦੀ ਸਾਂ-ਸਾਂ, ਉਡਦੀਆਂ ਮੱਛੀਆਂ ਦੀਆਂ ਚੀਕਾਂ ਅਤੇ ਗਰਜਦਾ ਸਾਗਰ ਇਨ੍ਹਾਂ ਦੀ ਸਾਂਝ ਦਾ ਸੋਮਾ ਹੈ। ਸਮੇਂ ਤੇ ਕਾਲ ਨੂੰ ਪਾਵੇ ਨਾਲ ਬੰਨ੍ਹਣ ਵਾਲਾ ਸੱਚ ਅਸਲੀ ਰੂਪ ਵਿਚ ਇਥੇ ਹੀ ਪ੍ਰਧਾਨ ਹੈ। ਪ੍ਰਦੂਸ਼ਣ ਮੁਕਤ ਸੰਸਾਰ। ਅਰਬ ਮਹਾਂਸਾਗਰ ਦੇ 17 ਕਿਲੋਮੀਟਰ ਕਿਨਾਰੇ ਉਤੇ ਜਲੰਧਰ, ਚਕਰਾਤੀਰਥ, ਗੋਘਲਾ, ਨਾਗੋਆ ਤੇ ਗੋਮਤੀ ਮਾਤਾ ਨਾਂ ਦੇ ਮਾਣਨਯੋਗ ਸਮੁੰਦਰੀ ਕਿਨਾਰੇ ਹਨ। ਗੋਘਲਾ ਬੀਚ ਉਤੇ ਫਿਲਮੀ ਹਸਤੀ ਅਜੇ ਦੇਵਗਨ ਨੇ ਆਪਣਾ ਬੰਗਲਾ ਬਣਾਇਆ ਹੋਇਆ ਹੈ ਤੇ ਉਸ ਦੇ ਐਨ ਸਾਹਮਣੇ ਇਕ ਮੀਲ ਲੰਮਾ ਨਾਰੀਅਲ ਦਾ ਬਾਗ ਹੈ ਜਿਸ ਦਾ ਮਾਲਕ ਹਾਲੀ ਤੱਕ ਪੁਰਤਗਾਲੀ ਅਰਬਪਤੀ ਹੈ। ਉਸ ਦੇ ਬਾਲ ਬੱਚੇ ਇੰਗਲੈਂਡ ਤੇ ਅਮਰੀਕਾ ਰਹਿੰਦੇ ਹਨ ਪਰ ਉਹ ਆਪਣੀ ਪਤਨੀ ਸਮੇਤ ਇਥੇ ਹੀ ਟਿਕਿਆ ਹੋਇਆ ਹੈ।

ਫਰੰਗੀ ਸਰਕਾਰ ਨੇ ਮੁੱਖ ਧਰਤੀ ਤੋਂ ਥੋੜ੍ਹੀ ਵਿੱਥ ਉਤੇ ਅਰਬ ਸਾਗਰ ਦੇ ਅੱਧ ਵਿਚਕਾਰ ਪਾਣੀ ਕੋਠਾ ਨਾਂ ਦੀ ਜੇਲ੍ਹ ਉਸਾਰ ਰੱਖੀ ਹੈ ਜਿਸ ਨੂੰ ਅਸੀਂ ਕਾਲੇ ਪਾਣੀਆਂ ਵਰਗੀ ਜੇਲ੍ਹ ਕਹਿ ਸਕਦੇ ਹਾਂ। ਇਥੋਂ ਦੇ ਵਸਨੀਕ ਅੰਤਾਂ ਦੇ ਮਿਲਣਸਾਰ ਤੇ ਮਹਿਮਾਨ ਨਿਵਾਜ਼ ਹਨ। ਮੇਰੇ ਮਿੱਤਰ ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਸਾਬਕਾ ਮੁੱਖ ਪ੍ਰਸ਼ਾਸਕ ਜਿਵੇ ਦੇਵ ਦੀ ਪਤਨੀ ਦਿਊ ਤੋਂ ਹੈ। ਆਪਣੀ ਫੇਰੀ ਸਮੇਂ ਉਨ੍ਹਾਂ ਦਾ ਚੇਤੇ ਆਉਣਾ ਵੀ ਕੁਦਰਤੀ ਸੀ।

**ਟੁੱਟ ਗਏ ਪੰਜਾਬੀ ਜਗਤ ਦੇ ਤਿੰਨ ਤਾਰੇ:** ਸਾਹਿਤਕ ਰਸਾਲੇ 'ਵਰਿਆਮ' ਦੇ ਸੰਪਾਦਕ ਜਗਦੀਸ਼ ਸਿੰਘ ਵਰਿਆਮ ਅਤੇ ਭਾਪਾ ਪ੍ਰੀਤਮ ਸਿੰਘ ਦੇ ਪਰਮ ਸਨੇਹੀ ਗਿਆਨੀ ਜਸਵੰਤ ਸਿੰਘ ਦੇ ਬੇਟੇ ਚਰਨਜੀਤ ਸਿੰਘ (ਚੰਨ) ਦਾ ਤੁਰ ਜਾਣਾ, ਦੋ ਤਾਰਿਆਂ ਦੇ ਡੁੱਬਣ ਵਾਂਗ ਹੈ। ਨਾਮਧਾਰੀ ਸੰਪਰਦਾ ਨੂੰ ਪ੍ਰਣਾਏ ਜਗਦੀਸ਼ ਸਿੰਘ ਨੇ ਆਪਣੇ ਸਾਹਿਤਕ ਰਸਾਲੇ 'ਵਰਿਆਮ' ਦੁਆਰਾ ਨਾਮਧਾਰੀ ਵਿਚਾਰਧਾਰਾ ਨੂੰ ਜ਼ੁਬਾਨ ਦੇ ਰੱਖੀ ਸੀ।

ਚੰਨ ਪੰਜਾਬੀ ਜਗਤ ਦੀ ਤੁਰਦੀ-ਫਿਰਦੀ ਡਾਇਰੈਕਟਰੀ ਸੀ। ਕੋਈ ਉਘਾ ਪੰਜਾਬੀ ਕਿੱਥੇ ਰਹਿੰਦਾ ਸੀ ਤੇ ਕਿਸ ਨੇ ਕਿਹੜਾ ਕੰਮ ਤਿਆਗ ਕੇ ਕਿਹੜਾ ਨਵਾਂ ਕੰਮ ਸ਼ੁਰੂ ਕਰ ਲਿਆ ਹੈ, ਇਨ੍ਹਾਂ ਪ੍ਰਸ਼ਨਾਂ ਦਾ ਉਤਰ ਚੰਨ ਦੀਆਂ ਉਂਗਲਾਂ ਦੇ ਪੋਟਿਆਂ ਉਤੇ ਸੀ। ਕੁਦਰਤ ਦੀ ਕਰਨੀ ਵੇਖੋ ਇਨ੍ਹਾਂ ਵਿਚ ਉਘੇ ਪੱਤਰਕਾਰ ਤੇ ਆਮ ਆਦਮੀ ਪਾਰਟੀ ਦੇ ਆਗੂ ਕੰਵਰ ਸੰਧੂ ਦਾ ਨੌਜਵਾਨ ਬੇਟਾ ਕਰਨ ਸਿੰਘ ਵੀ ਜਾ ਰਲਿਆ ਹੈ। ਇਨ੍ਹਾਂ ਤਾਰਿਆਂ ਦਾ ਇੱਕ ਦੂਜੇ ਦੇ ਅੱਗੇ ਪਿੱਛੇ ਟੁੱਟਣਾ, ਸੱਚ ਮੁੱਚ ਹੀ ਬੜਾ ਦੁਖਦਾਈ ਹੈ।



ਜਗਦੀਸ਼ ਸਿੰਘ ਵਰਿਆਮ

**ਅੰਤਿਕਾ: ਆਦਮ**

ਜਾਨੇ ਵਾਲੇ ਕਭੀ ਨਹੀਂ ਆਤੇ
ਜਾਨੇ ਵਾਲੋਂ ਕੀ ਯਾਦ ਆਤੀ ਹੈ।

## ਅਲਵਿਦਾ !

ਬੜਾ ਔਖਾ ਹੁੰਦਾ ਕਹਿਣਾ ਅਲਵਿਦਾ
ਮਿੱਤਰਾਂ, ਪਿਆਰਿਆਂ ਰੂਹਾਂ ਦੇ ਹਾਣੀਆਂ।

ਸਾਹਾਂ ਦੀ ਡੋਰ ਟੁੱਟਿਆਂ
ਔਖਿਆਂ ਹੋ ਭਰੇ ਮਨ ਕਹਿਣਾ ਹੀ ਪੈ ਜਾਂਦਾ
ਅਲਵਿਦਾ ਸੱਜਣਾਂ ਪਿਆਰਿਆਂ ਨੂੰ।

ਟੁੱਟ ਗਈ ਜਲੰਧਰ ਨਾਲ ਜੁੜੀ
ਇੱਕ ਹੋਰ ਤੰਦ
ਘੱਟ ਗਿਆ ਸੀਰ ਪਿੱਤਰੀ ਦੇਸ਼ ਨਾਲ।

ਬਾਬਾ ਜਗਦੀਸ਼ ਸਿੰਹਾਂ
ਤੂੰ ਸੱਚੀ ਵਰਿਆਮ ਸੀ
ਮਰਦ ਅਗੰਮੜਾ, ਯਾਰਾਂ ਦਾ ਯਾਰ ਸੀ।

ਸਾਹਿਤ ਕਲਾ ਸੰਗੀਤ ਦਾ ਰਸੀਆ
ਨਾਮਧਾਰੀ,
ਅਸਲੀ ਨਾਨਕ ਦੇ ਨਾਮ ਦਾ ਪੁਜਾਰੀ।

ਤੇਰੇ ਵਰਗੇ ਦੇ ਬੋਲ ਸੁਣ ਕਿਸੇ ਕਿਹਾ ਸੀ
ਬੋਲਦਾ ਤਾਂ ਫੁੱਲ ਝੜਦੇ ਮਿਸ਼ਰੀ ਕਿਰਦੀ।

ਤੇਰਾ ਖਿੜ ਕੇ ਹੱਸਣਾ
ਮੁਸਕਰਾਉਣਾ ਫੁੱਲ ਦੀ ਖੁਸ਼ਬੋ ਜਿਹਾ।

ਦਿੰਦਾ ਰਿਹੈਂ ਸੱਚ 'ਤੇ ਪਹਿਰਾ
ਸੱਚ ਬਣ ਕੇ
ਤੇਰਾ ਚਿੱਟਾ ਚੋਲਾ ਢੱਕਦਾ ਰਿਹਾ
ਔਗਣ ਸੰਗੀ ਸਾਥੀਆਂ ਦੇ।

ਵਿਚਾਰਾਂ ਦਾ ਵਖਰੇਵਾਂ
ਤੇਰੇ ਲਈ ਫੁੱਲਾਂ ਦੇ ਵੱਖਰੇ ਰੰਗ
ਸ਼ਕਲ ਤੇ ਵੱਖਰੀ ਖੁਸ਼ਬ ਸੀ।
ਤੂੰ ਕਲਾ ਦਾ ਉਪਾਸ਼ਕ
ਨਾਮ ਦਾ ਧਾਰਨੀ
ਡਿੱਗਿਆਂ ਨੂੰ ਬਾਂਹ ਦੇ
ਚਿੱਕੜ ਚੋਂ ਧੂਹ ਲੈਣਾ
ਮਜ਼ਲੂਮਾਂ ਦੇ ਨਾਲ ਖੜਨਾ ਤੇਰਾ ਧਰਮ ਸੀ।

ਵਿਰੋਧੀ ਵਿਚਾਰਾਂ ਦੀ ਕਦਰ
ਤੇਰਾ ਧਰਮ ਨਿਤਾਣਿਆਂ ਸੰਗ ਖੜਨਾ
ਬੋਲੀ ਵਿਰਸੇ ਦੀ ਤਰੱਕੀ ਤੇਰਾ ਅਕੀਦਾ।

ਜਗਦੀਸ਼ ਬਾਬਾ
ਤੂੰ ਸੱਚੀ ਨਾਮਧਾਰੀ ਸੀ
ਅਲਵਿਦਾ ਕਹਿਣਾ ਪੈ ਰਿਹਾ
ਕੋਈ ਚਾਰਾ ਨਹੀਂ।

ਪਿਆਰ ਦੇ ਕੁਝ ਪਲ ਵੀ
ਬੇਕੀਮਤੀ
ਤੁਹਾਡੇ ਨਾਲ ਬਿਤਾਏ
ਸਮੇਂ ਨੂੰ ਸਲਾਮ
ਕੋਸ਼ਿਸ਼ ਕਰਾਂਗੇ
ਤੇਰੇ ਜਿਹੇ ਬਣਨ ਦੀ
ਜਗਦੀਸ਼ ਸਿੰਘ ਵਰਿਆਮ
ਨਾਮਧਾਰੀ
ਬਾਬਾ ਵਰਿਆਮ ਅਗੰਮੜਾ
ਅਲਵਿਦਾ! ਗੁਰ ਫਤਿਹ।

*-ਹਰਜਿੰਦਰ ਦੋਸਾਂਝ*
*ਯੂਬਾ ਸਿਟੀ, ਕੈਲੀਫੋਰਨੀਆ।*

---

## ਸਿਆਸਤ

ਨੇਤਾ ਜਦੋਂ ਸਿਆਸਤ ਖੇਡਣ,
ਵੋਟਰ ਮਿੱਠਾ ਭਾਣਾ ਮੰਨਣ।
ਨੇਤਾ ਜਦੋਂ ਨੇ ਗਿਰਗਿਟ ਬਣਦੇ,
ਪੱਗ ਬਦਲਦੇ ਸ਼ੀਸ਼ੇ ਵੇਖਣ।
ਭਾਵੇਂ ਡੁੱਬਦਿਆਂ ਨੂੰ ਬਚਾਓ,
ਬਿੱਛੂ ਸੱਪ ਤਾਂ ਫਿਰ ਵੀ ਡੰਗਣ।
ਗਲੀਆਂ-ਸੜਕਾਂ ਪੁੱਟ ਦੁਬਾਰਾ,
ਟੈਂਡਰ ਕੱਢ ਕਮਿਸ਼ਨ ਲੁੱਟਣ।
ਕੁੜੀਆਂ ਚੜ੍ਹਨ ਜਾਂ ਪੱਤਰਕਾਰ,
ਬੱਸਾਂ ਵਿਚੋਂ ਮਾਰਨ ਸੁੱਟਣ।
ਸੰਗਤ ਦਰਸ਼ਨ ਦੁਖੜੇ ਸੁਣ ਕੇ,
ਜਥੇਦਾਰ ਤੇ ਅਫਸਰ ਹੱਸਣ।
ਆ ਅਮਰੀਕਾ ਪਰਤ ਕੇ 'ਗਿੱਲਾ'
ਫੜ ਕੇ ਤੈਨੂੰ ਕਿਤੇ ਨਾ ਕੁੱਟਣ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

---

## ਜੋਤ

ਮੰਜ਼ਿਲ ਤੇਰੀ ਕਿਹੜੀ ਹੈ?
ਕਿਧਰ ਜਾਣੀ ਬੇੜੀ ਹੈ?
ਪਰਮਾਤਮਾ ਇਕ ਜੋਤ ਹੈ
ਜੋਤ ਤੋਂ ਹੀ ਨਜ਼ਰ ਫੇਰੀ ਹੈ।
ਜ਼ਿੰਦਗੀ ਇਕ ਦਿਨ ਰਹਿਣੀ ਨਾ
ਹੋਣੀ ਇਹ ਰਾਖ ਦੀ ਢੇਰੀ ਹੈ।
ਕਦੇ ਤਾਂ ਜ਼ਿੰਦਗੀ ਛੋਟੀ ਹੈ
ਪਰ ਕਦੇ ਇਹ ਲੰਮੇਰੀ ਹੈ।
ਦੁਨੀਆਂ ਦੀ ਭੇਡਚਾਲ ਵਿਚ
ਆਈ ਏਨੀ ਹਨੇਰੀ ਹੈ।
ਚੁਪ ਰਹਿਣਾ ਵੀ ਕਦੀ ਕਦੀ
ਆਦਤ ਇਕ ਚੰਗੇਰੀ ਹੈ।
ਉਸ ਦੀ ਧੁਨ ਵਿਚ ਕਿਹਨੇ
'ਮਾਨ' ਮਿੱਠੀ ਤਾਨ ਛੇੜੀ ਹੈ।

*-ਦਿਲਪ੍ਰੀਤ ਮਾਨ, ਕਲੋਵਿਸ*
*ਫੋਨ: 559-392-0684*

# ਬਾਬਾ ਬੰਦਾ ਬਹਾਦਰ ਦਾ ਜਨਮ ਸਥਾਨ

ਸਿੱਖ ਪੰਥ ਦੇ ਲਾਸਾਨੀ ਸ਼ਹੀਦ ਬਾਬਾ ਬੰਦਾ ਬਹਾਦਰ ਦੇ ਜਨਮ ਸਥਾਨ ਬਾਰੇ ਕੁਝ ਲੇਖਕਾਂ ਦੇ ਮਤਭੇਦ ਹਨ, ਪਰ ਬਹੁਤ ਪ੍ਰਸਿਧ ਇਤਿਹਾਸਕਾਰਾਂ ਨੇ ਜਨਮ ਸਥਾਨ ਰਾਜੌਰੀ (ਕਸ਼ਮੀਰ) ਲਿਖਿਆ ਹੈ। ਇਸੇ ਨਿਰੰਤਰਤਾ ਦੇ ਆਸ਼ੇ ਨਾਲ ਉਨ੍ਹਾਂ ਚੀਮਾ ਜਨਮ ਸਥਾਨ ਦੀਆਂ ਪੈੜਾਂ ਲੱਭਣ ਦੇ ਯਤਨ ਕੀਤੇ ਹਨ। ਸਭ ਤੋਂ ਪਹਿਲਾਂ ਅਸੀਂ ਰਾਜੌਰੀ ਦੇ ਤਵਾਰੀਖੀ ਇਤਿਹਾਸ 'ਤੇ ਪੰਛੀਝਾਤ ਮਾਰਨ ਦਾ ਉਪਰਾਲਾ ਕਰਾਂਗੇ।

ਰਾਜੌਰੀ ਜ਼ਿਲ੍ਹਾ ਪਹਿਲੀ ਜਨਵਰੀ 1968 ਨੂੰ ਬਣਿਆ। ਰਾਜੌਰੀ ਜ਼ਿਲ੍ਹੇ ਦੀਆਂ ਹੱਦਾਂ, ਜੰਮੂ, ਪੁਣਛ ਅਤੇ ਰਿਆਸੀ ਨੇ ਘੇਰੀਆਂ ਹੋਈਆਂ ਹਨ।

ਡਾ. ਜਸਬੀਰ ਸਿੰਘ ਸਰਨਾ

ਰਾਜੌਰੀ ਦੀ ਤਵਾਰੀਖ ਦੱਸਦੀ ਹੈ ਕਿ ਇਹ ਕਿਸੇ ਸਮੇਂ ਭਿੰਬਰਗਲੀ ਅਤੇ ਨੌਸ਼ਹਿਰਾ ਸਮੇਤ 'ਅਲੀਸ਼ੇਰ' ਦਾ ਹਿੱਸਾ ਮੰਨਿਆ ਜਾਂਦਾ ਸੀ ਜੋ ਪੰਜਾਬ ਸਲਤਨਤ ਦਾ ਪਹਾੜੀ ਖੇਤਰ ਕਰ ਕੇ ਜਾਣਿਆ ਜਾਂਦਾ ਸੀ। ਤਜਾਰਤ ਪੱਖੋਂ ਇਹ ਖਿੱਤਾ ਮੁੱਖ ਕੇਂਦਰ ਰਿਹਾ ਹੈ। ਮੁਗ਼ਲਾਂ ਦੇ ਸਮੇਂ ਰਾਜੌਰੀ ਦੇ ਹਾਕਮਾਂ ਨੂੰ ਮੁਸਲਮਾਨ ਬਣਾਇਆ ਗਿਆ। ਪੁਰਾਤਨ ਤਵਾਰੀਖ ਅਨੁਸਾਰ ਜਦੋਂ ਆਰੀਆ ਪਰਵਾਸੀਆਂ ਨੇ ਉਤਰ-ਪੱਛਮ ਹਿਮਾਲਿਆ ਪਹਾੜਾਂ ਨੂੰ ਪਾਰ ਕੀਤਾ ਤਾਂ ਉਹ ਰਾਜੌਰੀ ਅਤੇ ਪੁਣਛ ਖਿੱਤਿਆਂ ਵਿਚ ਆਬਾਦ ਹੋ ਗਏ। ਅਲਬਰੂਨੀ ਦੀ ਆਮਦ ਸਮੇਂ ਸੁਲਤਾਨ ਮਸੂਦ ਰਾਜੌਰੀ ਨੂੰ 'ਰਾਜਵੇਰੀ' ਦੱਸਦਾ ਸੀ। ਕੱਲ੍ਹਣ ਪੰਡਿਤ ਦੀ 'ਰਾਜਤ੍ਰੰਗਣੀ' ਵਿਚ ਵੀ 'ਰਾਜਵੇਰੀ' ਲਿਖਿਆ ਹੈ। 'ਮਲਗਾਨ-ਏ-ਰਾਜੌਰ' ਦੇ ਲੇਖਕ ਮਿਰਜ਼ਾ ਜ਼ਫ਼ਰਉੱਲਾ ਖ਼ਾਨ ਅਨੁਸਾਰ, ਇਹ ਪਹਿਲਾਂ ਰਾਜ-ਅੱਵਰ, ਰਾਜੌਰ ਅਤੇ ਬਾਅਦ ਵਿਚ ਰਾਜੌਰੀ ਕਰ ਕੇ ਪ੍ਰਸਿਧ ਹੋਇਆ। ਇਸ ਦਾ ਨਾਂ ਸਮੇਂ-ਸਮੇਂ ਬਦਲਦਾ ਰਿਹਾ ਹੈ ਜਿਵੇਂ ਰਾਜ ਅਵਰ, ਰਾਜਪੁਰੀ, ਰਾਜਵੱਰੀ, ਰਾਜਵਾਰਾ, ਰਾਜੌਰ ਅਤੇ ਰਾਜੌਰੀ। ਸੰਨ 1813 ਵਿਚ ਸਿੱਖ ਫ਼ੌਜਾਂ ਨੇ ਰਾਜੌਰੀ ਨੂੰ ਸਿੱਖ ਸਲਤਨਤ ਦਾ ਹਿੱਸਾ ਬਣਾਇਆ। ਚੀਨੀ ਯਾਤਰੂ ਹਿਊਨਸਾਂਗ ਜਦੋਂ ਸਾਲ 632 ਵਿਚ ਇਸ ਖਿੱਤੇ ਵਿਚ ਆਇਆ ਤਾਂ ਉਸ ਨੇ ਇਸ ਨੂੰ ਕਸ਼ਮੀਰ ਦਾ ਹਿੱਸਾ ਦੱਸਿਆ। ਰਾਜੌਰੀ ਉਤੇ ਸਮੇਂ ਸਮੇਂ ਕਈ ਰਾਜਿਆਂ ਨੇ ਰਾਜ ਕੀਤਾ। ਮੁਗ਼ਲਾਂ ਦੇ ਸਮੇਂ ਬਾਬਾ ਬੰਦਾ ਬਹਾਦਰ ਦੀ ਹਰ ਪੱਖੋਂ ਪਹਾੜੀ ਰਾਜੇ ਮਦਦ ਕਰਦੇ ਸਨ। ਬਾਬਾ ਜੀ ਦੇ ਪਹਾੜੀ ਰਾਜਿਆਂ ਨਾਲ ਗੂੜ੍ਹੇ ਸਬੰਧ ਸਨ। ਆਮ ਤੌਰ 'ਤੇ ਪਹਾੜੀ ਰਾਜੇ ਮੁਗ਼ਲਾਂ ਦੇ ਫ਼ਰਮਾਨਾਂ ਨੂੰ ਦਰਕਿਨਾਰ ਕਰਦੇ ਸਨ। ਜਦੋਂ ਬੰਦਾ ਬਹਾਦਰ ਤੋਂ ਮੈਦਾਨਾਂ ਵਿਚ ਸਖਤੀ ਹੁੰਦੀ ਤਾਂ ਉਹ ਪਹਾੜੀ ਇਲਾਕਿਆਂ ਵਿਚ ਆ ਜਾਂਦੇ ਸਨ। ਇਹ ਪਹਾੜੀ ਇਲਾਕਾ ਉਸ ਦੀ ਅਸਲੀ ਜਨਮ ਭੂਮੀ ਸੀ। ਅਜਿਹੇ ਸੰਕੇਤਾਂ ਦੀ ਨਿਸ਼ਾਨਦੇਹੀ 'ਅਖ਼ਲਗਾਤਿ-ਏ-ਦਰਬਾਰ ਮੁਅਲਾ' ਤੋਂ ਵੀ ਹੁੰਦੀ ਹੈ। ਇਥੇ ਦੱਸਣਾ ਇਹ ਵੀ ਉਚਿਤ ਹੈ ਕਿ ਰਾਜਪੂਤ ਰਾਜਾ ਗਜੇ ਸਿੰਘ ਦੇ ਅਹਿਦ ਵਿਚ ਉਸ ਦੀ ਬੇਨਤੀ ਤੋਂ ਗੁਰੂ ਗੋਬਿੰਦ ਸਿੰਘ 1692 ਵਿਚ ਜੰਮੂ ਆਏ ਸਨ। ਇਸੇ ਰਾਜਾ ਗਜੇ ਸਿੰਘ ਦਾ ਛੋਟਾ ਬੇਟਾ ਰਾਜਾ ਧਰੂਦੇਵ ਹੋਇਆ ਹੈ ਜਿਸ ਨੇ 1703 ਤੋਂ 1733 ਤਕ ਜੰਮੂ 'ਤੇ ਰਾਜ ਕੀਤਾ। ਇਸ ਦੇ ਖ਼ਾਨਦਾਨ ਕੋਲ ਹੀ ਗੁਰੂ ਸਾਹਿਬ ਦੀ ਬਖ਼ਸ਼ਿਸ਼ ਦਸਤਾਰ ਅਤੇ ਬਰਛੀ ਸੀ। ਰਾਜਾ ਧਰੂਦੇਵ ਜਦੋਂ ਵੀ ਜੰਗ ਵਿਚ ਜਾਂਦਾ ਤਾਂ ਉਹ ਇਸ ਬਰਛੀ ਸਨਮੁੱਖ ਅਰਦਾਸ ਕਰ ਕੇ ਜਾਂਦਾ ਸੀ। ਬਾਬਾ ਬੰਦਾ ਬਹਾਦਰ ਅਤੇ ਰਾਜਾ ਧਰੂਦੇਵ ਮੁਗ਼ਲ ਫੌਜਾਂ ਨੂੰ ਜੰਮੂ ਦੇ ਆਸਪਾਸ ਰਿਆਸਤਾਂ 'ਚੋਂ ਬਾਹਰ ਕੱਢਣ ਵਿਚ ਯਤਨਸ਼ੀਲ ਰਹਿੰਦੇ ਸਨ। ਬਾਈਧਾਰ ਦੀਆਂ ਰਿਆਸਤਾਂ ਵਿਚੋਂ ਡੋਗਰਾ ਹੱਦਬੰਦੀ ਵਿਚ ਗਿਆਰਾਂ ਰਿਆਸਤਾਂ ਆਉਂਦੀਆਂ ਸਨ।

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 16 ਅਕਤੂਬਰ 1670 (ਕੱਤਕ ਸੁਦੀ 13, 1727 ਬਿਕਰਮੀ) ਨੂੰ ਰਾਜੌਰੀ (ਕਸ਼ਮੀਰ) ਵਿਚ ਹੋਇਆ। ਉਸ ਦਾ ਅਸਲੀ ਨਾਂ ਲਛਮਣ ਦੇਵ (ਲਛਮਣ ਸਿੰਘ) ਸੀ। ਉਹ ਰਾਮਦੇਵ ਦੇ ਪੁੱਤਰ ਸਨ। ਇਹ ਪਹਾੜੀ ਰਾਜਪੂਤ ਸੀ। ਗਿਆਨੀ ਗਿਆਨ ਸਿੰਘ, ਬੰਦਾ ਸਿੰਘ ਦੀ ਪੈਦਾਇਸ਼ ਬਾਰੇ ਲਿਖਦੇ ਹਨ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਲਨੇ ਤੋਂ ਪਹਿਲੇ ਬੰਦੇ ਬਹਾਦਰ ਦੀ ਕਥਾ ਇਕ ਪੁਰਾਣੀ ਪੋਥੀ ਵਿਚ ਇਸ ਤਰ੍ਹਾਂ ਲਿਖੀ ਹੈ ਕਿ ਏਹ ਬੰਦਾ ਪਹਿਲੇ ਕਸਬੇ ਰਾਜੌਰੀ, ਪਰਗਨੇ ਪੁਣਛ ਦਾ ਰਾਜਪੂਤ ਸੀ। ਸੰਮਤ 1727 ਵਿਚ ਕਤਕ ਸੁਦੀ 13 ਨੂੰ ਰਾਜਦੇਵ ਛਤ੍ਰੀ ਦੇ ਘਰ ਪੈਦਾ ਹੋਇਆ ਜੋ ਦੋ ਤਿੰਨ ਪਿੰਡਾਂ ਦਾ ਮਾਲਕ ਸੀ। ਨਾਮ ਏਸ ਦਾ ਲਛਮਨ ਦੇਵ ਰੱਖਿਆ। ਇਹ ਛੋਟੀ ਉਮਰ ਵਿਚ ਹੀ ਬਹੁਤ ਤੇਜ਼ ਸੁਭਾਅ ਤੇ ਤਾਕਤਵਰ ਸੀ। ਸ਼ਸਤਰ ਵਿਦਿਆ ਭਾਵੇਂ ਹਰ ਪ੍ਰਕਾਰ ਦੀ ਜਿਸ ਤਰ੍ਹਾਂ ਰਾਜਪੂਤਾਂ ਵਿਚ ਚਾਹੀਦੀ ਹੈ, ਸਭ ਸਿੱਖ ਲਈ, ਪਰ ਸ਼ਿਕਾਰ ਖੇਡਣ ਦਾ ਬੜਾ ਭਾਰੀ ਸ਼ੌਕ ਸੀ। ਇਕ ਦਿਨ ਇਸ ਨੇ ਸ਼ਿਕਾਰ ਵਿਚ ਇਕ ਹਰਨੀ ਮਾਰੀ, ਉਸ ਦੇ ਪੇਟ ਵਿਚੋਂ ਦੋ ਬੱਚੇ ਨਿਕਲੇ ਜੋ ਥੋੜ੍ਹੀ ਦੇਰ ਪਿੱਛੋਂ ਤੜਫ-ਤੜਫ ਕੇ ਮਰ ਗਏ। ਉਥੋਂ ਲਛਮਣ ਦੇਵ ਨੂੰ ਐਸੀ ਗ਼ੈਰਤ ਆਈ ਜਿਸ ਤੋਂ ਵੈਰਾਗ ਹੋ ਗਿਆ। ਸਭ ਕੰਮ-ਕਾਰ, ਜੀਵ ਹਿੰਸਾ ਆਦਿਕ ਛੱਡ ਕੇ ਜਾਨਕੀ ਪਰਸਾਦ ਵੈਰਾਗੀ ਫ਼ਕੀਰ ਜੋ ਰਾਜੌਰੀ ਰਿਹਾ ਕਰਦਾ ਸੀ, ਉਸ ਦੀ ਸੰਗਤ ਤੇ ਭਜਨ ਭਗਤੀ ਕਰਨ ਲੱਗ ਪਿਆ...।"



ਡੱਡਾਂ ਵਾਲੀ ਬਾਵਲੀ

ਬਾਬਾ ਬੰਦਾ ਬਹਾਦਰ ਦੇ ਜਨਮ ਸਥਾਨ 'ਰਾਜੌਰੀ' ਬਾਰੇ ਜਿਨ੍ਹਾਂ ਪ੍ਰਸਿਧ ਇਤਿਹਾਸਕਾਰਾਂ ਨੇ ਚਾਨਣਾ ਪਾਇਆ ਹੈ, ਉਹ ਹਨ-ਡਾ. ਗੰਡਾ ਸਿੰਘ, ਸੋਹਨ ਸਿੰਘ, ਕਰਮ ਸਿੰਘ ਹਿਸਟੋਰੀਅਨ, ਵਿਲੀਅਮ ਇਰਵਿਨ, ਸੋਹਣ ਸਿੰਘ ਸੀਤਲ, ਡਾ. ਜੇ.ਐਸ. ਗਰੇਵਾਲ, ਤੇਜਾ ਸਿੰਘ, ਨਰਗਸ ਦਾਸ ਨਰਗਸ, ਪ੍ਰੋ. ਹਰਬੰਸ ਸਿੰਘ, ਡਾ. ਕਿਰਪਾਲ ਸਿੰਘ, ਗਿਆਨੀ ਗਿਆਨ ਸਿੰਘ, ਖੁਸ਼ਵੰਤ ਸਿੰਘ, ਵਿੰਨੀ ਪ੍ਰਸਾਦ, ਡਾ. ਗੁਪਾਲ ਸਿੰਘ, ਜੀ.ਸੀ. ਨਾਰੰਗ, ਪ੍ਰਿੰ. ਸਤਬੀਰ ਸਿੰਘ, ਜੀ.ਐਸ. ਛਾਬੜਾ, ਐਚ.ਐਸ. ਦਿਲਗੀਰ ਤੇ ਡਾ. ਸੁਖਦਿਆਲ ਸਿੰਘ।

ਬਾਬਾ ਬੰਦਾ ਬਹਾਦਰ ਦਾ ਜਨਮ 'ਡੱਡਾਂ ਵਾਲੀ ਬਾਵਲੀ' ਦੇ ਉਪਰ ਦਸਲ ਪਹਾੜੀ 'ਤੇ ਹੋਇਆ ਸੀ। ਇਹ ਬਾਵਲੀ ਰਾਜੌਰੀ ਖਾਸ ਵਿਚ ਪੈਂਦੀ ਹੈ। ਨਰਗਸ ਦਾਸ ਨਰਗਸ ਜੰਮੂ ਕਸ਼ਮੀਰ ਦੇ ਪ੍ਰਸਿਧ ਇਤਿਹਾਸਕਾਰ ਹੋਏ ਹਨ। ਉਹ ਲਿਖਦੇ ਹਨ ਕਿ ਹਰਨੀ ਦੇ ਸ਼ਿਕਾਰ ਤੋਂ ਬਾਅਦ ਲਛਮਣ ਦੇਵ ਸਾਧੂ ਬਣ ਕੇ ਭਜਨ ਬੰਦਗੀ ਕਰਨ ਲੱਗਾ ਅਤੇ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਦਾ ਸਿੰਘ ਬਣ ਗਿਆ।

'ਡੱਡਾਂ ਵਾਲੀ ਬਾਵਲੀ' ਨੂੰ ਲੱਭਣ ਵਾਸਤੇ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਨੌਜਵਾਨ ਸਭਾ, ਰਾਜੌਰੀ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਇਸ ਦੇ ਨੌਜਵਾਨਾਂ ਨੇ ਪੁਰਾਣੇ ਬਜ਼ੁਰਗਾਂ ਦੇ ਅਦਾਲਤੀ ਬਿਆਨ ਵੀ ਕਲਮਬੰਦ ਕੀਤੇ ਹਨ। ਇਨ੍ਹਾਂ ਬਜ਼ੁਰਗਾਂ ਨੇ ਦੱਸਿਆ ਕਿ ਉਹ ਪੀੜ੍ਹੀਆਂ-ਦਰ-ਪੀੜ੍ਹੀਆਂ ਆਪਣੇ ਬਜ਼ੁਰਗਾਂ ਤੋਂ ਸੁਣਦੇ ਆਏ ਹਨ ਕਿ 'ਡੱਡਾਂ ਵਾਲੀ ਬਾਵਲੀ' ਦੀ ਉਪਰਲੀ ਤਸਲ ਪਹਾੜੀ 'ਤੇ ਲਛਮਣ ਸਿੰਘ (ਬਾਬਾ ਬੰਦਾ ਸਿੰਘ ਬਹਾਦਰ) ਦਾ ਜਨਮ ਹੋਇਆ ਸੀ। ਇਹ ਬਜ਼ੁਰਗ ਸਾਰੇ ਧਰਮਾਂ ਦੇ ਹਨ। ਜਿਨ੍ਹਾਂ ਬਜ਼ੁਰਗਾਂ ਨੇ ਅਦਾਲਤਾਂ ਵਿਚ ਆਪਣੇ ਬਿਆਨ ਦਰਜ ਕਰਾਏ ਹਨ, ਉਨ੍ਹਾਂ ਵਿਚ ਮੋਤੀ ਪ੍ਰਕਾਸ਼ (90), ਕੁਲਦੀਪ ਰਾਜ ਗੁਪਤਾ (80), ਬਲਵੰਤ ਸਿੰਘ (102), ਵਜ਼ੀਰ ਹਸਨ (82), ਪਵਨ ਕੁਮਾਰ (52), ਕੁਲਵੰਤ ਸਿੰਘ (65), ਕਸਤੂਰੀ ਲਾਲ (87), ਕ੍ਰਿਸ਼ਨ ਲਾਲ (90), ਕ੍ਰਿਸ਼ਨ ਕੁਮਾਰ ਗੁਪਤਾ (87), ਬਹਾਦਰ ਸਿੰਘ (75) ਅਤੇ ਗੁਰਦੇਵ ਸਿੰਘ (68) ਸ਼ਾਮਿਲ ਹਨ। 'ਡੱਡਾਂ ਵਾਲੀ ਬਾਵਲੀ' ਗੁਰਧਨ ਪਾਈਨ ਪਿੰਡ ਦਾ ਹਿੱਸਾ ਹੈ। ਇਸ ਦਾ ਜ਼ਿਕਰ ਮਾਲ ਵਿਭਾਗ ਦੇ ਕਾਗਜ਼ਾਂ ਵਿਚ ਮੌਜੂਦ ਹੈ। ਇਸ ਦੇ ਖਸਰਾ ਨੰਬਰ 281, 281/1 ਅਤੇ 282 ਵਿਚ 'ਡੱਡਾਂ ਵਾਲੀ ਬਾਵਲੀ' ਦਾ ਨਾਂ ਮੌਜੂਦ ਹੈ।

ਬਹਾਦਰ ਨੌਜਵਾਨ ਸਭਾ ਦੇ ਮੈਂਬਰ ਜਮਾਂਬੰਦੀ ਅਤੇ ਖਸਰਾ ਗਿਰਦਾਵਰੀ ਵਿਚ 'ਡੱਡਾਂ ਵਾਲੀ ਬਾਵਲੀ' ਦੇ ਇੰਦਰਾਜ ਨੂੰ ਅੰਕਿਤ ਕਰਨ ਲਈ ਵਚਨਬੱਧ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਸਥਾਨ ਦੇ ਲਾਗੇ ਕੋਈ ਯਾਦਗਾਰੀ ਸ਼ਿਲਾਲੇਖ ਲਾ ਦੇਣਾ ਚਾਹੀਦਾ ਹੈ। ਇਹ ਸਥਾਨ ਕਈ ਸਦੀਆਂ ਗੁੰਮਨਾਮੀ ਦੀ ਹਾਲਤ ਵਿਚ ਪਿਆ ਰਿਹਾ ਹੈ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਬਾਬਾ ਜੀ ਦੇ ਜਨਮ ਸਥਾਨ ਬਾਰੇ ਤਵਾਰੀਖੀ ਪਰਤਾਂ ਦੇ ਰਹੱਸ ਤੋਂ ਪਰਦਾ ਚੁੱਕ ਕੇ ਸਹੀ ਨਿਸ਼ਾਨਦੇਹੀ ਕੀਤੀ ਜਾਵੇ। ਸੰਖੇਪ ਵਿਚ ਇਹ ਹੀ ਆਖਿਆ ਜਾ ਸਕਦਾ ਹੈ ਕਿ ਬਾਬਾ ਸਿੰਘ ਬਹਾਦਰ ਦਾ ਜਨਮ 'ਡੱਡਾਂ ਵਾਲੀ ਬਾਵਲੀ' ਦੇ ਉਪਰ ਤਸਲ ਪਹਾੜੀ (ਰਾਜੌਰੀ ਖਾਸ) ਵਿਚ ਹੋਇਆ ਸੀ ਜਿਸ ਦੀ ਵੇਰਵਿਆਂ ਸਹਿਤ ਸੂਚਨਾ ਅਤੇ ਪ੍ਰਮਾਣਿਕ ਗਵਾਹੀ ਮਾਲ ਦੇ ਕਾਗਜ਼ਾਂ ਵਿਚ ਸਾਂਭੀ ਹੋਈ ਹੈ।

# ਮੁਗਲ ਸਾਮਰਾਜ ਦੀਆਂ ਮਿਟ ਰਹੀਆਂ ਨਿਸ਼ਾਨੀਆਂ

ਕਿਸੇ ਵੇਲੇ ਹਿੰਦੋਸਤਾਨ ਦੀ ਰਾਜਧਾਨੀ ਰਹਿ ਚੁੱਕੇ ਕਲਾਨੌਰ ਨੂੰ ਮਿੰਨੀ ਲਾਹੌਰ ਵਜੋਂ ਵੀ ਜਾਣਿਆ ਜਾਂਦਾ ਸੀ। ਪੁਰਾਤਨ ਮਸਜਿਦਾਂ ਅਤੇ ਤਖ਼ਤ-ਏ-ਅਕਬਰ, ਕਲਾਨੌਰ ਦੀ ਤਰਸਯੋਗ ਹਾਲਤ ਵੱਲ ਸਮੇਂ ਦੀਆਂ ਸਰਕਾਰਾਂ ਅਤੇ ਪ੍ਰਸ਼ਾਸਨ ਵੱਲੋਂ ਧਿਆਨ ਨਾ ਦਿੱਤੇ ਜਾਣ ਕਾਰਨ ਇਹ ਖੰਡਰ ਬਣ ਰਿਹਾ ਹੈ। ਦਰਅਸਲ, ਮਹਾਨ ਮੁਗਲ ਸਮਰਾਟ ਜਲਾਲ-ਉਦ-ਦੀਨ ਮੁਹੰਮਦ ਅਕਬਰ (ਰਾਜ ਕਾਲ 1556-1605) ਦੀ ਇਥੇ ਤਾਜਪੋਸ਼ੀ ਹੋਈ ਸੀ। ਇਹ ਸਥਾਨ ਕਲਾਨੌਰ ਸ਼ਹਿਰ ਤੋਂ ਪੂਰਬ ਵੱਲ ਮੀਲ ਕੁ ਦੀ ਵਿੱਥ 'ਤੇ ਹੈ। ਕਲਾਨੌਰ ਮੁੱਢਲੇ ਮੱਧਕਾਲ ਤੋਂ ਹੀ ਪ੍ਰਸਿਧ ਨਗਰ ਰਿਹਾ ਹੈ। ਇਸ ਨਗਰ ਦੇ ਲੰਮੇ ਇਤਿਹਾਸ ਵਿਚ ਕਈ ਉਤਰਾਅ-ਚੜ੍ਹਾਅ ਆਏ।

ਸਾਹਿਬ ਦਿਆਲ ਹੀਰ

ਅਕਬਰ ਦੇ ਪਿਤਾ ਹਮਾਯੂੰ ਦੀ ਮੌਤ 26 ਜਨਵਰੀ 1556 ਨੂੰ ਦਿੱਲੀ ਵਿਚ ਦੀਨ-ਏ-ਪਨਾਹੀ ਲਾਇਬ੍ਰੇਰੀ ਦੀਆਂ ਪੌੜੀਆਂ ਤੋਂ ਡਿੱਗਣ ਤੋਂ ਬਾਅਦ ਹੋਈ। ਇਸ ਇਮਾਰਤ ਨੂੰ ਸ਼ੇਰ ਮੰਡਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸ਼ਹਿਜ਼ਾਦਾ ਅਕਬਰ ਦੀ ਉਮਰ ਉਸ ਵੇਲੇ 13 ਸਾਲ 3 ਮਹੀਨੇ ਸੀ। ਉਸ ਸਮੇਂ ਅਕਬਰ ਆਪਣੇ ਸਰਪ੍ਰਸਤ ਬੈਰਮ ਖ਼ਾਨ (ਉਸ ਦੇ ਨਾਂ 'ਤੇ ਕਲਾਨੌਰ ਲਾਗੇ ਬਹਿਰਾਮਪੁਰ ਨਾਂ ਦਾ ਕਸਬਾ ਵਸਿਆ ਹੈ) ਨਾਲ ਕਲਾਨੌਰ ਵਿਖੇ ਠਹਿਰਿਆ ਹੋਇਆ ਸੀ ਅਤੇ ਆਪਣੇ ਵਿਰੋਧੀ ਹਾਕਮ ਸਿਕੰਦਰ ਸ਼ਾਹ ਖ਼ਿਲਾਫ਼ ਮੁਹਿੰਮ ਵਿਚ ਰੁੱਝਿਆ ਹੋਇਆ ਸੀ। ਬਾਦਸ਼ਾਹ ਅਕਬਰ ਦੇ ਪਰਿਵਾਰ ਦੀ ਰਹਿਨੁਮਾਈ ਕਰਨ ਵਾਲੇ ਬੈਰਮ ਖ਼ਾਨ ਨੇ ਹਮਾਯੂੰ ਦੀ ਮੌਤ ਦੀ ਖ਼ਬਰ ਮਿਲਣ ਤੋਂ ਕੁਝ ਦਿਨਾਂ ਬਾਅਦ ਇਸ ਸਥਾਨ 'ਤੇ ਚਬੂਤਰਾ ਬਣਵਾਇਆ। ਉਸ ਨੇ ਸਮੂਹ ਮੁਗਲ ਸਾਸ਼ਕਾਂ ਦੇ ਇਕੱਠ ਵਿਚ ਸ਼ਾਹੀ ਰਸਮਾਂ ਨਾਲ 1 ਫਰਵਰੀ 1656 ਦਿਨ ਸ਼ੁੱਕਰਵਾਰ ਨੂੰ ਦੁਪਹਿਰ ਸਮੇਂ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਇਸ ਸਥਾਨ 'ਤੇ ਕੀਤੀ। ਬੈਰਮ ਖ਼ਾਨ ਵੱਲੋਂ ਤਿਆਰ ਕਰਵਾਏ ਗਏ ਅਕਬਰੀ ਤਖ਼ਤ ਦੇ ਆਲੇ-ਦੁਆਲੇ ਅਨੋਖੇ ਫੁਹਾਰੇ ਲਗਾਏ ਗਏ ਸਨ। ਇਸ ਦੇ ਆਲੇ-ਦੁਆਲੇ ਗੁਲਾਬ ਤੇ ਫੁੱਲਾਂ ਦੀ ਵਾੜ ਲਗਾਈ ਗਈ।

ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਦੀ ਰਸਮ ਇਸ ਜਗ੍ਹਾ 'ਤੇ ਹੋਣ ਕਰ ਕੇ ਦੁਨੀਆਂ ਭਰ ਵਿਚ ਕਲਾਨੌਰ ਦਾ ਮਹੱਤਵ ਵਧ ਗਿਆ। ਆਪਣੇ ਰਾਜ ਕਾਲ ਦੌਰਾਨ ਬਾਦਸ਼ਾਹ ਅਕਬਰ ਨੇ ਕਲਾਨੌਰ ਨੂੰ ਹਿੰਦੋਸਤਾਨ ਵਿਚ ਅਹਿਮ ਰੁਤਬਾ ਬਖ਼ਸ਼ ਦਿੱਤਾ। ਇਸ ਲਈ ਦਿੱਲੀ ਅਤੇ ਲਾਹੌਰ ਦੀਆਂ ਕਈ ਉਘੀਆਂ ਸ਼ਖ਼ਸੀਅਤਾਂ ਇਥੇ ਆਉਣ ਜਾਣ ਲੱਗ ਪਈਆਂ। ਹੁਣ ਇਸ ਸਥਾਨ ਨੂੰ ਦਿੱਲੀ ਲਾਹੌਰ ਵਿਚਕਾਰ ਤਖ਼ਤ-ਏ-ਅਕਬਰ ਰੋਡ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ ਸੀ। ਇਹ ਸਥਾਨ ਉਸ ਦੌਰਾਨ ਮੁਗਲ ਵਪਾਰੀਆਂ ਦਾ ਵੱਡਾ ਆਵਾਜਾਈ ਕੇਂਦਰ ਬਣ ਗਿਆ। ਬਾਦਸ਼ਾਹ ਅਕਬਰ ਨੇ ਕਲਾਨੌਰ ਵਿਚ ਲੰਮੇ ਸਮੇਂ ਤਕ ਰਹਿ ਕੇ ਘੋੜਸਵਾਰੀ ਅਤੇ ਜੰਗੀ ਵਿੱਦਿਆ ਹਾਸਲ ਕੀਤੀ। ਇਸ ਦੌਰਾਨ ਮੁਗਲਾਂ ਦਾ ਅੰਤਿਮ ਪੜਾਅ ਕਲਾਨੌਰ ਵਿਖੇ ਹੀ ਹੁੰਦਾ ਸੀ। ਸੁਰੱਖਿਆ ਦੇ ਮੱਦੇਨਜ਼ਰ ਬੈਰਮ ਖ਼ਾਨ ਨੇ ਕਲਾਨੌਰ ਦੁਆਲੇ ਚਾਰ ਦਰਵਾਜ਼ੇ ਬਣਵਾਏ। ਹੁਣ ਇਨ੍ਹਾਂ ਵਿਚੋਂ ਕਿਸੇ ਵੀ ਦਰਵਾਜ਼ੇ ਦਾ ਨਾਮੋ-ਨਿਸ਼ਾਨ ਬਾਕੀ ਨਹੀਂ ਬਚਿਆ। ਬਾਦਸ਼ਾਹ ਅਕਬਰ ਸਮੇਂ ਕਲਾਨੌਰ ਵਿਚ ਕਈ ਸੁੰਦਰ ਇਮਾਰਤਾਂ ਉਸਰੀਆਂ ਗਈਆਂ। ਇਨ੍ਹਾਂ ਇਮਾਰਤਾਂ ਵਿਚੋਂ ਹਮਾਮ ਲੁਕ ਛੁਪ (ਦੰਦਕਥਾ ਮੁਤਾਬਿਕ ਅਕਬਰ ਆਪਣੇ ਮਨ-ਪਰਚਾਵੇ ਲਈ ਇਥੇ ਆਪਣੇ ਦਰਬਾਰੀਆਂ ਨਾਲ ਲੁਕਣਮੀਚੀ ਖੇਡਦਾ ਸੀ) ਸਭ ਤੋਂ ਪ੍ਰਸਿਧ ਹੈ। ਜਮੀਲ ਬੇਗ ਦਾ ਮਕਬਰਾ, ਬੇਗਮ ਸੁਲਤਾਨਾ ਦਾ ਮਹਿਲ, ਪੀਰ ਬਾਬਾ ਬੁੱਢਣ ਸ਼ਾਹ ਦੀ ਮਸਜਿਦ ਅਤੇ ਮਕਬਰਾ ਆਦਿ ਵੀ ਪ੍ਰਸਿਧ ਹਨ। ਕਲਾਨੌਰ ਤੋਂ ਇਸ ਸਥਾਨ ਤਕ ਆਉਂਦੀ ਸੜਕ 'ਤੇ ਅਨਾਰਕਲੀ ਬਾਜ਼ਾਰ ਦਾ ਨਿਰਮਾਣ ਕਰਵਾਇਆ ਗਿਆ ਜੋ ਹੁਣ ਲੋਪ ਹੋ ਚੁੱਕਾ ਹੈ। ਨਦੀ ਕੰਢੇ ਸਥਿਤ ਸ਼ਾਹੀ ਮਸਜਿਦ ਵਿਚ ਬਾਦਸ਼ਾਹ ਅਕਬਰ ਨਮਾਜ਼ ਅਦਾ ਕਰਨ ਆਉਂਦਾ ਸੀ। ਇਸ ਮਸਜਿਦ ਦੇ ਗੁੰਬਦਾਂ ਉਪਰ ਸੁੰਦਰ ਟਾਈਲਾਂ ਲਗਾ ਕੇ ਅਲੌਕਿਕ ਕਲਾਕਾਰੀ ਦਾ ਨਮੂਨਾ ਪੇਸ਼ ਕੀਤਾ ਗਿਆ। ਮਸਜਿਦ ਦੇ ਅੰਦਰ ਦੀਆਂ ਕੰਧਾਂ ਅਤੇ ਛੱਤ ਉਪਰ ਆਧੁਨਿਕ ਕਿਸਮ ਦੀ ਮੀਨਾਕਾਰੀ ਕਰ ਕੇ ਫੁੱਲ ਬੂਟੇ ਉਕਰੇ ਗਏ। ਮਸਜਿਦ ਦੇ ਬਾਹਰਵਾਰ ਦਰਵਾਜ਼ੇ 'ਤੇ ਅਰਬੀ ਭਾਸ਼ਾ ਵਿਚ ਸੰਦੇਸ਼ ਉਕਰਿਆ ਹੋਇਆ ਹੈ। ਪੀਰ ਬਾਬਾ ਬੁੱਢਣ ਸ਼ਾਹ ਨੇ ਇਸ ਸ਼ਾਹੀ ਮਸਜਿਦ ਦੇ ਆਲੇ-ਦੁਆਲੇ ਬਾਗ਼-ਬਗੀਚੇ ਬਣਵਾਏ। ਹੁਣ ਇਹ ਸਥਾਨ ਭੰਗ ਤੇ ਜੰਗਲੀ ਝਾੜੀਆਂ ਬੂਟੀਆਂ ਨਾਲ ਘਿਰਿਆ ਹੈ। ਇਸ ਮਸਜਿਦ ਉਪਰਲੇ ਗੁੰਬਦ ਅਤੇ ਕਲਸ਼ ਟੁੱਟ ਚੁੱਕੇ ਹਨ। ਇਹ ਮਸਜਿਦ ਬਹੁਤ ਖ਼ਸਤਾਹਾਲ ਹੈ। ਰੰਗ ਬਿਰੰਗੇ ਫੁੱਲਾਂ ਦੀ ਮਹਿਕ ਨਾਲ ਚੌਗਿਰਦੇ ਨੂੰ ਸੁਗੰਧਿਤ ਕਰਦੀ ਇਸ ਮਸਜਿਦ ਦੁਆਲੇ ਪੁਰਾਣੇ ਸਮਿਆਂ ਵਿਚ ਬੜੀ ਚਹਿਲ ਪਹਿਲ ਹੋਇਆ ਕਰਦੀ ਸੀ, ਪਰ ਅੱਜ ਦਿਨ ਵੇਲੇ ਵੀ ਇਕੱਲੇ ਇਕਹਿਰੇ ਵਿਅਕਤੀ ਨੂੰ ਡਰ ਲੱਗਦਾ ਹੈ। ਇਸ ਅਹਿਮ ਇਤਿਹਾਸਕ ਯਾਦਗਾਰ ਦਾ ਸਲਾਮਤ ਰਹਿਣਾ ਜ਼ਰੂਰੀ ਹੈ। ਹੁਣ ਲੱਖ ਯਤਨ ਕਰਨ 'ਤੇ ਵੀ ਇਸ ਦੀ ਨਵਉਸਾਰੀ ਨਾਲ ਪੁਰਾਣੀ ਹਾਲਤ ਪਰਤ ਨਹੀਂ ਸਕਦੀ। ਇਸ ਮਸਜਿਦ ਦੇ ਖੱਬੇ ਪਾਸੇ ਦਸ ਫੁੱਟ ਹੇਠਾਂ ਬਾਦਸ਼ਾਹ ਅਕਬਰ ਵੱਲੋਂ ਕਲਾਨੌਰ ਦੇ ਬਾਹਰਵਾਰ ਤਖ਼ਤ-ਏ-ਅਕਬਰੀ ਰੋਡ 'ਤੇ ਹਮਾਮ ਲੁਕ ਛੁਪ ਤਕ ਜਾਣ ਲਈ ਸੁਰੰਗ ਵੀ ਬਣਵਾਈ ਗਈ। ਇਹ ਗੁਪਤ ਰਸਤਾ ਰਾਣੀਆਂ ਦੇ ਆਉਣ ਜਾਣ ਅਤੇ ਗੁਪਤ ਸੂਚਨਾਵਾਂ ਪਹੁੰਚਾਉਣ ਲਈ ਵਰਤਿਆ ਜਾਂਦਾ ਸੀ। ਉਸ ਵੇਲੇ ਮਸਜਿਦ ਹੇਠ ਬਣੀ ਇਸ ਸੁਰੰਗ ਦੀ ਆਪਣੀ ਖ਼ਾਸ ਪਛਾਣ ਰਹੀ। ਕੁਝ ਸਮੇਂ ਬਾਅਦ ਇਹ ਸੁਰੰਗ ਮੁਗ਼ਲ ਸ਼ਾਸਕਾ ਨੇ ਹੀ ਬੰਦ ਕਰਵਾ ਦਿੱਤੀ। ਇਸ ਸੁਰੰਗ ਦਾ ਕੁਝ ਹਿੱਸਾ ਅਜੇ ਵੀ ਮੌਜੂਦ ਹੈ।



ਮੁਗਲ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਦਾ ਸਥਾਨ।

ਇਸ ਤੋਂ ਥੋੜ੍ਹੀ ਕੁ ਦੂਰੀ 'ਤੇ ਬਣੀ ਹਮਾਮ ਲੁਕ-ਛੁਪ ਦੀ ਸਾਂਭ-ਸੰਭਾਲ ਨਾ ਹੋਣ ਕਾਰਨ ਹੌਲੀ ਹੌਲੀ ਇਸ ਦਾ ਨਾਮੋ-ਨਿਸ਼ਾਨ ਮਿਟਦਾ ਜਾ ਰਿਹਾ ਹੈ। ਇਹ ਖੰਡਰ ਵਿਚ ਤਬਦੀਲ ਹੋ ਚੁੱਕਾ ਹੈ। ਇਸ ਨੇੜੇ ਰਹਿੰਦੇ ਮੁਹੱਲਾ ਵਾਸੀਆਂ ਨੇ ਗੋਹਾ-ਕੂੜਾ ਅਤੇ ਪਾਥੀਆਂ ਆਦਿ ਦੇ ਢੇਰ ਲਗਾ ਕੇ ਇਸ ਦੀ ਹੋਂਦ ਲਗਪਗ ਖ਼ਤਮ ਕਰ ਦਿੱਤੀ ਹੈ। ਇੱਥੋਂ ਤਕ ਕਿ ਹਮਾਮ ਲੁਕ-ਛੁਪ ਲੋਕਾਂ ਵੱਲੋਂ ਜੰਗਲ ਪਾਣੀ ਲਈ ਵੀ ਵਰਤਿਆ ਜਾ ਰਿਹਾ ਹੈ ਅਤੇ ਨਸ਼ੇ ਦੇ ਆਦੀ ਨੌਜਵਾਨਾਂ ਨੇ ਵੀ ਇਸ ਨੂੰ ਆਪਣਾ ਟਿਕਾਣਾ ਬਣਾ ਰੱਖਿਆ ਹੈ। ਕਿਸੇ ਸਮੇਂ ਇਸ ਦੀਆਂ ਕੰਧਾਂ ਜਾਨਵਰਾਂ ਦੇ ਚਿਤਰਾਂ ਨਾਲ ਸ਼ਿੰਗਾਰੀਆਂ ਹੋਈਆਂ ਸਨ ਜੋ ਹੁਣ ਢਹਿ-ਢੇਰੀ ਹੋ ਗਈਆਂ ਹਨ। ਇਸ ਵਿਚ ਉਗੇ ਘਾਹ, ਭੰਗ ਦੇ ਬੂਟਿਆਂ ਵਿਚ ਸੱਪ ਅਤੇ ਕਈ ਜ਼ਹਿਰੀਲੇ ਜਾਨਵਰ ਪੈਦਾ ਹੋ ਰਹੇ ਹਨ।

ਇਸ ਦੇ ਹੇਠਾਂ ਸ਼ਾਹੀ ਮਸਜਿਦ ਤਕ ਜਾਣ ਲਈ ਬਣਾਈ ਗਈ ਸੁਰੰਗ ਦਾ ਵੀ ਕੋਈ ਸੁਰਾਗ ਨਹੀਂ ਮਿਲਦਾ। ਬਜ਼ੁਰਗਾਂ ਦੇ ਦੱਸਣ ਮੁਤਾਬਕ, ਇਸ ਸ਼ਹਿਰ ਨੂੰ ਜਿੱਤਣ ਦੇ ਮਕਸਦ ਨਾਲ ਕਈ ਹਾਕਮਾਂ ਨੇ ਕਈ ਵਾਰ ਇਸ ਸ਼ਹਿਰ ਨੂੰ ਢਹਿ-ਢੇਰੀ ਕੀਤਾ, ਪਰ ਉਦੋਂ ਇਨ੍ਹਾਂ ਮਸਜਿਦਾਂ ਅਤੇ ਮਕਬਰਿਆਂ ਦਾ ਕੁਝ ਨਹੀਂ ਵਿਗੜਿਆ ਸੀ। ਦੂਜੇ ਪਾਸੇ ਨਵੀਂ ਪੀੜ੍ਹੀ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਜ਼ਿਲ੍ਹਾ ਗੁਰਦਾਸਪੁਰ ਦੇ ਲੋਕਾਂ ਨੂੰ ਵੀ ਇਸ ਬਾਰੇ ਕੋਈ ਜਾਣਕਾਰੀ ਨਹੀਂ। ਸਰਕਾਰਾਂ ਅਤੇ ਵਿਦਵਾਨ ਵੀ ਗੁਰਦਾਸਪੁਰ ਤੋਂ ਮਹਿਜ਼ 28 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਕਲਾਨੌਰ ਦੀ ਇਤਿਹਾਸਕ ਅਹਿਮੀਅਤ ਤੋਂ ਅਵੇਸਲੇ ਹਨ।

# ਧੀਆਂ ਧਨ ਬੇਗਾਨੜਾ ਕਹਿਣ ਲੋਕੀਂ

## ਜ਼ਿੰਦਗੀ ਦਾ ਨਾਦ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ। ਘਰ ਦਾ ਕੇਂਦਰ ਮਾਂ ਹੁੰਦੀ ਹੈ ਜਿਸ ਬਾਰੇ ਡਾ. ਭੰਡਾਲ ਦਾ ਕਹਿਣਾ ਹੈ ਕਿ ਮਾਂ, ਸਿਰਫ ਮਾਂ ਹੁੰਦੀ ਏ ਜੋ ਸਭ ਤੋਂ ਵੱਡੀ ਦਾਤੀ ਹੁੰਦਿਆਂ ਵੀ ਨਿਮਾਣੀ ਬਣੀ ਰਹਿੰਦੀ ਏ। ਬਜ਼ੁਰਗਾਂ ਦਾ ਸਤਿਕਾਰ ਕਰਨ ਦੀ ਨਸੀਹਤ ਕਰਦਿਆਂ ਕਿਹਾ ਸੀ ਕਿ ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਪਿਛਲੇ ਲੇਖ ਵਿਚ ਉਨ੍ਹਾਂ ਦੱਸਿਆ ਸੀ ਕਿ ਜਦੋਂ ਬੱਚੇ ਵੱਡੇ ਹੋ ਕੇ ਪੰਛੀਆਂ ਵਾਂਗ ਉਡਾਰੀ ਮਾਰ ਜਾਂਦੇ ਹਨ ਤਾਂ ਮਾਪੇ ਖੁਸ਼ ਹੁੰਦੇ ਹਨ ਪਰ ਅੰਦਰੋਂ ਬੱਚਿਆਂ ਦਾ ਹੇਰਵਾ ਸਦਾ ਬਣਿਆ ਰਹਿੰਦਾ ਹੈ। ਹਥਲੇ ਲੇਖ ਵਿਚ ਉਨ੍ਹਾਂ ਧੀਆਂ ਦੀ ਵਾਰਤਾ ਸੁਣਾਈ ਹੈ ਤੇ ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਸਵਾਲ ਕੀਤਾ ਹੈ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਇਹ ਦਮਗਜ਼ੇ ਮਾਰਨ ਵਾਲਾ ਸ਼ਖਸ, ਕਿਸ ਕੁੱਖ 'ਚੋਂ ਜਨਮਿਆ ਏ? ਕੀ ਕਦੇ ਸੋਚਣ ਦੀ ਕੋਸ਼ਿਸ਼ ਕੀਤੀ ਏ? ਕੀ ਔਰਤ ਤੋਂ ਬਗੈਰ ਮਨੁੱਖ ਪੂਰਨ ਏ? ਜੀਵਨ ਦੀ ਬੈਲ-ਗੱਡੀ ਇਕ ਪਹੀਏ ਨਾਲ ਕਿਵੇਂ ਚੱਲ ਸਕਦੀ ਏ? ਉਨ੍ਹਾਂ ਚੇਤੇ ਕਰਵਾਇਆ ਹੈ ਕਿ 'ਪੁੱਤਾਂ ਤੇਰਾ ਘਰ ਵੰਡਣਾ, ਧੀਆਂ ਵੰਡਣਾ ਬਾਪੂ ਵੇ ਦੁੱਖ ਤੇਰਾ' ਦਾ ਸੱਚ ਬੂਹੇ 'ਤੇ ਉਕਰਿਆ, ਸਦੀਵੀ ਰਹਿਣ ਵਾਲਾ ਸੱਚ ਏ। -ਸੰਪਾਦਕ***

ਧੀਆਂ, ਸਾਡੇ ਸਮਾਜ ਦੀ ਉਹ ਨੀਂਹ ਹਨ, ਜਿਸ ਤੋਂ ਬਿਨਾ ਮਨੁੱਖੀ ਸਮਾਜ ਦੇ ਮਹਿਲ ਦੀ ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ। ਨਸਲ ਨੂੰ ਅੱਗੇ ਤੋਰਨ ਵਾਲੇ ਪੁੱਤਰ ਨਹੀਂ ਹੁੰਦੇ, ਧੀ ਹੁੰਦੀ ਏ, ਜੋ ਹਰ ਵੰਸ਼ ਦੀ ਨਕੜ-ਦਾਦੀ ਦੀ ਭੂਮਿਕਾ ਨਿਭਾਉਂਦੀ ਹੋਈ, ਕਿਸੇ ਕਿਸਮ ਦੇ ਮਾਣ-ਅਭਿਮਾਨ ਤੋਂ ਕੋਰੀ ਏ।

ਧੀਆਂ, ਜਦੋਂ ਗੁੱਡੀਆਂ ਪਟੋਲੇ ਖੇਡਦੀਆਂ ਨੇ ਤਾਂ ਉਹ ਭੋਲੇ-ਭਾਲੇ ਮਨਾਂ ਨਾਲ, ਸਮਾਜ ਦੀ ਇਕ ਕੜੀ, ਘਰ ਉਸਾਰਦੀਆਂ ਨੇ। ਘਰ, ਜਿਸ ਵਿਚ ਗੁੱਡੇ-ਗੁੱਡੀ ਦਾ ਵਿਆਹ ਰਚਾਇਆ ਜਾਂਦਾ ਹੈ, ਚਾਅ ਮਨਾਇਆ ਜਾਂਦਾ ਏ।



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 216-556-2080**

ਘਰੋਗੀ ਲੋੜਾਂ ਦਾ ਸਾਮਾਨ ਜਿਵੇਂ ਨਿੱਕੇ-ਨਿੱਕੇ ਭਾਂਡੇ, ਕੱਪੜੇ ਆਦਿ ਕਮਰੇ ਦੀ ਇਕ ਨੁੱਕਰੇ ਟਿਕਾਉਂਦੀਆਂ, ਘਰ ਵਿਚ ਇਕ ਹੋਰ ਘਰ ਸਿਰਜਦੀਆਂ ਨੇ।

ਧੀਆਂ, ਸਮਾਜ ਦਾ ਮੁਹਾਂਦਰਾ ਹੁੰਦੀਆਂ ਨੇ, ਜੋ ਸਿਰੜ, ਸਿਦਕ, ਸਾਹਸ ਤੇ ਸਿਆਣਪ ਦੀ ਮੂਰਤ ਬਣੀਆਂ ਘਰ ਦੇ ਭਾਗ ਹੁੰਦੀਆਂ ਨੇ, ਜਿਨ੍ਹਾਂ ਦੀਆਂ ਰਗਾਂ 'ਚ ਘਰ ਨੂੰ ਸਵਰਗ ਬਣਾਉਣ ਦਾ ਤਸੱਵਰ, ਤੜਪ ਬਣਦਾ ਏ। ਪਰ ਕਦੇ-ਕਦੇ ਸੁਪਨਿਆਂ ਦੇ ਤਿੜਕ ਜਾਣ 'ਤੇ ਨਿਰਾਸ਼ਾ ਦੀ ਖੱਡ 'ਚ ਡਿੱਗ ਕੇ ਵੀ ਉਡਣ ਦਾ ਸਾਹਸ ਮਨ 'ਚ ਪਾਲਦੀਆਂ ਨੇ।

ਧੀਆਂ ਧਿਆਣੀਆਂ, 'ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ' ਦਾ ਰੁਤਬਾ ਪਾ ਕੇ ਵੀ, ਸੌੜੀ ਸੋਚ ਦੇ ਪੈਰੋਕਾਰਾਂ ਵਲੋਂ 'ਦਾਸੀ', 'ਪੈਰ ਦੀ ਜੁੱਤੀ' ਜਾਂ 'ਗੁੱਤ ਪਿੱਛੇ ਮੱਤ' ਵਰਗੇ ਤਖੱਲਸਾਂ ਨਾਲ ਨਿਵਾਜੀ ਜਾਂਦੀ ਏ। 'ਧੀਆਂ, ਧੁਰੋਂ ਲਿਖਾਏ ਲੇਖ ਨੇ' ਇਕ ਜ਼ਰਜ਼ਰੀ ਸੋਚ ਏ, ਜੋ ਭੁਰਭੁਰੀ ਹੋ ਕੇ ਆਪਣੀ ਹੋਂਦ ਗਵਾ ਰਹੀ ਏ। ਭਾਵੇਂ ਕੁਝ ਪਿਛਾਂਹ-ਖਿਚੂ ਲੋਕ ਅਜੇ ਵੀ ਪੁਰਾਤਨ ਖਿਆਲਾਂ ਨਾਲ ਚੰਬੜੇ, ਇਹ ਦਕੀਆਨੂਸੀ ਵਿਚਾਰ ਫੈਲਾਉਣ ਲਈ ਯਤਨਸ਼ੀਲ ਨੇ। ਇਕੀਵੀਂ ਸਦੀ ਦੀ ਸਰਦਲ 'ਤੇ ਜਦੋਂ ਇਕ ਪੜ੍ਹਿਆ-ਲਿਖਿਆ, ਉਚ ਅਹੁਦੇ ਦਾ ਮਾਣ, ਹਰ ਗੱਲ 'ਚ ਇਹ ਚਿਤਾਰਦਾ ਹੋਵੇ ਕਿ ਉਹ ਬਹੁਤ ਹੀ ਕਿਸਮਤ ਵਾਲਾ ਹੈ ਕਿਉਂਕਿ ਉਸ ਦੀ ਕੋਈ ਕੁੜੀ ਨਹੀਂ ਅਤੇ ਨਾ ਹੀ ਉਸ ਦੇ ਪੁੱਤਰਾਂ ਦੇ ਕੋਈ ਲੜਕੀ ਹੈ, ਤਾਂ ਇਹ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਕਿ ਅਸੀਂ ਪੜ੍ਹ-ਲਿਖ ਕੇ ਵੀ, ਕਿੰਨੀ ਘਟੀਆ ਅਤੇ ਤੰਗ ਸੋਚ ਦੇ ਮਾਲਕ ਹਾਂ।

ਸਾਡੇ ਮਨਾਂ 'ਚ ਪਲ ਰਹੇ ਜਗੀਰਦਾਰੂ ਸੰਸਕਾਰਾਂ ਦੀ ਬਦਬੂ ਆਉਂਦੀ ਸੀ, ਜਦੋਂ ਬੁੱਢੀਆਂ ਦਾਈਆਂ ਜਾਂ ਘਰ ਦੇ ਚੌਧਰੀ ਨਵ-ਜਨਮੀਆਂ ਬੱਚੀਆਂ ਨੂੰ ਗਲਾ ਘੁੱਟ ਕੇ ਜਾਂ ਅਫੀਮ ਦੇ ਕੇ ਮਾਰ ਦਿੰਦੇ ਸਨ। ਵੈਸੇ ਹੁਣ ਤਾਂ ਸਾਇੰਸ ਦੀ ਤਰੱਕੀ ਨੇ ਧੀਆਂ ਦੇ ਜਨਮ ਦੀ ਨੌਬਤ ਹੀ ਖਤਮ ਕਰ ਦਿਤੀ ਏ ਕਿਉਂਕਿ ਅਜੋਕਾ ਮਰਦ ਤਾਂ ਗਰਭ ਟੈਸਟ 'ਚੋਂ ਪਤਾ ਕਰਕੇ, ਕੁੱਖ 'ਚ ਪਲਰਦੀ ਕਲੀ ਨੂੰ ਅੰਕੁਰ ਬਣਨ ਤੋਂ ਪਹਿਲਾਂ ਹੀ ਖਤਮ ਕਰ ਦਿੰਦਾ ਏ। ਉਹ ਇਸ ਕਤਲ ਦੇ ਪਾਪ ਨੂੰ ਧੋਣ ਲਈ ਧਾਰਮਿਕ ਅਸਥਾਨਾਂ ਦੀਆਂ ਸਰਦਲਾਂ ਘਸਾਉਂਦਾ, ਧਾਰਮਿਕਤਾ ਦਾ ਢੋਂਗੀ ਬਣਿਆ ਹੋਇਆ ਏ। ਤਾਹੀਏ ਤਾਂ ਨਿੱਤ ਉਸਰਦੇ ਧਾਰਮਿਕ ਅਸਥਾਨ, ਬਾਬਿਆਂ ਦੇ ਡੇਰੇ, ਸਾਧਾਂ-ਸੰਤਾਂ ਦੀਆਂ ਵਹੀਰਾਂ, ਅਜੋਕੇ ਮਨੁੱਖ ਦੇ ਮਾਨਸਿਕ ਤਣਾਉ 'ਤੇ ਪਲਰਦੀਆਂ, ਤਣਾਉ ਨੂੰ ਘਟਾਉਣ ਦੇ ਅਸਮਰਥ ਨੇ।

ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਇਹ ਦਮਗਜ਼ੇ ਮਾਰਨ ਵਾਲਾ ਸ਼ਖਸ, ਕਿਸ ਕੁੱਖ 'ਚੋਂ ਜਨਮਿਆ ਏ? ਕੀ ਕਦੇ ਸੋਚਣ ਦੀ ਕੋਸ਼ਿਸ਼ ਕੀਤੀ ਏ? ਕੀ ਔਰਤ ਤੋਂ ਬਗੈਰ ਮਨੁੱਖ ਪੂਰਨ ਏ? ਜੀਵਨ ਦੀ ਬੈਲ-ਗੱਡੀ ਇਕ ਪਹੀਏ ਨਾਲ ਕਿਵੇਂ ਚੱਲ ਸਕਦੀ ਏ? ਕੀ ਔਰਤ ਵਲੋਂ ਪ੍ਰਦਾਨ ਕੀਤੇ ਸਕੂਨ, ਸ਼ਾਂਤੀ, ਸਹਿਜ ਅਤੇ ਸਹਿਯੋਗ ਤੋਂ ਬਿਨਾ ਇਹ ਜੀਵਨ ਕੋਈ ਅਰਥ ਰੱਖੇਗਾ? ਬੜਾ ਦੁੱਖ ਹੁੰਦਾ ਏ ਮੁਖੌਟਾਧਾਰੀਆਂ ਦੇ ਵਿਹਾਰ 'ਤੇ, ਜੋ ਜ਼ਿੰਦਗੀ ਨੂੰ ਨਰੋਈਆਂ ਕਦਰਾਂ-ਕੀਮਤਾਂ ਨਾਲ ਜੋੜਨ ਦਾ ਦਿਖਾਵਾ ਕਰਦੇ, ਮਨ 'ਚ ਪਲਰਦੇ ਵਿਚਾਰਾਂ ਦੀ ਕਾਲਖ ਹੇਠ ਜਿਉਂਦੇ ਨੇ।

ਇਕ ਸਵੈ-ਸੇਵੀ ਸੰਸਥਾ ਨਾਲ ਜੁੜੇ, ਸੁਲਝੇ ਹੋਣ ਦਾ ਭਰਮ ਪਾਲੀ ਬੈਠੇ ਇਕ ਸ਼ਖਸ ਨੂੰ ਜਦ ਮੈਂ ਉਸ ਦੇ ਦੂਸਰਾ ਪੁੱਤਰ ਹੋਣ 'ਤੇ ਵਧਾਈ ਦਿਤੀ ਤਾਂ ਕਹਿਣ ਲੱਗਾ, "ਚਲੋ, ਮਨ ਤੋਂ ਭਾਰ ਲਹਿ ਗਿਆ, ਮੁੰਡਿਆਂ ਦੀ ਕਾਹਦੀ ਜ਼ਿੰਮੇਵਾਰੀ ਏ? ਸਾਰੀ ਉਮਰ ਮੌਜਾਂ ਹੀ ਮੌਜਾਂ। ਹੁਣ ਮੈਂ ਇਕ ਕੇਅਰਲੈਸ ਫਾਦਰ ਬਣ ਗਿਆ ਹਾਂ।" ਤੇ ਮੈਂ ਮੱਥੇ 'ਤੇ ਹੱਥ ਮਾਰ ਕੇ ਸੋਚਣ ਲੱਗ ਪਿਆ ਕਿ ਅਜਿਹੀ ਸੋਚ ਦਾ ਹੀ ਸਿੱਟਾ ਹੈ, ਸਾਡੇ ਨੌਜਵਾਨ ਮੁੰਡਿਆਂ 'ਚ ਆਇਆ ਵਿਗਾੜ। ਜਦੋਂ ਚਾਕੂ ਦੀ ਨੋਕ 'ਤੇ ਘਰਦਿਆਂ ਕੋਲੋਂ ਪੈਸੇ ਲਏ ਜਾਂਦੇ ਨੇ, ਪਿਸਤੌਲ ਦਿਖਾ ਕੇ ਸਕੂਟਰ ਜਾਂ ਕਾਰ ਖੋਹੀ ਜਾਂਦੀ ਏ, ਸਕੂਲਾਂ ਤੇ ਕਾਲਜਾਂ 'ਚ ਨਸ਼ਿਆਂ ਦੇ ਸ਼ੌਕੀਨ ਵਿਦਿਆਰਥੀਆਂ ਵੱਲੋਂ ਔਰਤਾਂ ਦੀਆਂ ਚੇਨੀਆਂ ਤੇ ਵਾਲੀਆਂ ਲਾਹੀਆਂ ਜਾਂਦੀਆਂ ਨੇ। ਲੜਕੀਆਂ ਕਿਸੇ ਵੀ ਅਸਥਾਨ 'ਤੇ ਮਹਿਫੂਜ਼ ਨਹੀਂ। ਉਨ੍ਹਾਂ ਦੀ ਪੱਤ ਸ਼ਰੇਆਮ ਰੋਲੀ ਜਾਂਦੀ ਏ ਅਤੇ ਨਾਂਹ-ਨੁੱਕਰ ਕਰਨ 'ਤੇ ਪਿਸਤੌਲ ਦੀ ਗੋਲੀ ਜਾਂ ਤੰਦੂਰ, ਉਸ ਦਾ ਨਸੀਬ ਬਣਦਾ ਏ। ਬੋਰਡ ਜਾਂ ਯੂਨੀਵਰਸਿਟੀ ਦੇ ਇਮਤਿਹਾਨਾਂ 'ਚ ਕੁੜੀਆਂ ਦੀ ਸਰਦਾਰੀ, ਇਸ ਗੱਲ ਦੀ ਗਵਾਹ ਹੈ ਕਿ ਬਹੁਤੇ ਮੁੰਡਿਆਂ ਦੇ ਮਾਪਿਆਂ ਦੇ ਮਨਾਂ 'ਚ ਇੰਨਾ ਫਤੂਰ ਭਰ ਗਿਆ ਹੈ ਕਿ ਉਹ ਉਨ੍ਹਾਂ ਦੇ ਭਵਿੱਖ ਤੋਂ ਲਾ-ਪ੍ਰਵਾਹ, ਆਪਣੇ ਰੰਗ-ਤਮਾਸ਼ਿਆਂ 'ਚ ਉਲਝ ਕੇ, ਭਵਿੱਖ ਦੀ ਸਰਘੀ ਨੂੰ ਸਰਾਪ ਰਹੇ ਨੇ।

ਜਦੋਂ ਧੀਆਂ ਦੇ ਹੱਕਾਂ 'ਤੇ ਡਾਕੇ ਮਾਰੇ ਜਾਂਦੇ ਨੇ, ਉਨ੍ਹਾਂ ਦੇ ਸੁਪਨਿਆਂ ਨੂੰ ਚੁਰਾਇਆ ਜਾਂਦਾ ਏ, ਉਨ੍ਹਾਂ ਦੀ ਸਵੱਛ ਸੋਚ ਨੂੰ ਧੁੰਧਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਏ, ਉਨ੍ਹਾਂ ਦੇ ਚਿਤਵੇ ਖਿਆਲਾਂ ਦੀ ਉਡਾਣ ਦੇ ਖੰਭ ਕੁਤਰੇ ਜਾਂਦੇ ਨੇ ਤਾਂ ਆਮ ਤੌਰ 'ਤੇ ਕਦੇ ਵੀ ਕੋਈ ਅੱਖ ਨਹੀਂ ਭਰਦੀ। ਬਹੁਤੇ ਧਾਰਮਿਕ ਰਹਿਨੁਮਾ ਜਾਂ ਸਿਆਸਤਦਾਨਾਂ ਦੇ ਮੂੰਹੋਂ ਹਾਅ ਜਾਂ ਹਉਕਾ ਨਹੀਂ ਨਿਕਲਦਾ।

ਧੀਆਂ ਦੀ ਤ੍ਰਾਸਦੀ ਦਾ ਕੋਈ ਅੰਤ ਨਹੀਂ। ਧੀਆਂ ਹਰ ਸਮੇਂ ਹੀ ਮਨੁੱਖ ਦੀਆਂ ਅਮਾਨਵੀ ਰੁਚੀਆਂ ਦਾ ਸ਼ਿਕਾਰ ਹੁੰਦੀਆਂ ਆਈਆਂ ਨੇ, ਭਾਵੇਂ ਪੁਲਿਸ ਦਾ ਸਰਬਉਚ ਅਧਿਕਾਰੀ ਹੋਵੇ, ਵੱਡੇ ਕੱਦ ਵਾਲਾ ਨੇਤਾ ਹੋਵੇ, ਉਹ ਮਨੁੱਖ ਦੇ ਭੇਸ 'ਚ ਇਕ ਜੰਗਲੀ ਦਰਿੰਦੇ ਦੇ ਰੂਪ 'ਚ ਵਿਚਰਦਾ ਏ। ਸਾਡੀ ਸੋਚ ਦਾ ਦੋਗਲਾਪਣ, ਧੀਆਂ ਵਰਗੇ ਪਵਿੱਤਰ ਨਾਮ 'ਤੇ ਚਿੱਕੜ ਉਛਾਲਣ ਤੋਂ ਬਾਜ ਨਹੀਂ ਆਉਂਦਾ। ਜਦੋਂ ਇਕ ਵਿਗੜਿਆ ਨੌਜਵਾਨ, ਕਿਸੇ ਰਾਜਨੀਤਕ ਨੇਤਾ ਦੀ ਬੇਟੀ ਨੂੰ ਵਰਗਲਾ ਕੇ, ਅਖੌਤੀ ਪਤੀ ਹੋਣ ਦਾ ਦੰਭ ਕਰਦਾ ਏ ਅਤੇ ਬੇਟੀ ਦੀ ਬੇਵਕਤ ਮੌਤ 'ਤੇ ਮਾਂ ਦੇ ਦੁੱਖ 'ਚ ਸ਼ਰੀਕ ਹੋਣ ਦੀ ਥਾਂ, ਉਸ ਦੇ ਰਾਜਨੀਤਕ ਵਿਰੋਧੀਆਂ ਨੂੰ ਇਕ ਮੌਕਾ ਮਿਲ ਜਾਂਦਾ ਏ, ਆਪਣੀ ਚੌਧਰ ਚਮਕਾਉਣ ਦਾ ਤੇ ਕਿਸੇ ਦੀ ਸਾਖ ਨੂੰ ਵਿਗਾੜਨ ਦਾ ਅਤੇ ਰਾਤੋ-ਰਾਤ, ਇਕ ਸਤਕਛਾਪ ਮਜਨੂੰ, ਪੀਲੀ ਪੱਤਰਕਾਰੀ ਦੀ ਬਦੌਲਤ ਅਖਬਾਰਾਂ ਅਤੇ ਟੀ.ਵੀ. ਵਾਲਿਆਂ ਲਈ ਵਧੀਆ ਮਸਾਲਾ ਬਣਾ ਜਾਂਦਾ ਏ। ਕੀ ਸਾਡਾ ਸਮਾਜ ਇਹ ਇਜਾਜ਼ਤ ਦਿੰਦਾ ਏ ਕਿ ਕਿਸੇ ਦੀ ਧੀ-ਭੈਣ ਨਾਲ ਅਣ-ਉਚਿਤ ਸਬੰਧ ਸਥਾਪਤ ਕਰਨ ਵਾਲਾ, ਹੀਰੋ ਦੀ ਉਪਾਧੀ ਪ੍ਰਾਪਤ ਕਰ ਲਵੇ? ਕੀ ਕੱਲ ਨੂੰ ਮਜਨੂੰਆਂ ਦਾ ਟੋਲਾ, ਫੋਕੀ ਸ਼ੋਹਰਤ ਦੀ ਆਸ 'ਚ ਹਰ ਉਚ ਅਧਿਕਾਰੀ ਜਾਂ ਵੱਡੇ ਸਿਆਸਤਦਾਨ ਦੀ ਲੜਕੀ ਨੂੰ ਆਪਣੇ ਚੁੰਗਲ 'ਚ ਫਸਾਉਣ ਦੀ ਤਾਕ 'ਚ ਨਹੀਂ ਰਹੇਗਾ ਤਾਂ ਕਿ ਉਹ ਵੀ ਅਖਬਾਰਾਂ ਦੀਆਂ ਸੁਰਖੀਆਂ 'ਚ ਛਾ ਸਕੇ। ਗਰਕ ਗਈ ਰਾਜਨੀਤਕ ਸੋਚ ਨੇ, ਇਕ ਸੌਖਾ ਤਰੀਕਾ ਖੋਜ ਲਿਆ ਏ, ਫੋਕੀ ਸ਼ੋਹਰਤ ਲਈ। ਕੀ ਇਹ ਦਮਗਜ਼ੇ ਮਾਰਨ ਵਾਲੇ ਨੇਤਾਵਾਂ ਦੀਆਂ ਆਪਣੀਆਂ ਧੀਆਂ/ਭੈਣਾਂ ਮਹਿਫੂਜ਼ ਰਹਿਣਗੀਆਂ? ਕੀ ਅਜੋਕੇ ਮਜਨੂੰਆਂ



ਦੀਆਂ ਕੋਝੀਆਂ ਹਰਕਤਾਂ, ਸਾਡੇ ਸੰਸਕਾਰਾਂ ਦੇ ਚੌਖਟੇ 'ਚ ਕਿਧਰੇ ਫਿਟ ਹੁੰਦੀਆਂ ਨੇ? ਕੀ ਧੀ ਦਾ ਹੋਣਾ ਇਕ ਸੰਤਾਪ ਏ ਜਾਂ ਧੀਆਂ ਨੂੰ ਸਭ ਦੀਆਂ ਸਾਂਝੀਆਂ ਧੀਆਂ ਸਮਝਣ ਵਾਲਿਆਂ ਦੀ ਨਸਲਕੁਸ਼ੀ ਹੋ ਗਈ ਏ?

'ਧੀਆਂ ਧਨ ਬਿਗਾਨਾ' ਆਖ ਕੇ, ਉਨ੍ਹਾਂ ਦੀ ਵਿੱਦਿਆ ਜਾਂ ਪੜ੍ਹਾਈ ਵੱਲੋਂ ਲਾਪ੍ਰਵਾਹੀ ਅਤੇ ਉਨ੍ਹਾਂ ਨੂੰ ਵਿਆਹ ਕੇ, ਸਿਰੋਂ ਭਾਰ ਲਾਹੁਣ ਦੀ ਬਿਰਤੀ ਸਾਡੇ ਸਮਾਜ ਦਾ ਇੱਕ ਅੰਗ ਰਹੀ ਏ, ਜੋ ਥੋੜ੍ਹੀ ਬਹੁਤੀ ਸਮਾਜ ਦੇ ਕੁਝ ਹਿੱਸੇ 'ਚ ਅਜੇ ਵੀ ਪ੍ਰਚੱਲਿਤ ਏ। ਅਜੋਕਾ ਮਰਦ ਪ੍ਰਧਾਨ ਸਮਾਜ ਧੀਆਂ ਦੀਆਂ ਪ੍ਰਾਪਤੀਆਂ ਨੂੰ ਅਣਗੌਲਿਆਂ ਕਰਨ ਦੀ ਬਿਰਤੀ ਪਾਲਦਾ ਏ। ਭਾਵੇਂ ਉਹ ਸਿਆਸੀ ਹਸਤੀਆਂ-ਇੰਦਰਾ ਗਾਂਧੀ, ਮਾਰਗਰੇਟ ਥੈਚਰ, ਭੰਡਾਰਨਾਇਕੇ, ਹਸੀਨਾ, ਬੇਨਜ਼ੀਰ ਭੁੱਟੋ ਹੋਣ, ਸਮਾਜ ਸੇਵਾ ਨੂੰ ਸਮਰਪਿਤ ਮਦਰ ਟੈਰੇਸਾ ਹੋਵੇ, ਪੁਲਿਸ ਵਰਗੇ ਮਹਿਕਮੇ ਦੀ ਧੜੱਲੇਦਾਰ ਅਫਸਰ ਕਿਰਨ ਬੇਦੀ ਹੋਵੇ ਜਾਂ ਪੁਲਾੜ 'ਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਕਲਪਨਾ ਚਾਵਲਾ ਹੋਵੇ। ਕੀ ਔਰਤ ਦੇ ਮਨ 'ਚ ਉਪਜੀ ਨਵੇਂ ਦਿਸਹੱਦਿਆਂ ਦੀ ਤਲਾਸ਼ ਇਕ ਗੁਨਾਹ ਏ?

ਧੀਆਂ, ਗਊਆਂ ਨਹੀਂ, ਜੋ ਕਿੱਲੇ 'ਤੇ ਬੱਝੀਆਂ, ਭੁੱਖ ਤੇ ਪਿਆਸ ਨਾਲ ਵਿਲਕਦੀਆਂ, ਮਾਲਕ ਦੇ ਹੱਥੋਂ ਸੁੱਟੇ ਹੋਏ ਸੁੱਕੇ ਘਾਹ ਦੀ ਉਡੀਕ 'ਚ ਦਮ ਤੋੜ ਦੇਣ। ਉਹ ਇੰਨੀਆਂ ਸਮਰੱਥ ਨੇ ਕਿ ਆਦਮੀ ਤੋਂ ਉਚੇਰੀਆਂ ਪਦਵੀਆਂ ਦੇ ਸ਼ਿਲਾਲੇਖ ਬਣ ਕੇ ਸਮੇਂ ਦੇ ਮਸਤਕ 'ਤੇ ਆਪਣਾ ਸਿਰਨਾਵਾਂ ਸਿਰਜ ਰਹੀਆਂ ਨੇ।

ਧੀਆਂ ਦੀ ਬੇਬਸੀ 'ਤੇ ਮਗਰਮੱਛ ਦੇ ਅੱਥਰੂ ਕੇਰਨ ਵਾਲੇ ਦਰਅਸਲ ਧੀਆਂ ਦੇ ਪੈਰਾਂ ਦੀਆਂ ਉਹ ਬੇੜੀਆਂ ਹੁੰਦੇ ਨੇ, ਜੋ ਸਮੇਂ ਨਾਲ ਆਪਣਾ ਰੂਪ ਬਦਲ, ਭੁਲੇਖਿਆਂ 'ਚ ਉਲਝਾਈ ਰੱਖਣ ਦੀ ਲਾਲਸਾ ਮਨ 'ਚ ਪਾਲਦੇ ਨੇ।

ਧੀ ਦੀ ਪੱਥਰ ਨਾਲ ਤੁਲਨਾ ਨਾ ਕਰੋ। ਧੀ ਤਾਂ ਮਹਿਕਦਾ ਫੁੱਲ ਹੁੰਦੀ ਏ, ਜੋ ਘਰ ਦੀ ਸਮੁੱਚੀ ਫਿਜ਼ਾ ਨੂੰ ਮਹਿਕਾਉਂਦਾ ਏ। ਸੁੰਦਰਤਾ ਤੇ ਸੀਰਤ ਦਾ ਮੁਜੱਸਮਾ, ਵਿਹੜਿਆਂ ਦਾ ਨਸੀਬ ਬਣਦੀ ਏ। ਮਾਂ ਦੇ ਗਲੇ ਲੱਗ ਕੇ ਗੁੱਡੀਆਂ ਪਟੋਲਿਆਂ ਦੇ ਦੁੱਖੜੇ ਰੋਂਦੀ ਏ, ਸਖੀਆਂ ਨਾਲ ਕਿੱਕਲੀ ਪਾਉਂਦੀ, ਵਿਹੜੇ ਨੂੰ ਨੱਚਣਾ ਸਿਖਾਉਂਦੀ ਹੈ। ਪਿੱਪਲ 'ਤੇ ਪਾਈ ਪੀਂਘ ਨਾਲ ਅੰਬਰਾਂ ਨੂੰ ਹੱਥ ਲਾਉਂਦੀ ਹੈ। ਉਸ ਦੇ ਸਮੁੱਚੇ ਪਰਿਵਾਰਕ ਅਤੇ ਸਮਾਜਿਕ ਵਿਚਰਣ 'ਚੋਂ ਇਕ ਅਜਿਹੀ ਸ਼ਖਸੀਅਤ ਦੇ ਦਰਸ-ਦੀਦਾਰੇ ਹੁੰਦੇ ਨੇ, ਜੋ ਇਕ ਸੁੱਖਮਭਾਵੀ, ਕਲਾਤਮਕ ਰੁਚੀਆਂ ਦੀ ਮਾਲਕ, ਆਗਿਆਕਾਰ ਤੇ ਪਿਆਰਾ ਜਿਹਾ ਰਬੜ ਦਾ ਖਿਡੌਣਾ ਏ, ਜੋ ਭਵਿੱਖ ਨੂੰ ਆਪਣੇ ਮੋਢਿਆਂ 'ਤੇ ਚੁੱਕਣ ਦੇ ਸਮਰੱਥ ਹੁੰਦਾ ਏ।

ਧੀ ਦੇ ਮਾਸੂਮ ਮੁਖੜੇ ਤੋਂ ਨਿਕਲੀ ਆਰਜ਼ੂ, ਪਿਤਾ ਲਈ ਹੁਕਮ ਹੁੰਦਾ ਏ ਅਤੇ ਕਈ ਵਾਰੀ ਲਾਡਲੀ ਧੀ ਦਾ ਹੁਕਮਰਾਨੀ ਅੰਦਾਜ਼, ਘਰ ਦੇ ਸਮੁੱਚੇ ਵਰਤਾਰੇ ਦਾ ਧੁਰਾ ਹੁੰਦਾ ਏ। ਤਾਹੀਏ ਤਾਂ ਔਰੰਗਜ਼ੇਬ ਵਰਗਾ ਜ਼ਾਲਮ ਤੇ ਹੈਂਕੜਬਾਜ਼ ਹਾਕਮ, ਆਪਣੀ ਧੀ ਦਾ ਆਖਾ ਜ਼ਰੂਰ ਮੰਨਦਾ ਸੀ।

ਮਾਂ-ਧੀ ਦੀ ਬੁੱਕਲ ਸਾਂਝੀ ਹੁੰਦੀ ਏ। ਇਸੇ ਲਈ ਧੀ, ਆਪਣਾ ਹਰ ਰਾਜ਼ ਮਾਂ ਨਾਲ ਸਾਂਝਾ ਕਰਦੀ, ਜੀਵਨ 'ਚ ਆਉਂਦੀਆਂ ਦੁਸ਼ਵਾਰੀਆਂ ਦੌਰਾਨ, ਸੇਧ ਪ੍ਰਾਪਤ ਕਰਦੀ, ਨਵੀਆਂ ਚੁਣੌਤੀਆਂ ਦਾ ਹੌਸਲੇ ਨਾਲ ਮੁਕਾਬਲਾ ਕਰਦੀ ਏ।

ਧੀਆਂ ਨੂੰ ਤੀਆਂ ਵਰਗੇ ਮਾਹੌਲ 'ਚ ਵਿਚਰਨ ਦਿਉ। ਉਨ੍ਹਾਂ ਨੂੰ ਖੁਦ ਬੁਲੰਦੀਆਂ ਦੀ ਤਾਮੀਰਦਾਰੀ ਕਰਨ ਦਿਓ ਅਤੇ ਸਮਾਜ 'ਚ ਪਸਰਿਆ ਕਾਲਖਾਂ ਦਾ ਪਹਿਰਾ ਹਰਨ ਦਿਉ।

ਧੀਆਂ ਨੂੰ ਗੁਟਕਣ ਵੇਲੇ ਤਾਂ ਗੁਟਕਣ ਦਿਉ ਕਿਉਂਕਿ ਜਦੋਂ ਆਪਣਾ ਘਰ ਪਰਾਇਆ ਅਤੇ ਪਰਾਇਆ ਘਰ ਆਪਣਾ ਬਣਦਾ ਏ ਤਾਂ ਨਵੀਂ ਥਾਂ, ਨਵੇਂ ਰਿਸ਼ਤਿਆਂ ਤੇ ਨਵੀਆਂ ਸਥਿਤੀਆਂ 'ਚ ਆਪਣੇ ਆਪ ਨੂੰ ਢਾਲਦੀਆਂ, ਦਿਲ ਦੀ ਕਿਸੇ ਨੁੱਕਰੇ 'ਆਪਣੇ ਘਰ' ਦੀ ਯਾਦ ਸੁਰੱਖਿਅਤ ਰੱਖਦੀਆਂ ਨੇ ਤਾਂ ਕਿ ਉਨ੍ਹਾਂ ਮਿੱਠੀਆਂ ਯਾਦਾਂ ਦੇ ਲੰਮੇ-ਲੰਮੇ ਤੰਦ ਕੱਤੇ ਜਾ ਸਕਣ।

ਧੀਆਂ ਘਰ ਦੇ ਭਾਗ ਹੁੰਦੀਆਂ ਨੇ। ਉਹ ਘਰੋਂ ਵਿਦਾ ਹੋਣ ਲੱਗਿਆਂ ਵੀ ਘਰ ਦੀਆਂ ਸੁੱਖਾਂ ਮੰਗਦੀਆਂ, ਮਾਂ ਨੂੰ ਚਾਬੀਆਂ ਸੰਭਾਲ ਵੀਰੇ, ਭਾਬੋ ਤੇ ਪਰਿਵਾਰ ਦੀਆਂ ਖੈਰਾਂ ਮੰਗਦੀਆਂ ਨੇ। ਉਹ ਸਮਾਜ ਦਾ ਸਨਮਾਨਤ ਹਿੱਸਾ ਏ, ਜਿਸ ਤੋਂ ਸੱਖਣਾ ਵਿਹੜਾ, ਰੱਖੜੀ ਦਾ ਰੁਦਨ ਬਣਦਾ ਏ, ਵੀਰੇ ਦੀ ਵਾਗ ਸਿਸਕੀਆਂ ਭਰਦੀ ਏ ਅਤੇ ਫਿਜ਼ਾ 'ਚ ਮਾਯੂਸੀ ਦਾ ਆਲਮ ਬਿਖੇਰਦਾ ਏ।

ਮਾਪਿਆਂ ਲਈ ਸਭ ਤੋਂ ਵੱਡਾ ਦੁੱਖ ਧੀ ਦੇ ਦੀਦਿਆਂ 'ਚ ਅੱਥਰੂ ਅਤੇ ਸਿਰ 'ਤੇ ਚਿੱਟੀ ਚੁੰਨੀ ਹੁੰਦਾ ਏ। ਧੀ ਦੀਆਂ ਬਾਹਾਂ 'ਚ ਭੱਜੀਆਂ ਚੂੜੀਆਂ ਦੇ ਟੋਟੇ, ਮਾਪਿਆਂ ਦੇ ਦਿਲ 'ਚ ਧਸਦੇ, ਦੁੱਖਾਂ ਦੇ ਅਸੀਮ ਸਮੁੰਦਰਾਂ 'ਚ ਧਕੇਲਦੇ ਨੇ, ਜਿਥੋਂ ਰੌਸ਼ਨ ਕਿਰਨ ਦੀ ਆਸ ਰੱਖਣਾ ਵੀ ਬੇਥਵਾ ਹੁੰਦਾ ਏ। ਧੀਆਂ ਦੇ ਦਰਦ ਦੀ ਥਾਹ ਪਾਉਂਦੇ-ਪਾਉਂਦੇ, ਕਈ ਵਾਰ ਤਾਂ ਮਾਪੇ ਵੀ ਇਸ ਦਰਦ ਨੂੰ ਦਿਲ 'ਚ ਦਬਾਈ, ਦੁਨੀਆਂ ਤੋਂ ਤੁਰ ਜਾਂਦੇ ਨੇ। ਇਸੇ ਲਈ ਤਾਂ ਸਿਆਣੇ ਕਹਿੰਦੇ ਨੇ, 'ਜਿਸ ਦੀ ਧੀ ਸੁਖੀ, ਉਸ ਦੀ ਕੁਲ ਸੁਖੀ।'

ਜਦੋਂ ਪੁੱਤਰ ਆਪੋ-ਆਪਣੇ ਆਲ੍ਹਣਿਆਂ ਵੱਲ ਉਡਾਰੀ ਮਾਰ ਜਾਂਦੇ ਨੇ ਤਾਂ ਘਰ ਦੀ ਕਿਸੇ ਨੁੱਕਰੇ, ਅਗਿਆਤ ਜੀਵਨ ਬਸਰ ਕਰਦੇ ਮਾਪਿਆਂ ਦੀ ਸਾਰ ਲੈਣਾ, ਧੀਆਂ ਦਾ ਧਰਮ ਬਣ ਜਾਂਦਾ ਏ ਅਤੇ ਉਹ ਬੁਢਾਪੇ ਦੀ ਡੰਗੋਰੀ ਬਣਦੀਆਂ, ਅਰਥੀ ਨੂੰ ਮੋਢਾ ਦੇਣ ਤੀਕ ਦਾ ਸਫਰ, ਤਕੜੇ ਪਰ ਭਰੇ ਮਨ ਨਾਲ ਤੈਅ ਕਰਦੀਆਂ ਨੇ।

ਸੁਲਝੇ ਵਿਅਕਤੀਆਂ ਵਲੋਂ ਲੜਕੀ ਦੀ ਆਮਦ ਨੂੰ ਖੁਸ਼-ਆਮਦੀਦ ਕਹੇ ਜਾਣ ਦੀ ਬਿਰਤੀ, ਲੜਕੀਆਂ ਦੇ ਜਨਮ ਦਿਨ ਮਨਾਉਣ ਦਾ ਰਿਵਾਜ ਅਤੇ ਧੀਆਂ ਦੀ ਪੜ੍ਹਾਈ ਤੇ ਸ਼ਖਸੀਅਤ ਉਸਾਰੀ ਵੱਲ ਉਚੇਚਾ ਧਿਆਨ, ਇਸ ਗੱਲ ਦਾ ਸੂਚਕ ਹੈ ਕਿ ਭਵਿੱਖ ਧੀਆਂ ਲਈ ਸੁਰਖ ਸਵੇਰਾ ਬਣ, ਸਮਾਜ 'ਚ ਪ੍ਰਚੱਲਿਤ ਦਕੀਆਨੂਸੀ ਵਿਚਾਰ ਦੀ ਅਲਖ ਮਿਟਾਏਗਾ ਅਤੇ ਮਨੁੱਖਤਾ ਦਾ ਵਿਹੜਾ, ਮਾਨਵਵਾਦੀ ਕਦਰਾਂ-ਕੀਮਤਾਂ ਨਾਲ ਮਹਿਕਾਵੇਗਾ।

ਲੋਕ ਗੀਤ, 'ਪੁੱਤਾਂ ਤੇਰਾ ਘਰ ਵੰਡਣਾ, ਧੀਆਂ ਵੰਡਣਾ ਬਾਪੂ ਵੇ ਦੁੱਖ ਤੇਰਾ' ਦਾ ਸੱਚ ਬੂਹੇ 'ਤੇ ਉਕਰਿਆ, ਸਦੀਵੀ ਰਹਿਣ ਵਾਲਾ ਸੱਚ ਏ।

## ਮਿਨੀ ਕਹਾਣੀ

### ਆਪੋ ਆਪਣੀ ਪ੍ਰੇਸ਼ਾਨੀ

ਮਨਪ੍ਰੀਤ ਅਜੇ ਬਾਰਵੀਂ ਵਿਚ ਪੜ੍ਹਦੀ ਸੀ ਕਿ ਉਸ ਦੇ ਪਿਓ ਨੇ ਪੇਪਰਾਂ ਤੋਂ ਪਹਿਲਾਂ ਹੀ ਉਸ ਦਾ ਵਿਆਹ ਕਰ ਦਿੱਤਾ। ਹੁਣ ਉਹ ਹਫਤੇ ਵਿਚ ਇਕ-ਦੋ ਦਿਨ ਹੀ ਸਕੂਲ ਜਾਂਦੀ। ਪ੍ਰਿੰਸੀਪਲ ਜੋ ਉਸੇ ਪਿੰਡ ਦਾ ਸੀ, ਇਸ ਗੱਲੋਂ ਬਹੁਤ ਗੁੱਸੇ ਸੀ। ਪਰ ਪਿੰਡ ਦੇ ਲਿਹਾਜ ਕਰਕੇ ਉਸ ਨੇ ਕੋਈ ਠੋਸ ਕਦਮ ਨਾ ਚੁੱਕਿਆ। ਉਸ ਦਿਨ ਉਹ ਗੁੱਸੇ ਵਿਚ ਸਵੇਰੇ ਸਕੂਲ ਤੋਂ ਪਹਿਲਾਂ ਹੀ ਮਨਪ੍ਰੀਤ ਕੇ ਘਰੇ ਇਸ ਬਾਰੇ ਗੱਲ ਕਰਨ ਚਲੇ ਗਿਆ।

"ਕੁੜੀ ਬਹੁਤ ਗੈਰਹਾਜ਼ਰ ਰਹਿੰਦੀ ਹੈ, ਇਸ ਨੂੰ ਰੱਖ ਕੇ ਮੈਂ ਆਪਣੇ ਸਕੂਲ ਦਾ ਰਿਜ਼ਲਟ ਖਰਾਬ ਨਹੀਂ ਕਰਨਾ।" ਪ੍ਰਿੰਸੀਪਲ ਗੁੱਸੇ ਵਿਚ ਬੋਲਿਆ।

"ਸਰ ਜੀ ਹੁਣ ਮੈਂ ਕੀ ਕਰਾਂ ਜੀ, ਕਦੇ ਸਹੁਰੇ ਜਾਣੀ ਆਂ, ਕਦੇ ਇਥੇ ਆਉਣੀ ਆਂ। ਉਤੋਂ ਪੇਪਰਾਂ ਦਾ ਫਿਕਰ ਲੱਗਾ ਜੀ, ਪੜ੍ਹਨ ਦਾ ਟਾਈਮ ਨਹੀਂ ਮਿਲਦਾ ਜੀ। ਮੇਰੇ ਤੋਂ ਕਿਹੜਾ ਪੁੱਛ ਕੇ ਵਿਆਹ ਕੀਤਾ ਜੀ। ਹੁਣ ਮੈਂ ਕੀ ਕਰਾਂ ਸਰ ਜੀ?" ਰੋਣਹਾਕੀ ਹੋਈ ਮਨਪ੍ਰੀਤ ਨੇ ਆਖਿਆ।

ਉਹ ਦੋਵੇਂ ਹੁਣ ਮਨਪ੍ਰੀਤ ਦੇ ਪਿਤਾ ਵੱਲ ਦੇਖ ਰਹੇ ਸਨ।

"ਮੈਂ ਕੀ ਕਰਦਾ ਪ੍ਰਿੰਸੀਪਲ ਸਾਬ੍ਹ, ਮੇਰੇ ਸਿਰ ਕਰਜ਼ਾ ਦਿਨੋ-ਦਿਨ ਵਧਦਾ ਜਾ ਰਿਹਾ ਸੀ, ਉਤੋਂ ਇਸ ਦੇ ਹੱਥ ਪੀਲੇ ਕਰਨ ਦਾ ਫਿਕਰ। ਮੈਨੂੰ ਤਾਂ ਰਾਤ ਨੂੰ ਨੀਂਦ ਨ੍ਹੀਂ ਔਂਦੀ ਸੀ, ਲੈ-ਦੇ ਕੇ ਕਿਵੇਂ ਨਾ ਕਿਵੇਂ ਮੈਂ ਇਹ ਫਿਕਰ ਤਾਂ ਨਬੇੜਿਆ। ਮੈਂ ਵਿਚੋਲੇ ਨੂੰ ਕਿਹਾ ਸੀ, ਵਿਆਹ ਪੇਪਰਾਂ ਤੋਂ ਬਾਅਦ ਕਰਨਾ, ਪਰ ਉਨ੍ਹਾਂ ਨੂੰ ਕਾਹਲੀ ਸੀ। ਚੰਗਾ ਰਿਸ਼ਤਾ ਕਿਹੜਾ ਰੋਜ-ਰੋਜ ਮਿਲਦਾ।"

ਮਨਪ੍ਰੀਤ ਦੇ ਪਿਤਾ ਦੀ ਮਜਬੂਰੀ ਸੁਣ ਕੇ, ਪ੍ਰਿੰਸੀਪਲ ਹੁਣ ਬੜਾ ਸ਼ਾਂਤ ਜਿਹਾ ਹੋ ਕੇ ਬੜੇ ਸਕੂਨ ਨਾਲ ਆਪਣੇ ਸਕੂਲ ਵੱਲ ਆ ਰਿਹਾ ਸੀ।

**-ਸ਼ਮਿੰਦਰ ਕੌਰ**
*shaminderbrar83@gmail.com*

# ਹੁਮੈਮਾ: ਢਹਿ ਜਾਵਣ ਨਫ਼ਰਤ ਦੀਆਂ ਕੰਧਾਂ



ਪਾਕਿਸਤਾਨੀ ਅਦਾਕਾਰਾ ਹੁਮੈਮਾ ਮਲਿਕ ਹੈ ਭਾਵੇਂ ਆਧੁਨਿਕ ਸਮੇਂ ਦੀ ਕੁੜੀ, ਪਰ ਉਹਦਾ ਮੁਲਕ ਔਰਤ ਨੂੰ ਅਜੇ ਵੀ ਰੂੜੀਵਾਦ ਅਤੇ ਪੁਰਾਤਨ ਸਮੇਂ ਦੀ ਪੁੱਠ ਨਾਲ ਦੇਖਦਾ ਹੈ। ਸਿੱਟੇ ਵਜੋਂ ਹੁਮੈਮਾ ਅਤੇ ਹੋਰ ਅਦਾਕਾਰ ਕੁੜੀਆਂ ਨੂੰ ਅੱਖਾਂ ਅਤੇ ਸਰੀਰਕ ਹਾਵ-ਭਾਵ ਨਾਲ ਹੀ ਰੁਮਾਂਟਿਕ ਦ੍ਰਿਸ਼ ਕਰਨੇ ਪੈਂਦੇ ਹਨ; ਹਾਲਾਂਕਿ ਹਿੰਦੀ ਫਿਲਮਾਂ ਵਿਚ ਤਾਂ ਹਰ ਨਾਚ ਹੀ ਅੰਗ-ਦਿਖਾਵੇ ਨਾਲ ਭਰਿਆ ਹੁੰਦਾ ਹੈ। ਹੁਮੈਮਾ ਦੱਸਦੀ ਹੈ ਕਿ ਕਿਵੇਂ ਦੋ-ਢਾਈ ਸਾਲ ਪਹਿਲਾਂ ਜਦ ਉਸ ਦੀ ਪਹਿਲੀ ਹਿੰਦੀ ਫਿਲਮ 'ਰਾਜਾ ਨਟਵਰ ਲਾਲ' ਉਸ ਨੂੰ ਮਿਲੀ ਸੀ ਤਾਂ ਅਜਿਹੇ ਦ੍ਰਿਸ਼ਾਂ ਬਾਰੇ ਸੁਣ ਕੇ ਉਹ ਪੰਜ ਰਾਤਾਂ ਸੌਂ ਨਹੀਂ ਸੀ ਸਕੀ। ਅੱਜ ਵੀ ਹੁਮੈਮਾ ਬਿਕਨੀ ਪਹਿਨਣ ਤੋਂ ਨਾਂਹ ਕਰ ਰਹੀ ਹੈ। ਕੋਇਟਾ ਦੀ ਜੰਮਪਲ ਹੁਮੈਮਾ 9 ਸਾਲ ਤੋਂ ਇੰਟਰਨੈੱਟ ਸੰਸਾਰ ਵਿਚ ਹੈ। ਸੱਤ ਸਾਲ ਪਹਿਲਾਂ ਪਾਕਿਸਤਾਨ ਟੀ. ਵੀ. 'ਤੇ ਆਇਆ ਉਹਦਾ ਪੰਜਾਬੀ ਲੜੀਵਾਰ 'ਆ ਜਾ ਮੈਂ ਤੈਨੂੰ ਪਿਆਰ ਕਰਾਂ' ਅੱਜ ਵੀ ਲੋਕ ਦਿਲਾਂ 'ਚ ਹੈ ਤੇ ਉਥੇ ਲੋਕ ਉਸ ਨੂੰ 'ਜਾਰਾ' ਵਜੋਂ ਹੀ ਜਾਣਦੇ ਹਨ ਅਤੇ ਪਿਆਰ ਕਰਦੇ ਹਨ। 'ਬੋਲ', 'ਇਸ਼ਕ ਖੁਦ', 'ਰਾਜਾ ਨਟਵਰ ਲਾਲ' ਤੋਂ ਬਾਅਦ ਹੁਮੈਮਾ ਨੂੰ ਆਪਣੀ ਪਾਕਿਸਤਾਨੀ ਫ਼ਿਲਮ 'ਅਰਥ-2' ਤੋਂ ਕਾਫ਼ੀ ਉਮੀਦਾਂ ਹਨ। ਯੂ. ਟੀ.ਵੀ. ਨੇ ਹੁਮੈਮਾ ਮਲਿਕ ਨੂੰ ਤਿੰਨ ਫ਼ਿਲਮਾਂ ਲਈ ਸਾਈਨ ਕੀਤਾ ਹੈ, ਪਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਲਖੀ ਨਾ ਮੁੱਕਣ ਕਾਰਨ ਇਹ ਫ਼ਿਲਮਾਂ ਫਿਲਹਾਲ ਬੰਦ ਹਨ। ਹੁਮੈਮਾ ਮਲਿਕ ਚਾਹੁੰਦੀ ਹੈ ਕਿ ਛੇਤੀ ਹੀ ਦੋਹਾਂ ਮੁਲਕਾਂ ਵਿਚਕਾਰ ਦੋਸਤੀ ਬਣੇ ਤਾਂਕਿ ਉਸ ਦਾ ਕਰੀਅਰ ਵੀ ਅਗਾਂਹ ਵਧੇ ਅਤੇ ਨਾਲ ਹੀ ਉਸ ਦੀ ਅਦਾਕਾਰੀ ਦੀ ਚਰਚਾ ਹੋਵੇ।

# ਵਿਦਿਆ ਬਣੀ ਬੇਗਮ



ਬੇਹੱਦ ਉਮਦਾ ਅਭਿਨੇਤਰੀ ਹੈ ਵਿਦਿਆ ਬਾਲਨ ਜਿਸ ਦੀਆਂ ਰਗਾਂ ਵਿਚ ਬਚਪਨ ਤੋਂ ਹੀ ਅਭਿਨੈ ਦੇ ਖ਼ੂਨ ਦਾ ਸੰਚਾਰ ਹੋ ਰਿਹਾ ਹੈ। ਵਿਦਿਆ ਬਾਲਨ ਹੁਣ ਆਪਣੀ ਨਵੀਂ ਫ਼ਿਲਮ 'ਬੇਗ਼ਮ ਜਾਨ' ਦਾ ਪ੍ਰਚਾਰ ਕਰ ਰਹੀ ਹੈ ਜੋ 14 ਅਪਰੈਲ ਨੂੰ ਰਿਲੀਜ਼ ਹੋ ਰਹੀ ਹੈ। ਵਿਦਿਆ ਬਾਲਨ ਦੀ 'ਬੇਗ਼ਮ ਜਾਨ' ਕੁਦਰਤੀ ਹੀ ਵਿਸਾਖੀ ਮੌਕੇ ਆ ਰਹੀ ਹੈ। ਇਹ ਫ਼ਿਲਮ ਸੁਜੀਤ ਮੁਖਰਜੀ ਨੇ ਡਾਇਰੈਕਟ ਕੀਤੀ ਹੈ ਅਤੇ ਇਸ ਨੂੰ ਮਹੇਸ਼ ਭੱਟ ਤੇ ਮੁਕੇਸ਼ ਭੱਟ ਨੇ ਬਣਾਇਆ ਹੈ। 'ਬੇਗ਼ਮ ਜਾਨ' ਬੰਗਲਾ ਫ਼ਿਲਮ 'ਰਾਜਖਨੀ' ਦਾ ਰੀਮੇਕ ਹੈ। ਨਸੀਰੂਦੀਨ ਸ਼ਾਹ ਅਤੇ ਗੌਹਰ ਖ਼ਾਨ 'ਬੇਗ਼ਮ ਜਾਨ' ਵਿਚ ਵਿਦਿਆ ਬਾਲਨ ਨਾਲ ਕਲਾ ਦੇ ਜੌਹਰ ਦਿਖਾ ਰਹੇ ਹਨ। ਯਾਦ ਰਹੇ ਕਿ ਵਿਦਿਆ ਬਾਲਨ ਕਦੇ ਵੀ ਫਿਲਮ ਇੰਡਸਟਰੀ ਦੀ ਚੂਹਾ ਦੌੜ ਵਿਚ ਸ਼ਾਮਿਲ ਨਹੀਂ ਹੋਈ। ਉਹ ਆਪਣੇ ਹਿਸਾਬ ਨਾਲ ਹੀ ਚਲਦੀ ਹੈ। ਹੋਰ ਤਾਂ ਹੋਰ, ਵੱਖ ਵੱਖ ਮੁੱਦਿਆਂ ਉਤੇ ਵੀ ਉਹ ਖ਼ੂਬ ਸਟੈਂਡ ਲੈਂਦੀ ਹੈ। ਦਿੱਲੀ ਯੂਨੀਵਰਸਿਟੀ ਦੀ ਵਿਦਿਆਰਥਣ ਗੁਰਮਿਹਰ ਕੌਰ ਨੂੰ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵੱਲੋਂ ਧਮਕੀਆਂ ਦੇਣ ਬਾਰੇ ਉਸ ਨੇ ਬੜੀ ਸਖਤ ਟਿੱਪਣੀ ਕੀਤੀ ਸੀ। ਉਸ ਨੇ ਕਿਹਾ ਸੀ ਕਿ ਦੂਜਿਆਂ ਦੀ ਆਵਾਜ਼ ਦਬਾਉਣ ਵਾਲਿਆਂ ਦੇ

**ਆਮਨਾ ਕੌਰ**

ਥੱਪੜ ਮਾਰਨ ਨੂੰ ਜੀਅ ਕਰਦਾ ਹੈ। ਸਾਰੇ ਉਸ ਦੀ ਇਸ ਜੁਰਅਤ ਦੇ ਕਾਇਲ ਹਨ। ਦੱਸਣਾ ਬਣਦਾ ਹੈ ਕਿ ਮਰਦ ਅਦਾਕਾਰਾਂ ਦੇ ਬਰਾਬਰ ਮਿਹਨਤਾਨਾ ਮੰਗਣ ਦੇ ਮਾਮਲੇ ਵਿਚ ਵੀ ਵਿਦਿਆ ਬਾਲਨ ਨੇ ਇਸੇ ਤਰ੍ਹਾਂ ਆਵਾਜ਼ ਬੁਲੰਦ ਕੀਤੀ ਸੀ ਅਤੇ ਕਿਹਾ ਸੀ ਕਿ ਅਦਾਕਾਰ ਕੁੜੀਆਂ ਕਿਸੇ ਵੀ ਲਿਹਾਜ਼ ਮਰਦ ਅਦਾਕਾਰਾਂ ਤੋਂ ਪਿਛੇ ਨਹੀਂ ਹਨ। ਠੀਕ ਹੀ ਉਸ ਨੇ ਇਹ ਸੱਚ ਵੀ ਕਰ ਦਿਖਾਇਆ ਹੈ। ਉਸ ਦੇ ਆਪਣੇ ਦਮ ਉਤੇ ਫਿਲਮਾਂ ਸਫਲ ਹੁੰਦੀਆਂ ਰਹੀਆਂ ਹਨ। ਉਸ ਦਾ ਕਹਿਣਾ ਹੈ ਕਿ ਬਹੁਤ ਵਾਰ ਕੁੜੀਆਂ ਨੂੰ ਮੌਕਾ ਹੀ ਨਹੀਂ ਮਿਲਦਾ, ਪਰ ਜਦੋਂ ਵੀ ਇਹ ਮੌਕਾ ਮਿਲਦਾ ਹੈ, ਕੁੜੀਆਂ ਬਾਕਾਇਦਾ ਹਰ ਖੇਤਰ ਵਿਚ ਆਪਣਾ ਸਥਾਨ ਬਣਾ ਲੈਂਦੀਆਂ ਹਨ। ਵਿਦਿਆ ਬਾਲਨ ਚਾਹੁੰਦੀ ਹੈ ਕਿ ਇਸ ਮਾਮਲੇ ਵਿਚ ਉਹ ਕੁੜੀਆਂ ਲਈ ਮਿਸਾਲ ਬਣੇ। ਇਸੇ ਕਰ ਕੇ ਉਹ ਚੁਣ ਚੁਣ ਕੇ ਫਿਲਮਾਂ ਕਰਦੀ ਹੈ, ਕਦੀ ਬੇਵਜ੍ਹਾ ਦੌੜ ਵਿਚ ਸ਼ਾਮਲ ਨਹੀਂ ਹੁੰਦੀ। ਉਹ ਸਦਾ ਆਪਣੇ ਚਾਲੇ ਤੁਰਨ ਵਾਲੀ ਕੁੜੀ ਹੈ।

# ਖ਼ੱਯਾਮ ਦਾ ਸੰਗੀਤਕ ਅੰਦਾਜ਼

ਹਿੰਦੀ ਫ਼ਿਲਮ ਸੰਗੀਤ ਦੀ ਹਸਤੀ ਖ਼ੱਯਾਮ ਨੇ ਆਪਣੇ ਪੰਜਾਹ ਸਾਲਾ ਫ਼ਿਲਮੀ ਸੰਗੀਤ ਦੇ ਸਫ਼ਰ ਵਿਚ ਅਨੇਕ ਖ਼ੂਬਸੂਰਤ ਗੀਤਾਂ ਦੀਆਂ ਧੁਨਾਂ ਨੂੰ ਸਿਰਜਿਆ, ਸੰਵਾਰਿਆ ਤੇ ਵੱਖ ਵੱਖ ਆਵਾਜ਼ਾਂ ਤੋਂ ਗਵਾਇਆ। ਖ਼ੱਯਾਮ ਆਪਣੀ ਸਫ਼ਲਤਾ ਪਿੱਛੇ ਪਤਨੀ ਜਗਜੀਤ ਦਾ ਵੱਡਾ ਯੋਗਦਾਨ ਮੰਨਦੇ ਹਨ। ਉਨ੍ਹਾਂ ਦੀ ਪਤਨੀ ਜਗਜੀਤ ਕੌਰ ਨੇ ਵੀ ਅਨੇਕ ਹਿੰਦੀ ਫ਼ਿਲਮੀ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ ਹੈ। ਵੱਡਾ ਸੰਗੀਤਕਾਰ ਹੋਣ ਦੇ ਨਾਲ ਨਾਲ ਵੱਡੇ ਇਨਸਾਨ ਹੋਣ ਦੇ ਸਾਰੇ ਗੁਣ ਖ਼ੱਯਾਮ ਦੀ ਸ਼ਖ਼ਸੀਅਤ ਵਿਚ ਹਨ।

ਮੁਹੰਮਦ ਜ਼ਹੂਰ 'ਖ਼ੱਯਾਮ' ਸੰਗੀਤ ਦੀ ਦੁਨੀਆ ਵਿਚ ਅਜਿਹਾ ਨਾਮ ਹੈ ਜਿਸ ਨੇ ਲਗਭਗ

**ਨਿਵੇਦਿਤਾ ਸਿੰਘ**

ਪੰਜ ਦਹਾਕੇ ਹਿੰਦੀ ਫ਼ਿਲਮੀ ਸੰਗੀਤ ਵਿਚ ਬਿਹਤਰੀਨ ਸੰਗੀਤਕ ਧੁਨਾਂ ਬਣਾਈਆਂ। ਉਨ੍ਹਾਂ ਦਾ ਜਨਮ ਅਣਵੰਡੇ ਪੰਜਾਬ ਦੇ ਪਿੰਡ ਰਾਹੋਂ ਵਿਖੇ 1927 ਵਿਚ ਹੋਇਆ ਜਿਹੜਾ ਹੁਣ ਨਵਾਂ ਸ਼ਹਿਰ ਜ਼ਿਲ੍ਹੇ ਵਿਚ ਪੈਂਦਾ ਹੈ। ਨਵਾਂ ਸ਼ਹਿਰ ਦਾ ਨਾਮ ਹੁਣ ਸ਼ਹੀਦ ਭਗਤ ਸਿੰਘ ਨਗਰ ਹੋ ਗਿਆ ਹੈ, ਉਹ ਇਹ ਸੁਣ ਕੇ ਬੜੇ ਭਾਵੁਕ ਹੋ ਗਏ। ਆਖਣ ਲੱਗੇ ਕਿ ਜਦੋਂ ਵੀ ਆਪਣੇ ਪਿਤਾ ਨਾਲ ਇਸ ਥਾਂ ਤੋਂ ਲੰਘਦੇ ਸੀ ਤਾਂ ਪਿਤਾ ਕਹਿੰਦੇ ਸਨ ਕਿ ਬੇਟਾ ਇਸ ਧਰਤੀ ਨੂੰ ਸਲਾਮ ਕਰੋ, ਇਹ ਸ਼ਹੀਦਾਂ ਦੀ ਧਰਤੀ ਹੈ। ਸੰਗੀਤ ਦੀਆਂ ਸੁਰਾਂ ਉਨ੍ਹਾਂ ਨੂੰ ਬਚਪਨ ਤੋਂ ਹੀ ਸੰਮੋਹਿਤ ਕਰਦੀਆਂ ਸਨ। ਸੁਰਾਂ ਦਾ ਇਹੀ ਜਾਦੂ ਉਨ੍ਹਾਂ ਨੂੰ ਪਹਿਲਾਂ ਦਿੱਲੀ ਅਤੇ ਫਿਰ ਲਾਹੌਰ ਲੈ ਗਿਆ ਜਿਥੇ ਉਨ੍ਹਾਂ ਨੂੰ ਉਸ ਸਮੇਂ ਦੇ ਸਿਰਕੱਢ ਸੰਗੀਤ ਨਿਰਦੇਸ਼ਕ ਜੀ.ਏ. ਚਿਸ਼ਤੀ ਨਾਲ ਕੰਮ ਕਰਨ ਅਤੇ ਸੰਗੀਤ ਨਿਰਦੇਸ਼ਨ ਦੇ ਗੁਰ ਸਿੱਖਣ ਦਾ ਮੌਕਾ ਮਿਲਿਆ। ਪ੍ਰਸਿਧ ਸੰਗੀਤ ਨਿਰਦੇਸ਼ਕ ਪੰਡਿਤ ਹੁਸਨ ਲਾਲ-ਭਗਤਰਾਮ ਦੇ ਵੱਡੇ ਭਰਾ ਪੰਡਿਤ ਅਮਰਨਾਥ ਦੀ ਸ਼ਾਗਿਰਦੀ ਵੀ ਕੁਝ ਸਮਾਂ ਉਨ੍ਹਾਂ ਨੇ ਕੀਤੀ।

1953 ਵਿਚ 'ਫੁੱਟਪਾਥ' ਫ਼ਿਲਮ ਦੇ ਗੀਤ 'ਸ਼ਾਮ-ਏ-ਗ਼ਮ ਕੀ ਕਸਮ' ਜੋ ਤਲਤ ਮਹਿਮੂਦ ਦੀ ਆਵਾਜ਼ ਵਿਚ ਸੀ, ਨੇ ਖ਼ੱਯਾਮ ਨੂੰ ਪ੍ਰਸਿਧ ਸੰਗੀਤਕਾਰਾਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ। ਉਨ੍ਹਾਂ ਦੀਆਂ ਸੰਗੀਤਕ ਰਚਨਾਵਾਂ ਸ਼ੁਰੂ ਤੋਂ ਹੀ ਇਕ ਨਵਾਂ ਅੰਦਾਜ਼ ਲੈ ਕੇ ਆਈਆਂ। ਮਨਮੋਹਕ ਅੰਦਾਜ਼ ਵਿਚ ਬਣਾਈਆਂ ਧੁਨਾਂ, ਸਾਜ਼ਾਂ ਦਾ ਪਰੰਪਰਾ ਤੋਂ ਹਟ ਕੇ ਨਵੀਨ ਪ੍ਰਯੋਗ, ਗੀਤ ਦੇ ਅੰਤਰਾਲਾਂ ਵਿਚਲਾ ਰੁਮਾਨੀ ਸੰਗੀਤ, ਖ਼ੱਯਾਮ ਦੇ ਸੰਗੀਤ ਦੀ ਮੁੱਖ ਪਛਾਣ ਬਣ ਗਏ। 'ਫਿਰ ਸੁਬਹ ਹੋਗੀ' (1958) ਵਰਗੀ ਸਮਾਜਿਕ ਫ਼ਿਲਮ ਦਾ ਖ਼ੂਬਸੂਰਤ ਸੰਗੀਤ ਦੇ ਕੇ ਖ਼ੱਯਾਮ ਨੇ ਸਾਬਤ ਕਰ ਦਿਤਾ ਕਿ ਸਮਾਜਿਕ ਸਰੋਕਾਰਾਂ ਵਾਲੇ ਗੀਤਾਂ ਨੂੰ ਵੀ ਉਹ ਅਸਰਦਾਰ ਢੰਗ ਨਾਲ ਸੁਰਬੱਧ ਕਰ ਸਕਦੇ ਹਨ।

'ਸ਼ੋਲਾ ਔਰ ਸ਼ਬਨਮ' (1961) ਅਤੇ 'ਸ਼ਗੁਨ' (1964) ਉਨ੍ਹਾਂ ਦੀਆਂ ਅਗਲੀਆਂ ਕਾਮਯਾਬ ਫ਼ਿਲਮਾਂ ਸਨ। ਕੈਫ਼ੀ ਆਜ਼ਮੀ ਦੇ ਬੋਲ 'ਜਾਨੇ ਕਿਆ ਢੂੰਢਤੀ ਰਹਿਤੀ ਹੈਂ ਯੇ ਆਂਖੇ ਮੁਝਮੇਂ' ਅਤੇ ਸਾਹਿਰ ਦਾ ਗੀਤ 'ਪਰਬਤੋਂ ਕੇ ਪੇੜੋਂ ਪਰ ਸ਼ਾਮ ਕਾ ਬਸੇਰਾ ਹੈ' ਨੂੰ ਖ਼ੱਯਾਮ ਨੇ ਆਪਣੀਆਂ ਬਿਹਰਤੀਨ ਰਚਨਾਵਾਂ ਦਾ ਜਾਮਾ ਪਹਿਨਾਇਆ। ਪਹਾੜੀ ਰਾਗ ਦੇ ਅਨੇਕ ਰੰਗ ਖ਼ੱਯਾਮ ਦੇ ਸੰਗੀਤ ਵਿਚ ਉਘੜਦੇ ਹਨ। ਖ਼ੱਯਾਮ ਨੇ ਇਸ ਰਾਗ ਦੇ ਸੁਰਾਂ ਵਿਚ ਅਨੇਕ ਦਿਲਕਸ਼ ਅਤੇ ਵੱਖਰੀਆਂ ਧੁਨਾਂ ਬਣਾਈਆਂ ਹਨ। ਉਹ ਇਸ ਨੂੰ ਆਪਣੀ ਮਾਤ ਭੂਮੀ ਪੰਜਾਬ ਦੀ ਦੇਣ ਮੰਨਦੇ ਹਨ। ਫ਼ਿਲਮ 'ਆਖ਼ਰੀ ਖ਼ਤ' ਦਾ ਗੀਤ 'ਬਹਾਰੋ, ਮੇਰਾ ਜੀਵਨ ਭੀ ਸਵਾਰੋ' ਪਹਾੜੀ ਵਿਚ ਸੁਰਬੱਧ ਬੇਹਦ ਮਨਮੋਹਕ ਧੁਨ ਹੈ। ਖ਼ੱਯਾਮ ਦੇ ਸੰਗੀਤ ਵਿਚ ਪੰਜਾਬੀ ਅੰਗ ਦੇ ਸੰਗੀਤ ਦੀ ਝਲਕ ਵਿਸ਼ੇਸ਼ ਰੂਪ ਵਿਚ ਪੈਂਦੀ ਹੈ। ਹੀਰ ਦੀ ਧੁਨ 'ਤੇ ਆਧਾਰਤ 'ਕਫ਼ਨ ਮੇਂ ਡਾਲਾ ਮੁਝੇ ਮੇਰੇ ਰਾਜ਼ਦਾਰੋਂ ਨੇ' ਫ਼ਿਲਮ 'ਤਾਤਾਰ ਕਾ ਚੋਰ' (1955) ਦਾ ਗੀਤ ਇਸ ਦੀ ਉਤਮ ਉਦਾਹਰਣ ਹੈ।

ਖ਼ੱਯਾਮ ਦੇ ਗੀਤਾਂ ਦੀਆਂ ਸੁਰਾਵਲੀਆਂ ਵਿਚ ਜਜ਼ਬਾਤ ਦਾ ਦਰਿਆ ਵਹਿੰਦਾ ਹੈ ਤੇ ਤਾਸੀਰ ਨਰਮ ਹੈ। ਉਨ੍ਹਾਂ ਵੱਲੋਂ ਸੰਗੀਤਬੱਧ ਕੀਤੇ ਗਏ ਗੀਤਾਂ ਵਾਲੀ ਫ਼ਿਲਮ 'ਕਭੀ-ਕਭੀ' (1976) ਦੇ ਬੇਮਿਸਾਲ ਸੰਗੀਤ ਲਈ ਫ਼ਿਲਮ ਫੇਅਰ ਵੱਲੋਂ ਖ਼ੱਯਾਮ ਨੂੰ ਸਰਬੋਤਮ ਸੰਗੀਤ ਨਿਰਦੇਸ਼ਕ ਦਾ ਐਵਾਰਡ ਹਾਸਲ ਹੋਇਆ। ਅੱਸੀ ਦੇ ਧੂਮ ਧੜਾਕੇ ਵਾਲੇ ਸੰਗੀਤ ਵਿਚ ਖ਼ੱਯਾਮ ਇਕੱਲੇ ਹੀ ਮਿੱਠੇ ਤੇ ਕੋਮਲ ਸੰਗੀਤ ਦੇ ਮੋਰਚੇ 'ਤੇ ਡਟੇ ਰਹੇ। 1981 ਤੋਂ ਤਿੰਨ ਸਾਲ ਲਗਾਤਾਰ ਤਿੰਨ ਫ਼ਿਲਮਾਂ 'ਉਮਰਾਓ ਜਾਨ', 'ਬਾਜ਼ਾਰ' ਅਤੇ 'ਰਜ਼ੀਆ ਸੁਲਤਾਨ' ਸੰਗੀਤ ਪ੍ਰੇਮੀਆਂ ਦੀ ਨਜ਼ਰ ਕੀਤੀਆਂ ਜਿਨ੍ਹਾਂ ਦਾ ਇਕ ਇਕ ਗੀਤ ਬੇਨਜ਼ੀਰ ਤੇ ਬਾਕਮਾਲ ਸੀ। ਫ਼ਿਲਮ 'ਉਮਰਾਓ ਜਾਨ' ਲਈ ਉਨ੍ਹਾਂ ਨੂੰ ਫ਼ਿਲਮ ਫ਼ੇਅਰ ਦੇ ਨਾਲ ਨਾਲ ਸਰਬੋਤਮ ਸੰਗੀਤ ਨਿਰਦੇਸ਼ਕ ਵਜੋਂ ਕੌਮੀ ਪੁਰਸਕਾਰ ਵੀ ਹਾਸਲ ਹੋਇਆ। 'ਉਮਰਾਓ ਜਾਨ' ਦੀਆਂ ਗ਼ਜ਼ਲਾਂ ਨੇ ਫ਼ਿਲਮ ਦੀ ਸਫ਼ਲਤਾ ਵਿਚ ਭਰਪੂਰ ਯੋਗਦਾਨ ਦਿੱਤਾ। ਫ਼ਿਲਮ ਦੀ ਪਟਕਥਾ ਅਤੇ ਗੀਤ ਦੇ ਪ੍ਰਸੰਗਾਂ ਨੂੰ ਚੰਗੀ ਤਰ੍ਹਾਂ ਜਾਣ ਕੇ ਹੀ ਉਹ ਗੀਤ ਦੀ ਧੁਨ ਤਿਆਰ ਕਰਦੇ ਹਨ ਅਤੇ ਗੀਤ ਫ਼ਿਲਮ ਦੀ ਪਟਕਥਾ ਵਿਚ ਰਚਮਿਚ ਜਾਂਦੇ ਹਨ। ਪੰਜਾਹ ਦੇ ਦਹਾਕੇ ਵਿਚ ਕਈ ਫ਼ਿਲਮ ਸੰਗੀਤਕਾਰ ਮੈਦਾਨ ਵਿਚ ਨਿਤਰੇ, ਪਰ 70ਵਿਆਂ ਤਕ ਆਉਂਦੇ ਆਉਂਦੇ ਮੱਧਮ ਪੈ ਗਏ। ਖ਼ੱਯਾਮ ਦੀ ਖ਼ਾਸੀਅਤ ਇਹ ਹੈ ਕਿ ਉਨ੍ਹਾਂ ਨੇ ਆਪਣੇ ਸੰਗੀਤ ਨੂੰ ਨਵਾਂ ਜਾਮਾ ਪਹਿਨਾਇਆ ਜਿਸ ਨੂੰ ਨਵੀਂ ਪੀੜ੍ਹੀ ਦੇ ਸਰੋਤਿਆਂ ਨੇ ਸਹਿਜੇ ਹੀ ਕਬੂਲ ਕਰ ਲਿਆ ਤੇ ਅੱਸੀ ਦੇ ਦਹਾਕੇ ਵਿਚ ਬਿਹਤਰੀਨ ਸੰਗੀਤ ਦਾ ਨਿਰਮਾਣ ਕੀਤਾ।

ਪੰਜਾਬੀ ਯੂਨੀਵਰਸਿਟੀ ਖ਼ੱਯਾਮ ਨੂੰ ਸਰਬ ਭਾਰਤੀ ਪੰਜਾਬੀ ਕਾਨਫਰੰਸ ਉਤੇ ਕੁਝ ਸਾਲ ਪਹਿਲਾਂ ਸਨਮਾਨਤ ਕਰਨਾ ਚਾਹੁੰਦੀ ਸੀ, ਪਰ ਉਦੋਂ ਜਗਜੀਤ ਤੇ ਖ਼ੱਯਾਮ ਦਾ ਇਕਲੌਤਾ ਪੁੱਤਰ ਪ੍ਰਦੀਪ ਇਸ ਦੁਨੀਆ ਨੂੰ ਛੱਡ ਗਿਆ। ਕਿਸੇ ਤਰ੍ਹਾਂ ਮੁੜ ਹਿੰਮਤ ਜੁਟਾ ਕੇ ਦੋਸਤਾਂ ਤੇ ਸਹਿਯੋਗੀਆਂ ਦੀ ਮਦਦ ਨਾਲ ਜ਼ਿੰਦਗੀ ਨੂੰ ਮੁੜ ਲੀਹ 'ਤੇ ਪਾਇਆ। ਆਪਣੀ ਸਾਰੀ ਜਾਇਦਾਦ ਨੂੰ ਹੁਣ ਉਨ੍ਹਾਂ ਨੇ ਟਰੱਸਟ ਦਾ ਰੂਪ ਦੇ ਦਿੱਤਾ ਹੈ। ਕੇਂਦਰੀ ਸੰਗੀਤ ਨਾਟਕ ਅਕਾਦਮੀ ਵੱਲੋਂ ਸਿਰਜਣਾਤਮਕ ਸੰਗੀਤ ਲਈ ਰਾਸ਼ਟਰੀ ਐਵਾਰਡ, ਫ਼ਿਲਮਫੇਅਰ ਵੱਲੋਂ ਲਾਈਫ਼ਟਾਈਮ ਐਚੀਵਮੈਂਟ ਐਵਾਰਡ, ਲਤਾ ਮੰਗੇਸ਼ਕਰ ਐਵਾਰਡ ਅਤੇ ਪਦਮ ਭੂਸ਼ਣ ਸਨਮਾਨ ਨਾਲ ਨਿਵਾਜਿਆ ਗਿਆ ਹੈ।




*ਸੰਗੀਤਕਾਰ ਖ਼ੱਯਾਮ ਆਪਣੀ ਪਤਨੀ ਜਗਜੀਤ ਕੌਰ ਨਾਲ।*



## Anu Attorney
## Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law

Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



## HIGH QUALITY PICTURE
## HD TVI, SDI, IP



We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY



vista
CCTV TECHNOLOGY
SOLUTION PROVIDER COMPANY
661-586-5080
commvision@sbcglobal.net



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ:
ਪਾਲ ਫੋਨ 1-800-705-3863



**Trucking Companies-Improve Your Cash Flow**

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

ਨਿਰਵਿਘਨ ਪ੍ਰਕਾਸ਼ਨ ਦਾ 18ਵਾਂ ਸਾਲ (ਪਹਿਲੀ ਜਨਵਰੀ 2000-2017)

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 17ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## 25 ਮਾਰਚ 2017 ਸਨਿਚਰਵਾਰ ਸ਼ਾਮੀ 6:30 ਵਜੇ

**The Cotillion**

360 South Creek Side,
Palatine, IL 60074
*(Route 14 & 1/2 Block West of 53)*

Limited Seats, Reserve Your Seat.



ਗਾਇਕ ਤਾਰਾ ਮੁਲਤਾਨੀ ਗੀਤਾਂ ਦੀ ਛਹਿਬਰ ਲਾਉਣਗੇ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਮੁੱਖ ਮਹਿਮਾਨ



ਸ. ਰਘਬੀਰ ਸਿੰਘ ਘੁੰਨ (ਟੈਕਸਸ)
ਮੁੱਖ ਸਪਾਂਸਰ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ (ਸੈਨ ਹੋਜ਼ੇ)
ਮੁੱਖ ਸਪਾਂਸਰ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ



ਪ੍ਰੋ. ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਡਾ. ਗੁਰਦਿਆਲ ਸਿੰਘ ਬਸਰਾਨ



ਹਰਦਿਆਲ ਸਿੰਘ ਦਿਓਲ



ਹਰਜੀਤ ਸਿੰਘ ਸਾਹੀ



ਬਲਵਿੰਦਰ ਸਿੰਘ ਸੰਧੂ



ਜਗਦੀਸ਼ਰ ਸਿੰਘ ਕਲੇਰ



ਡਾ. ਹਰਗੁਰਮੁਖਪਾਲ ਸਿੰਘ



ਡਾ. ਤੇਜਿੰਦਰ ਸਿੰਘ ਮੰਡੇਰ



ਦਰਸ਼ਨ ਸਿੰਘ ਦਰੜ



ਰਾਜਿੰਦਰ ਸਿੰਘ ਬੈਂਸ



ਜੈਦੇਵ ਸਿੰਘ ਭੱਠਲ



ਜੱਸੀ ਗਿੱਲ



ਦਰਸ਼ਨ ਸਿੰਘ ਗਰੇਵਾਲ



ਸਰਵਣ ਸਿੰਘ ਟਿਵਾਣਾ



ਮਨਦੀਪ ਸਿੰਘ ਭੁਰਾ



ਅਯੁਧਿਆ ਸਲਵਾਨ

**ਪੰਜਾਬ ਟਾਈਮਜ਼**

Ph: 847-359-0746

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

*e-mail: punjabtimes1@sbcglobal.net, website: www.punjabtimesusa.com*